*ਸਾਹਿਤ, ਕਲਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ*

*SHABAD is an International Quarterly of Literature, Art and Culture*

# ਸ਼ਬਦ

**ਸਾਲ : ਪੰਦਰਾਂ** **ਪੂ : ਲੜੀ : ਸਤਵੰਜਾ** **ਜਨਵਰੀ-ਮਾਰਚ, 2012**

*ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall
Middlesex , England. UB1 2PE
Ph. : 020-85780393
Mobile : 07782-265726
e mail: harjeetatwal@yahoo.co.uk

**ਹਰਮਹਿੰਦਰ ਚਹਿਲ**

7305, Sterling Grove Dr.
Springfield VA 22150 U.S.A.
Email : Chahals57@Yahoo.com
Ph. 001-703-362-3239

*ਵਿਸ਼ੇਸ਼ ਸਹਿਯੋਗ :*

**ਪ੍ਰੇਮ ਮਾਨ**

+ 001-860-983-5002

*Managing Editor*

***Shiv, Vinod Kumar***

**ਭਾਰਤ ਵਿਚ ਰਚਨਾਵਾਂ ਅਤੇ ਚੰਦਾ ਭੇਜਣ ਲਈ ਪਤਾ**

984, Model House, Near Surinder Welding Works, Jalandhar-144003
Mobile No. + 94649-34106
**e mail: saifsm20 @ yahoo.com**

***ਚੰਦਾ :*** 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ, 100 ਰੁ: ਸਾਲਾਨਾ
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ
ਭਾਰਤ ਵਿਚ ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ
(Shiv) ਲਿਖਿਆ ਹੋਣਾ ਚਾਹੀਦਾ ਹੈ।

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜੁੰਮੇਵਾਰ ਹੋਵੇਗਾ।

## ਮੇਰਾ ਪੰਨਾ

ਬੋਲ ਕੇ ਆਪਣਾ ਆਪ ਵਿਅਕਤ ਕਰ ਸਕਣਾ ਤੇ ਬੋਲ ਕੇ ਦੂਜੇ ਨਾਲ ਤਾਲ ਮੇਲ ਕਰ ਸਕਣਾ; ਇਹ ਤਾਕਤ ਕੁਦਰਤ ਨੇ ਸਿਰਫ ਮਨੁੱਖ ਨੂੰ ਹੀ ਦਿੱਤੀ ਹੈ। ਰਾਬਤਾ ਕਾਇਮ ਕਰਨਾ ਤਾਂ ਹਰ ਪ੍ਰਾਣੀ ਲਈ ਹੀ ਜ਼ਰੂਰੀ ਹੈ। ਹੁਣ ਤਾਂ ਸਾਇੰਸ ਨੇ ਇਹ ਵੀ ਲੱਭ ਲਿਆ ਹੈ ਕਿ ਫੁੱਲ-ਬੂਟੇ ਵੀ ਚਾਹੁੰਦੇ ਹਨ ਕਿ ਉਹਨਾਂ ਨਾਲ ਗੱਲਾਂ ਕੀਤੀਆਂ ਜਾਣ।

ਕਦੇ ਕਦੇ ਇਨਸਾਨ ਖੁਦ ਨਾਲ ਵੀ ਗੱਲਾਂ ਕਰਦਾ ਹੈ। ਕੁਝ ਲੋਕ ਇਸ ਨੂੰ ਪਾਗਲਪਨ ਵੀ ਕਹਿ ਸਕਦੇ ਹਨ ਪਰ ਖੋਜ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਇਹ ਪਾਗਲਪਨ ਬਿਲਕੁਲ ਨਹੀਂ ਬਲਕਿ ਇਹ ਬਹੁਤ ਹੀ ਸਾਧਾਰਨ ਗੱਲ ਹੈ। ਜ਼ਿੰਦਗੀ ਵਿਚ ਬਹੁਤ ਸਾਰੇ ਮੌਕੇ ਆਉਂਦੇ ਹਨ ਕਿ ਇਨਸਾਨ ਸਵੈ-ਪੜਚੋਲ ਕਰਨੀ ਚਾਹੁੰਦਾ ਹੈ ਜਾਂ ਸਵੈ-ਮੰਥਨ ਕਰਨਾ ਚਾਹੁੰਦਾ ਹੈ। ਜ਼ਿੰਦਗੀ ਦੇ ਹਰ ਮੋੜ ਤੇ ਖੜ ਕੇ ਅਸੀਂ ਖੁਦ ਤੋਂ ਪੁੱਛਦੇ ਹਾਂ ਕਿ ਕੀ ਅਸੀਂ ਸਹੀ ਵੀ ਜਾ ਰਹੇ ਹਾਂ। ਖੋਜਾਰਥੀਆਂ ਨੇ ਤਾਂ ਇਥੋਂ ਤਕ ਕਹਿ ਦਿੱਤਾ ਹੈ ਕਿ ਖੁਦ ਨਾਲ ਗੱਲਾਂ ਕਰਨੀਆਂ ਇਕ ਕਿਸਮ ਦੀ ਥੈਰੇਪੀ ਹੈ। ਇਹ ਤੁਹਾਡੇ ਅੰਦਰਲੇ ਮਾਨਸਿਕ ਤਣਾਵ ਨੂੰ ਘੱਟ ਕਰਦਾ ਹੈ। ਖੁਦ ਨਾਲ ਗੱਲਾਂ ਕਰਨਾ ਤੁਹਾਡੇ ਆਤਮ-ਵਿਸ਼ਵਾਸ ਨੂੰ ਵਧਾਉਂਦਾ ਹੈ ਤੇ ਸਿਲਫ-ਕੰਟਰੋਲ ਨੂੰ ਵੀ। ਜਿਹੜੀਆਂ ਗੱਲਾਂ ਅਸੀਂ ਕਿਸੇ ਹੋਰ ਨਾਲ ਨਹੀਂ ਕਰ ਸਕਦੇ ਉਹ ਆਪਣੇ ਆਪ ਨਾਲ ਤਾਂ ਕਰ ਸਕਦੇ ਹਾਂ।

ਮਸ਼ਹੂਰ ਫਿਲਮ 'ਕਾਸਟ ਵੇਅ' ਦਾ ਮੁੱਖ ਕਿਰਦਾਰ ਜੋ ਕਿ ਕਈ ਸਾਲ ਵਾਸਤੇ ਇਕ ਟਾਪੂ ਵਿਚ ਇਕੱਲਾ ਘਿਰ ਜਾਂਦਾ ਹੈ, ਖੁਦ ਨਾਲ ਗੱਲਾਂ ਕਰਨ ਲਈ ਇਕ ਫੁੱਟਬਾਲ ਨੂੰ ਮਾਧਿਅਮ ਬਣਾਉਂਦਾ ਹੈ ਤੇ ਫੁੱਟਬਾਲ ਨਾਲ ਗੱਲਾਂ ਕਰਦਾ ਉਥੋਂ ਬਚ ਨਿਕਲਣ ਦੀਆਂ ਸਕੀਮਾਂ ਘੜਦਾ ਹੈ। ਜਦ ਫੁੱਟਬਾਲ ਸਮੁੰਦਰ ਵਿਚ ਗਵਾਚ ਜਾਂਦਾ ਹੈ ਤਾਂ ਧਾਹਾਂ ਮਾਰ ਕੇ ਰੋਂਦਾ ਹੈ। 'ਓਲਡ ਮੈਨ ਐਂਡ ਸੀ' ਦਾ ਬੁੱਢਾ ਖੁਦ ਨਾਲ ਗੱਲਾਂ ਕਰਨ ਦਾ ਮਾਧਿਅਮ ਮੱਛੀਆਂ ਨੂੰ ਬਣਾਉਂਦਾ ਹੈ। ਮੈਂ ਕਈ ਵਾਰ ਸ਼ੀਸ਼ੇ ਮੂਹਰੇ ਖੜ ਕੇ ਖੁਦ ਨੂੰ ਪੁੱਛਣ ਲਗਦਾ ਹਾਂ ਕਿ ਕਿਥੇ ਗਿਆ ਉਹ ਖੂਬਸੂਰਤ ਬੋਦੇ ਵਾਲਾ ਮੁੰਡਾ! ਖੁਦ ਨਾਲ ਗੱਲਾਂ ਕਰਨ ਬਾਰੇ ਉਰਦੂ ਦੀ ਇਕ ਬਹੁਤ ਹੀ ਉਮਦਾ ਕਹਾਣੀ ਹੈ ਜਿਸ ਦਾ ਮੁੱਖ ਪਾਤਰ ਜੋ ਵੀ ਸੋਚਦਾ ਹੈ ਉਹ ਬੋਲ ਕੇ ਸੋਚਦਾ ਹੈ। ਪੁਲੀਸ ਸਟੇਸ਼ਨ ਵਿਚ ਠਾਣੇਦਾਰ ਬਾਰੇ, ਕਚਹਿਰੀ ਵਿਚ ਜੱਜ ਬਾਰੇ ਜੋ ਵੀ ਉਹ ਸੋਚਦਾ ਹੈ ਖੁਦ ਨੂੰ ਬੋਲ ਕੇ ਦਸ ਦਿੰਦਾ ਹੈ ਜਿਸ ਕਾਰਨ ਉਸ ਦੀਆਂ ਮੁਸੀਬਤਾਂ ਵਧਣ ਲਗਦੀਆਂ ਹਨ। ਮੈਨੂੰ ਮਰਹੂਮ ਡਾ. ਸਵਰਨ ਚੰਦਨ ਨਾਲ ਮਿਲਣ ਦਾ ਬਹੁਤ ਮੌਕਾ ਮਿਲਿਆ। ਉਹ ਅਕਸਰ ਖੁਦ ਨਾਲ ਗੱਲਾਂ ਕਰਦਾ ਆਪਣਾ ਰਿਵਿਊ ਕਰਨ ਲਗਿਆ ਕਰਦਾ ਸੀ। ਮੈਂ ਉਸ ਨੂੰ ਕਹਿੰਦਾ ਕਿ ਇਹ ਜਿਹੜੀਆਂ ਉਹ ਖੁਦ ਨਾਲ ਗੱਲਾਂ ਕਰਦਾ ਹੈ ਇਸ ਨੂੰ ਲਿਖੇ ਵੀ ਪਰ ਉਹ ਨਾ ਲਿਖ ਸਕਿਆ।

ਵੈਸੇ ਤਾਂ ਬਹੁਤੀਆਂ ਲਿਖਤਾਂ ਖੁਦ ਨਾਲ ਗੱਲਾਂ ਹੀ ਹੋਇਆ ਕਰਦੀਆਂ ਹਨ ਖਾਸ ਤੌਰ ਤੇ ਡਾਇਰੀਆਂ-ਨੁਮਾ ਰਚਨਾਵਾਂ। ਖੁਦ ਨਾਲ ਗੱਲਾਂ ਕਰਨੀਆਂ ਸੌਖੀਆਂ ਹਨ ਪਰ ਖੁਦ ਨਾਲ ਲਿਖਤੀ ਵਾਰਤਾਲਾਪ ਰਚਾਉਣਾ ਮੁਸ਼ਕਲ ਹੁੰਦਾ ਹੈ। ਜਦ ਵੀ ਲੇਖਕ ਆਪਣੇ ਨਾਲ ਵਾਰਤਾਲਾਪ ਰਚਾਉਂਦਾ ਹੈ, ਆਪਣੀਆਂ ਰਚਨਾਵਾਂ ਬਾਰੇ ਜਾਂ ਆਪਣੇ ਬਾਰੇ ਗੱਲਾਂ ਆਪਣੇ ਨਾਲ ਕਰਦਾ ਹੈ ਤਾਂ ਉਹ ਇਕ ਵਖਰਾ ਆਲਮ ਹੁੰਦਾ ਹੈ। ਆਪਣੇ ਆਪ ਨਾਲ ਗੱਲਾਂ ਕਰਦਿਆਂ ਲੇਖਕ ਦੀ ਰੂਹ ਬੋਲ ਰਹੀ ਹੁੰਦੀ ਹੈ ਤੇ ਰੂਹ ਸਦਾ ਨੰਗੀ ਹੁੰਦੀ ਹੈ, ਬਿਨਾਂ ਕਿਸੇ ਝੂਠ ਦੇ ਕੱਜਣ ਤੋਂ। ਅਸੀਂ ਇਸ ਵੇਰ 'ਸ਼ਬਦ' ਵਿਚ ਕੁਝ ਅਜਿਹੀਆਂ ਰਚਨਾਵਾਂ ਦੇ ਰਹੇ ਹਾਂ, ਪਾਠਕ ਇਹਨਾਂ ਨੂੰ ਪੜ੍ਹ ਕੇ ਅੰਦਾਜ਼ਾ ਲਗਾ ਸਕਦੇ ਹਨ ਕਿ ਲੇਖਕ ਵੱਲੋਂ ਖੁਦ ਨਾਲ ਕੀਤੀਆਂ ਗੱਲਾਂ ਕਿੰਨੀਆਂ ਦਿਲਚਸਪ ਹੋ ਸਕਦੀਆਂ ਹਨ।

**-ਹਰਜੀਤ ਅਟਵਾਲ**

## ਖੁਦ ਨਾਲ ਗੱਲਾਂ

# ਜਿੰਦੂਆ ਦੇ ਸਨਮੁਖ ਜੋਗਿੰਦਰ ਕੈਰੋਂ

? ਚੱਲ ਪਈ ਡਾ. ਜੋਗਿੰਦਰ ਸਿੰਘ ਕੈਰੋਂ ਐੱਮ.ਏ., ਪੀਐੱਚ.ਡੀ., ਬੀ.ਏ. ਫਾਰਸੀ, ਸਰਟੀਫਿਕੇਟ ਕੋਰਸ ਇਨ ਹਾਇਰ ਇੰਗਲਿਸ਼, ਐਨ.ਸੀ.ਸੀ. ਦੇ ਆਰ.ਐੱਸ.ਐੱਮ., ਐਨ.ਐੱਸ.ਐੱਸ. ਦੇ ਵਧੀਆ ਵਲੰਟੀਅਰ ਕਰਕੇ ਛੱਬੀ ਜਨਵਰੀ ਦੀ ਪ੍ਰੇਡ ਵਿਚ ਸ਼ਾਮਿਲ ਹੋਣ ਵਾਲੇ ਵਿਦਿਆਰਥੀ, ਐਨ.ਸੀ.ਸੀ. ਦੇ ਕੈਂਪਾਂ ਵਿਚ ਫਾਇਰਿੰਗ ਵਿਚੋਂ ਕਈ ਵਾਰ ਪਹਿਲੇ ਦਰਜੇ ਵਿਚ ਰਹਿਣ ਵਾਲੇ ਕੈਡਿਟ, ਪੰਜਾਬ ਭਰ ਵਿਚੋਂ ਯੰਗ ਫਾਰਮਿੰਗ ਕਲੱਬ ਦੇ ਮੈਂਬਰਾਂ ਵਿਚੋਂ ਚਾਰਟ ਬਨਾਉਣ ਦੇ ਮੁਕਾਬਲੇ ਵਿਚ ਅੱਵਲ ਰਹਿਣ ਵਾਲੇ ਵਿਦਿਆਰਥੀ ਅਤੇ ਕਈ ਸਾਲ ਖਾਲਸਾ ਕਾਲਜ ਅੰਮ੍ਰਿਤਸਰ ਦੇ ਗਤਕੇ ਦੀ ਟੀਮ ਵੱਲੋਂ ਪੰਜਾਬ ਭਰ ਦੇ ਜੇਤੂ ਯੂਨੀਵਰਸਿਟੀ ਦੇ ਅਧਿਆਪਕ ਅਤੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੇ ਸਾਬਕਾ ਡਾਇਰੈਕਟਰ ਅਤੇ ਉਨੀ ਸੌ ਪੈਂਹਠ ਦੀ ਲੜਾਈ ਸਮੇਂ ਸੈਕੰਡ-ਲੈਫਟੀਨੈਂਟ ਵਜੋਂ ਭਰਤੀ ਹੋ ਕੇ ਮੈਡੀਕਲ ਵਿਚੋਂ ਰਹਿ ਜਾਣ ਵਾਲੇ -ਫੌਜੀਆ (ਡਾ. ਜੋਗਿੰਦਰ ਸਿੰਘ ਕੈਰੋਂ ਦੀ ਬਚਪਨ ਵਿਚ ਪੱਠੇ ਕੁਤਰਨ ਵਾਲੇ ਟੋਕੇ ਵਿਚ ਉਂਗਲ ਵੱਢੀ ਗਈ ਸੀ ਅਤੇ ਵਿੰਗੀ ਜੁੜ ਗਈ ਸੀ ।ਜੋ ਸਾਰੀ ਉਮਰ ਵਿੰਗੀ ਹੀ ਰਹੀ, ਜਿਸ ਕਰਕੇ ਉਹ ਮੈਡੀਕਲ ਵਿਚੋਂ ਰਹਿ ਗਿਆ ਸੀ), ਤੇਰੇ ਨਾਲ ਵੀ ਦੋ ਹੱਥ ਕਰ ਲਈਏ ।

– ਪੁੱਛ ਫਿਰ ਜੋ ਪੁੱਛਣਾ ਈ, ਤੇਰੇ ਸਾਹਮਣੇ ਨਾ ਕੁਝ ਛੁਪਾਇਆ ਜਾ ਸਕਦਾ ਹੈ ਅਤੇ ਨਾ ਹੀ ਝੂਠ ਬੋਲਿਆ ਜਾ ਸਕਦਾ ਹੈ।

? ਤਾਂ ਫਿਰ ਇਹ ਦੱਸ, ਉਨੀ ਸੌ ਪੰਜਾਹਵਿਆਂ ਵਿਚ ਇਕ ਮਾਂ ਮਹਿੱਟਰ ਪੈਰੋਂ ਵਾਹਣਾ, ਗੁਰਬੱਤ ਦਾ ਮਾਰਿਆ ਬੱਚਾ, ਜਿਸ ਨੂੰ ਸਕੂਲ ਦੇ ਮਾਸਟਰ, ਸਕੂਲ ਇੰਸਪੈਕਟਰ ਦੇ ਦੌਰੇ ਸਮੇਂ ਗਲ ਵਿਚ ਖੂੰਡੀ ਪਾ ਕੇ ਸਾਰੇ ਬੱਚਿਆਂ ਦੀ ਕਤਾਰ ਵਿਚੋਂ ਬਾਹਰ ਕੱਢ ਕੇ ਪੀ.ਟੀ. ਮਾਸਟਰ ਨੂੰ ਕਹਿੰਦੇ ਸਨ ਕਿ ਇਸ ਨੂੰ ਕਿਸੇ ਕਮਰੇ ਅੰਦਰ ਛੁਪਾ ਦਿਓ, ਜਦ ਇੰਸਪੈਕਟਰ ਸਾਹਿਬ ਇੰਸਪੈਕਸ਼ਨ ਕਰਕੇ ਚਲੇ ਜਾਣਗੇ, ਇਸ ਨੂੰ ਬਾਹਰ ਕੱਢ ਕੇ ਪੇਪਰਾਂ ਵਿਚ ਬਿਠਾ ਦੇਵਾਂਗੇ ।ਅੱਜ ਦੁਨੀਆਂ ਦਾ ਜਾਣਿਆ ਪਛਾਣਿਆ ਅਤੇ ਪੰਜਾਬੀ ਨਾਵਲ ਅਤੇ ਲੋਕਧਾਰਾ ਦਾ ਵਿਦਵਾਨ ਕਿਵੇਂ ਬਣ ਗਿਆ ਹੈ।

– ਸਾਰੇ ਸੁਆਲ ਤੂੰ ਇਕੋ ਵਾਰ ਹੀ ਕਰ ਦਿੱਤੇ ਹਨ ।ਇਨ੍ਹਾਂ ਦਾ ਜੁਆਬ ਸੁਭਾਵਕ ਹੀ ਹੈ ਲੰਬਾ ਹੋ ਜਾਵੇ ।ਜਿਹੜੀ ਗੱਲ ਤੂੰ ਮਾਂ ਮਹਿੱਟਰ ਅਤੇ ਗੁਰਬਤ ਵਾਲੀ ਕੀਤੀ ਹੈ ਉਸ ਬਾਰੇ ਇੰਜ ਹੈ ਜਿਸ ਬਾਰੇ ਤੈਨੂੰ ਵੀ ਬਹੁਤ ਦੇਰ ਬਾਅਦ ਵਿਚ ਆਂਢ-ਗੁਆਂਢ ਦੀਆਂ ਚਾਚੀਆਂ ਤਾਈਆਂ ਪਾਸੋਂ ਪਤਾ ਲੱਗੀ ਕਿ ਜਿਸਨੂੰ ਤੂੰ ਆਪਣੀ ਮਾਂ ਸਮਝਦਾ ਰਿਹਾ ਸੀ, ਉਹ ਅਸਲ ਵਿਚ ਤੇਰੀ ਮਾਂ ਨਹੀਂ ਸੀ ।ਉਹ ਤੇਰੀ ਮਤ੍ਰੇਈ ਮਾਂ ਸੀ ।ਤਾਂ ਹੀ ਤਾਂ ਉਹ ਤੇਰੇ ਨਾਲ ਹਰ ਵੇਲੇ ਕੁੱਤੇਖਾਣੀ ਕਰਦੀ ਰਹਿੰਦੀ ਸੀ ।ਪਿਉ ਤੇਰਾ ਤੈਨੂੰ ਹਮੇਸ਼ਾ ਹੀ ਕੁਲੈਹਣਾ ਸਮਝਦਾ ਰਿਹਾ ਸੀ, ਕਿਉਂਕਿ ਬਹੁਤ ਹੀ ਛੋਟੇ ਹੁੰਦਿਆਂ ਤੇਰੀ ਮਾਂ ਦੀ ਮੌਤ ਤੋਂ ਬਾਅਦ ਉਸ ਨੇ ਦੂਜੀ ਸ਼ਾਦੀ ਕਰਵਾ ਲਈ ਸੀ ।ਬਹੁਤ ਦੇਰ ਬਾਅਦ ਉਸ ਦੀ ਦੂਜੀ ਔਰਤ ਦੇ ਘਰ ਮੁੰਡਾ ਨਹੀਂ ਸੀ ਹੋਇਆ ।ਇਸ ਲਈ ਹੀ ਤੇਰੇ ਪਿਓ ਦਾ ਵਿਚਾਰ ਸੀ ਕਿ ਇਸੇ ਬਦਸ਼ਗਨੇ ਮੁੰਡੇ ਕਰਕੇ ਹੀ ਸਾਡੇ ਘਰ ਮੁੰਡਾ ਨਹੀਂ ਹੋ ਰਿਹਾ ।ਫਿਰ ਉਸ ਨੂੰ ਕਿਸੇ ਪੁਰਾਣੇ ਤੇ ਸਿਆਣੇ ਬੰਦੇ ਨੇ ਦੱਸਿਆ ਕਿ ਤੁਹਾਡੇ ਹੀ ਖੂਹ ਉੱਪਰ ਕਿਸੇ ਪੀਰ ਦੀ ਕਬਰ ਹੈ ਜੇਕਰ ਤੁਸੀਂ ਉਸ ਕਬਰ ਉੱਪਰ ਹਰ ਵੀਰਵਾਰ



ਦੀਵਾ ਜਗਾਇਆ ਕਰੋ ਤਾਂ ਤੁਹਾਡੇ ਘਰ ਵੀ ਮੁੰਡਾ ਹੋ ਜਾਵੇਗਾ ।ਇਹ ਦੀਵਾ ਜਗਾਉਣ ਦੀ ਡਿਊਟੀ ਵੀ ਤੇਰੀ ਹੀ ਲੱਗ ਗਈ ਸੀ ।ਦੱਭ, ਕਾਹੀ, ਸਰਕੜਾ ਅਤੇ ਰੁੱਖਾਂ ਦਾ ਝੁੰਡ ਖੂਹ ਦੇ ਵਾਤਾਵਰਣ ਨੂੰ ਬੜਾ ਭਿਆਨਕ ਤੇ ਡਰਾਉਣਾ ਬਣਾ ਦੇਂਦਾ ਸੀ ।ਬਹੁਤੀ ਵਾਰ ਘਰਵਾਲਿਆਂ ਨੂੰ ਯਾਦ ਭੁੱਲ ਜਾਂਦਾ ਅਤੇ ਹਨ੍ਹੇਰੇ ਹੋਏ ਉਨ੍ਹਾਂ ਨੂੰ ਯਾਦ ਆਉਂਦਾ ਕਿ ਅੱਜ ਤਾਂ ਵੀਰਵਾਰ ਹੈ।ਉਹ ਵਰ੍ਹਦੇ ਮੀਂਹ ਵਿਚ ਤੈਨੂੰ ਸਿਰ ਤੇ ਬੋਰੀ ਲੈ ਕੇ ਬਾਲਟੀ ਵਿਚ ਦੀਵਾ ਰੱਖ ਕੇ ਦੀਵਾ ਜਗਾ ਕੇ ਆਉਣ ਲਈ ਭਜਾ ਦੇਂਦੇ ।ਮੇਰਾ ਖ਼ਿਆਲ ਹੈ ਕਿ ਪੰਜ ਸਾਲ ਉਸ ਪੀਰ ਦੀ ਕੀਤੀ ਇਸ ਸੇਵਾ ਨੇ ਹੀ ਤੇਰੀ ਯਨੀ ਮੇਰੀ ਜ਼ਿੰਦਗੀ ਨੂੰ ਇਥੋਂ ਤਕ ਪਹੁੰਚਾਇਆ ਹੈ।

ਜਿੱਥੋਂ ਤੱਕ ਗਲ਼ ਵਿਚ ਖੂੰਡੀ ਪਾਉਣ ਦੀ ਗੱਲ ਹੈ ਉਸ ਬਾਰੇ ਵੀ ਸੁਣ ਲੈ .ਜਦੋਂ ਤੂੰ ਯਨੀ ਮੈਂ ਪ੍ਰਾਇਮਰੀ ਸਕੂਲ ਵਿਚ ਪੜ੍ਹਦੇ ਸੀ ।ਉਸ ਸਮੇਂ ਮੇਰੇ ਗਲ਼ ਖਾਕੀ ਖੱਦਰ ਦਾ ਇਕ ਝੱਗਾ ਹੁੰਦਾ ਸੀ । ਉਦੋਂ ਇਕੋ ਹੀ ਝੱਗਾ ਅਤੇ ਪਤਾ ਨਹੀਂ ਇਕ ਜਾਂ ਦੋ ਕੱਛੇ ਹੀ ਸਨ ।ਇਹ ਖਾਕੀ ਝੱਗਾ ਵੀ ਬਾਲਣ ਪਾੜਦਿਆਂ ਖੁੰਘੀਆਂ ਲੱਗ ਕੇ ਪਾਟਾ ਹੋਇਆ ਸੀ ।ਜਿਸ ਦਿਨ ਆਪਣਾ ਚੌਥੀ ਜਮਾਤ ਦਾ ਸਾਲਾਨਾ ਇਮਤਿਹਾਨ ਹੋਣਾ ਸੀ, ਉਸ ਤੋਂ ਪਹਿਲੀ ਰਾਤ ਮਾਂ ਨੇ ਚੁਲ੍ਹੇ ਉਪਰੋਂ ਤੱਤੇ ਪਾਣੀ ਦਾ ਪਤੀਲਾ ਲਾਹ ਕੇ ਪਿਓ ਦੇ ਨਹਾਉਣ ਲਈ ਬਾਲਟੀ ਵਿਚ ਪਾਉਣ ਲਈ ਕਿਹਾ ਸੀ ਤਾਂ ਪਾਣੀ ਵਾਲਾ ਪਤੀਲਾ ਭਾਰਾ ਅਤੇ ਕਾਲਾ ਹੋਣ ਕਰਕੇ ਤੇਰਾ ਝੱਗਾ ਵੀ ਅਗਲੇ ਪਾਸਿਉਂ ਕਾਲਾ ਹੋ ਗਿਆ ਸੀ ।ਪਹਿਲੀ ਗੱਲ ਤਾਂ ਇਹ ਸੀ ਕਿ ਰਾਤ ਦੇ ਹਨੇਰੇ ਵਿਚ ਤੈਨੂੰ ਪਤਾ ਹੀ ਨਾ ਲੱਗਿਆ ਕਿ ਝੱਗਾ ਕਾਲਾ ਹੋ ਗਿਆ ਹੈ।ਜੇਕਰ ਪਤਾ ਲੱਗ ਵੀ ਜਾਂਦਾ ਤਾਂ ਵੀ ਰਾਤ ਵੇਲੇ ਧੋਤਾ ਖੱਦਰ ਦਾ ਝੱਗਾ ਕਿਹੜਾ ਰਾਤੋ ਰਾਤ ਸੁੱਕ ਜਾਣਾ ਸੀ । ਸੋ ਇਸੇ ਲਈ ਮੇਰੇ ਗਲ ਵਿਚ ਹੈੱਡ ਟੀਚਰ ਨੇ ਖੂੰਡੀ ਪਾ ਕੇ ਕਤਾਰ ਵਿਚੋਂ ਬਾਹਰ ਕੱਢ ਕੇ ਕਿਧਰੇ ਲੁਕਾ ਦਿੱਤਾ ਸੀ ਪਰ ਮੈਨੂੰ ਉਸ ਮਾਸਟਰ ਨਾਲ ਨਾ ਕੋਈ ਗਿਲਾ ਹੈ ਅਤੇ ਨਾ ਹੀ ਆਪਣੇ ਆਪ ਉਪਰ ਕੋਈ ਸ਼ਰਮਿੰਦਗੀ ।

ਜਿੱਥੋਂ ਤਕ ਸਾਹਿਤ ਦਾ ਸੁਆਲ ਹੈ। ਬਾਰ ਵਿਚ ਪਿੱਪਲਾਂ ਹੇਠ ਆਪਣਾ ਚਾਚਾ ਮੱਖਣ ਅਤੇ ਪਿੰਡ ਕੇ ਕੁਝ ਹੋਰ ਬੰਦੇ ਕਿੱਸੇ ਪੜ੍ਹਦੇ ਹੁੰਦੇ ਸਨ, ਹੇਕਾਂ ਲਗਾ ਲਗਾ ਕੇ, ਇਨ੍ਹਾਂ ਵਿਚ ਹੀਰ ਵਾਰਿਸਸ਼ਾਹ, ਪੂਰਨ ਭਗਤ (ਕਾਦਰਯਾਰ) ਅਤੇ ਹੁਸਨਬਾਨੋ ਅਤੇ ਸ਼ਾਹ ਬਹਿਰਾਮ ਦੇ ਕਿੱਸੇ ਹੁੰਦੇ ਸਨ । ਪਾਕਿਸਤਾਨ ਬਣਨ ਤੋਂ ਬਾਅਦ ਤਾਂ ਵੱਢ ਟੁੱਕ ਕਰਕੇ ਇਹ ਕਿੱਸੇ ਉਨ੍ਹਾਂ ਨੂੰ ਭੁੱਲ ਭੁਲਾ ਹੀ ਗਏ ।ਹੁਣ ਪਤਾ ਲੱਗਦਾ ਹੈ ਕਿ ਇਹ ਸ਼ਾਇਦ ਸਰਕਾਰ ਦੀ ਪਾਲਸੀ ਹੀ ਹੋਵੇ ਕਿ ਬਾਰ ਦੇ ਪਿੰਡਾਂ ਵਿਚੋਂ ਉਜਾੜੇ ਟੱਬਰਾਂ ਨੂੰ ਵਾਹ ਲੱਗਦੀ ਇਧਰ ਇਕੱਠਿਆਂ ਨੂੰ ਹੀ ਇਕੋ ਪਿੰਡ ਵਿਚ ਜ਼ਮੀਨ ਅਲਾਟ ਕੀਤੀ ਜਾਵੇ । ਇਸ ਕਰਕੇ ਸਾਨੂੰ ਅਜਨਾਲਾ ਤਹਿਸੀਲ ਵਿਚ ਗੱਗੋਮਾਹਲ ਦੇ ਨੇੜੇ ਪਿੰਡ ਡਿਆਲ ਭੱਟੀ ਵਿਚ ਜ਼ਮੀਨ ਅਲਾਟ ਹੋ ਗਈ ।ਇਥੇ ਬਾਰ ਦੇ ਚਾਰ ਹੋਰ ਘਰਾਂ ਨੂੰ ਵੀ ਜ਼ਮੀਨ ਅਲਾਟ ਹੋ ਗਈ ।ਰੌਣਕਾਂ ਫਿਰ ਹੌਲੀ ਹੌਲੀ ਪਰਤ ਆਈਆਂ ।ਸਾਡੇ ਗੁਆਂਢ ਇਕ ਫੌਜੀ ਤਾਇਆ ਦਲੀਪ ਸਿੰਘ ਹੁੰਦਾ ਸੀ ।ਉਹ ਛੁੱਟੀ ਆਉਂਦਾ ਤਾਂ ਕਿਤਾਬਾਂ ਖ਼ਰੀਦ ਲਿਆਉਂਦਾ, ਜਿਨ੍ਹਾਂ ਨੂੰ ਉਸ ਦੀ ਘਰਵਾਲੀ ਤਾਈ ਪ੍ਰੀਤਮ ਕੌਰ ਇਕ ਟਰੰਕ ਵਿਚ ਸਾਂਭ ਲੈਂਦੀ ।ਮੈਂ ਬਸਤਾ ਭਾਰਾ ਕਰਨ ਲਈ ਤਾਈ ਕੋਲੋਂ ਕਿਤਾਬਾਂ ਲੈ ਆਉਂਦਾ ਤੇ ਜੋੜ ਜੋੜ ਕੇ ਪੜ੍ਹਦਾ ।

ਪਤਾ ਨਹੀਂ ਮੇਰੇ ਹੱਥ ਸ਼ਾਹ ਬਹਿਰਾਮ ਦਾ ਕਿੱਸਾ ਕਿੱਥੋਂ ਲਗ ਗਿਆ ।ਮੈਂ ਉਸ ਨੂੰ ਘਰਵਾਲਿਆਂ ਤੋਂ ਲੁਕਾ ਕੇ ਪੜ੍ਹਦਾ ਰਹਿੰਦਾ ।ਘਰ ਵਾਲੇ ਇਹ ਕਿੱਸਾ ਪੜ੍ਹਨ ਤੋਂ ਵਰਜਦੇ ਰਹਿੰਦੇ ਸਨ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਹ ਕਿੱਸਾ ਪੜ੍ਹਨ ਨਾਲ ਬੰਦਾ ਘਰ ਘਾਟ ਦਾ ਨਹੀਂ ਰਹਿੰਦਾ ਤੇ ਉਹੋ ਗੱਲ ਹੀ ਮੇਰੇ ਨਾਲ ਹੋਈ ।

? ਭਾਈ ਸਾਹਿਬ !ਆਪ ਜੀ ਨੇ ਆਪਣੇ ਨਾਮ ਨਾਲ ਕੈਰੋਂ ਕਿਵੇਂ ਲਿਖ ਲਿਆ।

– ਇਹ ਭਾਈ ਸਾਹਿਬ ਦਾ ਰਿਸ਼ਤਾ ਕਿਵੇਂ ਬਣ ਗਿਆ ਤੇਰਾ ਮੇਰੇ ਨਾਲ ? ਇਹ ਤਾਂ ਉਹੀ ਗੱਲ ਹੋਈ ਜਿਸ ਬਾਰੇ ਮੈਂ ਕਈ ਦੇਰ ਤੋਂ ਇਕ ਕਹਾਣੀ 'ਕਲੋਨ' ਲਿਖਣ ਬਾਰੇ ਸੋਚ ਰਿਹਾ ਹਾਂ ।

? ਕੀ ਹੈ ਉਹ ਕਹਾਣੀ ਜਿਹੜੀ ਤੇਰੇ ਦਿਮਾਗ ਵਿਚ ਘੜੀ ਪਈ ਹੈ ਅਤੇ ਜੋ ਬਾਹਰ ਨਹੀਂ ਆ ਰਹੀ ਉਸ ਦੇ ਕੀ ਕਾਰਨ ਹਨ।

– ਜਦੋਂ ਭੇਡਾਂ ਅਤੇ ਗਾਈਆਂ, ਵੱਛੀਆਂ ਦੇ ਕਲੋਨ ਬਣਨੇ ਸ਼ੁਰੂ ਹੋ ਗਏ, ਜਿਸ ਵਿਚ ਕਿਸੇ ਜੀਵ ਦੇ ਇਕ ਟਿਸ਼ੂ ਨੂੰ ਲੈ ਕੇ ਉਹੋ ਜਿਹਾ ਹੀ ਉਸ ਜੀਵ ਦਾ ਕਲੋਨ ਬਣਾ ਦਿੱਤਾ ਸੀ, ਜਿਸ ਦੀ ਸ਼ਕਲ, ਸੁਭਾਅ ਅਤੇ ਆਦਤਾਂ ਮੂਲ ਜੀਵ ਵਰਗੀਆਂ ਹੀ ਸਨ । ਇਸ ਵਿਚਾਰ ਨੂੰ ਲੈ ਕੇ ਮੈਂ ਇਕ ਕਹਾਣੀ ਲਿਖਣ ਬਾਰੇ ਸੋਚਿਆ ਸੀ । ਜਿਸ ਦਾ ਮੁੱਖ-ਪਾਤਰ ਇਕ ਅਜੇਹਾ ਵਿਅਕਤੀ ਹੈ ਜਿਸ ਨੇ ਆਪਣੇ ਆਪ ਨੂੰ ਬਹੁਤ ਹੀ ਸਾਧਿਆ ਹੋਇਆ ਹੈ। ਕਿਤਾਬਾਂ ਪੜ੍ਹ ਪੜ੍ਹ ਕੇ ਉਸ ਨੇ ਵਿਸ਼ਾਲ ਗਿਆਨ ਹਾਸਿਲ ਕਰ ਲਿਆ ਹੈ। ਪਰੰਤੂ, ਦੁਖਾਂਤ ਇਹ ਹੈ ਕਿ ਉਸ ਨੇ ਸ਼ਾਦੀ ਨਹੀਂ ਕਰਵਾਈ । ਦੋਸਤਾਂ ਮਿੱਤਰਾਂ ਨੂੰ ਇਹ ਫਿਕਰ ਹੈ ਕਿ ਇਸ ਦੇ ਜਾਣ ਤੋਂ ਬਾਅਦ ਇਹ ਸਮਾਜ ਇਕ ਪਹੁੰਚੇ ਹੋਏ ਵਿਦਵਾਨ ਤੋਂ ਵਿਰਵਾ ਹੋ ਜਾਵੇਗਾ । ਇਸ ਲਈ ਉਹ ਸਾਰੇ ਉਸ ਨੂੰ ਸਲਾਹ ਦੇਂਦੇ ਹਨ ਕਿ ਦੁਨੀਆਂ ਦੇ ਕਲਿਆਣ ਲਈ ਉਹ ਆਪਣਾ ਵੀ ਕਲੋਨ ਬਣਾ ਲਵੇ ਤਾਂ ਕਿ ਅਸੀਂ ਇਕ ਚੰਗੇ, ਬੁੱਧੀਮਾਨ ਤੋਂ ਵਾਂਝੇ ਨਾ ਹੋ ਜਾਈਏ । ਪਹਿਲਾਂ ਤਾਂ ਉਹ ਇਸ ਲਈ ਮੰਨਦਾ ਹੀ ਨਹੀਂ । ਪਰੰਤੂ, ਬਹੁਤਾ ਜ਼ੋਰ ਲਗਾਉਣ ਤੇ ਉਹ ਇਸ ਗੱਲ ਲਈ ਮੰਨ ਜਾਂਦਾ ਹੈ ਅਤੇ ਆਪਣਾ ਕਲੋਨ ਬਣਵਾ ਲੈਂਦਾ ਹੈ।

ਹੁਣ ਉਹ ਅਤੇ ਉਹ ਛੋਟਾ ਬੱਚਾ ਘਰ ਵਿਚ ਇਕੱਲੇ ਤੇ ਇਕੱਠੇ ਰਹਿੰਦੇ ਹਨ । ਵਿਦਵਾਨ ਆਪਣੇ ਅਧਿਐਨ ਵਿਚ ਖੁੱਭਿਆ ਰਹਿੰਦਾ ਹੈ। ਬੱਚਾ ਸ਼ਰਾਰਤਾਂ ਕਰਦਾ ਹੈ ਵਿਦਵਾਨ ਨੂੰ ਉਹ ਸ਼ਰਾਰਤਾਂ ਬੁਰੀਆਂ ਲਗਦੀਆਂ ਹਨ । ਪਰੰਤੂ, ਉਸ ਨੂੰ ਯਾਦ ਆਉਂਦਾ ਹੈ ਕਿ ਇਹੋ ਹੀ ਸ਼ਰਾਰਤਾਂ ਉਸ ਨੇ ਬਚਪਨ ਵਿਚ ਆਪ ਕੀਤੀਆਂ ਹੋਈਆਂ ਸਨ । ਬੱਚਾ ਕੁਝ ਵੱਡਾ ਹੁੰਦਾ ਹੈ ਉਹ ਗਲੀ ਗੁਆਂਢ ਨਾਲ ਲੜ ਕੇ ਲੋਕਾਂ ਤੋਂ ਉਲਾਂਭੇ ਲਿਆਉਂਦਾ, ਕਈ ਵਾਰ ਉਹ ਅਜਿਹੀਆਂ ਹਰਕਤਾਂ ਕਰ ਦੇਂਦਾ ਹੈ ਜਿਸ ਤੋਂ ਵਿਦਵਾਨ ਨੂੰ ਨਮੋਸ਼ੀ ਝੱਲਣੀ ਪੈਂਦੀ ਹੈ। ਜੇਕਰ ਉਹ ਉਸ ਨੂੰ ਵਰਜਦਾ ਹੈ ਤਾਂ ਮੁੰਡੇ ਨੂੰ ਗੁੱਸਾ ਚੜ੍ਹਦਾ ਹੈ ਕਿ ਇਹ ਕੌਣ ਬੁੱਢਾ ਹੈ ਜੋ ਮੈਨੂੰ ਰੋਕਦਾ ਹੈ ?

ਹੁਣ ਦੋਵੇਂ ਇਕ ਦੂਜੇ ਨੂੰ ਮਾਰ ਮੁਕਾਉਣ ਦੀਆਂ ਗੋਂਦਾਂ ਗੁੰਦਦੇ ਹਨ । ਵਿਦਵਾਨ ਸੋਚਦਾ ਹੈ ਜੇਕਰ ਮੈਂ ਇਸ ਨੂੰ ਖ਼ਤਮ ਕਰ ਦਿਆਂ ਤਾਂ ਕਾਨੂੰਨੀ ਤੌਰ 'ਤੇ ਮੇਰੇ ਉਪਰ ਕਿਹੜੀ ਦਫਾ ਲੱਗੇਗੀ ? ਮੇਰੇ ਉਪਰ ਕਿਸੇ ਨੂੰ ਕਤਲ ਕਰਨ ਦਾ ਦੋਸ਼ ਨਹੀਂ ਲੱਗ ਸਕਦਾ ਕਿਉਂਕਿ ਮੈਂ ਕਿਸੇ ਹੋਰ ਨੂੰ ਨਹੀਂ ਮਾਰਿਆ, ਆਪਣੇ ਹੀ ਇਕ ਹਿੱਸੇ ਨੂੰ ਮਾਰਿਆ ਹੈ। ਮੇਰੇ ਉੱਪਰ ਆਤਮ ਹੱਤਿਆ ਦਾ ਦੋਸ਼ ਵੀ ਨਹੀਂ ਲੱਗ ਸਕਦਾ ਕਿਉਂਕਿ ਮੈਂ ਤਾਂ ਜਿਊਂਦਾ ਜਾਗਦਾ ਹਾਂ, ਇਸ ਲਈ ਅਦਾਲਤ ਮੈਨੂੰ ਕੋਈ ਵੀ ਸਜ਼ਾ ਨਹੀਂ ਦੇ ਸਕਦੀ । ਦੂਜੇ ਪਾਸੇ ਉਹ ਕਲੋਨ ਮੁੰਡਾ ਵੀ ਇਸੇ ਤਰ੍ਹਾਂ ਹੀ ਸੋਚ ਰਿਹਾ ਹੈ।

ਸੋ ਜਿੰਦੂਆ ਤੇਰਾ ਤੇ ਮੇਰਾ ਰਿਸ਼ਤਾ ਇਹੋ ਜਿਹਾ ਹੀ ਹੈ ਹੁਣ ਤੂੰ ਨਿਸ਼ਚਿਤ ਕਰ ਆਪਣਾ ਰਿਸ਼ਤਾ ਕੀ ਹੈ। ਪਰੰਤੂ, ਮੈਨੂੰ ਕਈ ਵਾਰ ਅਫਸੋਸ ਵੀ ਹੁੰਦਾ ਹੈ ਅਤੇ ਮੈਂ ਨਿਰਾਸ਼ ਵੀ ਹੁੰਦਾ ਹਾਂ ਕਿ ਉਹ ਕਿਧਰ ਗਿਆ ਮੇਰੇ ਵਿਚੋਂ ਗੋਭਲਾ ਜਿਹਾ, ਭੋਲਾ ਭਾਲਾ, ਸਵੱਛ, ਸੱਚਾ ਸੁੱਚਾ, ਇਮਾਨਦਾਰ ਅਤੇ ਮਾਸੂਮ ਜਿਹਾ ਬੱਚਾ, ਭਾਵੇਂ ਮੈਂ ਬਹੁਤ ਕੁਝ ਤੇਰਾ ਬਚਾ ਕੇ ਰੱਖਿਆ ਹੋਇਆ ਹੈ ਫਿਰ ਵੀ ਮੈਨੂੰ ਇਸ ਦੁਨੀਆਂ ਦੇ ਵਿਹਾਰ ਨੇ ਕੁਝ ਹੱਦ ਤੱਕ ਯੂਡਾ (ਜਿਸ ਨੇ ਈਸਾ ਨੂੰ ਸਲੀਬ ਉੱਪਰ ਚੜ੍ਹਾਇਆ ਸੀ) ਬਣਾ ਦਿੱਤਾ ਹੈ।

? ਮੈਂ ਤੈਨੂੰ ਅਣਲਿਖੀਆਂ ਕਹਾਣੀਆਂ ਦੀ ਗੱਲ ਨਹੀਂ ਸੀ ਪੁੱਛੀ । ਮੈਂ ਪੁੱਛਿਆ ਸੀ, ਤੂੰ ਜਿੰਦੂ ਤੋਂ ਡਾ. ਕੈਰੋਂ ਕਿਵੇਂ ਬਣ ਗਿਆ।



– ਇਹ ਵੀ ਬੜੀ ਵੱਖਰੀ ਕਹਾਣੀ ਹੈ। ਤੈਨੂੰ ਪਤਾ ਹੀ ਹੈ 1956-57 ਵਿਚ ਆਪਣੇ ਵੱਡ-ਵਡੇਰਿਆਂ ਨੇ ਅਜਨਾਲੇ ਵੱਲੋਂ ਜ਼ਮੀਨ ਕੈਂਸਲ ਕਰਵਾ ਕੇ ਸਰਸੇ ਜ਼ਿਲ੍ਹੇ ਦੇ ਪਿੰਡ ਸ਼ੇਖੂ ਖੇੜਾ ਵਿਚ ਪੁਆ ਲਈ ਸੀ । ਉਸ ਸਮੇਂ ਉਸ ਇਲਾਕੇ ਵਿਚ ਜੰਗਲ ਹੀ ਜੰਗਲ ਸਨ । ਪਹਿਲਾਂ ਖੇਤਾਂ ਵਿਚੋਂ ਇਹ ਜੰਗਲ ਪੁੱਟਣ ਦਾ ਕੰਮ ਕੀਤਾ । ਸਾਰਾ ਟੱਬਰ ਕਹੀਆਂ ਕੁਹਾੜੀਆਂ ਲੈ ਕੇ ਸਵੇਰ ਤੋਂ ਸ਼ਾਮ ਤਕ ਜੰਗਲ ਪੁੱਟਦੇ ਰਹਿੰਦੇ । ਫਿਰ ਉਨ੍ਹਾਂ ਮੁੱਢੀਆਂ ਨੂੰ ਗੱਡੇ ਉੱਪਰ ਲੱਦ ਕੇ ਨੇੜੇ ਦੇ ਛੋਟੇ ਜਿਹੇ ਸ਼ਹਿਰ ਐਲਨਾਬਾਦ ਜਾ ਕੇ ਵੇਚਦੇ । ਇਥੇ ਆੜ੍ਹਤੀਆਂ ਦੀਆਂ ਵੱਡੀਆਂ ਵੱਡੀਆਂ ਹਵੇਲੀਆਂ ਹੁੰਦੀਆਂ ਸਨ, ਜਿਨ੍ਹਾਂ ਵਿਚ ਲੱਕੜਾਂ ਦੇ ਢੇਰ ਲੱਗੇ ਹੁੰਦੇ ਸਨ । ਆੜ੍ਹਤੀਆਂ ਦੇ ਕਰਿੰਦੇ ਪੰਦਰਾਂ ਰੁਪੈ ਵਿਚ ਲੱਕੜਾਂ ਦਾ ਇਹ ਗੱਡਾ ਖਰੀਦ ਲੈਂਦੇ । ਉਨ੍ਹਾਂ ਪੰਦਰਾਂ ਰੁਪੈਆਂ ਦਾ ਚਾਹ ਅਤੇ ਗੁੜ ਖਰੀਦ ਲਿਆ ਜਾਂਦਾ । ਉਸ ਸਮੇਂ ਉਸ ਇਲਾਕੇ ਵਿਚ ਛੋਲਿਆਂ ਅਤੇ ਤਾਰਾਮੀਰਾ ਜਾਂ ਸਰ੍ਹੋਂ ਤੋਂ ਬਗ਼ੈਰ ਹੋਰ ਕੋਈ ਫਸਲ ਨਹੀਂ ਸੀ ਹੁੰਦੀ । ਦੋਵੇਂ ਵੇਲੇ ਛੋਲਿਆਂ ਦੀਆਂ ਰੋਟੀਆਂ ਹੀ ਗੰਢੇ ਨਾਲ ਖਾਣੀਆਂ ਪੈਂਦੀਆਂ ਸਨ । ਕਣਕ, ਝੋਨਾ ਅਤੇ ਕਮਾਦ ਅਸੀਂ ਹੀ ਪਹਿਲੀ ਵਾਰ ਉਧਰ ਜਾ ਕੇ ਬੀਜਿਆ ਸੀ । ਉਸ ਦੀ ਸਾਂਭ ਸੰਭਾਲ ਵੀ ਬੜੀ ਔਖੀ ਸੀ ਕਿਉਂਕਿ ਉਸ ਇਲਾਕੇ ਦੇ ਸਾਰੇ ਰੋਝ (ਨੀਲ ਗਊਆਂ) ਹਿਰਨ ਅਤੇ ਹੋਰ ਜਾਨਵਰ ਇਨ੍ਹਾਂ ਨੂੰ ਖਾਣ ਆ ਜਾਂਦੇ । ਰਾਤ ਰਾਤ ਭਰ ਰਾਖੀ ਕਰਨੀ ਪੈਂਦੀ ਸੀ। ਇਹ ਦਿਨ ਵੀ ਬੜੀ ਮੌਜ ਮਸਤੀ ਦੇ ਸਨ । ਕਬੱਡੀ ਖੇਡਣੀ ਅਤੇ ਨਹਿਰ ਵਿਚ ਨਹਾਉਣਾ, ਵਣਾਂ ਦੀਆਂ ਪੀਲਾਂ ਖਾਣਾ ਸਾਰੇ ਦਿਨ ਦਾ ਸ਼ੁਗਲ ਸੀ ।

ਮੇਰੀਆਂ ਅੱਠਵੀਂ ਦੀਆਂ ਕਾਪੀਆਂ ਦੇ ਕੁਝ ਵਰਕੇ ਖਾਲੀ ਸਨ । ਉਨ੍ਹਾਂ ਉਪਰ ਰਾਤ ਨੂੰ ਮੈਂ ਦੀਵੇ ਦੀ ਲੋਅ ਵਿਚ ਚਿੱਠੀਆਂ ਲਿਖਦਾ ਰਹਿੰਦਾ । ਇਹ ਚਿੱਠੀਆਂ ਉਨ੍ਹਾਂ ਰਿਸ਼ਤੇਦਾਰਾਂ ਵੱਲ ਹੁੰਦੀਆਂ ਜਿਹੜੇ ਕੁਝ ਪੜ੍ਹੇ ਲਿਖੇ ਸਨ । ਉਨ੍ਹਾਂ ਵਿਚ ਖਾਸ ਕਰਕੇ ਮੇਰੇ ਫੁੱਫੜ ਜੀ ਅਤੇ ਮਤ੍ਰੇਆ ਮਾਮਾ ਸੂਬੇਦਾਰ ਸੀ । ਸੂਬੇਦਾਰ ਨੇ ਮੈਨੂੰ ਕਦੀ ਚਿੱਠੀ ਦਾ ਜੁਆਬ ਨਹੀਂ ਸੀ ਦਿੱਤਾ । ਉਹ ਮੇਰੇ ਪਿਓ ਨੂੰ ਹਰ ਵਾਰ ਇਹੋ ਹੀ ਸਲਾਹ ਦੇਂਦਾ ਕਿ ਸ਼ਹਿਰ ਵਿਚ ਜਾ ਕੇ ਮੁੰਡੇ ਵਿਗੜ ਜਾਂਦੇ ਹਨ । ਸ਼ਾਇਦ ਉਸ ਨੂੰ ਇਹ ਖ਼ਤਰਾ ਸੀ ਕਿ ਇਹ ਲਾਵਾਰਿਸ ਜਿਹਾ ਮੁੰਡਾ ਕਿਧਰੇ ਉਸ ਉਪਰ ਹੀ ਭਾਰ ਨਾ ਬਣ ਜਾਵੇ । ਇਹਨਾਂ ਚਿੱਠੀਆਂ ਦਾ ਮਜ਼ਮੂਨ ਆਮ ਤੌਰ 'ਤੇ ਇਹੋ ਹੀ ਹੁੰਦਾ ਕਿ ਮੈਂ ਅੱਠਵੀਂ ਪਾਸ ਕਰ ਲਈ ਹੈ। ਅੱਠਵੀਂ ਪਾਸ ਬੰਦਾ ਤਾਂ ਅਨਪੜ੍ਹਾਂ ਦੇ ਬਰਾਬਰ ਹੀ ਹੁੰਦਾ ਹੈ। ਮੇਰਾ ਅੱਗੇ ਪੜ੍ਹਨ ਨੂੰ ਬਹੁਤ ਦਿਲ ਕਰਦਾ ਹੈ ਪਰ ਇਸ ਇਲਾਕੇ ਵਿਚ ਦੂਰ ਦੂਰ ਤਕ ਕੋਈ ਸਕੂਲ ਨਹੀਂ, ਜੇਕਰ ਤੁਸੀਂ ਮੇਰੀ ਕੋਈ ਮਦਦ ਕਰ ਸਕਦੇ ਹੋ ਤਾਂ ਮੈਂ ਬੜਾ ਧੰਨਵਾਦੀ ਹੋਵਾਂਗਾ ।

ਇਕ ਦਿਨ ਅਚਾਨਕ ਇਕ ਚਿੱਠੀ ਆ ਹੀ ਗਈ । ਇਹ ਉਹ ਚਿੱਠੀ ਸੀ ਜਿਸ ਨੇ ਮੇਰੀ ਆਉਣ ਵਾਲੀ ਸਾਰੀ ਜ਼ਿੰਦਗੀ ਹੀ ਬਦਲ ਕੇ ਰੱਖ ਦੇਣੀ ਸੀ । ਜੇਕਰ ਇਹ ਚਿੱਠੀ ਨਾ ਆਉਂਦੀ ਤਾਂ ਪਤਾ ਨਹੀਂ ਮੈਂ ਜ਼ਿੰਦਗੀ ਵਿਚ ਕੀ ਹੁੰਦਾ ਕਿਉਂਕਿ ਜ਼ਿੰਦਗੀ ਵਿਚ ਮੈਂ ਆਪਣੀ ਨਿਵੇਕਲੀ ਪਛਾਣ ਬਨਾਉਣੀ ਚਾਹੁੰਦਾ ਸੀ । ਮੈਂ ਕਈ ਵਾਰ ਸੋਚਦਾ ਕਿ ਮੈਂ ਵੱਡਾ ਡਾਕੂ ਬਣਾਂ ਤੇ ਅਮੀਰਾਂ ਨੂੰ ਲੁੱਟ ਕੇ ਗ਼ਰੀਬਾਂ ਅਤੇ ਲੋੜਵੰਦਾਂ ਦੀ ਮਦਦ ਕਰਾਂ । ਕਈ ਵਾਰ ਮੇਰਾ ਦਿਲ ਕਰਦਾ ਕਿ ਸਾਡਾ ਸਮਾਜ ਕਾਤਲਾਂ ਤੋਂ ਬੜਾ ਡਰਦਾ ਹੈ ਅਤੇ ਉਨ੍ਹਾਂ ਦਾ ਬੜਾ ਰੋਹਬ ਮੰਨਦਾ ਹੈ ਇਸ ਲਈ ਮੈਂ ਵੀ ਕੋਈ ਕਤਲ ਕਰਾਂ । ਪਰੰਤੂ, ਕਤਲ ਕਰਨ ਨੂੰ ਉਸ ਉਮਰ ਵਿਚ ਕੋਈ ਦੁਸ਼ਮਣ ਨਹੀਂ ਸੀ ਲੱਭ ਰਿਹਾ । ਖ਼ੈਰ ਮੈਂ ਇਹੋ ਜਿਹੇ ਵਿਚਾਰਾਂ ਨਾਲ ਦੋ ਚਾਰ ਹੁੰਦਾ ਰਿਹਾ ਕਿ ਇਹ ਚਿੱਠੀ ਆ ਗਈ ਸੀ । ਮੈਨੂੰ ਅਜੇ ਵੀ ਯਾਦ ਹੈ ਕਿ ਉਹ ਹਰੇ ਰੰਗ ਦੀ ਉਰਦੂ ਵਿਚ ਲਿਖੀ ਹੋਈ ਚਿੱਠੀ ਸੀ । ਇਹ ਮੇਰੇ ਕੈਰੋਂ ਵਾਲੇ ਫੁੱਫੜ ਜੀ ਸ. ਮੋਹਨ ਸਿੰਘ ਮਹਿਲਾਂਵਾਲੇ ਦੀ ਚਿੱਠੀ ਸੀ ਜਿਸ ਨੂੰ ਦੀਵੇ ਸਾਹਮਣੇ ਮੇਰਾ ਬਾਪ ਪੜ੍ਹ ਰਿਹਾ ਸੀ । ਮੈਨੂੰ ਤਾਂ ਏਨਾ ਹੀ ਯਾਦ ਹੈ ਕਿ ਇਕ ਲਾਈਨ ਹੁਕਮੀਆ ਲਹਿਜੇ ਵਿਚ ਸੀ ਕਿ ਜੋਗਿੰਦਰ ਨੂੰ ਸਾਡੇ ਕੋਲ ਭੇਜ ਦਿਓ ।

ਫੁੱਫੜ ਜੀ ਨਾਲ ਮੇਰਾ ਪਹਿਲਾਂ ਵੀ ਮੋਹ ਪਿਆਰ ਸੀ ਕਿਉਂਕਿ ਬਾਰ ਵਿਚ ਵੀ ਮੈਂ ਆਮ ਤੌਰ 'ਤੇ ਆਪਣੇ ਭੂਆ ਫੁੱਫੜ ਕੋਲ ਹੀ ਉਨ੍ਹਾਂ ਦੇ ਬਾਰ ਵਾਲੇ ਪਿੰਡ ਕੈਰੋਂ ਵਿਚ ਹੀ ਰਹਿੰਦਾ ਹੁੰਦਾ ਸੀ ਜੋ ਕਿ ਸਾਡੇ ਪਿੰਡ ਦੇ ਨੇੜੇ ਹੀ ਸੀ । ਅਗਲੇ ਦਿਨ ਸਵੇਰੇ ਹੀ ਮੁੜ ਪਿਤਾ ਜੀ ਉਸ ਚਿੱਠੀ ਉਪਰ ਵਿਚਾਰ ਕਰਨ ਲਈ ਵਿਹੜੇ ਵਿਚ ਬੈਠੇ ਸਨ ਜਦ ਉਨ੍ਹਾਂ ਨੇ ਫੁੱਫੜ ਜੀ ਦੀ ਚਿੱਠੀ ਬਾਰੇ ਗੱਲ ਚਲਾਈ ਤਾਂ ਚੌਂਕੇ ਵਿਚ ਬੈਠੀ ਮਤ੍ਰੇਈ ਮਾਂ ਉੱਚੀ ਉੱਚੀ ਬੋਲ ਪਈ, "ਹਾਏ ! ਹਾਏ !! ਤੂੰ ਕਦੋਂ ਸੁੱਖ ਲੈਣਾ ਹੈ ? ਹੁਣ ਇਹ ਹਲ ਦੀ ਜੰਗੀ ਫੜਨ ਜੋਗਾ ਹੋਇਆ ਏ ਤੇ ਤੈਨੂੰ ਇਹਦੀਆਂ ਪੜ੍ਹਾਈਆਂ ਦਾ ਫਿਕਰ ਪਿਐ ।"

ਪਿਤਾ ਜੀ ਨੇ ਵੀ ਮੁੜ ਮਾਮੇ ਵਾਲਾ ਬ੍ਰਹਮ ਅਸਤਰ ਚਲਾਉਂਦਿਆਂ ਕਿਹਾ, "ਤੇਰਾ ਮਾਮਾ ਕਹਿੰਦਾ ਹੈ ਕਿ ਸ਼ਹਿਰ ਜਾ ਕੇ ਮੁੰਡੇ ਵਿਗੜ ਜਾਂਦੇ ਹਨ ।"

ਪਤਾ ਨਹੀਂ ਮੈਨੂੰ ਬਚਪਨ ਤੋਂ ਹੀ ਕੁਦਰਤ ਵੱਲੋਂ ਸ਼ਬਦਾਂ ਦੀ ਕਰਾਮਾਤ ਦੀ ਸੂਝ ਮਿਲੀ ਹੋਈ ਹੈ। ਜਿਥੇ ਬੈਠ ਕੇ ਅਸੀਂ ਗੱਲਬਾਤ ਕਰ ਰਹੇ ਸਾਂ ਉਸ ਦੇ ਸਾਹਮਣੇ ਸਾਡਾ ਇਕ ਕੱਚਾ ਕੋਠਾ ਸੀ ਜਿਸ ਨੂੰ ਬਾਹਰ ਜੰਦਰਾ ਲੱਗਿਆ ਹੋਇਆ ਸੀ । ਮੈਂ ਜੰਦਰੇ ਵੱਲ ਇਸ਼ਾਰਾ ਕਰਕੇ ਆਪਣੇ ਬਾਪ ਨੂੰ ਕਿਹਾ, "ਤੁਸੀਂ ਮੈਨੂੰ ਇਸ ਕਮਰੇ ਵਿਚ ਬੰਦ ਕਰਕੇ ਬਾਹਰ ਜੰਦਰਾ ਲਗਾ ਦਿਓ । ਕੀ ਤੁਸੀਂ ਯਕੀਨ ਨਾਲ ਕਹਿ ਸਕਦੇ ਹੋ ਅੰਦਰ ਮੈਂ ਵਿਗੜਿਆ ਨਹੀਂ ?"

ਇਹ ਜੁਆਬ ਸੁਣ ਕੇ ਮੇਰਾ ਬਾਪ ਲਾ-ਜੁਆਬ ਹੋ ਗਿਆ । ਉਂਜ ਵੀ ਬਚਪਨ ਵਿਚ ਇਕ ਵਾਰ ਗੱਲਬਾਤ ਕਰਦਿਆਂ, ਮੈਂ ਉਨ੍ਹਾਂ ਨੂੰ ਪੁੱਛਿਆ ਸੀ, "ਤੁਸੀਂ ਮੈਨੂੰ ਕਿਥੋਂ ਤਕ ਪੜ੍ਹਾਉਗੇ ?"

ਉਨ੍ਹਾਂ ਦਾ ਜੁਆਬ ਸੀ, "ਜਦੋਂ ਤੱਕ ਤੂੰ ਫੇਲ੍ਹ ਨਹੀਂ ਹੁੰਦਾ ।" ਹੁਣ ਤਕ ਮੈਂ ਹਰ ਜਮਾਤ ਵਿਚੋਂ ਪਾਸ ਹੀ ਹੁੰਦਾ ਆਇਆ ਸਾਂ । ਮੈਂ ਉਦੋਂ ਹੀ ਉਨ੍ਹਾਂ ਨੂੰ ਉਨ੍ਹਾਂ ਦਾ ਇਹ ਵਾਇਦਾ ਵੀ ਯਾਦ ਕਰਵਾਇਆ ਤਾਂ ਉਨ੍ਹਾਂ ਨੇ ਇਹ ਸ਼ਬਦ ਕਹੇ ਸਨ, "ਇਕ ਵਾਰ ਕਾਂ ਦੀ ਮਾਂ ਆਪਣੇ ਪੁੱਤਰ ਨੂੰ ਸਮਝਾਉਣ ਲੱਗੀ, ਪੁੱਤਰ ! ਜਦੋਂ ਕੋਈ ਨੀਵਾਂ ਹੋ ਕੇ ਢੀਮ ਜਾਂ ਰੋੜਾ ਫੜਨ ਲੱਗੇ ਤਾਂ ਤੂੰ ਉਡ ਜਾਵੀਂ ।"

ਕਾਂ ਪੁੱਤਰ ਕਹਿਣ ਲੱਗਾ, "ਮਾਂ ! ਜੇਕਰ ਅਗਲੇ ਨੇ ਪਹਿਲਾਂ ਹੀ ਕੱਛ ਵਿਚ ਵੱਟਾ ਰੱਖਿਆ ਹੋਵੇ ਤਾਂ ਕੀ ਮੈਂ ਬੈਠਾ ਰਹਾਂ ?" ਮਾਂ ਨੇ ਕਿਹਾ, "ਜਾਹ ਪੁੱਤਰ ! ਤੈਨੂੰ ਕੋਈ ਨਹੀਂ ਮਾਰ ਸਕਦਾ ।" ਸੋ ਇਹੋ ਗੱਲ ਮੇਰੇ ਪਿਓ ਨੇ ਕਹੀ, "ਜਾਹ ਪੁੱਤਰ ! ਤੈਨੂੰ ਕੋਈ ਨਹੀਂ ਵਿਗਾੜ ਸਕਦਾ ।"

ਹੁਣ ਮੈਂ ਵਿਗੜਿਆ ਹੋਇਆ ਵੀ ਆਪਣੇ ਆਪ ਨੂੰ ਠੀਕ ਸਿੱਧ ਕਰਨ ਦੀ ਯੋਗਤਾ ਰੱਖਦਾ ਹਾਂ ਕਿਉਂਕਿ ਮੈਨੂੰ ਹੁਣ ਸਮਝ ਆ ਗਈ ਹੈ ਕਿ ਇਥੇ ਨਾ ਕੋਈ ਪੁੰਨ ਹੈ ਨਾ ਹੀ ਪਾਪ, ਨਾ ਹੀ ਝੂਠ ਹੈ ਨਾ ਹੀ ਸੱਚ ਤੇ ਹੋਰ ਬਹੁਤ ਕੁਝ ਸਾਨੂੰ ਸਾਪੇਖਤਾ ਦੇ ਸਿੱਧਾਂਤ ਨੇ ਸਿਖਾ ਦਿੱਤਾ ਹੈ ਜੋ ਇਥੇ ਸੱਚ ਹੈ ਕਿਸੇ ਹੋਰ ਥਾਂ ਇਹ ਝੂਠ ਵੀ ਹੋ ਸਕਦਾ ਹੈ।

ਪਤਾ ਨਹੀਂ ਉਹ ਕਿਹੜਾ ਮਹੀਨਾ ਸੀ ਅਤੇ ਕਿਹੜੀ ਤਾਰੀਕ ਜਦ ਮੈਂ ਪੱਟੀ ਕਸਬੇ ਵਿਚ ਤਣੀਆਂ ਵਾਲੇ ਝੋਲੇ ਸਮੇਤ ਬਸ ਅੱਡੇ ਉੱਤੇ ਉਤਰਿਆ । ਕਿਸੇ ਨੂੰ ਕੈਰੋਂ ਪਿੰਡ ਦਾ ਰਾਹ ਪੁੱਛਿਆ ਤਾਂ ਉਸ ਨੇ ਮੈਨੂੰ ਕੈਰੋਂ ਵਾਲੀ ਸੜਕੇ ਪਾ ਦਿੱਤਾ । ਇਹ ਸੜਕ ਉਸ ਸਮੇਂ ਨਵੀਂ ਨਵੀਂ ਹੀ ਬਣੀ ਸੀ ਕਿਉਂਕਿ ਸ. ਪ੍ਰਤਾਪ ਸਿੰਘ ਮੁੱਖ ਮੰਤਰੀ ਸਨ ਅਤੇ ਉਨ੍ਹਾਂ ਦੇ ਮੁੰਡੇ ਦੀ ਜੰਞ ਸਰਹਾਲੀ ਜਾਣੀ ਸੀ । ਹੁਣ ਹੋਰ ਬਹੁਤ ਕੁਝ ਤਾਂ ਯਾਦ ਨਹੀਂ । ਪਰੰਤੂ, ਏਨਾ ਯਾਦ ਹੈ ਕਿ ਮੈਨੂੰ ਭਾਜੀ ਜਸਵੰਤ ਸਿੰਘ ਵਾਲਾ ਚੁਬਾਰਾ ਪੜ੍ਹਨ ਲਈ ਦੇ ਦਿੱਤਾ ਗਿਆ ਸੀ । ਜਸਵੰਤ ਮੇਰੀ ਭੂਆ ਦਾ ਵੱਡਾ ਲੜਕਾ ਸੀ, ਜਿਹੜਾ ਉਸ ਸਮੇਂ ਜਲੰਧਰ ਵਾਲੀ ਜ਼ਮੀਨ ਉੱਪਰ ਚਲਾ ਗਿਆ ਸੀ । ਇਸ ਲਈ ਉਸ ਦਾ ਚੁਬਾਰਾ ਮੈਨੂੰ ਮਿਲ ਗਿਆ ਸੀ । ਮੇਰੀ ਖ਼ੁਸ਼ਕਿਸਮਤੀ ਸੀ ਕਿ ਇਸ ਚੁਬਾਰੇ ਵਿਚਲੀਆਂ ਅਲਮਾਰੀਆਂ ਕਿਤਾਬਾਂ ਅਤੇ ਰਸਾਲਿਆਂ ਨਾਲ ਭਰੀਆਂ ਪਈਆਂ ਸਨ । ਬੱਸ ਫਿਰ ਕੀ ਸੀ ? ਇਹਨਾਂ ਕਿਤਾਬਾਂ ਨਾਲ ਮੱਥਾ ਲਗਾ ਲਿਆ । ਇਥੇ



ਹੀ ਸਾਰੀਆਂ ਪ੍ਰੀਤ ਲੜੀਆਂ ਪਈਆਂ ਹੋਈਆਂ ਸਨ, ਉਸ ਸਮੇਂ ਤੋਂ ਲੈ ਕੇ ਜਦੋਂ ਤੋਂ ਇਹ ਪ੍ਰਕਾਸ਼ਿਤ ਹੋਣੀ ਸ਼ੁਰੂ ਹੋਈ ਸੀ । ਇਹਨਾਂ ਨੇ ਮੇਰੇ ਗਿਆਨ ਵਿਚ ਭਾਰੀ ਵਾਧਾ ਕੀਤਾ । ਕੈਰੋਂ ਪਿੰਡ ਦੇ ਲੋਕਾਂ ਨੇ ਅਤੇ ਭੂਆ ਦੇ ਘਰ ਵਿਚਲੀਆਂ ਚੀਜ਼ਾਂ ਨੇ ਮੈਨੂੰ ਚਕਾਚੌਂਧ ਹੀ ਕਰ ਦਿੱਤਾ ਸੀ । ਬੜੀ ਦੇਰ ਮੈਂ ਆਪਣੇ ਆਪ ਵਿਚ ਘਟੀਆਪਣ ਦਾ ਇਹਸਾਸ ਕਰਦਾ ਰਿਹਾ ਕਿਉਂਕਿ ਮੈਂ ਇਕ ਪਛੜੇ ਹੋਏ ਪੇਂਡੂ ਇਲਾਕੇ ਵਿਚੋਂ ਆਇਆ ਸੀ । ਇਸ ਲਈ ਮੈਂ ਜੰਗਲੀ ਜਿਹਾ ਹੀ ਸੀ । ਸਕੂਲ ਵਿਚ ਹਾਕੀ ਖੇਡਣ ਕਰਕੇ, ਮੈਂ ਚੰਗਾ ਹਾਕੀ ਦਾ ਖਿਡਾਰੀ ਬਣ ਗਿਆ, ਐਨ.ਸੀ.ਸੀ. ਦਾ ਵੀ ਚੰਗਾ ਕੈਡਿਟ ਸੀ । ਫਿਰ ਐਗਰੀਕਲਚਰ ਦੇ ਚਾਰਟ ਬਨਾਉਣ ਵਿਚ ਵੀ ਪੰਜਾਬ ਵਿਚੋਂ ਫਸਟ ਰਹਿਣ ਕਰਕੇ ਅਤੇ ਕਾਲਜ ਵਿਚ ਗਤਕੇ ਦੀ ਟੀਮ ਵਿਚ ਆਉਣ ਕਰਕੇ ਹੌਲੀ ਹੌਲੀ ਮੇਰੇ ਅੰਦਰੋਂ ਘਟੀਆਪਣ ਦਾ ਇਹਸਾਸ ਜਾਂਦਾ ਰਿਹਾ ।

ਹਾਇਰ ਸੈਕੰਡਰੀ ਕਰਨ ਤੋਂ ਬਾਅਦ ਅਸੀਂ ਬਹੁਤ ਸਾਰੇ ਜਮਾਤੀ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਐਗਰੀਕਲਚਰ ਵਿਚ ਜਾ ਦਾਖ਼ਿਲ ਹੋਏ । ਉਸ ਸਮੇਂ ਐਗਰੀਕਲਚਰ ਵਿਚ ਨਵੇਂ ਸਲੇਬਸ ਲੱਗੇ ਸਨ। ਜਿਸ ਵਿਚ ਟ੍ਰਿਗਨੋਮੈਟਰੀ ਸਬਜੈਕਟ ਵੀ ਸੀ । ਉਸ ਸਮੇਂ ਅਤੇ ਹੁਣ ਤੱਕ ਵੀ ਮੈਨੂੰ ਪਤਾ ਨਹੀਂ ਲਗ ਸਕਿਆ ਕਿ ਇਹ ਕੀ ਬਲਾ ਹੁੰਦੀ ਹੈ। ਉਸ ਟੀਚਰ ਨੇ ਵੀ ਸਾਨੂੰ ਕੁਝ ਨਹੀਂ ਸੀ ਸਮਝਾਇਆ, ਜਿਹੜਾ ਸਾਨੂੰ ਇਹ ਸਬਜੈਕਟ ਪੜ੍ਹਾਉਂਦਾ ਸੀ । ਸਗੋਂ ਉਸ ਦੇ ਵਿਹਾਰ ਨੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਕਲਾਸ ਵਿਚੋਂ ਹੀ ਭਜਾ ਦਿੱਤਾ । ਉਸ ਨੇ ਕਲਾਸ ਵਿਚ ਵੜਦਿਆਂ ਹੀ ਕਹਿਣਾ ਕੈਰੋਂ ਵਾਲੇ ਖੜੇ ਹੋ ਜਾਣ । ਬਾਅਦ ਵਿਚ ਪਤਾ ਲੱਗਾ ਕਿ ਉਹ ਸ. ਪ੍ਰਤਾਪ ਸਿੰਘ ਕੈਰੋਂ ਦੇ ਮੁੰਡਿਆਂ ਨੂੰ ਟਿਊਸ਼ਨ ਪੜ੍ਹਾਉਂਦਾ ਰਿਹਾ ਸੀ, ਗ਼ਰੀਬ ਤਰਖਾਣਾਂ ਦਾ ਮੁੰਡਾ । ਕੀ ਪਤਾ ਉਸ ਨੂੰ ਟਿਊਸ਼ਨ ਫੀਸ ਹੀ ਨਾ ਮਿਲੀ ਹੋਵੇ, ਇਸੇ ਕਰਕੇ ਹੀ ਉਹ ਕੈਰੋਂ ਵੇਲਿਆਂ ਦੇ ਵੈਰ ਪੈ ਗਿਆ ਸੀ । ਇੰਜ ਕਰਦਿਆਂ ਕਰਦਿਆਂ ਬਾਕੀ ਸਾਰੇ ਕੈਰੋਂ ਵਾਲੇ ਦੌੜ ਗਏ, ਕੇਵਲ ਮੈਂ ਇਕੱਲਾ ਹੀ ਰਹਿ ਗਿਆ । ਇੰਜ ਮੇਰੇ ਨਾਮ ਨਾਲ ਕੈਰੋਂ ਲਕਬ ਸਦਾ ਲਈ ਜੁੜ ਗਿਆ । ਪਹਿਲਾਂ ਪਹਿਲ ਤਾਂ ਮੈਨੂੰ ਕੈਰੋਂ ਨਾਮ ਤੋਂ ਬੜੀ ਅਵਾਜ਼ਾਰੀ ਹੋਈ ਕਿਉਂਕਿ ਉਸ ਸਮੇਂ ਇਹ ਕੈਰੋਂਸ਼ਾਹੀ ਕਰਕੇ ਇਹ ਨਾਮ ਬਦਨਾਮ ਜਿਹਾ ਹੀ ਸੀ । ਫਿਰ ਹੌਲੀ ਹੌਲੀ ਮੈਂ ਇਸ ਨੂੰ ਸਵੀਕਾਰ ਹੀ ਕਰ ਲਿਆ ਹੈ।

?ਡਾ. ਕੈਰੋਂ ਤੂੰ ਆਪਣੇ ਆਪ ਨੂੰ ਚੰਗਾ ਨਾਵਲਕਾਰ, ਲੋਕਧਾਰਾ ਸ਼ਾਸਤਰੀ ਅਤੇ ਕਹਾਣੀਕਾਰ ਸਮਝਦਾ ਹੈ । ਤੇਰੀ ਦੋਸਤੀ ਵੀ ਵੱਡੇ ਵੱਡੇ ਆਲੋਚਕਾਂ, ਸਾਹਿਤਕਾਰਾਂ ਅਤੇ ਸ਼ਾਇਰਾਂ ਨਾਲ ਰਹੀ ਹੈ। ਉਨ੍ਹਾਂ ਨੇ ਵੀ ਕਦੀ ਤੇਰੀਆਂ ਰਚਨਾਵਾਂ ਬਾਰੇ ਗੱਲ ਨਹੀਂ ਕੀਤੀ । ਤੇਰੇ ਦੋ ਨਾਵਲ ਪਰਵਾਸੀ ਜ਼ਿੰਦਗੀ ਬਾਰੇ ਛਪੇ ਹੋਏ ਹਨ, ਇਕ ਤੂੰ ਹੋਰ ਲਿਖਿਆ ਹੋਇਆ ਹੈ ਪਰਵਾਸੀ ਜ਼ਿੰਦਗੀ ਬਾਰੇ, ਪਰ ਤੇਰਾ ਕਦੀ ਪਰਵਾਸੀ ਸਾਹਿਤ ਵਿਚ ਵੀ ਜ਼ਿਕਰ ਨਹੀਂ ਆਇਆ, ਤੂੰ ਕਦੀ ਇਹਦੇ ਕਾਰਨਾਂ ਬਾਰੇ ਝਾਤੀ ਮਾਰੀ ਹੈ ਜਾਂ ਕਦੀ ਇਹਦੇ ਬਾਰੇ ਸੋਚਿਆ ਹੈ।

- ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਕਦੀ ਆਪਣੀ ਚਰਚਾ ਕਰਵਾਉਣ ਬਾਰੇ ਸੋਚਿਆ ਹੀ ਨਹੀਂ । ਨਾ ਹੀ ਕਦੀ ਮੈਂ ਕਿਸੇ ਦੋਸਤ ਮਿੱਤਰ ਨੂੰ ਇਸ ਬਾਰੇ ਕਦੀ ਕਿਹਾ ਹੀ ਹੈ। ਉਂਜ ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਵ. ਡਾ. ਸੁਤਿੰਦਰ ਸਿੰਘ ਨੂਰ ਨਾਲ ਮੇਰੇ ਪਰਿਵਾਰਕ ਸੰਬੰਧ ਹਨ । ਡਾ. ਸੁਰਜੀਤ ਪਾਤਰ ਮੇਰਾ ਸੀਨੀਅਰ ਦੋਸਤ, ਕੁਲੀਗ ਅਤੇ ਵੱਡੇ ਜਾਂ ਛੋਟੇ ਭਰਾਵਾਂ ਵਾਂਗ ਵੀ ਹੈ। ਹਾਲਾਤ ਕਰਕੇ ਉਹ ਪੀਐਚ.ਡੀ. ਦਾ ਮੇਰਾ ਵਿਦਿਆਰਥੀ ਵੀ ਹੈ। ਤੂੰ ਕਦੀ ਵੇਖਿਆ ਹੈ ਮੈਂ ਉਸ ਤੋਂ ਆਪਣੇ ਬਾਰੇ ਇਕ ਸ਼ਬਦ ਵੀ ਲਿਖਵਾਇਆ ਹੋਵੇ । ਮੇਰੇ ਹੋਰ ਬਹੁਤ ਸਾਰੇ ਪਿਆਰੇ ਦੋਸਤ ਵੀ ਹਨ ਜੇਕਰ ਮੈਂ ਇਥੇ ਉਨ੍ਹਾਂ ਦੇ ਨਾਵਾਂ ਦੀ ਲਿਸਟ ਦੇਣ ਲੱਗਾਂ ਤਾਂ ਬਹੁਤ ਲੰਬੀ ਹੋ ਜਾਵੇਗੀ । ਮੈਨੂੰ ਪਿਆਰ ਕਰਨ ਵਾਲਿਆਂ ਦੀ ਲਿਸਟ ਬਹੁਤ ਲੰਬੀ ਹੈ ਭਾਵੇਂ ਮੇਰੇ ਸੁਭਾ ਬਾਰੇ ਬਹੁਤ ਲੋਕਾਂ ਨੂੰ ਭੁਲੇਖਾ ਹੈ ਕੱਚੇ ਪਿੱਲੇ ਦੋਸਤਾਂ ਨੂੰ ਮੈਂ ਨੇੜੇ ਨਹੀਂ ਲੱਗਣਾ ਦੇਂਦਾ, ਇਹ ਸੱਚ ਹੈ। ਇਸ ਦਾ ਇਕ ਕਾਰਨ ਤਾਂ ਇਹ ਵੀ ਹੋ ਸਕਦਾ ਹੈ ਕਿ ਮੇਰੇ

ਆਪਣੇ ਅੰਦਰ ਇਕ ਬਹੁਤ ਵੱਡਾ ਆਲੋਚਕ ਬੈਠਾ ਹੈ। ਬਾਹਰੀ ਰੂਪ ਵਿਚ ਵੀ ਮੈਂ ਆਲੋਚਨਾ ਦੀਆਂ ਸਾਰੀਆਂ ਵਿਧੀਆਂ ਜਾਣਦਾ ਹਾਂ। ਮੈਨੂੰ ਕਈ ਵਾਰ ਯੂਨੀਵਰਸਿਟੀਆਂ ਵਿਚ ਬੈਠੇ ਮੱਖੀਮਾਰ ਆਲੋਚਕਾਂ ਦੀ ਆਲੋਚਨਾ ਉੱਪਰ ਹਾਸਾ ਅਤੇ ਤਰਸ ਵੀ ਆਉਂਦਾ ਹੈ। ਉਹ ਸੁੰਢ ਦੀ ਗੰਢੀ ਲੈ ਕੇ ਪੰਸਾਰੀ ਬਣੇ ਬੈਠੇ ਹਨ। ਮੈਂ ਚਾਹੁੰਦਾ ਵੀ ਨਹੀਂ ਕਿ ਉਹ ਮੇਰੇ ਨਾਵਲਾਂ ਉੱਪਰ ਆਪਣੀ ਆਲੋਚਨਾ ਦੀ ਜ਼ੋਰ ਅਜ਼ਮਾਈ ਕਰਨ। ਮੈਨੂੰ ਯਾਦ ਆਉਂਦੀ ਹੈ ਪਿਆਰਾ ਸਿੰਘ ਭੋਗਲ ਦੀ ਮੇਰੇ ਨਾਵਲ 'ਨਾਦ ਬਿੰਦ' ਦੀ ਆਲੋਚਨਾ, ਜੋ ਕਈ ਸਾਲ ਪਹਿਲਾਂ 'ਅਜੀਤ' ਅਖ਼ਬਾਰ ਵਿਚ ਛਪੀ ਸੀ। ਉਸ ਨੇ ਗਿਆਨੀ ਮਾਸਟਰਾਂ ਵਾਲੇ ਹਰਬੇ ਲਗਾ ਕੇ ਕਿ ਨਾਵਲ ਵਿਚ ਇਕ ਪਲਾਟ ਹੁੰਦਾ ਹੈ ਇਕ ਕਹਾਣੀ ਹੁੰਦੀ ਹੈ ਉਸ ਵਿਚ ਪਾਤਰ ਹੁੰਦੇ ਹਨ, ਉਸ ਵਿਚ ਸ਼ੈਲੀ ਹੁੰਦੀ ਹੈ ਆਦਿ ਮੀਟਰ ਲਗਾ ਕੇ ਅੰਤ ਵਿਚ ਕਿਹਾ ਸੀ, ਇਹ 'ਨਾਦ ਬਿੰਦ' ਨਾਵਲ ਹੀ ਨਹੀਂ ਹੈ।

ਫਿਰ ਬੜੀ ਦੇਰ ਬਾਅਦ ਉਹ ਮੈਨੂੰ ਇਕ ਵਾਰ ਜਲੰਧਰ ਇਕ ਸਮਾਗਮ ਉਪਰ ਮਿਲਿਆ ਤਾਂ ਕਹਿਣ ਲੱਗਾ, "ਕੈਰੋਂ ਯਾਰ! ਕੋਈ ਉਹ ਚੀਜ਼ ਲਿਖ ਜਿਸ ਦੀ ਮੈਂ ਸਿਫਤ ਕਰ ਸਕਾਂ।" ਮੇਰਾ ਜੁਆਬ ਸੀ, "ਭੋਗਲ ਸਾਹਿਬ, ਤੁਸੀਂ 'ਨਾਦ ਬਿੰਦ' ਨੂੰ ਹੀ ਦੁਬਾਰਾ ਪੜ੍ਹ ਲਓ।" ਹੁਣ ਉਹੋ ਨਾਵਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪਹਿਲਾਂ ਚੌਦਾਂ ਸਾਲ ਐਮ.ਏ. ਦੀਆਂ ਕਲਾਸਾਂ ਵਿਚ ਲੱਗਾ ਰਿਹਾ, ਫਿਰ ਇਕ ਦੋ ਸਾਲ ਤੋਂ ਬਾਅਦ ਪਤਾ ਲੱਗਾ ਹੈ ਮੁੜ ਲਗਾਇਆ ਗਿਆ ਹੈ। ਤੂੰ ਨਹੀਂ ਜਾਣ ਸਕਦਾ ਕਿ ਇਥੇ ਸਾਹਿਤਕ ਬਦਦਿਆਨਤਦਾਰੀ ਕਿੰਨੀ ਹੈ। ਹੋਰ ਸੁਣ ਮੇਰਾ ਇਕ ਨਾਵਲ 'ਸਭਨਾਂ ਜਿੱਤੀਆਂ ਬਾਜ਼ੀਆਂ' ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਬੀ.ਏ. ਆਨਰਜ਼ ਇੰਨ ਪੰਜਾਬੀ ਵਿਚ ਲੱਗਿਆ ਸੀ। ਉਨ੍ਹਾਂ ਸਮਿਆਂ ਵਿਚ ਅਧਿਆਪਕ ਆਪ ਹੀ ਸਲੇਬਸ ਪੜ੍ਹਾਉਂਦੇ ਸਨ, ਆਪ ਹੀ ਪੇਪਰ ਪਾਉਂਦੇ ਅਤੇ ਆਪ ਹੀ ਪੇਪਰ ਵੇਖ ਕੇ ਨੰਬਰ ਲਗਾਉਂਦੇ ਸਨ। ਉਸ ਅਧਿਆਪਕ ਭੱਦਰ ਪੁਰਸ਼ ਨੇ ਮੇਰੇ ਨਾਲ ਯੂਨੀਵਰਸਿਟੀ ਦੀ ਸਿਆਸਤ ਦੀ ਦੁਸ਼ਮਣੀ ਕੱਢਦਿਆਂ ਸਾਰੀ ਕਲਾਸ ਨੂੰ ਸ਼ਰੇਆਮ ਕਹਿ ਦਿੱਤਾ ਕਿ ਇਸ ਨਾਵਲ ਨੂੰ ਪੜ੍ਹਨ ਦੀ ਲੋੜ ਨਹੀਂ, ਮੈਂ ਇਹਦੇ ਵਿਚੋਂ ਕੋਈ ਸੁਆਲ ਨਹੀਂ ਪਾਉਣਾ ਹੈ। ਉਸ ਦੇ ਬਾਰੇ ਬੱਚੇ ਇਹ ਵੀ ਦੱਸਦੇ ਹਨ ਕਿ ਉਹ ਆਮ ਤੌਰ 'ਤੇ ਕਲਾਸ ਵਿਚ ਕਹਿੰਦਾ ਰਹਿੰਦਾ ਹੈ, "ਮੈਂ ਕੈਰੋਂ ਨੂੰ ਕੀ ਸਮਝਦਾ ਹਾਂ, ਮੇਰੇ ਘਰ ਐਨੇ ਹਜ਼ਾਰ ਦਾ ਸੋਫਾ ਹੈ।"

'ਨਾਦ ਬਿੰਦ' ਨੂੰ ਇਕ ਵਾਰ 'ਨੈਸ਼ਨਲ ਬੁੱਕ ਟਰੱਸਟ ਆਫ ਇੰਡੀਆ' ਨੇ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਛਾਪਣ ਦਾ ਫੈਸਲਾ ਕਰ ਲਿਆ ਸੀ। ਪਰੰਤੂ, ਟਰੱਸਟ ਨਾਲ ਸੰਬੰਧਿਤ ਇਕ ਵਿਅਕਤੀ ਦਾ ਪੀਐੱਚ.ਡੀ. ਦਾ ਗਾਈਡ ਮੇਰੇ ਪਾਸ ਆਪਣਾ ਅਖ਼ਬਾਰਾਂ ਵਿਚ ਛਪਿਆ ਕੂੜਾ ਕਰਕਟ ਲੈ ਕੇ ਆ ਗਿਆ ਕਿ ਇਹ 'ਪੰਜਾਬੀ ਸਾਹਿਤ ਦਾ ਇਤਿਹਾਸ' ਹੈ। ਇਸ ਨੂੰ ਟੈਕਸਟ ਬੁੱਕ ਬੋਰਡ ਵੱਲੋਂ ਛਾਪ ਦਿਉ। ਮੈਂ ਉਸ ਸਮੇਂ ਟੈਕਸਟ ਬੁੱਕ ਬੋਰਡ ਦਾ ਡਾਇਰੈਕਟਰ ਸੀ। ਉਸ ਸਮੇਂ ਨਾ ਤਾਂ ਬੋਰਡ ਕੋਲ ਕੋਈ ਪੈਸਾ ਸੀ ਅਤੇ ਨਾ ਹੀ ਉਹ ਮੈਟਰ ਛਪਣਯੋਗ ਸੀ। ਉਂਜ ਵੀ ਵੱਖ-ਵੱਖ ਯੂਨੀਵਰਸਿਟੀਆਂ ਵੱਲੋਂ ਪਹਿਲਾਂ ਹੀ ਬਹੁਤ ਸਾਰੇ 'ਪੰਜਾਬੀ ਸਾਹਿਤ ਦੇ ਇਤਿਹਾਸ' ਛਾਪੇ ਜਾ ਚੁੱਕੇ ਸਨ। ਇਸ ਲਈ ਇਸ ਦੀ ਲੋੜ ਵੀ ਨਹੀਂ ਸੀ। ਇਸ ਨੂੰ ਛਾਪਣ ਤੋਂ ਨਾਂਹ ਕਰਨ ਤੇ ਉਹ ਮੈਨੂੰ ਚੈਲੰਜ ਕਰ ਗਿਆ ਕਿ ਹੁਣ ਤੁਹਾਡਾ ਨਾਵਲ ਵੀ ਨਹੀਂ ਛੱਪਣ ਲੱਗਾ। ਇਸ ਨਾਲ ਮੈਨੂੰ ਕੀ ਫਰਕ ਪੈਂਦਾ ਸੀ।

ਡਾ. ਜਸਪਾਲ ਸਿੰਘ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 'ਨਾਦ ਬਿੰਦ' ਪੜ੍ਹਿਆ ਹੋਇਆ ਸੀ। ਮੈਨੂੰ ਪਤਾ ਲੱਗਾ ਕਿ ਉਨ੍ਹਾਂ ਨੇ ਪੰਜਾਬੀ ਵਿਕਾਸ ਵਿਭਾਗ ਨੂੰ ਕਿਹਾ (ਇਹ ਗੱਲ ਮੈਂ ਕਿਸੇ ਪਾਸੋਂ ਸੁਣੀ ਹੋਈ ਹੈ ਪੱਕਾ ਪਤਾ ਨਹੀਂ) ਕਿ ਤੁਸੀਂ ਬਾਹਰਲੀਆਂ ਭਾਸ਼ਾਵਾਂ ਦੀਆਂ ਪੁਸਤਕਾਂ ਪੰਜਾਬੀ ਵਿਚ ਅਨੁਵਾਦ ਕਰਕੇ ਛਾਪਦੇ ਹੋ, ਪੰਜਾਬੀ ਦੀਆਂ ਦੇ ਅਨੁਵਾਦ ਅੰਗਰੇਜ਼ੀ ਵਿਚ ਕਿਉਂ ਨਹੀਂ ਕਰਵਾਉਂਦੇ? ਉਸ ਸਮੇਂ ਉਨ੍ਹਾਂ ਨੇ 'ਨਾਦ ਬਿੰਦ' ਬਾਰੇ ਕਿਹਾ ਸੀ। ਵਿਭਾਗ ਵੱਲੋਂ ਮੈਨੂੰ



ਪੱਤਰ ਆਇਆ ਕਿ ਵਾਈਸ ਚਾਂਸਲਰ ਸਾਹਿਬ ਦੀ ਇੱਛਾ ਹੈ ਕਿ 'ਨਾਦ ਬਿੰਦ' ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਛਾਪਿਆ ਜਾਵੇ, ਇਸ ਲਈ ਤੁਸੀਂ ਕੋਈ ਅੰਗਰੇਜ਼ੀ ਵਿਚ ਅਨੁਵਾਦ ਕਰਨ ਵਾਲਾ ਬੰਦਾ ਲੱਭ ਕੇ ਦਿਓ।

ਮੈਂ ਆਪਣੀ ਯੂਨੀਵਰਸਿਟੀ ਵਿਚੋਂ ਇਕ ਦੋ ਬੰਦਿਆਂ ਨੂੰ ਪੁੱਛਿਆ ਵੀ ਪਰੰਤੂ, ਕੋਈ ਚੰਗਾ ਬੰਦਾ ਨਾ ਲੱਭ ਸਕਿਆ। ਗੱਲ ਉਥੇ ਦੀ ਉਥੇ ਹੀ ਖੜ੍ਹੀ ਹੈ।

ਸੋ ਜਿੰਦੂਆ ਤੂੰ ਤਾਂ ਛੋਟੇ ਹੁੰਦਿਆਂ ਤੋਂ ਜਾਣਦਾ ਹੀ ਹੈ ਕਿ ਆਕੜ ਕੇ ਮਰ ਜਾਣਾ ਦਲੀਆ ਨਹੀਂ ਖਾਣਾ ਵਾਲੀ ਗੱਲ ਵੀ ਹੈ ਮੇਰੇ ਵਿਚ। ਇਹ ਲਿਖਦਿਆਂ ਮੈਨੂੰ ਹਾਸਾ ਵੀ ਆ ਰਿਹਾ ਹੈ ਆਪਣੇ ਸੁਭਾਅ ਉਪਰ। ਯਾਦ ਈ ਜਦ ਇਕ ਵਾਰ ਆਪਣਾ ਪਿਓ ਛਿੱਤਰਾਂ ਨਾਲ ਕੁੱਟ ਰਿਹਾ ਸੀ, ਉਸ ਸਮੇਂ ਨਾ ਤੂੰ ਰੋਂਦਾ ਸੀ ਅਤੇ ਨਾ ਹੀ ਡਰਦਾ ਮਾਰਾ ਅੱਗੋਂ ਦੌੜਦਾ ਸੀ। ਅਖ਼ੀਰ ਉਹ ਕੁੱਟ ਕੁੱਟ ਕੇ ਹੰਭ ਗਿਆ ਤੇ ਗਾਲ੍ਹ ਕੱਢ ਕੇ ਕਹਿਣ ਲੱਗਾ, "ਮਾਂ ਦਾ ਖਸਮ ਅੱਗੋਂ ਭੱਜਦਾ ਵੀ ਨਹੀਂ, ਲੈ ਮੈਨੂੰ ਕੀਹ ਹੈ? ਮੈਂ ਹੋਰ ਛਿੱਤਰ ਮਾਰੀ ਜਾਨਾਂ।" ਕਹਿੰਦਿਆਂ ਉਸ ਨੇ ਛਿੱਤਰ ਹੇਠਾਂ ਸੁੱਟ ਦਿੱਤਾ। ਤੂੰ ਅਜੇ ਵੀ ਉਸ ਦੇ ਅੱਗੇ ਡਟਿਆ ਖੜ੍ਹਾ ਸੀ। ਅੱਜ ਸਮਝ ਆਉਂਦੀ ਹੈ। ਉਹ ਉਸ ਸਮੇਂ ਤੇਰੇ ਅੱਗੇ ਹਾਰ ਗਿਆ ਸੀ।

ਬਾਕੀ ਮੈਂ ਪਰਵਾਹ ਨਹੀਂ ਕਰਦਾ ਕਿਸੇ ਅੜੇ ਆਲੋਚਕ ਦੀ। ਚੀਜ਼ ਚੰਗੀ ਹੋਵੇ ਤਾਂ ਪਾਠਕ ਉਸ ਨੂੰ ਆਪੇ ਹੀ ਪਸੰਦ ਕਰਦੇ ਹਨ ਅਤੇ ਪੜ੍ਹ ਕੇ ਪਿਆਰ ਦੇਂਦੇ ਹਨ। ਹੁਣ ਮੇਰੇ ਪਾਠਕਾਂ ਦੀ ਗਿਣਤੀ ਕਾਫੀ ਜ਼ਿਆਦਾ ਹੈ। ਪਿਛੇ ਜਿਹੇ ਹੀ ਮੇਰਾ ਨਾਵਲ 'ਮੌਤ ਇਕ ਦਰਿਆ ਦੀ' ਛਪਿਆ ਹੈ ਜਿਸ ਨੂੰ ਪੜ੍ਹ ਕੇ ਜਿੰਦਰ ਨੇ ਜਿਥੇ ਮੈਨੂੰ ਫੋਨ ਉੱਪਰ ਵਧਾਈ ਦਿੱਤੀ ਉਥੇ 'ਸ਼ਬਦ' ਵਿਚ ਉਸ ਬਾਰੇ ਚਰਚਾ ਵੀ ਕੀਤੀ ਅਤੇ ਬਹੁਤ ਸਾਰੇ ਲੋਕਾਂ ਨੂੰ ਪੜ੍ਹਨ ਲਈ ਵੀ ਕਿਹਾ। ਉਂਜ ਮੈਂ ਪੰਜਾਬੀ ਦੇ ਕਈ ਪਾਠਕਾਂ ਨੂੰ ਇਹ ਗੱਲ ਕਹਿ ਵੀ ਚੁੱਕਾ ਹਾਂ। ਜਿਹੜੇ ਮੈਨੂੰ ਇਹ ਕਹਿੰਦੇ ਹਨ, "ਕੈਰੋਂ ਯਾਰ ਆਪਣਾ ਕੋਈ ਨਾਵਲ ਨੂਵਲ ਈ ਦੇਹ, ਪੜ੍ਹ ਪੁੜ੍ਹ ਛੱਡੀਏ।"

ਤਾਂ ਮੇਰਾ ਜੁਆਬ ਹੁੰਦਾ ਹੈ "ਤੇਰਾ ਤਾਂ ਹਾਲ ਉਸ ਜੱਟ ਵਰਗਾ ਹੈ ਜਿਹੜਾ ਕਿਸੇ ਸੁਨਿਆਰੇ ਕੋਲ ਜਾਂਦਾ ਹੈ ਅਤੇ ਕਹਿੰਦਾ ਹੈ "ਭੋਰਾ ਸੋਨਾ ਈ ਦੇ ਦੇਹ।" ਜਦ ਸੁਨਿਆਰ ਉਸ ਵੱਲ ਹੈਰਾਨੀ ਨਾਲ ਵੇਖਦਾ ਹੈ ਤਾਂ ਜੱਟ ਕਹਿੰਦਾ ਹੈ "ਨਹੀਂ ਦੇਣਾ ਤਾਂ ਨਾ ਦੇਹ, ਐਵੇਂ ਸ਼ਰਮਿੰਦਾ ਜਿਹਾ ਕਿਉਂ ਹੋਈ ਜਾਨੈਂ।"

ਸੋ ਜਿੰਦੂਆ! ਹੁਣ ਬੜੀ ਦੁਨੀਆਂ ਵੇਖ ਲਈ ਹੈ। ਲੋਕਾਂ ਦੇ ਵਲ ਛਲ ਸਮਝ ਆਉਣ ਲੱਗ ਪਏ ਹਨ। ਹਾਂ! ਜੇਕਰ ਮੈਨੂੰ ਆਪਣੀ ਚਰਚਾ ਕਰਵਾਉਣ ਦੀ ਭੁੱਖ ਹੋਵੇ ਤਾਂ ਮੇਰੇ ਕੋਲ ਆਪਣਾ ਬਹੁਤ ਵਧੀਆ ਪਰਚਾ 'ਸ਼ਿਲਾਲੇਖ' ਹੈ। ਪਰ ਆਪਣੇ ਬਾਰੇ ਜਾਂ ਉਸ ਵਿਚ ਛਪਣ ਛਪਾਉਣ ਤੋਂ ਗੁਰੇਜ਼ ਕਰਦਾ ਹਾਂ। ਪਰੰਤੂ, ਜਿਹੜੀ ਚੀਜ਼ ਮੈਂ ਸਮਝਦਾ ਹਾਂ ਕਿ ਇਸ ਦਾ ਸਾਡੇ ਲੋਕਾਂ ਨੂੰ, ਸਾਡੇ ਅਧਿਆਪਕਾਂ ਨੂੰ, ਸਾਡੇ ਵਿਦਿਆਰਥੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਉਹ ਜ਼ਰੂਰ ਮੈਂ ਇਸ ਵਿਚ ਛਾਪਦਾ ਹਾਂ। ਮੈਂ ਕਦੀ ਆਪਣਾ ਅਕਸ ਵਿਦਵਤਾ ਵਾਲਾ ਬਨਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਮੈਂ ਕਦੀ ਇਸ ਗੱਲ ਤੋਂ ਨਹੀਂ ਡਰਿਆ ਕਿ ਕਿਧਰੇ ਮੇਰੀ ਸ਼ਖ਼ਸੀਅਤ ਦੇ ਕਿੰਗਰੇ ਨਾ ਭੁਰ ਜਾਣ, ਮੈਂ ਹਰ ਵਕਤ ਖੁੱਲ੍ਹਾ ਖੁਲਾਸਾ ਅਤੇ ਬੇਬਾਕ ਰਹਿੰਦਾ ਹਾਂ। ਮੈਂ ਕਦੀ ਆਪਣੀਆਂ ਕਮਜ਼ੋਰੀਆਂ ਨੂੰ ਲੁਕਾਉਣ ਛੁਪਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਹੁਣ ਮੈਂ ਕਿਸੇ ਵੀ ਇਲਜ਼ਾਮ ਤੋਂ ਡਰਦਾ ਨਹੀਂ, ਨਾ ਹੀ ਕਿਸੇ ਆਲੋਚਨਾ ਤੋਂ। ਕਾਰਨ ਇਸਦੇ ਦੋ ਹੋ ਸਕਦੇ ਹਨ। ਇਕ ਤਾਂ ਇਲਜ਼ਾਮਾਂ ਨਾਲ ਪੂਰੀ ਹਸਤੀ ਹੀ ਏਨੀ ਕਾਲੀ ਹੋ ਚੁੱਕੀ ਹੈ ਕਿ ਹੁਣ ਇਸ ਉਪਰ ਹੋਰ ਕੋਈ ਇਨਜ਼ਾਮ ਚਿਪਕਾਇਆ ਨਹੀਂ ਜਾ ਸਕਦਾ ਅਤੇ ਦੂਜਾ ਇਹ ਕਿ ਸ਼ਖ਼ਸੀਅਤ ਵਿਚ ਏਨੇ ਗੁਣ ਭਰ ਗਏ ਹਨ ਕਿ ਕੋਈ ਵੀ ਇਲਜ਼ਾਮ ਇਸ ਉਪਰ ਟਿੱਕਣ ਯੋਗ ਨਹੀਂ। ਹੁਣ ਮੇਰੇ ਉਪਰ ਨਾਵਲ ਲਿਖੇ ਜਾ ਰਹੇ ਹਨ। ਕੁਝ ਮਿੱਤਰ ਮੇਰੀ ਜੀਵਨੀ ਲਿਖ ਰਹੇ ਹਨ, ਮੈਨੂੰ ਹੋਰ ਕੀ ਚਾਹੀਦਾ

ਹੈ ? ਸੱਜਣ ਮਿੱਤਰ ਪਿਆਰ ਕਰਨ ਵਾਲੇ ਹਨ, ਦੋਸਤੀਆਂ ਜ਼ਿੰਦਗੀ ਦਾ ਹਾਸਿਲ ਹਨ । ਮੁਹੱਬਤਾਂ ਵਿਚ ਜੋ ਚਾਹਿਆ ਸੋ ਪਾਇਆ ਹੈ। ਇਹ ਤੂੰ ਹੀ ਸੈਂ ਜੋ ਕਈ ਦੇਰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਆਦਰਸ਼ਵਾਦ ਵਿਚ ਫਸਿਆ ਇਹ ਸੋਚਦਾ ਰਿਹਾ ਸੀ ਕਿ "ਪਿਆਰ ਕਬਜ਼ਾ ਨਹੀਂ ਪਛਾਣ ਹੈ।" ਹੁਣ ਮੈਂ ਇਸ ਨੂੰ ਉਲਟਾ ਕਰਕੇ ਸੋਚਦਾ ਹਾਂ । ਕਬਜ਼ਾ ਪਹਿਲਾਂ ਪਛਾਣ ਬਾਅਦ ਵਿਚ । ਹੁਣ ਹੋਰ ਨਾ ਮੈਥੋਂ ਕੁਝ ਮੂੰਹੋਂ ਕਢਾਅ ।

**ਮੋ : 97804 51372**

## ਕਵਿਤਾ ਵਿਚ ਮੈਂ ਆਉਂਦਾ ਜਾਂਦਾ ਹਾਂ/ਗੁਰਪ੍ਰੀਤ

? ਵੱਡੇ ਵੀਰ ਹਰਜੀਤ ਅਟਵਾਲ ਨੇ ਖ਼ੁਦ ਨਾਲ ਗੱਲਾਂ ਕਰਨ ਨੂੰ ਕਿਹੈ 'ਸ਼ਬਦ' ਵਾਸਤੇ, ਤੂੰ ਕਦੇ ਖ਼ੁਦ ਨਾਲ ਗੱਲਾਂ ਕੀਤੀਆਂ ਨੇ ?

– ਮੈਂ ਕੀ , ਹਰ ਬੰਦਾ, ਹਰ ਵੇਲੇ ਆਪਣੇ ਆਪ ਨਾਲ ਗੱਲਾਂ ਕਰਦੈ... ਸਾਰੀ ਉਧੇੜ ਬੁਣ , ਭੰਨ ਤੋੜ ਆਪਣੇ ਆਪ ਨਾਲ ਗੱਲਾਂ ਹੀ ਹੁੰਦੀਆਂ ਨੇ । ਇਹੋ ਗੱਲਾਂ ਕਹਾਣੀ, ਕਵਿਤਾ, ਚਿਤਰ ਤੇ ਕਈਆਂ ਲਈ ਸਿਤਾਰ ਦੀ ਆਵਾਜ਼ ਬਣ ਜਾਂਦੀਆਂ ਨੇ।

? ਜਿਹੜੇ ਕਵੀ ਕਲਾਕਾਰ ਲੇਖਕ ਨਹੀਂ ਹੁੰਦੇ, ਕੀ ਉਹ ਆਪਣੇ ਆਪ ਨਾਲ ਗੱਲਾਂ ਨਹੀਂ ਕਰਦੇ।

– ਗੱਲਾਂ ਹਰ ਕੋਈ ਕਰਦਾ ਹੈ ਜਿਵੇਂ ਮੈਂ ਪਹਿਲਾਂ ਹੀ ਕਿਹਾ ਹੈ, ਜਿਹੜੇ ਆਪ ਨਹੀਂ ਲਿਖਦੇ, ਉਹ ਕਿਸੇ ਰਚਨਾ ਨੂੰ ਪੜ੍ਹਦੇ ਸੁਣਦੇ, ਰਚਨਾ ਨੂੰ ਮੁੜ ਤੋਂ ਰਚਦੇ ਨੇ ,ਆਪਣੇ ਆਪ ਨਾਲ ਗੱਲਾਂ ਕਰਦੇ। ਆਪਣੇ ਆਪ ਨਾਲ ਗੱਲਾਂ ਕਰਨਾ ਜਿਉਂਦੇ ਹੋਣਾ ਹੈ। ਲਿਖਤ ਲਿਖਣ ਤੋਂ ਪਹਿਲਾਂ ਵੀ ਮੌਜੂਦ ਹੁੰਦੀ ਹੈ। ਮੇਰੇ ਲਈ ਹਰ ਸ਼ਖ਼ਸ਼ ਰਚਨਾਤਮਿਕ ਹੈ।

? ਪੜ੍ਹਨ ਦੀ ਜਦੋਂ ਤੂੰ ਗੱਲ ਕੀਤੀ ਹੈ ਤਾਂ ਪੰਜਾਬੀ ਕਵਿਤਾ ਬਾਰੇ ਇਹ ਗੱਲ ਅਕਸਰ ਕੀਤੀ ਜਾਂਦੀ ਹੈ ਕਿ ਇਹ ਸਮਝ 'ਚ ਨਹੀਂ ਆਉਂਦੀ...ਇਹ ਪਾਠਕ ਤੋਂ ਦੂਰ ਹੁੰਦੀ ਜਾ ਰਹੀ ਹੈ... ਤੇਰਾ ਕੀ ਵਿਚਾਰ ਐ।

– ਮੇਰੇ ਖਿਆਲ 'ਚ ਇਹ ਉਹ ਲੋਕ ਨੇ ਜੋ ਸਮਝ ਨੂੰ ਕਿਸੇ ਰਚਨਾ ਦੇ ਇਕ ਅਤੇ ਪਹਿਲਾਂ ਤੋਂ ਹੀ ਪਰੋਸੇ ਅਰਥ ਨਾਲ ਖੜ੍ਹਦੇ ਨੇ। ਪਰ ਸਾਹਿਤ ਦਾ ਧਰਮ ਬਹੁ-ਅਰਥੀ ਹੋਣਾ ਹੈ । ਮੈਨੂੰ ਤਾਂ ਉਹੀ ਕਵਿਤਾ ਕਹਾਣੀ ਚਿਤਰ ਸਮਝ ਆਉਂਦੇ ਨੇ ਜਿਹੜੇ ਅਸਮਝੇ ਰਹਿ ਜਾਣ, ਜਿਨ੍ਹਾਂ ਨੂੰ ਮੈਂ ਵਾਰ ਵਾਰ ਪੜ੍ਹਦਾ ਰਹਾਂ । ਨਵੀਂ ਕਵਿਤਾ ਬਾਰੇ ਇਹ ਕਹਿਣਾ ਉਹਨਾਂ ਦੋਸਤਾਂ ਦਾ ਵੀ ਹੋ ਸਕਦਾ ਹੈ ਜਿਹੜੇ ਕਵਿਤਾ ਨੂੰ ਪੜ੍ਹਦੇ ਨਹੀਂ। ਨਵਤੇਜ ਭਾਰਤੀ ਦੀ ਕਵਿਤਾ ਸੁਣ :

ਜਿਥੇ ਸੜਕ ਮੁੱਕੀ
ਉਸ ਤੋਂ ਅੱਗੇ ਵੀ
ਇਕ ਪੈੜ ਸੀ

ਅਸੀਂ ਇਸ ਪੈੜ ਤਕ ਜਾਣਾ ਹੈ, ਸਗੋਂ ਇਸ ਤੋਂ ਵੀ ਅਗਾਂਹ , ਹੋਰ ਅਗਾਂਹ। ਇਹ ਪੈੜ ਹੀ ਕਵਿਤਾ ਹੈ। ਇਹ ਮਿਟ ਮਿਟ ਕੇ ਮੁੜ ਬਣਦੀ ਰਹਿਣੀ ਹੈ। ਅਸੀਂ ਕਈ ਵਾਰ ਮੁੱਕੀ ਸੜਕ ਤੋਂ ਅਗਾਂਹ ਨਹੀਂ ਦੇਖਦੇ। ਕਵਿਤਾ ਤੇ ਪਾਠਕ ਵਿਚਾਲੇ ਮੀਲਾਂ ਲੰਮਾਂ ਫਾਸਲਾ ਫੈਲ੍ਹਿਆ ਹੁੰਦਾ ਹੈ। ਇਹ ਫਾਸਲਾ ਤੈਅ ਕਰਨਾ 'ਚ ਹੀ ਕਵਿਤਾ ਤੇ ਪਾਠਕ ਦਾ ਤੁਰਨਾ ਪਿਆ ਹੈ, ਲਿਖੇ ਜਾਣ ਤੋਂ ਬਾਅਦ ਕਵੀ ਤਾਂ ਆਪ ਪਾਠਕ ਹੋ ਜਾਂਦਾ ਹੈ... ਸਤੀ ਕੁਮਾਰ ਦਾ ਆਖਣਾ ਹੈ ,



"ਸਾਹਿਤਕ ਵਿਧਾਵਾਂ ਚੋਂ ਕਵਿਤਾ ਸਭ ਤੋਂ ਔਖੀ ਵਿਧਾ ਹੈ । ਇਹ ਨਵੀਂ ਗੱਲ ਨਹੀਂ । ਅਸਪੱਸ਼ਟਤਾ ਕਵਿਤਾ ਦੇ ਸੌਂਦਰਯ ਸ਼ਾਸਤਰ ਦਾ ਅਨਿਖੱੜਵਾਂ ਭਾਗ ਹੈ। ਕਵਿਤਾ ਉੱਤੇ ਔਖਤਾਂ ਦਾ ਦੋਸ਼ ਲਾਉਣ ਵਾਲਿਆਂ ਮੂਹਰੇ ਪਾਸਕਲ ਨੇ ਅਰਜ਼ੋਈ ਕੀਤੀ ਸੀ-ਸਾਡੇ ਤੇ ਅਸਪੱਸ਼ਟਤਾ ਦਾ ਦੋਸ਼ ਨਾ ਲਾਉ, ਇਹ ਸਾਡਾ ਇਮਾਨ ਹੈ।"

? ਨਾਟਕਕਾਰ ਪ੍ਰੋ. ਅਜਮੇਰ ਔਲਖ ਦਾ ਆਖਣਾ ਹੈ ਕਿ ਤੇਰੀ ਕਵਿਤਾ ਸਮੂਹਿਕ ਪਾਠਕ ਵਰਗ ਲਈ ਨਹੀਂ ਹੈ। ਇਹਨੂੰ ਪੜ੍ਹਨ ਲਈ ਪਾਠਕ ਦਾ ਚੇਤਨ ਹੋਣਾ, ਸਾਹਿਤਕ ਹੋਣਾ ਜ਼ਰੂਰੀ ਹੈ...।

– ਪ੍ਰੋਫੈਸਰ ਸਾਹਬ ਦੀ ਇਹ ਗੱਲ ਕਵਿਤਾ ਲਈ ਕੰਪਲੀਮੈਂਟ ਹੈ ਤੇ ਨਾਲ ਹੀ ਕਵਿਤਾ ਨੂੰ ਪੜ੍ਹਨ ਤੇ ਸਮਝਣ ਦੀ ਕੁੰਜੀ ਵੀ। ਕਵਿਤਾ ਦੀ ਆਪਣੀ ਇਕ ਭਾਸ਼ਾ ਹੁੰਦੀ ਹੈ , ਇਸ ਨੂੰ ਅਸੀਂ ਉਵੇਂ ਨਹੀਂ ਪੜ੍ਹ ਸਕਦੇ ਜਿਵੇਂ ਕਹਾਣੀ ਨੂੰ ਪੜ੍ਹਦੇ ਹਾਂ । ਇਹ ਗੱਲ ਵੱਖਰੀ ਹੈ ਕਿ ਕਹਾਣੀ 'ਚ ਕਵਿਤਾ ਵੀ ਪਈ ਹੁੰਦੀ ਹੈ ਤੇ ਕਵਿਤਾ 'ਚ ਕਹਾਣੀ। ਕਿਸੇ ਵੀ ਕਵਿਤਾ ਦਾ ਸਮੂਹਿਕ ਪਾਠਕ ਵਰਗ ਨਹੀਂ ਹੁੰਦਾ । ਗੀਤਾ, ਰਾਮਾਇਣ , ਮਹਾਂਭਾਰਤ ਦਾ ਵੀ ਸਮੂਹਕ ਪਾਠਕ ਵਰਗ ਨਹੀਂ । ਨੋਬਲ ਪੁਰਸਕ੍ਰਿਤ ਕਵੀ ਟਾਮਸ ਟ੍ਰਾਂਸਟਰੋਮਰ ਨੂੰ ਕਿੰਨੇ ਕੁ ਲੋਕਾਂ ਨੇ ਪੜ੍ਹਿਆ ਹੈ । ਸੰਤ ਰਾਮ ਉਦਾਸੀ, ਪਾਸ਼ ਨੂੰ ਪੜ੍ਹਨ ਵਾਲੇ ਵੀ ਸਾਰੇ ਨਹੀਂ ਹਨ । ਤੇ ਲਾਲ ਸਿੰਘ ਦਿਲ ਨੂੰ ਵੀ ਪੜ੍ਹਨ ਵਾਲੇ ਸਾਰੇ ਨਹੀਂ।

?ਤੂੰ ਕਵਿਤਾ ਕਾਹਦੇ ਲਈ ਲਿਖਦੈਂ , ਤੇਰੀ ਕਵਿਤਾ ਦਾ ਵਿਸ਼ਾ ਕੀ ਆ।

-ਆਪਣੇ ਆਪ ਨੂੰ ਜਾਣਨ ਲਈ , ਭੰਨ ਤੋੜ ਕੇ ਮੁੜ ਮੁੜ ਬਣਨ ਮਿਟਨ ਲਈ । ਸਾਰਿਆਂ ਨੂੰ ਸੋਹਣਾ ਦੇਖਣ ਲਈ। ਇਹਦੇ ਜਵਾਬ 'ਚ "ਸਿਆਹੀ ਘੁਲ਼ੀ ਹੈ" ਵਿਚੋਂ ਇਕ ਕਵਿਤਾ 'ਸਾਰੇ ਸੋਹਣੇ' ਦੀਆਂ ਕੁਝ ਸਤਰਾਂ ਸੁਣ :

ਬੇਟੀ ਕੰਪਿਊਟਰ 'ਤੇ ਰੰਗ ਭਰਦੀ
ਸੁਣਦੀ ਕਵਿਤਾ ਮੇਰੀ
ਹਰ ਵਾਰ ਦੀ ਤਰ੍ਹਾਂ ਕਰਦੀ ਸ਼ਰਾਰਤ
ਵਾਹ! ਵਾਹ!!

ਫਿਰ ਗੱਲ੍ਹ 'ਤੇ ਉਂਗਲ ਰੱਖਦੀ
ਕੁਝ ਸੋਚਣ ਲੱਗਦੀ

ਕੈਮਰਾ ਚੁੱਕਦੀ ਤੇ ਆਖਦੀ
ਖੜ੍ਹੇ ਰਹੋ ਇਸੇ ਤਰ੍ਹਾਂ
ਫੋਟੋ ਖਿਚਦੀ ਹਾਂ ਥੋਡੀ
ਕਵਿਤਾ ਲਿਖਣ ਵੇਲੇ
ਕਿੰਨੇ ਸੋਹਣੇ ਹੋ ਜਾਂਦੇ ਹੋਂ

ਮੈਂ ਉਹਦਾ ਮੱਥਾ ਚੁੰਮਦਾ ਮਹਿਸੂਸ ਕਰਦਾ
ਸਾਰੇ ਸੋਹਣੇ....

ਜਿਥੋਂ ਤਕ ਵਿਸ਼ੇ ਦੀ ਗੱਲ ਐ, ਮੈਨੂੰ ਭਗਤ ਸਿੰਘ ਦਾ ਕਥਨ ਯਾਦ ਆਉਂਦੈ , "ਮੈਂ

ਮਨੁੱਖ ਹਾਂ, ਇਹਨੂੰ ਪ੍ਰਭਾਵਿਤ ਕਰਨ ਵਾਲਾ ਹਰ ਤੱਤ ਮੇਰੀ ਚਿੰਤਾ ਤੇ ਵਿਚਾਰ ਦਾ ਵਿਸ਼ਾ ਹੈ।"

? ਸਾਰਿਆਂ ਨੂੰ ਸੋਹਣਾ ਦੇਖਣ ਲਈ ਤੂੰ ਕਵਿਤਾ ਲਿਖਦੈਂ, ਇਥੋਂ ਤਕ ਠੀਕ ਐ, ਫਿਰ ਬੱਚਿਆਂ ਤੋਂ ਬਚ ਬਚਾ ਕਿਤਾਬਾਂ ਛਾਪਦੈਂ , ਇਹ ਤਾਂ ਘਰ ਫੂਕ ਤਮਾਸ਼ਾ ਦੇਖਣ ਵਾਲੀ ਗੱਲ ਐ ...ਪ੍ਰਕਾਸ਼ਕਾਂ ਬਾਰੇ ਤੇਰੀ ਕੀ ਰਾਇ ਹੈ।

- ਗੱਲ ਸਹੀ ਹੈ .... ਪੰਜਾਬੀ 'ਚ ਹਰ ਲੇਖਕ ਨੂੰ ਹੀ ਇਸੇ ਤਰ੍ਹਾਂ ਕਰਨਾ ਪੈਂਦੈ ... ਦੋ ਚਾਰ ਨੂੰ ਛੱਡ ਕੇ। ਪਹਿਲੀ ਕਿਤਾਬ 'ਸ਼ਬਦਾਂ ਦੀ ਮਰਜ਼ੀ' ਕਵੀ ਮਿਤਰ ਸਵੀ ਨੇ ਛਾਪੀ ਤੇ ਮੈਨੂੰ ਉਸੇ ਵਰ੍ਹੇ ਦਾ ਮੋਹਨ ਸਿੰਘ ਮਾਹਰ ਕਵਿਤਾ ਪੁਰਸਕਾਰ ਮਿਲ ਗਿਆ, ਕਿਤਾਬ ਦਾ ਖਰਚ ਨਿਕਲ ਗਿਆ । ਦੂਜੀ ਪੁਸਤਕ 'ਅਕਾਰਨ' 2001 ਵਿਚ ਕਵੀ ਮਿੱਤਰ ਕੌਂਕੇ ਨੇ ਛਾਪੀ , ਤਿੰਨ ਹਜ਼ਾਰ ਰੁਪਏ ਦੇ ਕੇ ਸਰ ਗਿਆ, ਕਿਉਂਕਿ ਮੈਂ ਕੌਂਕੇ ਸਾਹਬ ਲਈ ਸੋਨੀਆਂ ਦੇ ਨੋਟਿਸ ਬਣਾ ਕੇ ਦੇ ਦਿੱਤੇ ਸਨ । ਆਹ ਹੁਣ ਤੀਜੀ ਕਿਤਾਬ ਲਈ ਸ਼ਾਇਰਾ ਸ਼ਸ਼ੀ ਸਮੁੰਦਰਾ ਨੇ 100$ ਭੇਜਣੇ ਨੇ .... ਥੋੜ੍ਹੀ ਮਦਦ ਦੇਵਨੀਤ ਨੇ ਕਰ ਦਿੱਤੀ , ਦੇਵਨੀਤ ਨੇ ਤਾਂ ਤਿੰਨੇ ਕਿਤਾਬਾਂ ਦੇ ਛਪਣ 'ਚ ਕਿਸੇ ਨਾ ਕਿਸੇ ਤਰ੍ਹਾਂ ਮਦਦ ਕੀਤੀ ਹੈ ।ਸ਼ਾਇਰ ਮਿਤਰ ਸੋਢੀ ਨੇ ਹਰ ਵਾਰ ਮਦਦ ਦੀ ਪੇਸ਼ਕਸ਼ ਕੀਤੀ , ਫੇਸਬੁਕ ਦੇ ਦੋਸਤਾਂ ਨੇ ਇਸ ਕਿਤਾਬ ਨੂੰ ਖਰੀਦਣ ਦਾ ਵਾਅਦਾ ਕੀਤਾ ਹੈ। ਪ੍ਰਕਾਸ਼ਕਾਂ ਨੂੰ ਮਿਲਨ ਤੋਂ ਮੈਂ ਹਮੇਸ਼ਾਂ ਡਰਦਾ ਰਿਹਾ ਹਾਂ, ਪੱਲੇ ਹੈ ਨੀ ਧੇਲਾ ਕਰਦੀ ਮੇਲਾ ਮੇਲਾ .... ਕੱਲ੍ਹ ਬਠਿੰਡੇ ਕਵੀ ਦਰਬਾਰ 'ਤੇ ਮਿਤਰ ਸਤੀਸ਼ ਗੁਲਾਟੀ ਨਾਲ ਗੱਲ ਹੋਈ ਸੀ , ਉਹ ਕਹਿੰਦਾ ਕਿਤਾਬ ਛਾਪਣ 'ਚ ਕਾਹਲੀ ਕਰ ਗਿਆ ਤੂੰ , ਮੈਂ ਕਿਹਾ, "ਮੇਰੇ ਕੋਲ ਐਨੇ ਪੈਸੇ ਨਹੀਂ ਸੀ ਥੋਨੂੰ ਦੇਣ ਲਈ ।" ਸਤੀਸ਼ ਨੇ ਕਿਹਾ : ਅਸੀਂ ਤਾਂ ਲੇਖਕ ਤੋਂ ਪੈਸੇ ਲੈਂਦੇ ਹੀ ਨਹੀਂ , ਨਾਲੇ 1100 ਕਿਤਾਬ ਛਾਪਦੇ ਹਾਂ.... ਹਰ ਥਾਂ ਕਿਤਾਬ ਪਹੁੰਚਦੀ ਐ , ਐਨੀ ਕਿਤਾਬ ਛਾਪਣ ਤੇ ਪੈਸਾ ਬਹੁਤ ਇਨਵੈੱਸਟ ਹੁੰਦੈ, ਜੇ ਲੇਖਕ ਕੁਝ ਕਿਤਾਬਾਂ ਖਰੀਦ ਲਵੇ ਤਾਂ ਰਲ ਮਿਲ ਕੇ ਖਰਚਾ ਸੌਖਾ ਹੋ ਜਾਂਦੈ। ਮੈਨੂੰ ਪਛਤਾਵਾ ਹੋਇਆ , ਸੱਚੀ ਗੱਲ ਐ ਹੁਣ 'ਸਿਆਹੀ ਘੁਲ਼ੀ ਹੈ' ਤਾਂ ਉਨ੍ਹਾਂ ਕੋਲ ਹੀ ਜਾਵੇਗੀ , ਜਿਨ੍ਹਾਂ ਕੋਲ ਮੈਂ ਭੇਜਾਂਗਾ .... ਖੈਰ੍ਹ ਦੇਖਦੇ ਆਂ ਉਡਾਣ ਦੀ ਉਡਾਣ ਕਿੱਥੋਂ ਤਕ ਐ....

? ਕਵਿਤਾ ਦੀ ਪਹਿਲੀ ਕਿਤਾਬ ਕਿਹੜੀ ਪੜ੍ਹੀ।

- ਹਰਨਾਮ ਦੀ 'ਆਦਿਕਾ' । ਇਹ ਗੱਲ 1989-90 ਦੀ ਹੈ । ਬਠਿੰਡੇ ਰੇਲਵੇ ਸਟੇਸ਼ਨ ਦੇ ਬਾਹਰ ਕਿਤਾਬਾਂ ਵਾਲੀ ਦੁਕਾਨ ਤੋਂ ਖਰੀਦੀ ਸੀ, ਫਰੋਲਾ ਫਰਾਲੀ ਕਰਦਿਆਂ । ਇਹਦੀ ਸਤਰ ਮੇਰੇ ਦਿਮਾਗ ਨੂੰ ਚੜ੍ਹ ਗਈ, "ਸਮੁੰਦਰ ਮੇਰੇ ਮੋਢਿਆਂ ਤੋਂ ਲਾਹ ਦਿਓ" ਮੈਂ ਹੈਰਾਨ ਰਹਿ ਗਿਆ । ਕਵਿਤਾ ਇਹੋ ਜਿਹੀ ਹੁੰਦੀ ਹੈ? ਕਵਿਤਾ ਤਾਂ ਇਹੋ ਹੁੰਦੀ ਐ.... ਇਸ ਤੋਂ ਪਹਿਲਾਂ ਤਾਂ ਮੈਂ ਜਿਹੜੇ ਕਵੀ ਪੜ੍ਹੇ ਸੀ ਸਿਲੇਬਸ ਵਾਲੇ ਸੀ - ਅਕਾਊ.... ਮੈਨੂੰ ਸੁਆਦ ਨਹੀਂ ਸੀ ਆਇਆ ਕਿਸੇ ਕਵਿਤਾ 'ਚੋਂ । ਆਦਿਕਾ ਲੰਮਾ ਸਮਾਂ ਮੇਰੇ ਝੋਲੇ 'ਚ ਰਹੀ । ਵਾਰ ਵਾਰ ਪੜ੍ਹੀ । ਅਜੇ ਵੀ ਪੜ੍ਹ ਰਿਹਾਂ । ਕਵਿਤਾ ਉਹੀ ਹੁੰਦੀ ਹੈ ਜਿਸਨੂੰ ਤੁਸੀਂ ਸਦਾ ਪੜ੍ਹਦੇ ਰਹੋਂ :

ਦੀਵਾਰ ਤੋਂ ਪਾਰ ਦੇਖਣ ਲਈ
ਮੇਰੇ ਹੱਥ ਇਕ ਸੁਰਾਖ ਆਇਆ ਹੈ
ਇਹ ਗੋਲ ਹੈ
ਨਹੀਂ ਚੌਰਸ
ਇਹ ਮੇਰੇ ਹੱਥੋਂ ਤਿਲਕ ਗਿਆ ਹੈ

ਉਦੋਂ ਜੇ ਕੋਈ ਮੈਨੂੰ ਪੁੱਛਦਾ , ਦੱਸ ਇਸ ਕਵਿਤਾ 'ਚ ਕੀ ਹੈ ? ਮੈਂ ਨਹੀਂ ਸੀ ਦੱਸ



ਸਕਦਾ । ਦੱਸ ਮੈਂ ਹੁਣ ਵੀ ਨਹੀਂ ਸਕਦਾ । ਸੁਰਾਖ ਮਿਲ ਜਾਣਾ, ਹੱਥੋਂ ਤਿਲਕ ਜਾਣਾ ਹੀ ਕਵਿਤਾ ਦਾ ਪੜ੍ਹਨਾ ਲਿਖਣਾ ਹੈ । ਗੋਲ ਤੇ ਚੌਰਸ ਹੋਣਾ , ਜ਼ਿੰਦਗੀ ਦਾ ਜਿਊਣਾ ਅਜਿਊਣਾ । ਆਉਣ-ਜਾਣ ਇਸੇ ਗੱਲ ਵਿਚ ਪਿਆ ਹੈ । ਕਵਿਤਾ ਵਿਚ ਮੈਂ ਆਉਂਦਾ ਜਾਂਦਾ ਹਾਂ ।

? ਕਵਿਤਾ 'ਚ ਆਉਂਦੇ-ਜਾਂਦੇ ਗੁਰਪ੍ਰੀਤ ਨੇ ਆਪਣੇ ਨਾਂ ਨਾਲ ਗੋਤ ਜਾਂ ਤਖੱਲਸ ਕਿਉਂ ਨ੍ਹੀਂ ਲਾਇਆ।

- ਪਹਿਲਾਂ ਮੈਂ ਅਪਣਾ ਗੋਤ 'ਧੌਂਸੀ' ਲਿਖਦਾ ਸੀ, ਪਰ ਬਾਅਦ 'ਚ ਛੱਡ ਦਿੱਤਾ । ਨਾ ਤਾਂ ਮੇਰੇ ਸੁਭਾਅ 'ਚ ਧੌਂਸ ਦੇਣੈ, ਨਾ ਹੀ ਕਵਿਤਾ ਵਿਚ। ਪਰ ਮਾਨਸਾ ਦੇ ਬਹੁਤੇ ਦੋਸਤ ਮੈਨੂੰ ਅਜੇ ਵੀ ਧੌਂਸੀ ਕਰਕੇ ਹੀ ਜਾਣਦੇ ਨੇ ।

ਤਖੱਲਸ ਲਾਉਣ ਦੀ ਕਈ ਵਾਰ ਕੋਸ਼ਿਸ਼ ਕੀਤੀ, ਪਰ ਕਾਮਯਾਬ ਨਹੀਂ ਹੋਇਆ । ਇਕ ਵਾਰ 'ਸੰਯੋਗ' ਲਿਖਣ ਲੱਗਿਆ , ਜਿੰਦਰ ਨੇ ਲਤੀਫੇ 'ਚ ਕਿਹਾ ਕਿ ਜੇਕਰ ਕਿਸੇ ਨੇ 'ਜ' ਦੀ ਥਾਂ 'ਭ' ਲਿਖ ਦਿੱਤਾ । ਗੀਤ ਗਗਨ ਗੌਰਵ ਲਿਖਣ ਦੀ ਸੋਚੀ । ਹਿੰਦੀ ਪੱਤ੍ਰਿਕਾ 'ਵਾਗਾਰਥ' ਵਿਚ ਕੁਝ ਰੇਖਾਂਕਣ ਗੁਰਪ੍ਰੀਤ ਗ੍ਰਾਸ ਦੇ ਨਾਂ ਹੇਠ ਛਪੇ। ਪਰ ਕਿਤਾਬ ਛਪਣ ਵੇਲੇ ਨੂਰ ਸਾਹਬ ਤੋਂ ਸਲਾਹ ਲਈ ਤਾਂ ਉਨ੍ਹਾਂ ਆਖਿਆ , "ਗ੍ਰਾਸ ਦੀ ਕੀ ਲੋੜ ਐ , ਤੈਨੂੰ ਸਾਰੇ ਗੁਰਪ੍ਰੀਤ ਕਰਕੇ ਜਾਣਦੇ ਨੇ।"

? ਤੈਨੂੰ ਲਗਦੈ , ਬਈ ਤੈਨੂੰ ਸਾਰੇ ਗੁਰਪ੍ਰੀਤ ਕਰਕੇ ਹੀ ਜਾਣਦੇ ਨੇ।

- ਜਾਣਨ ਵਾਲੇ ਗੁਰਪ੍ਰੀਤ ਕਰਕੇ ਜਾਣਦੇ ਨੇ, ਇਹ ਗੱਲ ਸਹੀ ਹੈ । ਪਰ ਜਿਨ੍ਹਾਂ ਲੋਕਾਂ ਨੇ ਮੈਨੂੰ ਤਖੱਲਸ ਕਰਕੇ ਜਾਣਨਾ ਸੀ ਉਹ ਨਹੀਂ ਜਾਣਦੇ । ਇਹਦਾ ਘਾਟਾ ਮੈਨੂੰ ਪਿਆ । ਉਹ ਲੋਕ ਜਿਨ੍ਹਾਂ ਨੇ ਬਿਨ ਪੜ੍ਹਿਆਂ ਲੇਖਕ ਨੂੰ ਜਾਣਨਾ ਹੁੰਦੈ , ਉਹ ਅਕਸਰ ਪੁੱਛਦੇ ਨੇ, "ਥੋਡਾ ਤਖੱਲਸ ਕੀ ਹੈ?"

? ਚੱਲ ਛੱਡ , ਨਾਂ ਵਿਚ ਕੀ ਪਿਐ।

- ਨਹੀਂ , ਇਹ ਗੱਲ ਨਹੀਂ । ਨਾਂ ਵਿਚ ਬਹੁਤ ਕੁਝ ਐ । ਅੰਬਰੀਸ਼ ਦੀਆਂ ਕਵਿਤਾਵਾਂ ਕਰਨੈਲ ਸਿੰਘ ਦੇ ਨਾਂ ਹੇਠ ਉਵੇਂ ਨਹੀਂ ਸੀ ਪੜ੍ਹੀਆਂ ਜਾਣੀਆਂ । ਦੇਵਨੀਤ ਨੂੰ ਆਪਣੇ ਨਾਂ ਦਾ ਬਹੁਤ ਫਾਇਦਾ ਹੋਇਐ। ਮੈਂ ਤਾਂ ਇਥੋਂ ਤਕ ਵੀ ਆਖਦਾ ਹਾਂ ਕਿ ਜੇ ਪਾਤਰ ਸਾਹਬ 'ਪੱਤੜ' ਹੀ ਰਹਿੰਦੇ ਤਾਂ ਜਿਨ੍ਹੇ ਇਹ ਅੱਜ ਮਸ਼ਹੂਰ ਨੇ ਓਨੇ ਨਹੀਂ ਸੀ ਹੋਣੇ....

? ਤੇਰੇ ਕਹਿਣ ਦਾ ਭਾਵ ਐ -ਬਈ ਨਾਂ ਰਚਨਾ ਨਾਲੋਂ ਵੱਡਾ ਹੁੰਦੈ....।

- ਐਵੇਂ ਆਪਣੇ ਮਤਲਬ ਨਾ ਕੱਢੀ ਜਾ, ਰਚਨਾ ਬਿਨ੍ਹਾਂ ਨਾਂ ਵੀ ਕੁਝ ਨਹੀਂ। ਪਰ ਨਾਂ ਘਰ ਦੇ ਮੁੱਖ ਦੁਆਰ ਵਾਂਙ ਹੁੰਦੈ । ਸੋਹਣਾ ਦਰ ਦਰਵਾਜ਼ਾ ਮਹਿਮਾਨ ਦੇ ਸਵਾਗਤ 'ਚ ਹੱਥ ਜੋੜੀ ਖੜ੍ਹਾ ਹੁੰਦੈ । ਮੇਰੀ ਮਾਂ ਆਖਦੀ ਹੁੰਦੀ ਐ, "ਦਾਲ ਸਬਜ਼ੀ ਦਾ ਜੇ ਰੰਗ-ਬੰਨ ਹੀ ਸੋਹਣਾ ਨ੍ਹੀਂ ਤਾਂ ਇਹਨੂੰ ਖਾਊ ਕੌਣ । ਸੁਆਦ ਤਾਂ ਖਾਣ ਤੋਂ ਬਾਅਦ ਹੀ ਪਤਾ ਲੱਗੂ....।" ਜੇਠੂ ਰਾਮ ਕੁਹਾੜੇ ਦੇ ਨਾਂ ਹੇਠ ਜੇ ਆਪਾਂ ਸ਼ਮੀਲ ਦੀ ਕਵਿਤਾ ਛਾਪ ਦੇਈਏ , ਕੌਣ ਪੜ੍ਹੇਗਾ !

?ਕਿਸੇ ਕਵੀ ਦੇ ਜੀਵਨ ਦਰਸ਼ਨ ਬਾਰੇ ਤੇਰੇ ਵਿਚਾਰ ਕਿਹੋ ਜਿਹੇ ਨੇ।

- ਆਹ ਹੁਣੇ ਥੋੜ੍ਹਾ ਚਿਰ ਪਹਿਲਾਂ 'ਕਲਰ' ਤੇ ਫਿਲਮ ਦੇਖ ਕੇ ਹਟਿਆਂ 'ਚਿਲਰ ਪਾਰਟੀ' , ਤੈਨੂੰ ਪਤੈ ਕਿੰਨੀ ਵਾਰ ਮੇਰਾ ਗਚ ਭਰ ਆਇਆ, ਮੈਂ ਹੁਬਕੀ ਹੁਬਕੀ ਰੋਇਆ । ਇਹਦੇ 'ਚ ਹੋਮ ਮਨਿਸਟਰ ਸਾਹਬ ਆਵਾਰਾ ਕੁੱਤਿਆਂ ਬਹਾਨੇ ਵੀਰੂ ਨੂੰ ਮਾਰਨਾ ਚਾਹੁੰਦੇ ਨੇ, ਜਿਹੜਾ ਉਹਦੇ ਸੈਕਟਰੀ ਦੇ ਮਗਰ ਪੈ ਗਿਆ ਸੀ ਕਿਉਂਕਿ ਉਹਨੇ ਵੀਰੂ ਦੇ ਦੋਸਤ ਫਟਕੇ ਦੇ ਥੱਪੜ ਮਾਰਿਆ ਸੀ, ਉਸਨੂੰ ਉਦਘਾਟਨ ਸਮਾਰੋਹ 'ਚੋਂ ਬਾਹਰ ਕੱਢਣ ਲਈ । ਮਨਿਸਟਰ ਸਾਹਬ

ਦੀ ਈਗੋ ਦੀ ਸਿਖਰ ਦੇਖੋ ਕਿ ਉਹ ਇਕ ਬੇਜ਼ਬਾਨ ਜਾਨਵਰ ਦੇ ਮਗਰ ਪੈ ਜਾਂਦਾ ਹਾਂ। ਪਰ ਬੱਚਿਆਂ ਦੀ ਚਿਲਰ ਪਾਰਟੀ 'ਵੀਰੂ' ਨੂੰ ਬਚਾਉਣ ਲਈ ਆਪਣੀ ਸਾਰੀ ਊਰਜਾ ਲਾ ਦਿੰਦੇ ਨੇ ਤੇ ਵੀਰੂ ਨੂੰ ਬਚਾ ਲੈਂਦੇ ਨੇ। ਕਵੀ ਲਈ ਕੀੜੀ ਤੋਂ ਲੈ ਕੇ ਡਾਇਨਾਸੋਰ ਤਕ ਸਭ ਇਕੋ ਸੂਤਲੀ 'ਚ ਪਰੋਏ ਮਾਲਾ ਮਣਕੇ ਨੇ । ਡੱਡੂ ਜਦੋਂ ਕਾਰ ਦੇ ਪਹੀਏ ਹੇਠਾਂ ਆ ਕੇ ਸੜਕ ਨਾਲ ਚਿਪਕ ਜਾਂਦਾ ਹੈ, ਦਰਅਸਲ ਉਹ ਮੇਰੇ ਦਿਲ 'ਤੇ ਚਿਪਕ ਜਾਂਦਾ ਹੈ ...

? ਤੈਨੂੰ ਕਵਿਤਾ ਕਿਵੇਂ ਔੜਦੀ ਐ , ਤੇਰਾ ਕਵਿਤਾ ਲਿਖਣ ਦਾ ਤਰੀਕਾ ਕੀ ਐ।

– ਪਤਾ ਨਹੀਂ , ਇਹ ਰਹੱਸ ਹੈ.... ਇਹੋ ਜਿਹੇ ਔਖੇ ਸਵਾਲ ਨਾ ਪੁੱਛੋਂ ਤਾਂ ਚੰਗੈ , ਫਿਰ ਵੀ ਮੈਨੂੰ ਬੱਸ ਐਨਾ ਕੁ ਪਤੈ ਕਿ ਕਵਿਤਾ ਪਤਾ ਨ੍ਹੀਂ ਕਦੋਂ ਔੜ ਜਾਵੇ .... ਇਹਦਾ ਨਾ ਇਕਾਂਤ ਨਾਲ ਸੰਬੰਧ ਐ, ਨਾ ਹੀ ਭੀੜ ਨਾਲ, ਇਹਦਾ ਨਾ ਦੁੱਖ ਨਾਲ ਸੰਬੰਧ ਐ, ਨਾ ਸੁੱਖ ਨਾਲ.... ਅਸਲ 'ਚ ਇਹਦਾ ਸੰਬੰਧ ਇਹਨਾਂ ਹੀ ਗੱਲਾਂ ਨਾਲ ਹੈ। ਮੇਰੀਆਂ ਕਵਿਤਾਵਾਂ ਦੇ ਪਾਤਰ ਬਹੁਤੇ ਮੇਰੇ ਘਰ 'ਚੋਂ ਹੀ ਹੁੰਦੇ ਨੇ । ਤੇ ਮੈਥੋਂ ਛੋਟੀਆਂ ਛੋਟੀਆਂ ਗੱਲਾਂ 'ਤੇ ਹੀ ਕਵਿਤਾਵਾਂ ਲਿਖੀਆਂ ਜਾਂਦੀਆਂ ਨੇ । ਇਹ ਸਿਧ ਪੱਧਰੀਆਂ ਹੀ ਹੁੰਦੀਆਂ ਨੇ , ਕੋਈ ਫਿਲਾਸਫੀ ਨ੍ਹੀਂ ਹੁੰਦੀ ਇਹਨਾਂ 'ਚ । ਜਿੱਥੋਂ ਤਕ ਤਰੀਕੇ ਦੀ ਗੱਲ ਐ , ਇਹਦਾ ਵੀ ਮੈਨੂੰ ਬਹੁਤਾ ਨ੍ਹੀਂ ਪਤਾ ਨਹੀਂ । ਲੇਖਕ ਗਾਬਰੀਅਲ ਗਾਰਸੀਆ ਮਾਰਕੁਏਜ਼ ਦਾ ਆਖਣਾ ਹੈ : ਪਹਿਲਾ ਵਾਕ ਕਿਤਾਬ ਦੀ ਪਰਖ ਲਈ ਪ੍ਰਯੋਗਸ਼ਾਲਾ ਹੋ ਸਕਦਾ ਹੈ । ਤੇ ਮੈਨੂੰ ਅਕਸਰ ਲਗਦੈ ਕਿ ਕਵਿਤਾ ਦਾ ਜਦੋਂ ਪਹਿਲਾ ਵਾਕ ਲਿਖਿਆ ਗਿਆ , ਸਮਝ ਲਓ ਕਵਿਤਾ ਲਿਖੀ ਗਈ , ਪਰ ਨਹੀਂ ਕਈ ਵਾਰ ਇਸ ਤਰ੍ਹਾਂ ਵੀ ਨਹੀਂ ਲਿਖੀ ਜਾਂਦੀ ਕਵਿਤਾ....

? ਤੇਰੀ ਕਵਿਤਾ ਨੂੰ ਕੌਣ ਕੌਣ ਪੜ੍ਹੇ, ਤੇਰੀ ਇੱਛਾ ਕੀ ਹੈ।

– ਮੈਂ ਚਾਹੁੰਨੈ, ਮੇਰੀ ਕਵਿਤਾ ਮੇਰਾ ਆਂਢ-ਗੁਆਂਢ, ਪ੍ਰੈਸ ਕਰਨ ਵਾਲਾ ਧੋਬੀ, ਮੋਚੀ, ਬਸਾਤੀ ਤੇ ਕਰਿਆਨੇ ਵਾਲਾ ਪੜ੍ਹੇ, ਮੇਰੀ ਬੇਟੀ ਦੇ ਸਕੂਲ ਰਿਕਸ਼ੇ ਵਾਲਾ ਪੜ੍ਹੇ ... ਪਰ ਤੈਨੂੰ ਸੱਚੀ ਗੱਲ ਦੱਸਾਂ , ਇਹਨੂੰ ਮੇਰੇ ਬਾਪੂ ਨੇ ਵੀ ਨਹੀਂ ਪੜ੍ਹਿਆ ਕਦੇ , ਜੀਹਦੇ ਬਾਰੇ ਮੈਂ ਕਿੰਨੀਆਂ ਹੀ ਕਵਿਤਾਵਾਂ ਲਿਖੀਆਂ ਨੇ, ਨਵੀਂ ਕਿਤਾਬ ਤਾਂ ਸਮਰਪਤ ਹੀ ਬਾਪੂ ਨੂੰ ਕੀਤੀ ਹੈ। ਸਪੈਨਿਸ਼ ਕਵੀ ਵੀਸੈਂਤ ਅਲੈਕਸਾਂਦਰ ਦਾ ਆਖਣਾ ਹੈ : ਸ਼ਾਇਦ ਮੈਂ ਉਹਨਾਂ ਲੋਕਾਂ ਲਈ ਲਿਖਦਾ ਹਾਂ ਜੋ ਮੇਰੀਆਂ ਨਜ਼ਮਾਂ ਨਹੀਂ ਪੜ੍ਹਦੇ । ਉਸ ਔਰਤ ਲਈ ਜੋ ਗਲੀ ਵਿਚ ਸਿਰਤੋੜ ਨੱਸੀ ਜਾ ਰਹੀ ਹੈ, ਜਿਵੇਂ ਚੜ੍ਹਦੇ ਸੂਰਜ ਲਈ ਦਰਵਾਜ਼ਾ ਖੋਲ੍ਹਣਾ ਹੋਵੇ ।

? ਹਾਇਕੂ ਬਾਰੇ ਤੇਰਾ ਕੀ ਵਿਚਾਰ ਐ, ਪੰਜਾਬੀ 'ਚ ਇਹਨੂੰ ਮਜ਼ਾਕ ਦੀ ਪੱਧਰ 'ਤੇ ਲਿਆ ਜਾਂਦੈ।

– ਹਾਇਕੂ ਜਾਪਾਨੀ ਕਾਵਿ ਵਿਧਾ ਹੈ, ਹੁਣ ਇਹਨੂੰ ਪੂਰੀ ਦੁਨੀਆਂ 'ਚ ਲਿਖਿਆ ਜਾਣ ਲੱਗਿਆ ਹੈ । ਇਹ ਇਸ ਵਿਧਾ ਦੀ ਸਮਰੱਥਾ ਹੈ । ਅਸੀਂ ਪੰਜਾਬੀ ਮੋਟੇ ਠੁੱਲ ਆਂ, ਜਾਪਾਨੀ ਜਿਹੇ ਬਾਰੀਕ ਨਹੀਂ, ਨਾ ਹੀ ਉਨ੍ਹਾਂ ਜਿਨ੍ਹੇ ਸੰਵੇਦਨਸ਼ੀਲ। ਇਸ ਕਰਕੇ ਇਹਨੂੰ ਲਿਖਣ ਤੇ ਪੜ੍ਹਨ ਦੀ ਪੱਧਰ ਤੇ ਆਪਣੇ ਸੁਭਾਅ ਮੁਤਾਬਿਕ ਹਲਕੇ ਪੱਧਰ ਤੇ ਲੈਂਦੇ ਸਮਝਦੇ ਹਾਂ। ਹਾਇਕੂ ਬਹੁਤ ਹੀ ਸੂਖਮ ਕਾਵਿ-ਵਿਧਾ ਹੈ , ਇਹਨੂੰ ਲਿਖਣ ਪੜ੍ਹਨ ਲਈ ਹਵਾ ਪਾਣੀ ਵਾਂਗ ਕੁਦਰਤ ਜਿਹਾ ਹੋਣਾ ਪੈਂਦੈ। ਭਾਰਤੀ ਸਾਹਬ ਦੀ ਗੱਲ ਸਹੀ ਹੈ ਕਿ ਪੰਜਾਬੀ 'ਚ ਹਾਇਕੂ ਅਜੇ ਅਭਿਆਸੀ ਦੌਰ 'ਚੋਂ ਗੁਜ਼ਰ ਰਿਹੈ। ਇਹਦੇ ਬਾਵਜੂਦ ਕੁਝ ਅਜਿਹੇ ਪੰਜਾਬੀ ਹਾਇਕੂ ਚੁਣੇ ਜਾ ਸਕਦੇ ਨੇ ਜੋ ਜਾਪਾਨੀਆਂ ਨਾਲ ਬਰ ਮੇਚਦੇ ਨੇ। ਸੰਜਮੀ ਤੇ ਦ੍ਰਿਸ਼ ਵਾਲੀ ਕਵਿਤਾ ਲਿਖਣਾ ਮੇਰੇ ਸੁਭਾਅ 'ਚ ਮੁਢ ਤੋਂ ਹੀ ਸ਼ਾਮਲ ਹੈ । ਇਹ ਮੇਰੇ ਪਸੰਦ ਦੀ ਵਿਧਾ ਹੈ, ਇਹਦਾ ਪਾਠਕ ਹੋਣਾ ਮੈਨੂੰ ਚੰਗਾ



ਲਗਦੈ। ਫੇਸਬੁਕ ਦੇ ਹਾਇਕੂ ਸਕੂਲ ਨੂੰ ਬੰਦ ਕਰਨ ਦੀ ਸਲਾਹ ਮੈਂ ਕਈ ਵਾਰ ਸਾਥੀ ਸਾਹਬ ਨੂੰ ਦਿੱਤੀ ਹੈ, ਲਹਿਰ ਬਣਾਉਣ ਨਾਲ ਇਹਦਾ ਮੂੰਹ ਮੱਥਾ ਵਿਗੜ ਤਾਂ ਸਕਦੈ , ਬਣਨਾ ਨਹੀਂ ।

?ਹਾਇਕੂ ਤੋਂ ਮੁੜ ਕਵਿਤਾ ਵੱਲ ਪਰਤ ਆ, ਤੈਨੂੰ ਪੰਜਾਬੀ ਦੇ ਕਿਹੜੇ ਕਵੀ ਪਸੰਦ ਨੇ।

– ਅਮਰਜੀਤ ਚੰਦਨ ਸਭ ਤੋਂ ਵੱਧ । ਭਾਰਤੀ ਤੇ ਰੋਡੇ ਦੀ 'ਲੀਲਾ' ਕਰਕੇ ਸੀਨਾ ਚੌੜਾ ਹੋ ਜਾਂਦੈ । ਦੀਦ , ਅੰਬਰੀਸ਼ , ਸਤੀ ਕੁਮਾਰ , ਦੇਵਨੀਤ , ਲਾਲ ਸਿੰਘ ਦਿਲ ਸਾਰੇ ਦੇ ਸਾਰੇ । ਸਵੀ ਦੀ ਦੇਹੀ ਨਾਦ , ਕੌਂਕੇ ਦੀ ਯਕੀਨ , ਪਰਿਹਾਰ ਦੀ ਮੈਂ ਕਿਤੇ ਹੋਰ ਸੀ , ਪਰਮਿੰਦਰ ਸੋਢੀ ਦੀ ਝੀਲ ਵਾਂਗ ਰੁਕੋ , ਮਨਮੋਹਨ ਦੀ ਦੂਜੇ ਸ਼ਬਦਾਂ 'ਚ , ਭੁਪਿੰਦਰਪ੍ਰੀਤ ਦੀ ਗੂੰਜ ਤੇ ਸ਼ਮੀਲ ਦੀ ਓ ਮੀਆਂ ਨੂੰ ਸੈਲਫ 'ਚੋਂ ਵਾਰ ਵਾਰ ਕੱਢਦਾ ਹਾਂ ਤੇ ਪੜ੍ਹਦਾ ਹਾਂ । ਮੋਹਨਜੀਤ ਦੀ ਕਵਿਤਾ ਜਿਹਾ ਸੁਹਜ ਕਿਸੇ ਹੋਰ ਪੰਜਾਬੀ ਕਵਿਤਾ ਕੋਲ ਨਹੀਂ ਹੈ । ਸਰੋਦ , ਗੁਰਦੇਵ ਚੌਹਾਨ ਤੇ ਇੰਦੇ ਵੱਖਰੀ ਭਾਂਤ ਦੇ ਕਵੀ ਨੇ । ਸੋਹਲ ਦੀ ਓਨਮ ਆਪਣੀ ਤਰ੍ਹਾਂ ਦੀ ਕਿਤਾਬ ਹੈ। ਪ੍ਰਮਿੰਦਰਜੀਤ ਬਿਨਾਂ ਪੰਜਾਬੀ ਕਵਿਤਾ ਦੀ ਗੱਲ ਨਹੀਂ ਕੀਤੀ ਜਾ ਸਕਦੀ ।

? ਬੱਸ ਰਹਿਣ ਦੇ , ਹੁਣ ਪੜਤੇ ਲਾਉਣ ਲੱਗ ਪਿਐਂ, ਇਕ ਵਾਕ ਤੇਰੇ ਵੱਲੋਂ ਮੈਂ ਕਹਿ ਦਿੰਨਾ ਕਿ ਕਵੀ ਗੁਰਪ੍ਰੀਤ ਨੂੰ ਉਹ ਸਾਰੇ ਕਵੀ ਵੀ ਪਸੰਦ ਨੇ ਜਿਨ੍ਹਾਂ ਦੇ ਉਹਨੇ ਨਾਂਹ ਨਹੀਂ ਲਏ । ਹੁਣ ਬੀਬੀਆਂ ਬਾਰੇ ਦੇ ਕੋਈ ਗੱਲ ?

– ਉਹ ਸਾਰੀਆਂ ਬੀਬੀਆਂ ਮੈਨੂੰ ਪਸੰਦ ਨੇ ਜਿਹੜੀਆਂ ਆਪਣੇ ਰੋਣੇ ਨਹੀਂ ਰੋਂਦੀਆਂ, ਜਿਹੜੀਆਂ ਦੇਹ ਨਾਲ ਕਵਿਤਾ ਲਿਖਦੀਆਂ ਨੇ। ਕਿਸੇ ਵੇਲੇ ਮਨਜੀਤ ਟਿਵਾਣਾ ਦੀ 'ਉਨੀਂਦਾ ਵਰਤਮਾਨ' ਪਸੰਦ ਸੀ ਤੇ ਅੱਜ-ਕੱਲ੍ਹ ਬਿਪਨਪ੍ਰੀਤ ਦੀ 'ਜਨਮ' । ਸੁਰਿੰਦਰ ਕੌਰ ਚਾਹਲ ਦੀ ਕਾਵਿ-ਕਿਤਾਬ 'ਕੁੰਜੀਆਂ' ਇਕ ਪੰਜਾਬਣ ਦੀ ਪੰਜਾਬੀ ਕਵਿਤਾ ਹੈ । ਇਹ ਲਿਖਦੀ ਹੈ : 'ਕਵਿਤਾ ਲਿਖਦੀ ਹਾਂ, ਤਾਂ ਜਿਉਣ ਨੂੰ ਹੋਰ ਜੀਅ ਕਰਦਾ ਹੈ'। ਇਸ ਕਵਿਤਾ ਨੂੰ ਪੜ੍ਹਨ ਵਾਲਾ ਵੀ ਇਹੋ ਆਖਦਾ ਹੈ ।

? ਜਦੋਂ ਪਸੰਦ ਦੀ ਗੱਲ ਚੱਲ ਰਹੀ ਹੈ ਤਾਂ ਇਉਂ ਦੱਸ , ਤੈਨੂੰ ਰੰਗ ਕਿਹੜਾ ਪਸੰਦ ਐ।

–ਆਸਮਾਨੀ । ਇਹ ਹਮੇਸ਼ਾਂ ਸਿਰ 'ਤੇ ਤਣਿਆ ਰਹਿੰਦੈ, ਪਲ ਪਲ ਰੰਗ ਬਦਲਦਾ, ਪਰ ਰਹਿੰਦਾ ਆਸਮਾਨੀ ਹੀ ਹੈ । ਬਹੁਤੀਆਂ ਕਵਿਤਾਵਾਂ ਮੈਂ ਇਹਦੇ ਬਹਾਨੇ ਲਿਖਦਾ ਹਾਂ ।

? ਆਖਰੀ ਸਵਾਲ....। ਤੂੰ ਜਿਨ੍ਹੀਆਂ ਗੱਲਾਂ ਕੀਤੀਆਂ ਨੇ, ਦੂਜਿਆਂ ਦੇ ਹਵਾਲੇ ਨਾਲ ਕੀਤੀਆਂ ਨੇ।

– ਮੈਨੂੰ ਆਪ ਨੂੰ ਕੋਈ ਗੱਲ ਆਉਂਦੀ ਨ੍ਹੀਂ , ਇਸੇ ਲਈ ਮੈਂ ਦੂਜਿਆਂ ਦਾ ਸਹਾਰਾ ਲਿਆ ਹੈ।

**ਮੋਬਾਈਲ : 9872375898**

**ਨਵਾਂ ਪੰਜਾਬੀ ਨਾਵਲ ਪਛਾਣ ਚਿੰਨ੍ਹ**
**ਉਪਿੰਦਰਜੀਤ**
**(ਆਲੋਚਨਾ)**
**ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ**

## ਮਾਸਟਰ ਅਜਮੇਰ ਦੀਆਂ ਅਜਮੇਰ ਸਿੱਧੂ ਨਾਲ ਗੱਲਾਂ

? ਭਾਈ ਸਾਹਿਬ, ਕਹਾਣੀ ਲਿਖਣੀ ਕਿਉਂ ਸ਼ੁਰੂ ਕੀਤੀ।

– ਜਦੋਂ ਮੈਂ ਸਕੂਲ ਵਿੱਚ ਪੜ੍ਹਦਾ ਸੀ, ਉਸ ਵਕਤ ਜਸਵੰਤ ਸਿੰਘ ਕੰਵਲ, ਨਾਨਕ ਸਿੰਘ ਤੇ ਗੁਰਬਚਨ ਸਿੰਘ ਭੁੱਲਰ ਦਾ ਗਲਪ , ਸੰਤ ਰਾਮ ਉਦਾਸੀ, ਸ਼ਿਵ ਕੁਮਾਰ ਬਟਾਲਵੀ, ਪਾਸ਼ ਤੇ ਪਾਤਰ ਦੀ ਕਵਿਤਾ ਅਤੇ ਭਾਅਜੀ ਗੁਰਸ਼ਰਨ ਸਿੰਘ, ਪ੍ਰੋ: ਅਜਮੇਰ ਸਿੰਘ ਔਲਖ ਅਤੇ ਡਾ: ਆਤਮਜੀਤ ਦੇ ਨਾਟਕ ਮੇਰੇ ਅੰਗ-ਸੰਗ ਸਨ। ਕੰਵਲ ਜੀ ਦੀ ਲਿਖਤ ਤੋਂ ਮੈਂ ਇੰਨਾ ਪ੍ਰਭਾਵਿਤ ਸੀ ਕਿ ਉਹਨਾਂ ਨੂੰ ਗੁਰੂਆਂ ਵਾਂਗ ਸਤਿਕਾਰ ਦਿੰਦਾ ਸੀ। ਉਹਨਾਂ ਦੀ ਲਿਖਤ ਨੇ ਹੀ ਮਨੁੱਖੀ ਆਜ਼ਾਦੀ ਤੇ ਖੁਸ਼ਹਾਲੀ ਵਾਲੇ ਸੰਕਲਪ ਦੇ ਬੀਅ ਮੇਰੇ ਅੰਦਰ ਬੀਜੇ। ਉਹਨਾਂ ਦੀ ਸੋਚ ਤੋਂ ਪ੍ਰਭਾਵਿਤ ਹੋ ਕੇ ਹੀ ਮੈਂ ਮਾਨਵੀ ਫਿਤਰਤ ਤੇ ਸਰੋਕਾਰਾਂ ਨਾਲ ਜੁੜੀ ਕਹਾਣੀ ਲਿਖਣ ਦਾ ਮਨ ਬਣਾਇਆ। ਵੱਡਾ ਹੋਇਆ ਕਈ ਕੁੱਝ ਛੱਡਿਆ ਗਿਆ ਤੇ ਨਵਾਂ ਜੁੜ ਗਿਆ। ਮੇਰੇ ਨਾਲ, ਮੇਰੇ ਲੋਕਾਂ ਨਾਲ ਜਾਂ ਆਲੇ ਦੁਆਲੇ ਜੋ ਵਾਪਰਦਾ ਹੈ, ਉਹਦਾ ਮੇਰੇ ਮਨ 'ਤੇ ਬੜਾ ਅਸਰ ਹੁੰਦਾ। ਅੱਚੋਤਾਈ ਲੱਗੀ ਰਹਿੰਦੀ ਏ। ਉੱਘੜ-ਦੁੱਘੜ ਵਿਚਾਰ ਮਨ ਵਿੱਚ ਆਉਂਦੇ ਰਹਿੰਦੇ ਹਨ। ਮੇਰੇ ਅੰਦਰਲਾ ਬੇਤਰਤੀਬਾਪਣ ਉਦੋਂ ਹੀ ਸਹੀ ਹੁੰਦਾ ਹੈ, ਜਦੋਂ ਮੈਂ ਕਹਾਣੀ ਲਿਖ ਲੈਂਦਾ ਹਾਂ।

? ਲੇਖਕ ਦੀ ਕੋਈ ਵਿਚਾਰਧਾਰਾ ਹੋਣੀ ਚਾਹੀਦੀ ਜਾਂ ਨਹੀਂ।

– ਮੈਂ ਸਮਝਦਾ ਆਇਡੋਲੋਜੀਕਲ ਕੁਮਿਟਮੈਂਟ ਹੋਣੀ ਚਾਹੀਦੀ ਹੈ। ਆਇਡੋਲੋਜੀਕਲ ਕੁਮਿਟਮੈਂਟ ਤੋਂ ਭਾਵ ਤੁਸੀਂ ਕਿਸੇ ਨਾ ਕਿਸੇ ਵਿਚਾਰਧਾਰਕ ਪੈਂਤੜੇ ਤੋਂ ਗੱਲ ਕਰੋਗੇ ਹੀ। ਇਹਦਾ ਮਤਲਬ ਕਿਸੇ ਰਾਜਨੀਤਕ ਪਾਰਟੀ ਨਾਲ ਜੁੜਨਾ ਨਹੀਂ ਹੁੰਦਾ ਤੇ ਨਾ ਹੀ ਕਿਸੇ ਪਾਰਟੀ ਦੇ ਮੈਨੀਫੈਸਟੋ ਦੇ ਮੁਤਾਬਿਕ, ਵੱਖ-ਵੱਖ ਸਮੇਂ ਤੇ ਬਣਦੀਆਂ ਪਾਰਟੀ ਪਾਲਿਸੀਆਂ ਦੀ ਗੱਲ ਸਾਹਿਤ ਵਿੱਚ ਕਰਨੀ ਹੁੰਦੀ ਹੈ। ਮੈਂ ਕਦੇ ਕਹਾਣੀ ਦੁਆਰਾ ਪਾਠਕਾਂ ਨੂੰ ਕੋਈ ਸੇਧ ਦੇਣ ਦਾ ਦਾਅਵਾ ਨਹੀਂ ਕਰਦਾ। ਜਿਹੜੇ ਲੋਕ ਵਿਚਾਰਧਾਰਾ ਵਿਰੁੱਧ ਬੋਲਦੇ ਹਨ, ਉਹ ਵੀ ਰਾਜਨੀਤੀ ਕਰ ਰਹੇ ਹੁੰਦੇ ਹਨ। ਜੇ ਤੁਹਾਡੇ ਕੋਲ ਦ੍ਰਿਸ਼ਟੀ ਨਹੀਂ, ਤੁਸੀਂ ਵਧੀਆ ਕਹਾਣੀ ਨਹੀਂ ਲਿਖ ਸਕਦੇ। ਵਿਚਾਰਧਾਰਾ ਨੂੰ ਇਕਹਿਰੇ ਢੰਗ ਨਾਲ ਲਿਆ ਜਾਂਦਾ ਹੈ। ਜਦਕਿ ਵਿਚਾਰਧਾਰਾ ਸਾਡੇ ਹਰ ਪਲ ਵਿੱਚ ਮੌਜੂਦ ਹੁੰਦੀ ਹੈ, ਸਾਡੇ ਸਿਆਸੀ, ਸੱਭਿਆਚਾਰਕ, ਤੇ ਸਮਾਜਿਕ ਮਸਲਿਆਂ ਵਿੱਚ ਹੁੰਦੀ ਹੈ। ਕੋਈ ਵੀ ਸਾਹਿਤ ਚਿੰਤਨ ਮੁਕਤ ਨਹੀਂ ਹੁੰਦਾ। ਮੇਰੀ ਵਿਚਾਰਧਾਰਾ ਸਫ਼ਰਿੰਗ-ਕਲਾਸ ਦੇ ਲੋਕਾਂ ਲਈ ਹੈ। ਜਿਹੜਾ ਬੰਦਾ ਘਰ ਵਿੱਚ, ਪਿੰਡ ਵਿੱਚ, ਸਮਾਜ ਵਿੱਚ, ਰਾਜ ਵਿੱਚ, ਦੇਸ਼ ਵਿੱਚ ਅਤੇ ਕੌਮਾਂਤਰੀ ਪੱਧਰ ਤੇ ਹਾਸ਼ੀਏ ਉੱਤੇ ਧੱਕਿਆ ਹੋਇਆ ਹੈ, ਮੈਂ ਉਹਨਾਂ ਦਾ ਕਹਾਣੀਕਾਰ ਹਾਂ। ਡਾ: ਬਲਦੇਵ ਸਿੰਘ ਧਾਲੀਵਾਲ ਕਹਿੰਦੇ ਹੁੰਦੇ ਨੇ ਕਿ ਸਿੱਧੂ ਹਾਸ਼ੀਏ ਉੱਤੇ ਵਿਚਰਦੀ ਪੰਜਾਬੀ ਮਾਨਸਿਕਤਾ ਦੇ ਦੁਖਾਂਤਕ ਬੋਧ ਦਾ ਰਚਨਾਕਾਰ ਹੈ।

? ਡਾ: ਜਸਵਿੰਦਰ ਸਿੰਘ ਤਾਂ ਤੈਨੂੰ ਅਵਚੇਤਨੀ ਸੰਸਾਰ ਦਾ ਚਤੇਰਾ ਕਹਿੰਦੇ ਆ।

– ਡਾ: ਬਲਕਾਰ ਸਿੰਘ ਮੈਨੂੰ ਨਾਬਰੀ ਦਾ ਕਹਾਣੀਕਾਰ ਵੀ ਕਹਿੰਦੇ ਹਨ। ਪੰਜਾਬੀ ਦੇ ਵਿਦਵਾਨਾਂ ਨੇ ਅਨੇਕਾਂ ਕੋਣਾਂ ਤੋਂ ਮੇਰੀ ਕਹਾਣੀ ਨੂੰ ਵਾਚਿਆ ਹੈ। ਡਾ: ਜਸਵਿੰਦਰ ਸਿੰਘ ਦਰੁਸਤ ਹਨ। ਬੰਦੇ ਦਾ ਅੰਦਰੂਨੀ ਸੰਸਾਰ ਬਾਹਰਲੇ ਸੰਸਾਰ ਨਾਲੋਂ ਜ਼ਿਆਦਾ ਤਾਕਤਵਾਰ ਹੁੰਦਾ ਹੈ, ਮੇਰੀਆਂ ਕਹਾਣੀਆਂ ਵਿੱਚ ਪੰਜਾਬੀ ਮਨੁੱਖ ਦੇ ਅੰਦਰਲੀ ਕਸ਼ਮਕਸ਼ ਬਹੁਤ ਜ਼ਿਆਦਾ ਹੈ। ਮੇਰੀਆਂ ਮੁੱਢਲੀਆਂ ਕਹਾਣੀਆਂ ਵਿੱਚ ਚੇਤਨ ਮਨ ਨਾਲੋਂ ਅਵਚੇਤਨ ਦਾ ਫੈਲਾਅ ਜ਼ਿਆਦਾ



ਹੈ। ਮੈਂ ਜਾਂ ਮੇਰੇ ਕੁੱਝ ਸਮਕਾਲੀਆਂ ਨੇ ਇਹ ਟਰੈਂਡ ਸੈੱਟ ਕੀਤਾ ਸੀ। ਹੁਣ ਦੀ ਨਵੀਂ ਪੰਜਾਬੀ ਕਹਾਣੀ ਰਚਣ ਵਾਲਿਆਂ ਨੇ ਸਾਡਾ ਇਹ ਪ੍ਰਭਾਵ ਕਬੂਲਿਆ। ਅੱਜ ਤੱਕ ਇਹ ਟ੍ਰੈਂਡ ਚੱਲ ਰਿਹਾ ਹੈ।

? ਸਿੱਧੂ ਸਾਹਿਬ ਭਾਰਤੀ ਜਾਤੀ-ਪਾਤੀ ਪ੍ਰਬੰਧ ਤੋਂ ਤੁਸੀਂ ਬੜੇ ਦੁੱਖੀ ਦਿਸਦਾਂ। ਇਸ ਪ੍ਰਬੰਧ ਬਾਰੇ ਤੇਰੀ ਇੱਕ ਕਹਾਣੀ "ਗੌਰਜਾਂ" ਹੈ। ਤੂੰ ਇਸ ਕਹਾਣੀ ਨੂੰ ਦਲਿਤ ਸਾਹਿਤ ਦੀ ਕੋਟੀ ਵਿੱਚ ਰੱਖਦਾਂ ਜਾਂ ਨਹੀਂ।

– ਮੈਂ ਨਾ ਪਿੰਡ ਦਾ ਲੇਖਕ ਹਾਂ ਤੇ ਨਾ ਹੀ ਸ਼ਹਿਰ ਦਾ, ਨਾ ਪੇਂਡੂ ਕਿਰਸਾਨੀ ਦਾ, ਨਾ ਦਲਿਤ ਲੇਖਕ ਹਾਂ, ਤੇ ਨਾ ਹੀ ਔਰਤ-ਮਰਦ ਰਿਸ਼ਤਿਆਂ ਦਾ ਸਪੈਸ਼ਲਿਸਟ। ਮੈਂ ਲੋਕਾਂ ਨੂੰ ਖਾਨਿਆਂ ਵਿੱਚ ਵੰਡ ਕੇ ਕਹਾਣੀ ਨਹੀਂ ਲਿਖਦਾ। ਮੇਰੀ ਵਿਸ਼ੇਸ਼ ਰੁਚੀ ਕੇਂਦਰੀ ਸਪੇਸ ਤੋਂ ਹਾਸ਼ੀਏ ਉੱਤੇ ਧਕੇਲੇ ਜਾ ਰਹੇ ਪੰਜਾਬੀ ਸੱਭਿਆਚਾਰਾਂ, ਮਨੁੱਖਾਂ ਅਤੇ ਮਨੁੱਖਾਂ ਅੰਦਰਲੇ ਭਾਵਾਂ ਵਿਚਾਰਾਂ ਨੂੰ ਸਮਝਣ ਅਤੇ ਗਲਪ-ਬਿੰਬ ਵਿੱਚ ਢਾਲਣ 'ਚ ਹੈ। ਮੈਂ ਇੱਕ ਲੇਖਕ ਹੋਣ ਦੇ ਨਾਤੇ ਸੱਚਮੁੱਚ ਜਾਤ-ਪਾਤ ਵਾਲੇ ਪ੍ਰਬੰਧ ਦੇ ਖਿਲਾਫ਼ ਖੜ੍ਹਾ। ਇਸੇ ਐਂਗਲ ਤੋਂ ਮੈਂ ਕਹਾਣੀ "ਗੌਰਜਾ" ਲਿਖੀ ਸੀ। ਇਹ ਦਲਿਤ ਸਾਹਿਤ ਦੀ ਕਹਾਣੀ ਨਹੀਂ ਹੈ। ਇਹ ਜਾਤ-ਪਾਤ ਨੂੰ ਤੋੜਨ ਵਾਲੀ ਧਾਰਾ ਦੇ ਲੋਕਾਂ ਦੀ ਕਹਾਣੀ ਹੈ। ਸਵਾਲ ਜਾਤ ਨੂੰ ਤੋੜਨ ਦਾ ਆ ਜਾਂ ਉਹਨੂੰ ਬਣਾਈ ਰੱਖਣ ਦਾ।

? ਤੂੰ ਪੰਜਾਬੀ ਕਹਾਣੀ ਵਿੱਚ ਕਿਸੇ ਵਿਸ਼ੇਸ਼ ਲੇਬਲ ਹੇਠਾਂ ਨਹੀਂ ਆਉਂਦਾ। ਕਿਸੇ ਗਰੁੱਪ ਨਾਲ ਨਹੀਂ ਖੜ੍ਹਾ, ਫੇਰ ਘਾਟਾ ਨਹੀਂ ਪੈਂਦਾ? ਮੁਸੀਬਤਾਂ ਘੇਰਾ ਨਹੀਂ ਪਾਉਂਦੀਆਂ।

– ਮੇਰੀਆਂ ਪਹਿਲੀਆਂ ਕਹਾਣੀਆਂ, "ਨਚੀਕੇਤਾ ਦੀ ਮੌਤ" ਤੇ "ਗੌਰਜਾਂ" 1995 ਵਿੱਚ ਛਪੀਆਂ। ਉਦੋਂ ਸੋਵੀਅਤ ਸੰਘ ਟੁੱਟੇ ਨੂੰ 4-5 ਸਾਲ ਹੋ ਗਏ ਸਨ। ਕਿਹਾ ਜਾਣ ਲੱਗ ਪਿਆ ਸੀ ਕਿ ਕਹਾਣੀ ਲਿਖਣ ਲਈ ਕੋਈ ਬੰਦਿਸ਼ ਨਹੀਂ ਰਹੀ, ਕੋਈ ਧਾਰਾ ਨਹੀਂ ਰਹੀ, ਕੋਈ ਗਰੁੱਪ ਨਹੀਂ ਰਿਹਾ, ਪਰ ਜਦੋਂ ਮੈਂ ਇਸ ਖੇਤਰ ਦੇ ਅੰਦਰ ਐਂਟਰੀ ਕੀਤੀ। ਮੈਨੂੰ ਕਈ ਕੁੱਝ ਉਲਟ-ਪੁਲਟ ਲੱਗਾ। ਗਰੁੱਪ ਵੀ ਸਨ ਤੇ ਧੜੇਬੰਦੀਆਂ ਵੀ ਸਨ। ਸਗੋਂ ਪਹਿਲਾਂ ਨਾਲੋਂ ਤਿਕੜਮਬਾਜ਼ੀ ਵੱਧ ਗਈ ਸੀ। ਮੈਂ ਇਸ ਸਭ ਕਾਸੇ ਤੋਂ ਕਿਨਾਰਾ ਕਰ ਲਿਆ। ਮੈਂ ਕਿਸੇ ਗਰੁੱਪ ਜਾਂ ਵਾਦ-ਵਿਦਾਦ ਨਾਲ ਨਹੀਂ ਜੁੜਿਆ। ਇਸ ਸਮੇਂ ਦੌਰਾਨ ਜਿਸ ਵੀ ਲੇਖਕ ਦੀ ਜਿਹੜੀ ਲਿਖਤ ਅੱਛੀ ਲੱਗੀ, ਮੈਂ ਉਸਦੀ ਵਡਿਆਈ ਕੀਤੀ। ਕਿਸੇ ਗਰੁੱਪ ਨਾਲ ਨਾ ਜੁੜਨ ਕਾਰਨ ਕਈ ਸਮੱਸਿਆਵਾਂ ਆਉਂਦੀਆਂ ਰਹੀਆਂ। ਪਰ ਮੈਂ ਕਦੇ ਨਫ਼ੇ-ਨੁਕਸਾਨ ਦੇ ਚੱਕਰ ਵਿੱਚ ਨਹੀਂ ਪਿਆ। ਕਿਉਂਕਿ ਅਜੇ ਪੰਜਾਬੀ ਸਾਹਿਤ ਵਿੱਚ ਚੰਗੀ ਰਚਨਾ ਦਾ ਮੁੱਲ ਪਾਉਣ ਵਾਲੇ ਆਲੋਚਕ, ਪਰਚੇ ਅਤੇ ਪਾਠਕ ਹਨ। ਮੈਨੂੰ ਇਸ ਗੱਲ ਦੀ ਸੰਤੁਸ਼ਟੀ ਹੈ ਕਿ ਮੇਰੇ ਕੋਲ ਪਾਠਕਾਂ ਦਾ ਘਾਟਾ ਨਹੀਂ। ਅੱਜ ਜਦੋਂ ਦੋ-ਢਾਈ ਸੌ ਕਿਤਾਬ ਛਪ ਰਹੀ ਹੈ। ਮੇਰਾ ਪਹਿਲਾ ਕਥਾ ਸੰਗ੍ਰਹਿ "ਨਚੀਕੇਤਾ ਦੀ ਮੌਤ" ਦੋ ਹਜ਼ਾਰ ਦੇ ਨੇੜੇ ਛਪਿਆ ਸੀ।

? ਤੇਰੇ ਕਈ ਪਾਤਰ ਇਨਕਲਾਬੀ ਇਤਿਹਾਸ ਦੇ ਨਾਇਕਾਂ ਤੋਂ ਪ੍ਰੇਰਨਾ ਵੀ ਲੈਂਦੇ ਨੇ। ਇਹ ਤੇਰੇ 'ਤੇ ਪ੍ਰਭਾਵ ਕਿੱਦਾਂ ਪਿਆ ?

– ਸਾਡੇ ਪਰਿਵਾਰ ਵਿੱਚ ਮੇਰਾ ਭਰਾ ਸਤਨਾਮ ਸਿੰਘ ਇਨਕਲਾਬੀ ਧਾਰਾ ਦੇ ਲੋਕਾਂ ਨਾਲ ਜੁੜਿਆ ਹੋਇਆ ਸੀ। ਉਹਦੇ ਕਾਰਣ ਮੈਂ ਇਨਕਲਾਬੀ ਇਤਿਹਾਸ ਵੀ ਪੜ੍ਹਿਆ ਤੇ ਸਾਹਿਤ ਵੀ। ਮੇਰਾ ਭਰਾ ਸਭ ਕੁੱਝ ਛੱਡ ਕੇ ਨਸ਼ਿਆਂ ਦੀ ਦਲਦਲ ਵਿੱਚ ਫਸ ਗਿਆ ਤੇ ਅੰਤ ਆਤਮ-ਹੱਤਿਆ ਕਰ ਗਿਆ। ਪਰ ਉਹਦੀ ਪਰਿਵਾਰ ਨੂੰ, ਖਾਸ ਕਰਕੇ ਮੈਨੂੰ ਦੇਣ ਵੱਡੀ ਹੈ। ਉਸ ਕਾਰਨ ਪੜ੍ਹੇ ਸਾਹਿਤ/ਇਤਿਹਾਸ ਦੀ ਬਦੌਲਤ ਮੈਂ "ਦੀ ਸੋਅਰਡ ਆਫ਼ ਬੰਦਾ ਸਿੰਘ ਬਹਾਦਰ",

"ਖੂਹ ਗਿੜਦਾ ਹੈ", "ਦਿੱਲੀ ਦੇ ਕਿੰਗਰੇ" ਅਤੇ "ਸ਼ਾਇਦ ਰੰਮੀ ਮੰਨ ਜਾਏ" ਵਰਗੀਆਂ ਕਹਾਣੀਆਂ ਲਿਖ ਸਕਿਆ ਹਾਂ। ਬਾਕੀ ਮੇਰੇ ਮੁੱਢਲੇ ਪ੍ਰਭਾਵ ਵਾਲੇ ਲੇਖਕ ਕੰਵਲ ਤੋਂ ਲੈ ਕੇ ਉਦਾਸੀ ਤੱਕ ਸਭ ਇਨਕਲਾਬੀ ਇਤਿਹਾਸ ਦੇ ਨਾਇਕਾਂ ਤੋਂ ਪ੍ਰੇਰਨਾ ਲੈਂਦੇ ਸਨ। ਹੁਣ ਵੀ ਮੇਰੇ ਸੀਨੀਅਰ ਵਰਿਆਮ ਸਿੰਘ ਸੰਧੂ, ਅਤਰਜੀਤ, ਲਾਲ ਸਿੰਘ ਅਤੇ ਮੇਰੇ ਸਮਕਾਲੀ ਬਲਵਿੰਦਰ ਸਿੰਘ ਗਰੇਵਾਲ ਇਨਕਲਾਬੀ ਇਤਿਹਾਸ ਦੇ ਨਾਇਕਾਂ ਤੋਂ ਪ੍ਰੇਰਨਾ ਵਾਲੀਆਂ ਕਹਾਣੀਆਂ ਲਿਖਦੇ ਹਨ।

? ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਜਿਹੜਾ ਬੰਦਾ ਜਿਸ ਵਰਗ ਦਾ ਹੋਵੇ, ਉਹਦੇ ਬਾਰੇ ਵਧੀਆ ਕਹਾਣੀ ਲਿਖ ਸਕਦਾ। ਪਰ ਤੇਰੀਆਂ ਔਰਤ ਬਿਰਤਾਂਤਕਾਰ ਵਜੋਂ ਲਿਖੀਆਂ ਕਹਾਣੀਆਂ ਵੱਧ ਸਮਰੱਥਾ ਵਾਲੀਆਂ ਹਨ। ਫੇਰ ਇਹ ਕਿਉਂ ?

- ਮੈਂ ਇੱਕ ਕਹਾਣੀਕਾਰ ਦੇ ਤੌਰ 'ਤੇ ਤਾਂ ਇਸ ਗੱਲ ਨਾਲ ਸਹਿਮਤ ਹਾਂ। ਕਹਾਣੀਕਾਰ ਜਿਸ ਵਰਗ ਦਾ ਹੋਵੇ, ਉਹਦਾ ਅਨੁਭਵ ਉਸ ਵਰਗ ਬਾਰੇ ਦੂਜੇ ਦੇ ਮੁਕਾਬਲੇ ਵੱਧ ਹੁੰਦਾ। ਪਰ ਮੈਂ ਇਹਤੇ ਕੱਟੜ ਨਹੀਂ ਹਾਂ। ਮੈਨੂੰ ਲਗਦਾ ਕੋਈ ਵੀ ਕਹਾਣੀਕਾਰ, ਜਿਸ ਕੋਲ ਸਮਾਜ ਪ੍ਰਤੀ ਅਨੁਭਵ, ਤਜਰਬਾ ਤੇ ਦ੍ਰਿਸ਼ਟੀ ਹੈ, ਉਹ ਕਹਾਣੀ ਲਿਖ ਸਕਦਾ ਹੈ। ਦੇਖੋ, ਮੈਂ ਔਰਤ ਨਹੀਂ ਹਾਂ ਪਰ ਮੈਂ ਔਰਤ ਬਿਰਤਾਂਤਕਾਰ ਵਜੋਂ "ਪਿੱਠ ਭੂਮੀ", "ਅੰਬਰ ਵੱਲ ਉਠੇ ਹੱਥ", "ਇਕਬਾਲ ਹੁਸੈਨ ਮੋਇਆ ਨਹੀਂ", "ਇਸ ਵਾਰ ਨਹੀਂ", "ਹਾਸ਼ੀਏ ਦੇ ਅੰਦਰ-ਬਾਹਰ" ਅਤੇ "ਸ਼ਾਇਦ ਰੰਮੀ ਮੰਨ ਜਾਏ" ਵਰਗੀਆਂ ਕਹਾਣੀਆਂ ਲਿਖੀਆਂ। ਇਹ ਕਹਾਣੀਆਂ ਦੂਜੀਆਂ ਦੇ ਮੁਕਾਬਲੇ ਕਿਸੇ ਗੱਲੋਂ ਘੱਟ ਨਹੀਂ ਹਨ। ਜਿੰਦਰ, ਰਸੂਲਪੁਰੀ, ਤਲਵਿੰਦਰ ਸਿੰਘ ਅਤੇ ਜਤਿੰਦਰ ਸਿੰਘ ਹਾਂਸ ਦੀਆਂ ਵੀ ਔਰਤ ਬਣ ਕੇ ਲਿਖੀਆਂ ਕਹਾਣੀਆਂ ਤਾਕਤਵਰ ਵੀ ਹਨ ਤੇ ਡੂੰਘੀਆਂ ਵੀ।

? ਜਦੋਂ ਹਰਿਮੰਦਰ ਸਾਹਿਬ ਦਾ ਸਾਕਾ ਤੇ ਚੌਰਾਸੀ ਕਤਲੇਆਮ ਹੋਇਆ, ਉਦੋਂ ਤੂੰ ਸਕੂਲ ਦਾ ਵਿਦਿਆਰਥੀ ਸੈਂ। ਪਰ ਤੂੰ "ਇਕਬਾਲ ਹੁਸੈਨ ਮੋਇਆ ਨਹੀਂ" ਵਰਗੀ ਕਹਾਣੀ ਲਿਖਦਾ। ਤੇਰੇ ਅੰਦਰ ਸੰਤਾਲੀ ਦੀ ਗਰਾਰੀ ਕਿਵੇਂ ਅੜ ਗਈ।

- ਮੈਂ 1999-2000 ਦੇ ਸਮੇਂ ਦੌਰਾਨ "ਇਕਬਾਲ ਹੁਸੈਨ ਮੋਇਆ ਨਹੀਂ" ਕਹਾਣੀ ਲਿਖੀ ਸੀ। ਇਸ ਕਹਾਣੀ ਬਾਰੇ ਡਾ: ਸੁਤਿੰਦਰ ਸਿੰਘ ਨੂਰ ਕਹਿੰਦੇ ਸਨ-ਜਿੰਨੀਆਂ ਹੁਣ ਤੱਕ ਪੰਜਾਬੀ ਵਿੱਚ ਸੰਤਾਲੀ ਤਰਾਸਦੀ ਬਾਰੇ ਕਹਾਣੀਆਂ ਲਿਖੀਆਂ ਗਈਆਂ। ਇਹ ਉਨ੍ਹਾਂ ਨਾਲੋਂ ਬਹੁਤ ਵੱਡੀ ਤੇ ਵੱਖਰੀ ਕਿਸਮ ਦੀ ਕਹਾਣੀ ਏ। ਉਨ੍ਹਾਂ ਦੇ ਕਹਿਣ 'ਤੇ ਮੈਨੂੰ ਸ਼ੱਕ ਹੁੰਦਾ ਸੀ ਕਿ ਕੀ ਮੈਂ ਸੱਚ ਮੁੱਚ ਐਡੀ ਵੱਡੀ ਕਹਾਣੀ ਲਿਖ ਦਿੱਤੀ ਹੈ। ਫੇਰ ਉਨ੍ਹਾਂ ਪੰਜਾਬੀ ਅਕਾਦਮੀ ਦਿੱਲੀ ਵੱਲੋਂ ਦਿੱਲੀ ਵਿਖੇ ਇੱਕ ਕਹਾਣੀ ਗੋਸ਼ਟੀ ਕਰਵਾਈ ਜਿਹਦੇ ਵਿੱਚ ਇਸ ਕਹਾਣੀ ਦਾ ਪਾਠ ਕਰਵਾਇਆ। ਇਸ ਪਿੱਛੋਂ ਵੀ ਉਹ ਇਸ ਕਹਾਣੀ ਉੱਤੇ ਮਹੱਤਵਪੂਰਨ ਗੱਲਾਂ ਕਰਦੇ ਰਹੇ। ਕਈ ਭਾਸ਼ਾਵਾਂ ਵਿੱਚ ਇਹ ਕਹਾਣੀ ਅਨੁਵਾਦ ਵੀ ਹੋਈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਦਿੱਲੀ ਯੂਨੀਵਰਸਿਟੀ ਦੇ ਬੀ.ਏ. ਭਾਗ ਦੂਜਾ ਦੇ ਸਿਲੇਬਸ ਦਾ ਹਿੱਸਾ ਵੀ ਬਣੀ ਹੋਈ ਹੈ। ਮੇਰੇ ਅੰਦਰ ਹਰਿਮੰਦਰ ਸਾਹਿਬ ਦੇ ਸਾਕੇ ਅਤੇ ਚੌਰਾਸੀ ਦੇ ਕਤਲੇਆਮ ਦਾ ਡੂੰਘਾ ਜ਼ਖ਼ਮ ਹੈ। ਸੰਤਾਲੀ ਦੇ ਕਤਲੇਆਮ ਜਿੱਡਾ। ਰਹੀ ਗੱਲ ਸੰਤਾਲੀ ਦੀ ਗਰਾਰੀ ਅੜਨ ਦੀ। ਮੈਨੂੰ ਅੱਜ ਤੱਕ ਪਤਾ ਨਹੀਂ ਲੱਗਾ ਕਿ ਮੇਰੇ ਅੰਦਰ ਔਰਤਾਂ ਪ੍ਰਤੀ ਹਮਦਰਦੀ ਅਤੇ ਸੰਤਾਲੀ ਦੀ ਵੱਢ-ਟੁੱਕ ਦੇ ਜ਼ਖ਼ਮ ਕਿਉਂ ਨੇ? ਇੱਕ ਕਾਰਨ ਸੰਤਾਲੀ ਬਾਰੇ ਪਰਿਵਾਰਕ ਹੈਗਾ। ਸਾਡਾ ਪਰਿਵਾਰ ਬਾਰ ਦੇ ਇਲਾਕੇ ਵਿੱਚ ਰਹਿੰਦਾ ਸੀ। ਮੇਰਾ ਦਾਦਾ ਮੇਰੇ ਬਾਪ ਅਤੇ ਚਾਰ ਭੂਆ ਨੂੰ ਲੈ ਕੇ ਇੱਧਰ ਆਇਆ ਸੀ। ਉਨ੍ਹਾਂ ਦਾ ਕੋਈ ਜਾਨੀ ਨੁਕਸਾਨ ਨਹੀਂ ਸੀ ਹੋਇਆ। ਉਨ੍ਹਾਂ ਸਿਰਫ਼ ਮਾਲੀ ਨੁਕਸਾਨ ਹੀ ਝੱਲਿਆ ਸੀ। ਇਸਦੇ ਬਾਵਜੂਦ ਮੇਰੇ ਬਾਪ ਕੋਲ ਮੁਸਲਮਾਨਾਂ ਪ੍ਰਤੀ ਹਾਂ-ਪੱਖੀ ਸੋਚ ਹੈ। ਉਨ੍ਹਾਂ ਬਾਰੇ ਉਸ ਕੋਲ ਬਹੁਤ ਸਾਰੀਆਂ ਕਹਾਣੀਆਂ ਅਤੇ ਘਟਨਾਵਾਂ ਹਨ। ਜਿਹੜਾ ਮੈਨੂੰ ਦੂਜਾ ਵੱਡਾ ਕਾਰਨ ਲੱਗਦਾ-ਉਹ ਹੈ ਪੰਜਾਬ ਸੰਤਾਪ ਦਾ ਡੇਢ ਦਹਾਕਾ। ਉਸ ਸਮੇਂ ਸਟੇਟ ਨੇ ਪੰਜਾਬ ਨਾਲ ਬੜੀ ਖਤਰਨਾਕ ਖੇਡ-ਖੇਡੀ। ਮੈਨੂੰ ਲਗਦੈ ਲੇਖਕਾਂ ਦੀਆਂ ਰਚਨਾਵਾਂ, ਰੰਗਕਰਮੀਆਂ ਦੇ ਨਾਟਕ ਅਤੇ ਇਨਕਲਾਬੀਆਂ ਦੇ ਭਾਸ਼ਣਾਂ ਨੇ ਮੈਨੂੰ ਸੰਤਾਲੀ ਨਾਲ ਜੋੜਿਆ। ਪੰਜਾਬ ਸਮੱਸਿਆ ਅਤੇ ਸੰਤਾਲੀ ਦਾ ਦਰਦ ਇਕਮਿਕ ਹੋ ਗਿਆ। ਜਦੋਂ ਮੈਂ "ਨਵਾਂ ਜ਼ਮਾਨਾ" ਅਖ਼ਬਾਰ ਵਿੱਚ "ਇਤਿਹਾਸ ਦੀਆਂ ਪੈੜਾਂ" ਕਾਲਮ ਲਿਖਣ ਲੱਗਾ ਉਦੋਂ ਜਿੰਨੇ ਵੀ ਪਿੰਡਾਂ ਦਾ ਇਤਿਹਾਸ ਲਿਖਿਆ, ਸੰਤਾਲੀ ਦੀ ਵੱਢ ਟੁੱਕ ਜ਼ਰੂਰ ਲਿਖੀ। ਇਸ ਲਿਖਤ ਵਿੱਚੋਂ ਹੀ ਲਾਹੌਰ ਦੀ ਅਦੀਬਾ ਅਫ਼ਜ਼ਲ ਤੌਸੀਫ਼ ਨਾਲ ਸੰਬੰਧ ਜੁੜਦੇ ਹਨ। ਉਹ ਮੇਰੀ ਭੂਆ ਬਣ ਆਪਣੀ ਅਗਵਾ ਹੋਈ ਭੈਣ ਨੂੰ ਲੱਭਣ ਦੇ ਰਾਹ ਪਾਉਂਦੀ ਹੈ। ਉਹਦੀ ਸਕੀ ਭੈਣ ਤਾਂ ਨਾ ਮਿਲੀ ਪਰ ਉਹਦੀਆਂ ਹੋਰ ਬਹੁਤ ਸਾਰੀਆਂ ਭੈਣਾਂ ਮਿਲ ਗਈਆਂ, ਜਿਹੜੀਆਂ ਇੱਧਰ ਜ਼ਬਰਦਸਤੀ ਰੱਖ ਲਈਆਂ ਗਈਆਂ ਸਨ। ਉਨ੍ਹਾਂ ਵਿੱਚੋਂ ਹੀ "ਇਕਬਾਲ ਹੁਸੈਨ ਮੋਇਆ ਨਹੀਂ" ਕਹਾਣੀ ਜਨਮ ਲੈਂਦੀ ਹੈ।

? ਚੱਲ ਯਾਰ ਛੱਡ ਇਨ੍ਹਾਂ ਉਦਾਸ ਗੱਲਾਂ ਨੂੰ। ਤੇਰੀ ਕਹਾਣੀ ਦੀ ਰਚਨਾ ਪ੍ਰਕਿਰਿਆ ਕੀ ਹੈ ? ਕਹਾਣੀ ਦਾ ਸੋਮਾ ਕੀ ਆ।

- ਦੇਖੋ ਜੀ, ਆਮ ਤੌਰ ਤੇ ਦੋ ਹੀ ਵਿਚਾਰ ਪ੍ਰਚੱਲਤ ਹਨ। ਇੱਕ ਤਾਂ ਇਹ ਕਿ ਕਲਾਕਾਰੀ ਦੇ ਬੀਅ ਪ੍ਰਮਾਤਮਾ ਤੁਹਾਡੇ ਅੰਦਰ ਬੀਜਦਾ ਹੈ। ਲੇਖਕ ਨੂੰ ਧੁਰੋਂ ਅਲਾਹੀ ਬਾਣੀ ਹੁੰਦੀ ਹੈ। ਦੂਜਾ ਵਿਚਾਰ ਇਸ ਨੂੰ ਰੱਦ ਕਰਦਾ ਹੈ। ਉਸਦਾ ਮੰਨਣਾ ਹੈ ਕਿ ਲੇਖਕ ਜਿਸ ਦੁਨੀਆਂ ਵਿੱਚ ਰਹਿੰਦਾ ਹੈ, ਉਹਦੇ ਬਾਰੇ ਤਜਰਬਾ ਹਾਸਲ ਕਰਕੇ ਰਚਨਾ ਕਰਦਾ ਹੈ। ਲੇਖਕ ਦਾ ਤਜਰਬਾ ਐਨਾ ਹੋ ਜਾਂਦਾ ਹੈ ਕਿ ਉਹ ਆਪਣੀ ਕਲਾਕਾਰੀ ਨਾਲ ਰਚਨਾ ਨੂੰ ਜਨਮ ਦਿੰਦਾ ਹੈ। ਮੈਂ ਦੂਜੇ ਵਿਚਾਰ ਦਾ ਹਾਮੀ ਹਾਂ। ਬਾਕੀ ਵਿਚਾਰ ਮੈਂ ਆਪਣੇ ਆਲੇ ਦੁਆਲੇ ਦੇ ਪਾਤਰਾਂ ਤੋਂ ਹੀ ਲੈਂਦਾ ਹਾਂ। ਮੈਂ ਇਤਿਹਾਸ ਮਿਥਿਹਾਸ ਵਿੱਚੋਂ ਵਿਚਾਰ ਤੇ ਪਾਤਰ ਲੈਂਦਾ ਹਾਂ। ਮੈਂ ਲਿਖਤੀ ਇਤਿਹਾਸ/ ਮਿਥਿਹਾਸ ਨਾਲੋਂ ਲੋਕਾਂ ਵਿੱਚੋਂ ਪ੍ਰਚੱਲਤ ਨੂੰ ਜ਼ਿਆਦਾ ਵਰਤਦਾਂ। ਮੈਂ ਆਪ ਵੀ ਮੌਖਿਕ ਇਤਿਹਾਸ ਲਿਖਿਆ ਹੈ। ਉਹ ਹੀ ਜ਼ਿਆਦਾ ਵਰਤਦਾ। ਬਾਕੀ ਮੈਂ ਵਿਗਿਆਨ ਦਾ ਵਿਦਿਆਰਥੀ ਰਿਹਾ। ਮੈਂ ਵਿਗਿਆਨ ਦੀਆਂ ਖੋਜਾਂ ਅਤੇ ਥੌਟ ਨੂੰ ਵੀ ਵਰਤਦਾ। ਵਿਗਿਆਨਕ ਸੋਚ ਕਾਰਨ ਮੈਂ ਤਰਕਸ਼ੀਲ ਸੁਸਾਇਟੀ ਨਾਲ ਵੀ ਜੁੜਿਆ ਰਿਹਾ। ਉਹ ਥੌਟ ਅਤੇ ਪਾਤਰ ਵੀ ਆ ਜਾਂਦੇ ਹਨ। ਦੁਆਬੇ ਦਾ ਵਿਦੇਸ਼ ਨਾਲ ਬੜਾ ਵਾਹ ਆ। ਮੇਰੇ ਬਹੁਤੇ ਮਿੱਤਰ ਵਿਦੇਸ਼ਾਂ ਵਿੱਚ ਸੈਟਲ ਹਨ। ਪ੍ਰਵਾਸ ਨਾਲ ਜੁੜੀ ਹਰ ਸ਼ੈ ਮੇਰੀ ਕਹਾਣੀ ਵਿੱਚ ਆ ਸਕਦੀ ਹੈ। ਔਰਤ ਵੇਦਨਾ, ਸੰਤਾਲੀ, ਚੌਰਾਸੀ, ਪੰਜਾਬ ਸਮੱਸਿਆ ਮੇਰੇ ਅੰਦਰ ਬੈਠੇ ਹੋਏ ਹਨ ਤਾਂ ਕਹਾਣੀ ਵਿੱਚ ਤਾਂ ਥਾਂ ਲੈਣਗੇ ਹੀ। ਫ਼ਿਰਕਾਪ੍ਰਸਤੀ ਦੇ ਮੈਂ ਖਿਲਾਫ਼ ਹਾਂ। ਮੇਰੇ ਦੋਸਤ, ਮੇਰੇ ਕਿੱਤੇ (ਅਧਿਆਪਨ) ਨਾਲ ਜੁੜੇ ਕੁਲੀਗ ਵੀ ਕਹਾਣੀ 'ਤੇ ਮਾਰ ਕਰਦੇ ਹਨ। ਬਾਕੀ ਆਂਢ-ਗੁਆਂਢ ਦਾ ਵੀ ਖ਼ਿਆਲ ਰੱਖੀਦਾ ਆ। ਪਰਿਵਾਰ ਦੇ ਮੈਂਬਰ ਵੀ ਜੋ ਮਾਰਦੇ ਆ। ਕਿਤੇ-ਕਿਤੇ ਮੇਰਾ ਆਪਾ ਵੀ ਆ ਹਾਜ਼ਰ ਹੁੰਦਾ ਹੈ ਜਿਵੇਂ "ਹੈਲੋ ਡੋਗ" ਕਹਾਣੀ ਵਿੱਚ। ਮੈਂ ਰਚਨਾ ਪ੍ਰਕਿਰਿਆ ਦੀ ਇੱਕ ਉਦਾਹਰਣ ਦੇ ਕੇ ਗੱਲ ਖਤਮ ਕਰਾਂਗਾ। ਮੇਰਾ ਸ਼ਾਇਰ ਦੋਸਤ ਕੁਲਵਿੰਦਰ ਕੁੱਲਾ ਏ। ਇਹ ਗੱਲ ਸੰਨ 2006 ਦੀ ਹੈ। ਉਸ ਆਪਣੇ ਗੁਆਂਢੀ ਮੁਹੱਲੇ ਦੀ ਗੱਲ ਸੁਣਾਈ। ਇੱਕ ਔਰਤ ਦੀਆਂ ਦੋ ਕੁੜੀਆਂ ਆਰਕੈਸਟੇ ਵਾਲਿਆਂ ਨਾਲ ਕੰਮ ਕਰਦੀਆਂ ਹੁੰਦੀਆਂ। ਘਰ ਵਿੱਚ ਚੰਗੀ ਸੁਰੱਗੀ ਹੈ। ਉਨ੍ਹਾਂ ਦੀ ਗੁਆਂਢਣ ਆ ਕੇ ਉਸ ਔਰਤ ਨੂੰ

ਕਹਿਣ ਲੱਗੀ-ਮੈਂ ਸੁਣਿਆ ਤੇਰੀਆਂ ਕੁੜੀਆਂ ਧੰਦਾ ਵੀ ਕਰਦੀਆਂ, ਉਹ ਮੋਹਰੋ ਹੱਸ ਕੇ ਬੋਲੀ-ਭੈਣੇ, ਆਹ ਕਾਰਾਂ ਕੋਠੀਆਂ ਇਨ੍ਹਾਂ ਦੀ ਬਦੌਲਤ ਬਣੀਆਂ। ਮੈਂ ਇਨ੍ਹਾਂ ਨੂੰ ਘਰ ਆਈਆਂ ਨੂੰ ਕੰਗਣੀ ਵਾਲਾ ਦੁੱਧ ਦਾ ਗਿਲਾਸ ਪਿਲਾਉਂਦੀ ਆਂ। ਉਹ ਔਰਤ ਉਸ ਘਰ ਦੀ ਸ਼ਾਨੋ ਸ਼ੌਕਤ ਦੇਖ ਕੇ ਆਪਣੀ ਕੁੜੀ ਲਈ ਵੀ ਕੰਗਣੀ ਵਾਲਾ ਗਿਲਾਸ ਖਰੀਦਣ ਲਈ ਬਾਜ਼ਾਰ ਨੂੰ ਤੁਰ ਪੈਂਦੀ ਆ। ਮੈਂ ਉਸੇ ਵਕਤ ਕੁੱਲਾ ਜੀ ਨੂੰ ਸਵਾਲ ਕੀਤਾ-ਜੇ ਭੁੱਖ ਨੰਗ ਨਾਲ ਲੜਦੇ ਹੋ। ਗਰੀਬੀ ਨੇ ਬੁਰਾ ਹਾਲ ਕੀਤਾ ਹੋਇਆ ਤਾਂ ਕੀ ਹੁਣ ਧੀਆਂ ਭੈਣਾਂ ਨੂੰ ਧੰਦਾ ਕਰਨ ਲਾ ਦੇਈਏ। ਮੈਂ ਉਸਦੇ ਦੱਸੇ ਦੇ ਉਲਟ ਕਹਾਣੀ ਲਿਖੀ।

? ਤੇਰੀ ਇੱਕ ਵੀ ਕਹਾਣੀ ਵਰਜਿਤ ਸੰਬੰਧਾਂ ਬਾਰੇ ਨਹੀਂ ਹੈ। ਤੈਨੂੰ ਇਸ ਵਿਸ਼ੇ 'ਤੇ ਲਿਖਣਾ ਨਹੀਂ ਆਉਂਦਾ ਜਾਂ ਜਾਣ ਕੇ ਟਾਲਾ ਵੱਟਦਾ।

- ਮੇਰੇ ਮਿੱਤਰ ਕਹਾਣੀਕਾਰ ਕਹਿਣਗੇ-ਭਾਈ ਸਿੱਧੂ, ਤੇਰੇ ਤਾਂ ਪਾਤਰ ਆਜ਼ਾਦ ਨਹੀਂ। ਜਾਂ ਤੂੰ ਪਾਤਰਾਂ ਦੀ ਕੈਦ ਵਿੱਚ ਏ। ਹੋ ਸਕਦਾ ਤੈਨੂੰ ਔਰਤ-ਮਰਦ ਦੇ ਸੰਬੰਧਾਂ ਦੀ ਜਾਣਕਾਰੀ ਹੀ ਨਾ ਹੋਵੇ। ਮੈਂ ਹੱਸ ਪੈਂਦਾ ਆ। ਮੈਨੂੰ ਲਗਦਾ ਜਿਵੇਂ ਪ੍ਰਗਤੀਵਾਦੀਆਂ ਨੇ ਆਪਣੇ ਦੌਰ ਵਿੱਚ ਮਜ਼ਦੂਰਾਂ ਕਿਸਾਨਾਂ ਲਈ ਨਾਅਰੇਬਾਜ਼ੀ ਕੀਤੀ, ਉਵੇਂ ਪਿਛਲੇ 15-20 ਸਾਲ ਤੋਂ ਦੇਹਵਾਦ ਜਾਂ ਵਰਜਿਤ ਰਿਸ਼ਤਿਆਂ ਬਾਰੇ ਨਾਅਰੇਬਾਜ਼ੀ ਹੋ ਰਹੀ ਹੈ। ਵਰਜਿਤ ਰਿਸ਼ਤਿਆਂ ਦੀ ਪਰਿਭਾਸ਼ਾ ਕੀ ਹੈ ? ਏਹੀ ਕਿ ਦੂਰ ਦੇ ਜਾਂ ਨੇੜਲੇ ਰਿਸ਼ਤਿਆਂ ਨਾਲ ਸਰੀਰਕ ਸਬੰਧ ਕਾਇਮ ਕਰ ਲੈਣੇ ਸੰਬੰਧ ਹੁੰਦੇ ਹਨ। ਜਦੋਂ 1990 ਤੋਂ ਬਾਅਦ ਇਸ ਕਿਸਮ ਦੀ ਕਹਾਣੀ ਨੇ ਜ਼ੋਰ ਫੜਿਆ। ਕੀ ਉਦੋਂ ਵਿਸ਼ਵ ਕਲਚਰ ਜਾਂ ਦੇਹਵਾਦ ਵਾਕਿਆ ਸਾਡੇ ਰਿਸ਼ਤਿਆਂ ਵਿੱਚ ਆ ਗਿਆ ਸੀ ? ਕੀ ਐਦਾਂ ਨਹੀਂ ਸੀ ਲਗਦਾ ਕਿ ਪੰਜਾਬੀ ਕਹਾਣੀਕਾਰ ਮੱਲੋ ਮੱਲੀ ਉਸ ਪਾਸੇ ਲੋਕਾਂ ਨੂੰ ਪ੍ਰੇਰਤ ਕਰ ਰਹੇ ਸਨ। ਸਾਡੇ ਕੋਲ ਕੁੱਝ ਕਹਾਣੀਕਾਰ ਹਨ ਜਿਨ੍ਹਾਂ ਕੋਲ ਅਜਿਹੀਆਂ ਕਹਾਣੀਆਂ ਲਿਖਣ ਦੀ ਪ੍ਰਤਿਭਾ ਹੈ। ਉਹ ਕਲਪਨਾ ਕਰਕੇ ਵੀ ਲਿਖ ਸਕਦੇ ਹਨ। ਪਰ ਉਹ ਅਜਿਹਾ ਲਿਖ ਕੇ ਲੋਕਾਂ ਨੂੰ ਕਿਹੜੇ ਪਾਸੇ ਤੋਰ ਰਹੇ ਸਨ? ਮੈਂ "ਥੇਹ", "ਨਸੂਰ", "ਪਿੱਠ ਭੂਮੀ", "ਖੂਹ ਗਿੜਦਾ ਹੈ" ਅਤੇ "ਈਵਾਨ ਇਲੀਚ ਦੀ ਦੂਜੀ ਮੌਤ" ਕਹਾਣੀਆਂ ਵਿੱਚ ਵਰਜਿਤ ਰਿਸ਼ਤਿਆਂ ਦੀ ਗੱਲ ਕੀਤੀ। ਮੇਰੇ ਲਈ ਸੁਆਦ ਲੈਣ ਜਾਂ ਪਾਠਕਾਂ ਨੂੰ ਸੁਆਦ ਦੇਣ ਦਾ ਮਸਲਾ ਨਹੀਂ ਸੀ। ਮੇਰੇ ਲਈ ਅਹਿਮ ਮਸਲੇ ਹੋਰ ਸਨ। ਇਨ੍ਹਾਂ ਕਹਾਣੀਆਂ ਵਿੱਚ ਵਰਜਿਤ ਰਿਸ਼ਤੇ ਤਾਂ ਸਹਿਜ ਭਾਅ ਨਾਲ ਹੀ ਆ ਗਏ। ਕਈ ਕਹਾਣੀਕਾਰ ਤਾਂ ਵਰਜਿਤ ਸੰਬੰਧਾਂ ਤੋਂ ਵੀ ਅਗਾਂਹ ਨਿਕਲ ਕੇ ਹੁਣ ਹੋਮੋ ਸੈਕਸੁਅਲ, ਗੇਅ ਆਦਿ ਮਸਲਿਆਂ ਨੂੰ ਹੀ ਪੂਰਨ ਸਮਰਪਿਤ ਹੋ ਰਹੇ ਹਨ। ਮੈਂ ਇਹਨਾਂ ਦੇ ਵਿਰੁੱਧ ਨਹੀਂ ਪਰ ਕਹਾਣੀ ਦਾ ਸਹਿਜ ਬਿਰਤਾਂਤ ਤੇ ਸੁਭਾਵਿਕਤਾ ਖਤਮ ਨਹੀਂ ਹੋਣੀ ਚਾਹੀਦੀ।

? ਤੇਰਾ ਆਪਣੇ ਪਾਤਰਾਂ ਨਾਲ ਕਦੇ ਡਾਇਆਲਾਗ ਵੀ ਹੁੰਦਾ ਕਿ ਫਲਾਣੇ ਪਾਤਰ ਨਾਲ ਇਨਸਾਫ਼ ਨਹੀਂ ਹੋਇਆ।

- ਪਹਿਲੀ ਗੱਲ ਤਾਂ ਇਹ ਕਿ ਜਦੋਂ ਮੈਂ ਕਹਾਣੀ ਲਿਖ ਕੇ ਹਟਦਾਂ, ਮੈਨੂੰ ਬਾਅਦ ਵਿੱਚ ਲਗਦਾ ਜਿਵੇਂ ਮੇਰੇ ਅੰਦਰੋਂ ਕੁੱਝ ਮੁੱਕ ਗਿਆ ਹੋਵੇ। ਫੇਰ ਤਰੋਤਾਜ਼ਾ ਹੋ ਕੇ ਨਵੀਂ ਕਹਾਣੀ ਲਿਖਣ ਵੇਲੇ ਭਰਿਆ-ਭਰਿਆ ਮਹਿਸੂਸ ਕਰਦਾ। ਜਦੋਂ ਮੈਂ ਆਪਣੀਆਂ ਲਿਖੀਆਂ ਤੇ ਛਪੀਆਂ ਕਹਾਣੀਆਂ ਪੜ੍ਹਦਾ, ਤਾਂ ਮੈਨੂੰ ਤਸੱਲੀ ਹੁੰਦੀ ਆ ਕਿ ਕੀ ਇਹ ਕਹਾਣੀਆਂ ਮੇਰੀਆਂ ਲਿਖੀਆਂ ਹੋਈਆਂ ਹਨ ? ਜਦੋਂ ਮੈਂ ਫ਼ੇਰ ਕਹਾਣੀਕਾਰ ਬਣ ਕੇ ਆਪਣੇ ਪਾਤਰਾਂ ਨਾਲ ਡਾਇਆਲਾਗ ਕਰਦਾ ਤਾਂ ਮੈਨੂੰ ਸੋਧ ਦੀ ਗੁੰਜ਼ਾਇਸ਼ ਤਾਂ ਲਗਦੀ ਆ ਪਰ ਕਦੇ ਇਹ ਨਹੀਂ ਲੱਗਿਆ ਕਿ ਫਲਾਣੇ ਪਾਤਰ ਨਾਲ ਇਨਸਾਫ਼ ਨਹੀਂ ਕੀਤਾ।



? ਪਾਠਕਾਂ ਦਾ ਅਚੇਤ ਦਬਾਅ ਵੀ ਹੈਗਾ।

- ਦੇਖੋ ਹਰੇਕ ਲੇਖਕ 'ਤੇ ਪਾਠਕ ਦਾ ਦਬਾਅ ਹੁੰਦਾ। ਕਿਸੇ 'ਤੇ ਘੱਟ ਹੁੰਦਾ ਤੇ ਕਿਸੇ 'ਤੇ ਵੱਧ। ਮੇਰੇ ਉੱਤੇ ਤਾਂ ਸਿਰਫ਼ ਐਨਾ ਕੁ ਹੈਗਾ ਕਿ ਮੈਂ ਜੋ ਲਿਖਿਆ, ਉਹ ਪਾਠਕ ਨੂੰ ਪਸੰਦ ਆ ਜਾਵੇ। ਜੇ ਜ਼ਿਆਦਾ ਦਬਾਅ ਹੋਵੇ ਤਾਂ ਲੇਖਕ ਦੀ ਕਲਾਕਾਰੀ ਦੱਬ ਜਾਂਦੀ ਆ। ਹੋ ਸਕਦਾ ਫੇਰ ਖੜੋਤ ਵੀ ਆ ਜਾਵੇ।

? ਤੇਰੀ ਕਹਾਣੀ ਲਿਖਣ ਦੀ ਰਫ਼ਤਾਰ ਮੱਠੀ ਪੈ ਗਈ ਹੈ। ਇਸਦਾ ਕੀ ਕਾਰਨ ਹੈ ?

- ਮੈਂ "ਨਵਾਂ ਜ਼ਮਾਨਾ" ਵਿੱਚ "ਇਤਿਹਾਸ ਦੀਆਂ ਪੈੜਾਂ" ਕਾਲਮ ਲਿਖਦਾ ਹੁੰਦਾ ਸੀ। ਇਨ੍ਹਾਂ ਪੈੜਾਂ ਕਾਰਨ "ਦੀ ਸੋਅਰਡ ਆਫ ਬੰਦਾ ਸਿੰਘ ਬਹਾਦਰ" ਅਤੇ "ਇਕਬਾਲ ਹੁਸੈਨ ਮੋਇਆ ਨਹੀਂ" ਵਰਗੀਆਂ ਵੱਡੀਆਂ ਕਹਾਣੀਆਂ ਲਿਖੀਆਂ। ਮੈਂ ਵਿਗਿਆਨ ਦਾ ਇੱਕ ਦੋ-ਮਾਸਿਕ ਪਰਚਾ "ਵਿਗਿਆਨ ਜੋਤ" 1997 ਤੋਂ ਕੱਢਦਾ। ਇਸ ਪਰਚੇ ਅਤੇ ਵਿਗਿਆਨ ਨਾਲ ਜੁੜੇ ਹੋਣ ਕਾਰਨ "ਡਾਇਨਾਸੌਰ", "ਦਿੱਲੀ ਦੇ ਕਿੰਗਰੇ","ਕਬਰ 'ਚ ਦਫ਼ਨ ਹਜ਼ਾਰ ਵਰ੍ਹੇ" ਵਰਗੀਆਂ ਮਹੱਤਵਪੂਰਨ ਕਹਾਣੀਆਂ ਪੰਜਾਬੀ ਸਾਹਿਤ ਨੂੰ ਦਿੱਤੀਆਂ। ਇਨਕਲਾਬੀਆਂ ਵਿੱਚੋਂ ਮੈਨੂੰ ਸਭ ਤੋਂ ਵੱਧ ਮੋਹ ਕਾ. ਦਰਸ਼ਨ ਦੁਸਾਂਝ ਨਾਲ ਸੀ। ਜਿਸ ਦੀਆਂ ਪੁਲਿਸ ਨੇ 1970 ਵਿਆਂ ਵਿੱਚ ਇਨਕਲਾਬਪਸੰਦ ਹੋਣ ਦੇ ਦੋਸ਼ ਵਿੱਚ ਲੱਤਾਂ ਵੱਢ ਦਿੱਤੀਆਂ ਸਨ। ਇਸੇ ਦੋਸ਼ ਵਿੱਚ ਗਦਰੀ ਬਾਬੇ ਬੂਝਾ ਸਿੰਘ ਜਿਹਾ ਬਾਬਾ ਬੋਹੜ ਵੱਢ ਸੁੱਟਿਆ ਸੀ। ਮੈਂ ਦੋਨਾਂ ਜੰਗਜੂਆਂ ਦੀਆਂ ਜੀਵਨੀਆਂ ਵੀ ਲਿਖੀਆਂ ਤੇ ਦੋਨਾਂ ਨੂੰ ਪਾਤਰ ਲੈ ਕੇ "ਦਿੱਲੀ ਦੇ ਕਿੰਗਰੇ" ਕਹਾਣੀ ਵੀ ਲਿਖੀ। ਮੈਂ ਕਾਲਜ ਦੇ ਦਿਨਾਂ ਦਾ ਤਰਕਸ਼ੀਲ ਸੁਸਾਇਟੀ ਰਾਹੀਂ ਗਿਆਨ ਵਿਗਿਆਨ ਦੇ ਪਾਸਾਰ ਵਿੱਚ ਜੁਟਿਆ ਹੋਇਆ ਹਾਂ। 1997 ਤੋਂ ਅਧਿਆਪਨ ਦੇ ਕਿੱਤੇ ਨਾਲ ਜੁੜਨ ਤੋਂ ਬਾਅਦ ਅਧਿਆਪਕ ਜੱਥੇਬੰਦੀ ਵਿੱਚ ਵੀ ਸਰਗਰਮ ਹੋ ਗਿਆ ਸੀ। ਪੱਤਰਕਾਰੀ, ਵਿਗਿਆਨ ਜੋਤ, ਜੀਵਨੀਆਂ ਜਾਂ ਜਥੇਬੰਦਕ ਸਰਗਰਮੀਆਂ ਦੀਆਂ ਕਹਾਣੀ ਦੇ ਖੇਤਰ ਵਿੱਚ ਪ੍ਰਾਪਤੀਆਂ ਘੱਟ ਹਨ ਤੇ ਨੁਕਸਾਨ ਵੱਧ। ਇਨ੍ਹਾਂ ਨਾਲ ਮੈਂ ਪ੍ਰਭਾਵਤ ਹੋਇਆ ਹਾਂ। ਹੁਣ ਤੇ ਥੋੜ੍ਹੀ ਸਿਹਤ ਨੇ ਗੜਬੜ ਕੀਤੀ ਹੋਈ ਹੈ। ਜੌਬ ਦਾ ਤੇ ਪਰਿਵਾਰਕ ਕੰਮਾਂ ਕਾਰਾਂ ਦਾ ਵੀ ਸਟਰੈੱਸ ਹੈ।

? ਕਦੇ ਨਾਵਲ ਲਿਖਣ ਬਾਰੇ ਵੀ ਸੋਚਿਆ।

- ਜਦੋਂ ਮੈਂ ਕਹਾਣੀ ਲਿਖਦਾਂ, ਸਭ ਤੋਂ ਪਹਿਲਾਂ ਆਪਣੇ ਕਾਲਜ ਅਧਿਆਪਕ ਡਾ. ਮਹਿੰਦਰ ਸਿੰਘ ਬਨਵੈਤ ਜੀ ਨੂੰ ਦਿਖਾਉਂਦਾਂ। ਉਹ ਹਰ ਕਹਾਣੀ ਪੜ੍ਹ ਕੇ ਕਹਿਣਗੇ-"ਬੇਟਾ, ਆਹ ਕਹਾਣੀ ਤਾਂ ਨਾਵਲ ਦਾ ਆਕਾਰ ਲੈ ਸਕਦੀ ਸੀ। ਤੂੰ ਨਾਵਲ ਲਿਖ"। ਪਰ ਮੈਂ ਕਦੇ ਵੀ ਨਾਵਲ ਲਿਖਣ ਬਾਰੇ ਸੋਚਿਆ ਨਹੀਂ। ਨਾਵਲ ਲਿਖਣ ਲਈ ਖੁੱਲ੍ਹਾ ਸਮਾਂ ਚਾਹੀਦਾ।

? ਕਹਾਣੀਕਾਰ ਸਿੱਧੂ ਸੰਪਾਦਕਾਂ ਨਾਲ, ਆਲੋਚਕਾਂ ਨਾਲ, ਆਪਣੇ ਸਮਕਾਲੀਆਂ ਨਾਲ ਕਦੇ ਟਕਰਾਅ ਵਿੱਚ ਨਹੀਂ ਪਿਆ। ਇਹਦਾ ਕੀ ਕਾਰਨ ਏ।

- ਸਾਹਿਤ ਦੀਆਂ ਛੋਟੀਆਂ ਮੋਟੀਆਂ ਗੱਲਾਂ ਕਾਰਨ ਟਕਰਾਅ ਵਿੱਚ ਪੈਣਾ ਮੇਰੇ ਸੁਭਾਅ ਵਿੱਚ ਸ਼ਾਮਿਲ ਨਹੀਂ ਹੈ। ਖਾਸਕਰ ਆਪਣੇ ਟੱਬਰ ਵਿੱਚ। ਸਾਡਾ ਸਾਹਿਤਕਾਰਾਂ ਦਾ ਇਹ ਟੱਬਰ ਹੀ ਤਾਂ ਹੈ। ਕੋਈ ਵੱਡਾ ਪੰਗਾ ਹੋਵੇ ਤਾਂ ਬੰਦਾ ਸੋਚ ਸਕਦਾ। ਨਿੱਕੀਆਂ-ਨਿੱਕੀਆਂ ਗੱਲ੍ਹਾਂ ਨੂੰ ਇਗਨੋਰ ਕਰਦਾ। ਮੈਂ ਦੋ ਘਟਨਾਵਾਂ ਸਾਂਝੀਆਂ ਕਰਨਾ ਚਾਹੁੰਦਾ । ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨੇ ਸੰਨ 2001 ਵਿੱਚ ਅੰਮ੍ਰਿਤਸਰ ਵਿਖੇ ਕਹਾਣੀ ਉਤਸਵ ਕਰਵਾਇਆ। ਉੱਥੇ ਇੱਕ ਸਾਡੇ ਬਹੁਤ ਹੀ ਸਿਆਣੇ ਆਲੋਚਕ ਨੇ ਜਾਦੂਈ ਬਿਰਤਾਂਤ ਦੀ ਕਥਾ ਵਿਧੀ ਬਾਰੇ ਪੇਪਰ ਪੜ੍ਹਿਆ। ਉਨ੍ਹਾਂ ਮੇਰੀਆਂ ਕਹਾਣੀਆਂ "ਥੇਹ", "ਇਕਬਾਲ ਹੁਸੈਨ ਮੋਇਆ ਨਹੀਂ" ਅਤੇ "ਖੂਹ ਗਿੜਦਾ ਹੈ" ਦਾ ਵੇਰਵਾ ਦੇ

ਕੇ ਕਹਿ ਦਿੱਤਾ ਕਿ ਜਾਦੂਈ ਬਿਰਤਾਂਤ ਦਾ ਸਪੱਸ਼ਟ ਮੁਹਾਂਦਰਾ ਇਨ੍ਹਾਂ ਕਹਾਣੀਆਂ ਰਾਹੀਂ ਪ੍ਰਗਟ ਹੋਇਆ। ਦੋ ਕੁ ਹੋਰ ਵਿਦਵਾਨਾਂ ਨੇ ਵੀ ਮੇਰੀਆਂ ਕਹਾਣੀਆਂ ਨੂੰ ਮਾਡਲ ਕਹਾਣੀਆਂ ਵਜੋਂ ਪੇਸ਼ ਕਰ ਦਿੱਤਾ। ਸਾਡਾ ਇੱਕ ਬਹੁਤ ਹੀ ਸੀਨੀਅਰ ਕਹਾਣੀਕਾਰ ਇਸ ਗੱਲ 'ਤੇ ਤੜਫ਼ ਉੱਠਿਆ। ਉਹ ਆਪਣੇ ਸਾਥੀਆਂ ਸਮੇਤ ਵਿਦਵਾਨ ਆਲੋਚਕ ਨੂੰ ਪਾਸੇ ਲੈ ਗਿਆ। ਡੇਢ ਦੋ ਘੰਟੇ ਮੇਰੀਆਂ ਇਨ੍ਹਾਂ ਕਹਾਣੀਆਂ ਦੀ ਨੁਕਤਾਚਿਨੀ ਕਰਦੇ ਹੋਏ ਆਲੋਚਕ ਨੂੰ 'ਸਮਝਾਉਂਦੇ' ਰਹੇ। ਉਨ੍ਹਾਂ ਵਿੱਚ ਸ਼ਾਮਿਲ ਕਿਸੇ ਕਹਾਣੀਕਾਰ ਨੇ ਮੈਨੂੰ ਸਾਰੀ ਘਟਨਾ ਸੁਣਾਈ। ਉਦੋਂ ਮੈਨੂੰ ਗੁੱਸਾ ਜ਼ਰੂਰ ਆਇਆ ਪਰ ਅੱਜ ਤੱਕ ਮੈਂ ਉਸ ਸੀਨੀਅਰ ਕਹਾਣੀਕਾਰ ਦੀ ਇੱਜ਼ਤ ਕਰਦਾ ਹਾਂ। ਦੂਜਾ ਮੇਰਾ ਮਿੱਤਰ ਏ ਦੇਸ ਰਾਜ ਕਾਲੀ। ਮੈਂ ਉਹਨੂੰ ਐਜ ਏ ਮੈਨ ਬਹੁਤ ਪਿਆਰ ਕਰਦਾ। ਅੱਜ ਕਲ੍ਹ ਉਹ ਮੇਰੀਆਂ ਕਹਾਣੀਆਂ ਬਾਰੇ ਪਰਚਿਆਂ ਵਿੱਚ, ਗੋਸ਼ਟੀਆਂ/ਸੈਮੀਨਾਰਾਂ ਉੱਤੇ ਅਤੇ ਟੀ.ਵੀ. ਉੱਤੇ ਵੀ 'ਪ੍ਰਸ਼ੰਸ਼ਾ' ਕਰਦਾ। ਕਈ ਮਿੱਤਰ ਫ਼ੋਨ ਕਰਕੇ ਕਾਰਨ ਪੁੱਛਣਗੇ। ਮੈਂ ਹੱਸ ਕੇ ਕਹਿ ਛੱਡਦਾ।

"ਸਾਡਾ ਕਾਲੀ ਮਹਾਂਪੁਰਸ਼ ਬਣ ਗਿਆ। ਮਹਾਂਪੁਰਸ਼ਾਂ ਬਾਰੇ ਜਰ੍ਹਾਂ ਨਹੀਂ ਕਰੀਦੀ। ਉਨ੍ਹਾਂ ਦੇ ਪ੍ਰਵਚਨ ਸੁਣੀਦੇ ਆ। ਉਨ੍ਹਾਂ ਨੂੰ ਸਿਰ ਨਵਾਈਦਾ"।

? ਜਿਹੜੀ ਤੁਸੀਂ ਚੌਥੀ ਪੀੜ੍ਹੀ ਵਾਲਿਆਂ ਨਵੀਂ ਪੰਜਾਬੀ ਕਹਾਣੀ ਲਿਖੀ। ਉਹ ਨਵੀਂ ਕਿਵੇਂ ਆ ? ਤੁਸੀਂ ਕੀ ਨਵਾਂ ਲੈ ਕੇ ਆਏ।

– ਅਸੀਂ ਚੌਥੀ ਪੀੜ੍ਹੀ ਵਾਲੇ ਨਵੇਂ-ਨਵੇਂ ਵਿਸ਼ੇ ਲੈ ਕੇ ਆਏ। ਵੱਖ-ਵੱਖ ਵਰਗਾਂ ਚੋਂ ਆਏ ਹੋਣ ਕਾਰਨ ਵੱਖ-ਵੱਖ ਵਰਗਾਂ ਦਾ ਸੱਭਿਆਚਾਰ ਅਤੇ ਸਮੱਸਿਆਵਾਂ ਲੈ ਕੇ ਆਏ। ਕਹਾਣੀ ਦੀਆਂ ਨਵੀਆਂ ਬਿਰਤਾਂਤਕ ਜੁਗਤਾਂ ਵਰਤੀਆਂ। ਸੁਚੇਤ ਹੋ ਕੇ ਭਾਸ਼ਾ ਵਰਤੀ। ਅਜੋਕੀ ਕਹਾਣੀ ਯਥਾਰਥ ਦੇ ਬਹੁ-ਪਾਸਾਰਾਂ ਨੂੰ ਫੜਨ ਲੱਗੀ। ਯਥਾਰਥ ਦਾ ਗਿਆਨ ਦੇਣ ਦੀ ਥਾਂ ਮਨੁੱਖੀ ਹੋਂਦ ਦੇ ਯਥਾਰਥ ਦੇ ਨਾਲ ਚੇਤਨ ਸੰਘਰਸ਼ ਨੂੰ ਚਿਤਰਨ ਲੱਗੇ। ਪਹਿਲੀਆਂ ਕਹਾਣੀਆਂ ਵਿੱਚ ਸਿਧਾਂਤ ਭਾਰੂ ਸੀ। ਹੁਣ ਸਿਧਾਂਤ ਲੇਖਕ ਦੀ ਚੇਤਨਾ ਵਿੱਚ ਹੈ। ਸਾਡਾ ਜੀਵਨ ਬੜਾ ਗੁੰਝਲਦਾਰ ਹੈ। ਕਹਾਣੀ ਵਿੱਚ ਜਟਿਲ ਅਤੇ ਤਣਾਓਮਈ ਯਥਾਰਥ ਨੂੰ ਵਸਤੂ ਦੇ ਰੂਪ ਵਿੱਚ ਪੇਸ਼ ਕਰ ਦਾ ਰੁਝਾਨ ਵਧਿਆ। ਕਹਾਣੀ ਦੱਸਣ ਦਸਾਉਣ ਦੀ ਥਾਂ ਦੇਖਣ ਦਿਖਾਉਣ ਦੇ ਯੋਗ ਹੋ ਗਈ ਹੈ।

? ਤੂੰ ਐਂ ਦੱਸ ਪੰਜਾਬੀ ਕਹਾਣੀ ਕਿੱਥੋਂ ਪਛੜ ਰਹੀ ਏ।

– ਵਿਗਿਆਨ ਗਲਪ ਦੀ ਵੱਡੀ ਘਾਟ ਆ। ਪਹਿਲਾਂ ਪੰਜਾਬੀ ਕਹਾਣੀ ਕਿਸਾਨੀ ਜੀਵਨ ਅਤੇ ਸ਼ਹਿਰੀ ਮੱਧ ਵਰਗ ਦੁਆਲੇ ਘੁੰਮਦੀ ਸੀ। ਹੁਣ ਵੰਡੀਆਂ (ਜਾਤ-ਪਾਤ, ਦੇਹਵਾਦ, ਨਾਰੀਵਾਦ, ਵਰਜਿਤ ਰਿਸ਼ਤੇ,........ਵਗੈਰਾ-ਵਗੈਰਾ) ਵਿੱਚ ਪੈ ਗਈ ਹੈ। ਕਹਾਣੀ ਦਾ ਬੱਝਵਾਂ ਚਰਿੱਤਰ ਪੇਸ਼ ਨਹੀਂ ਹੋਇਆ। ਪਿਛਲੇ 7-8 ਸਾਲਾਂ ਵਿੱਚ ਵਿਦਿਆਰਥੀਆਂ, ਮਜ਼ਦੂਰਾਂ-ਕਿਸਾਨਾਂ ਤੇ ਮੁਲਾਜ਼ਮਾਂ ਦੇ ਸੰਘਰਸ਼ ਤਿੱਖੇ ਹੋਏ ਹਨ। ਉਹ ਕਹਾਣੀ ਵਿੱਚ ਨਹੀਂ ਆਏ। ਸੰਚਾਰ ਦੀ ਸਮੱਸਿਆ ਵੀ ਆਈ ਹੈ, ਜਿਹਦੇ ਨਾਲ ਰਵਾਇਤੀ ਪਾਠਕ ਟੁੱਟਿਆ ਹੈ। ਕਹਾਣੀਕਾਰਾਂ ਨੇ ਬੜੀਆਂ ਖੁੱਲ੍ਹਾਂ ਲੈ ਲਈਆਂ ਹਨ। ਇਹ ਖੁੱਲ੍ਹ ਵਰਜਿਤ ਸੰਬੰਧਾਂ ਦੀ, ਭਾਸ਼ਾ ਦੀ ਤੇ ਕਹਾਣੀ ਦੀ ਵਿਧੀ ਦੀ ਹੈ। ਗਰੁੱਪ ਅਤੇ ਧੜੇਬੰਦੀਆਂ ਨੇ ਸਮੁੱਚੀ ਕਥਾ ਪ੍ਰੰਪਰਾ ਨੂੰ ਨੁਕਸਾਨ ਪਹੁੰਚਾਇਆ ਹੈ। ਕਹਾਣੀ ਰੀਪੀਟ ਹੋਣ ਲੱਗ ਪਈ ਹੈ। ਪਿਛਲੇ 3-4 ਸਾਲ ਤੋਂ ਖੜੋਤ ਵੀ ਆਈ ਲਗਦੀ ਹੈ। ਕਹਾਣੀਕਾਰ ਨਵੀਂ ਸਥਿਤੀ ਨੂੰ ਅਜੇ ਸਮਝ ਨਹੀਂ ਪਾ ਰਿਹਾ। ਦਰਸ਼ਨ ਨਾਲ ਜੁੜੀ ਕਹਾਣੀ ਨਹੀਂ ਆ ਰਹੀ।

ਮੋਬਾਇਲ: 94630-63990



## ਮਲਕੀਅਤ ਪੁੱਛਦੀ ਬਲਬੀਰ ਸੰਘੇੜਾ ਨੂੰ

ਦੁੱਧ ਚਿੱਟੀ ਧੁੱਪ ਦੀ ਕਾਤਰ ਮੇਰੇ ਸਿਰ ਉੱਪਰੋਂ ਲੰਘ ਕੇ ਫੁੱਲਾਂ ਦੀ ਕਿਆਰੀ 'ਤੇ ਪੈ ਰਹੀ ਸੀ। ਮੈਂ ਬੈਂਤ ਦੀ ਕੁਰਸੀ ਵਿਚ ਬੈਠੀ ਮਨ ਦੇ ਕੋਨੇ ਫਰੋਲ ਰਹੀ ਸਾਂ। ਕਿਹੜੀਆਂ ਪੈੜਾਂ ਨੂੰ ਮੈਂ ਨੱਪਿਆ ਸੀ ਤੇ ਕਿਨ੍ਹਾਂ ਪ੍ਰਛਾਵਿਆਂ ਦੇ ਪਿੱਛੇ ਮੈਂ ਭੱਜੀ ਹੋਵਾਂਗੀ। ਮੇਰੇ ਘਰ ਦਾ ਦਰਵਾਜ਼ਾ ਮੇਰੇ ਵੱਲ ਬਿੱਟ-ਬਿੱਟ ਝਾਕ ਰਿਹਾ ਸੀ। ਇਹ ਉਹੋ ਦਰਵਾਜ਼ਾ ਸੀ ਜਿਸ ਅੰਦਰ ਕਦੀ ਰੂਹ ਧੜਕਦੀ ਸੀ। ....ਤੇ ਅੱਜ ਖੜ੍ਹਾ ਹੈ ਉਦਾਸ। ਮੈਂ ਇਸੇ ਅੰਦਰ ਉਸਨੂੰ ਵੀ ਮਿਲਦੀ ਹੁੰਦੀ ਸਾਂ ਜੋ "ਮੈਂ" ਸਾਂ। ਅੱਖਾਂ ਵਿਚ ਚਮਕ ਲਈ, ਸੁਪਨਿਆਂ ਦੇ ਸੰਸਾਰ ਨੂੰ ਸਿਰਜਦੀ ਹੋਈ। ਜਦੋਂ ਇਸ ਦਰਵਾਜ਼ੇ ਤੋਂ ਬਾਹਰ ਪੈਰ ਪਾਉਣ ਲੱਗੀ ਤਾਂ ਮੇਰੇ ਅੰਦਰਲੀ 'ਮੈਂ' ਮੇਰੇ ਨਾਲੋਂ ਰੁੱਸ ਗਈ। ਸ਼ਾਇਦ ਦਰਵਾਜ਼ੇ ਦੇ ਪਿੱਛੇ ਖੜੋ ਗਈ। ਜੋ ਦਰਵਾਜ਼ੇ ਦੇ ਅੰਦਰ ਰਹੀ, ਉਹ 'ਮੈਂ ਮਲਕੀਅਤ ਸਾਂ' ਜਿਹੜੀ ਇਨ੍ਹਾਂ ਵੇਹੜਿਆਂ ਵਿਚ ਪਲ਼ੀ ਸੀ। ਤੇ ਜਿਹੜੀ ਬਾਹਰ ਪੈਰ ਪਾਉਣ ਲੱਗੀ ਸੀ ਉਹ "ਮੈਂ" ਨਹੀਂ ਸਾਂ। ਉਸਨੂੰ ਕੋਈ ਹੋਰ ਨਾਂ ਦੇ ਦਿੱਤਾ ਗਿਆ ਸੀ, ਬਲਬੀਰ। ਮੇਰੀ ਹੋਂਦ ਖ਼ਤਮ ਉਸੇ ਪਲ ਹੋ ਗਈ ਸੀ। ....ਤੇ ਇਸ ਨਵੇਂ ਨਾਂ ਨਾਲ਼ ਮੈਨੂੰ ਨਵੀਂ ਪਹਿਚਾਣ ਬਣਾਉਣ ਦੀ ਲੋੜ ਸੀ।

ਮੈਂ ਤੁਰਦੀ ਰਹੀ, ਤੁਰਦੀ ਰਹੀ, ਡਿੱਗਦੀ-ਢਹਿੰਦੀ ਹੋਈ, ਝੱਖੜ ਝੱਲਦੀ ਹੋਈ, ਤੇ ਦੁੱਖ-ਸੁੱਖ ਮਾਣਦੀ ਹੋਈ। ਕਈ ਵੇਰ ਮਹਿਸੂਸ ਹੁੰਦਾ ਕਿ ਉਹ ਜਿਸਨੂੰ ਮੈਂ ਪਿੱਛੇ ਛੱਡ ਆਈ ਸਾਂ, ਉਹ ਵੀ ਮੇਰੇ ਨਾਲ਼ ਹੀ ਖੜੀ ਰਹਿੰਦੀ ਹੈ, ਮੇਰਾ ਕੋਈ ਕੋਨਾ ਫੜੀ। ਫੇਰ ਜ਼ਿੰਦਗੀ ਦੇ ਥਪੇੜਿਆਂ ਵਿਚ ਮੈਂ ਉਸਨੂੰ ਭੁੱਲ ਗਈ, ਉਸਦੇ ਸਾਥ ਤੋਂ ਵਿਰਵੀਂ, ਮੈਂ ਪਤਾ ਨਹੀਂ ਕਿਹੜੇ ਔਝੜੇ ਰਾਹਾਂ ਤੇ ਤੁਰੀ ਹੋਵਾਂਗੀ। ਪਰ ਉਹ ਮੇਰੇ ਨਾਲ਼ ਫੇਰ ਵੀ ਖੜੀ ਰਹੀ। ਕਈ ਵੇਲਿਆਂ ਤੇ ਮੇਰੇ ਕੋਲ ਆ ਕੇ ਬੈਠਦੀ, ਅੱਖਾਂ ਵਿਚ ਸਵਾਲ ਲਈ, ਪਰ ਪੁੱਛਦੀ ਕੁਝ ਵੀ ਨਾ।

....ਤੇ ਅੱਜ ਜਦੋਂ ਮੈਂ ਧੁੱਪ ਦੀ ਕਾਤਰ ਦਾ ਨਿੱਘ ਮਾਨਣ ਬੈਠੀ ਤਾਂ ਉਹ ਵੀ ਮੇਰੇ ਕੋਲ ਆ ਬੈਠੀ। ਸ਼ਾਇਦ ਉਸਨੂੰ ਮੇਰੇ ਅੰਦਰ ਉਠਦੀਆਂ ਤਰੰਗਾਂ ਅਜ਼ੀਬ ਲੱਗੀਆਂ ਹੋਣਗੀਆਂ। ਇਸ ਧੁੱਪ ਦੀ ਕਾਤਰ ਨੇ ਮੈਨੂੰ ਮੇਰੇ ਬਾਲਮਨ ਨਾਲ਼ ਮਿਲਾਇਆ ਸੀ। ਜਦੋਂ ਮੈਂ ਸੁਪਨਿਆਂ ਦੇ ਸੰਸਾਰ ਨੂੰ ਉਲੀਕਦੀ ਹੋਈ ਖੇਤਾਂ ਦੀਆਂ ਪਗਡੰਡੀਆਂ ਵਿਚੋਂ ਦੀ ਲਹਿਰੀਆ ਉੜਾਉਂਦੀ ਹੋਈ ਹਵਾ ਨਾਲ਼ ਖਰਮਸਤੀਆਂ ਕਰਦੀ ਸਾਂ। ਕਿਆਰਿਆਂ ਵਿਚ ਵਹਿੰਦੇ ਪਾਣੀ 'ਚੋਂ ਉਠਦੀਆਂ ਕਿਰਮਚੀ ਕਿਰਨਾਂ, ਤੇ ਹਵਾ ਵਿਚ ਘੁਲੀ ਹੋਈ ਗੰਨੇ ਦੇ ਰਸ ਦੀ ਮਹਿਕ, ਫਸਲਾਂ ਦੀ ਖ਼ੁਸ਼ਬੂ, ਚਿੜੀਆਂ ਦੀ ਚੀਂ-ਚੀਂ, ਘੁਗੀਆਂ ਦੀ ਘੁਗੂ-ਘੂੰ, ਮੋਰਾਂ ਦੀਆਂ ਪੈਲਾਂ, ਤੇ ਕਾਵਾਂ ਦੀ ਕਾਵਾਂ-ਰੌਲੀ ਵਿਚਾਲੇ ਮੇਰਾ ਉੜਦਾ ਲਹਿਰੀਆ, ਮੇਰੀਆਂ ਵੰਗਾਂ ਦੀ ਛਣਕਾਹਟ, ਮੇਰੇ ਸੁਪਨਿਆਂ ਦੇ ਸੰਸਾਰ ਵਿਚ ਅੰਬਰੀਂ ਛੂੰਹਦੀਆਂ ਮੇਰੀਆਂ ਸੋਚਾਂ। ਉਸ ਵੇਲੇ ਮੈਂ "ਮਲਕੀਅਤ" ਸਾਂ, ਦਾਦੀ ਦੀ ਲਾਡਲੀ, ਪਿਓ ਦੀ ਸ਼ਹਿਜ਼ਾਦੀ।

ਮੈਂ ਜ਼ਿੰਦਗੀ ਦੇ ਜੰਜਾਲ ਵਿਚ ਮਲਕੀਅਤ ਨੂੰ ਹੀ ਭੁੱਲ ਗਈ। ਉਸ ਤੋਂ ਮੈਂ ਬਿਗਾਨੀ ਹੋ ਗਈ। ਮੇਰੀ ਹੋਂਦ ਕਿਸੇ ਹੋਰ ਨਾਂ ਨਾਲ਼ ਬਣਾਈ ਗਈ ਜੋ ਅੱਜ ਬਲਬੀਰ ਸੰਘੇੜਾ ਕਰਕੇ ਜਾਣੀ ਜਾਂਦੀ ਹੈ। ਮਲਕੀਅਤ ਦੇ ਸਾਰੇ ਸੁਪਨੇ ਰੁੱਸ ਗਏ। ਪਿੱਛੇ ਰਹਿ ਗਿਆ ਬਲਬੀਰ ਦਾ ਕੰਮ, ਵਿਹਾਰ, ਲੈਣ-ਦੇਣ ਦਾ ਜੰਜਾਲ਼।

ਮੈਂ ਆਪਣੇ ਆਪ ਲਈ ਅਕਸਰ ਆਖਦੀ,
ਜੋ ਮੈਂ ਹਾਂ ਉਹ ਮੈਂ ਦਿਸਦੀ ਨਹੀਂ,
ਜੋ ਦਿਸਦੀ ਹਾਂ, ਉਹ ਮੈਂ ਹਾਂ ਨਹੀਂ।

ਤੇ ਅੱਜ ਵਰ੍ਹਿਆਂ ਬਾਅਦ "ਮੈਂ" ਉਸ ਨਾਲ਼ ਭਾਵ "ਮਲਕੀਅਤ" ਜਿਸ ਨਾਂ ਨਾਲ਼ ਮੈਂ ਪਲ਼ੀ, ਬੈਠ ਕੇ ਕੁਝ ਗੱਲਾਂ ਕਰਨ ਲੱਗੀ ਹਾਂ। ਮੇਰੇ ਕੋਲ ਅਛੋਪਲੇ ਜਿਹੇ ਬੈਠਦਿਆਂ ਹੋਇਆਂ, ਸਵਾਲਾਂ ਦੇ ਸਵਾਲ ਮੈਂ ਉਸਦੀ ਹਿੱਕ 'ਚ ਉੱਠਦੇ ਮਹਿਸੂਸ ਕੀਤੇ ਹਨ। ਮੇਰੇ ਅੰਦਰ ਵੀ ਤੂਫਾਨ ਉੱਠਿਆ ਹੋਇਆ ਹੈ। ਮੈਂ ਸੋਚਿਆ ਕਿ ਇਹ ਤਾਂ ਮੇਰੇ ਅੰਦਰ ਦੀਆਂ ਹੀ ਛੱਲਾਂ ਨੇ। ਜਿਨ੍ਹਾਂ ਨੂੰ ਮੈਂ ਲੁਕੋ-ਲੁਕੋ ਕੇ ਰੱਖਦੀ ਰਹੀ ਹਾਂ। ਉਹ ਮੇਰੇ ਕੋਲ ਬੈਠ ਕੇ ਪੁੱਛਦੀ ਹੈ,

ਮਲਕੀਅਤ - ਦੱਸ ਤੂੰ ਮੈਨੂੰ ਕਿਉਂ ਵਿਸਾਰ ਦਿੱਤੈ? ਤੂੰ ਨਵੇਂ ਨਾਂ ਨਾਲ਼ ਮੌਜਾਂ ਮਾਣਦੀ ਰਹੀ।

ਬਲਬੀਰ - ਤੈਨੂੰ ਮੌਜਾਂ ਲੱਗਦੀਆਂ ਨੇ? ਤੂੰ ਇਹ ਨਹੀਂ ਜਾਣਦੀ ਕਿ ਕਿਵੇਂ ਮੈਂ ਇਸ ਨਵੇਂ ਨਾਂ ਨਾਲ਼ ਜੀਣਾ ਸਿੱਖਿਆ। ਮੈਂ ਅੰਦਰੋਂ ਉਹੀ ਹਾਂ ਜਿਸ ਨਾਲ਼ ਜੰਮੀ, ਪਲ਼ੀ, ਪੜ੍ਹੀ। ਤੇ ਫੇਰ ਜਿਵੇਂ ਇਸਨੂੰ ਮੈਥੋਂ ਖੋਹ ਲਿਆ ਗਿਆ। ਮੈਂ ਬਹੁਤ ਤੜਫ਼ੀ ਪਰ ਮੇਰੀ ਕੋਈ ਵਾਹ ਪੇਸ਼ ਹੀ ਨਹੀਂ ਗਈ। ਮੈਨੂੰ ਲਗੈ ਜਿਵੇਂ ਮੇਰੀ ਹੋਂਦ ਮਿਟਾ ਦਿੱਤੀ ਗਈ ਹੋਵੇ। ਹੁਣ ਵਰ੍ਹਿਆਂ ਬਾਅਦ ਵੀ ਮੇਰਾ ਮਨ ਉਸ ਅੰਦਰ ਵਸਦੀ ਮਲਕੀਅਤ ਲਈ ਹੀ ਤੜਪਦਾ ਹੈ। ਉਹ ਭਾਵ ਤੂੰ ਮੈਨੂੰ ਮੇਰੇ ਅੰਦਰ ਤੜਪਦੀ ਮਹਿਸੂਸ ਹੁੰਦੀ ਹੈਂ ਪਰ ਮੇਰਾ ਕੋਈ ਵੱਸ ਹੀ ਨਹੀਂ ਚਲਦਾ। ਕਈ ਵੇਰ ਦਿਲ ਕਰਦਾ ਹੈ ਕਿ ਸ਼ੋਰ ਪਾ ਕੇ ਆਖਾਂ ਕਿ ਮੇਰੀ ਪਛਾਣ ਮੈਨੂੰ ਵਾਪਸ ਦੇ ਦਿਓ। ਫੇਰ ਸੋਚਦੀ ਹਾਂ ਕਿ ਐਨੇ ਵਰ੍ਹੇ ਬਲਬੀਰ ਨਾਲ਼ ਜੀ ਕੇ ਫੇਰ ਮੈਂ ਕਿੱਧਰੇ ਉਸ ਲਈ ਨਾ ਤੜਪਾਂ।

? ਗੱਲ ਤਾਂ ਤੇਰੀ ਠੀਕ ਹੈ। ਚਲ ਤੂੰ ਮੈਨੂੰ ਰਹਿਣ ਦੇ ਹੁਣ। ਤੇਰੇ-ਮੇਰੇ ਰਾਜ਼ ਦੀ ਕੋਈ ਤਾਂ ਲੜੀ ਹੈ ਜਿਸ ਨਾਲ਼ ਤੂੰ ਮੈਨੂੰ ਯਾਦ ਕਰਦੀ ਐਂ।

- ਮੈਂ ਤੈਨੂੰ ਭੁੱਲੀ ਕਦੋਂ ਸੀ। ਮੈਂ ਤਾਂ ਤੇਰੇ ਸਾਹਾਂ ਨਾਲ਼ ਸਾਹ ਲੈਂਦੀ ਹਾਂ ਅੜੀਏ।

? ਤੂੰ ਮੈਨੂੰ ਇਕ ਗੱਲ ਦੱਸ, ਕੀ ਤੂੰ ਥੱਕਦੀ ਨਹੀਂ ਸਭ ਕੁਝ ਲੁਕਾਉਂਦੀ ਹੋਈ।

- "ਤੂੰ ਮੈਨੂੰ ਚੇਤਾ ਕਰਾਉਣੋਂ ਵੀ ਤਾਂ ਨਹੀਂ ਉੱਕਦੀ।" ਫੇਰ ਮੈਂ ਮਨ ਵਿਚ ਸੋਚਦੀ ਹਾਂ ਕਿ ਮੈਂ ਬਥੇਰਾ ਇਸਨੂੰ ਝਿੜਕਦੀ ਝੰਬਦੀ ਵੀ ਹਾਂ ਪਰ ਇਹ ਬੜੀ ਮੂੰਹਜ਼ੋਰ ਹੋ ਜਾਂਦੀ ਹੈ ਤੇ ਅੱਜ ਪਤਾ ਨਹੀਂ ਇਸਦੇ ਮਨ ਵਿਚ ਕੀ ਹੈ? ਕੀ ਸਵਾਲ ਇਹ ਮੈਨੂੰ ਪੁੱਛੇਗੀ? ਉਸਦੇ ਸਵਾਲਾਂ ਦੇ ਉੱਤਰ ਦੇਣ ਤੋਂ ਮੈਂ ਗੁਰੇਜ ਨਹੀਂ ਕਰਦੀ ਪਰ ਇਸਦੇ ਧੱਕੜਪੁਣੇ ਤੋਂ ਮੈਨੂੰ ਡਰ ਲਗਦੈ। ਅੱਜ ਫੇਰ ਬੈਠ ਗਈ ਹੈ ਪੁੱਛਣ, ਮੈਂ ਕਹਿੰਦੀ ਹਾਂ, "ਪੁੱਛ ਲੈ ਜੋ ਪੁੱਛਣਾ।"

ਉਹ ਆਲ਼ਾ ਦੁਆਲ਼ਾ ਝਾਕਦੀ ਹੈ ਤੇ ਆਖਣ ਲਗਦੀ ਹੈ, 'ਭਲਾ ਦੱਸ ਤੇਰੇ ਅੰਦਰ ਤੜਪ ਕਿਉਂ ਹੈ?'

- ਇਹ ਤੂੰ ਪੁੱਛ ਰਹੀ ਏਂ, ਜਿਹੜੀ ਮੇਰੇ ਕਣ-ਕਣ ਤੋਂ ਜਾਣੂ ਏਂ।

? ਜਾਣਦੀ ਹਾਂ, ਪਰ ਤੂੰ ਐਸੀ ਕਲਾਕਾਰ ਏ, ਕਈ ਕੁਝ ਮੇਰੇ ਕੋਲੋਂ ਵੀ ਛੁਪਾ ਲੈਂਦੀ ਏਂ। ਤੇਰੇ ਅੰਦਰਲੀ ਥਾਹ ਮੈਂ ਵੀ ਨਹੀਂ ਪਾ ਸਕਦੀ ਤੇ ਹੋਰ ਕੋਈ ਕਿੱਦਾਂ ਜਾਣੂੰ?

- ਕਲਾਕਾਰੀ ਦੇ ਗੁਣ ਤਾਂ ਮੈਂ ਤੈਥੋਂ ਹੀ ਸਿੱਖੇ ਨੇ, ਫੇਰ ਇਹ ਗਿਲਾ ਕਿਉਂ?

? ਮੈਂ ਤਾਂ ਤੈਨੂੰ ਇਹ ਨਹੀਂ ਸੀ ਸਿਖਾਇਆ ਕਿ ਤੂੰ ਮੇਰੇ ਨਾਲ਼ ਧੱਕਾ ਕਰੇਂ।

- ਮੈਂ ਤੇਰੇ ਨਾਲ਼ ਧੱਕਾ ਨਹੀਂ ਕਰਦੀ, ਬੱਸ ਮੈਂ ਗੁਆਚ ਜਾਂਦੀ ਹਾਂ, ਮੂਰਖ ਜੁ ਹਾਂ।

? ਉਹ ਕਿਵੇਂ।

- ਉਹ ਇਸ ਤਰ੍ਹਾਂ, ਦੁਨੀਆਂ ਬਹੁਤ ਸ਼ਾਤਰ ਹੋ ਗਈ ਹੈ। ਮੈਂ ਨਿਰੀ ਪੁਰੀ ਬੁੱਧੂ। ਮੈਨੂੰ ਗੱਲ ਦੀ ਸਮਝ ਬਹੁਤ ਦੇਰ ਬਾਅਦ ਆਉਂਦੀ ਹੈ। ਜਦੋਂ ਤਕ ਮੈਂ ਸਮਝਦੀ ਹਾਂ, ਉਦੋਂ ਤਕ ਮੇਰਾ ਬਹੁਤ ਨੁਕਸਾਨ ਹੋ ਚੁੱਕਾ ਹੁੰਦਾ ਹੈ। ਫੇਰ ਲੋਕੀਂ ਆਪਣੀ ਜਿੱਤ ਦਾ ਜਸ਼ਨ ਮਨਾਉਂਦੇ ਹਨ। ਤੇ



ਮੈਂ ਬੈਠੀ ਤੱਕਦੀ ਰਹਿੰਦੀ ਹਾਂ। ਸੋਚਦੀ ਹਾਂ ਚਲੋ ਅਗਲੀ ਵੇਰ ਮੇਰੇ ਨਾਲ਼ ਇਸ ਤਰ੍ਹਾਂ ਨਹੀਂ ਹੋਵੇਗਾ। ਪਰ ਹੁੰਦਾ ਫੇਰ ਉਹੋ ਹੀ ਹੈ। ਇਸ ਲਈ ਮੈਂ ਆਖਦੀ ਹਾਂ ਕਿ ਮੈਂ ਨਿਰੀ ਬੁੱਧੂ ਹਾਂ। ਮੈਨੂੰ ਇਸਦਾ ਇਵਜਾਨਾ ਬਹੁਤ ਵੇਰ ਭਰਨਾ ਪਿਆ ਹੈ। ਹਰ ਵੇਰ ਮੈਂ ਡਿੱਗਦੀ ਹੋਈ ਉੱਠਦੀ ਹਾਂ। ਸੋਚਦੀ ਹਾਂ ਹੁਣ ਇਸ ਤਰ੍ਹਾਂ ਨਹੀਂ ਹੋਣ ਦਿਆਂਗੀ ਪਰ ਦੁਨੀਆਂ ਦੀ ਰਾਜਨੀਤੀ ਮੈਂ ਸਮਝ ਹੀ ਨਹੀਂ ਸਕਦੀ। ਮੈਂ ਸੋਚਦੀ ਹਾਂ ਕਿ ਸ਼ਾਇਦ ਹਰ ਕੋਈ ਮੇਰੇ ਵਰਗਾ ਹੈ। ਮੈਂ ਬੜੀ ਆਸਾਨੀ ਨਾਲ਼ ਹਰ ਇਕ 'ਤੇ ਭਰੋਸਾ ਕਰ ਲੈਂਦੀ ਹਾਂ। ਪਰ ਹੁੰਦਾ ਫੇਰ ਵੀ ਉਹੋ ਹੀ ਹੈ। ਅਗਲਾ ਮੇਰੀ ਪਿੱਠ ਵਿਚ ਛੁਰਾ ਖੋਭ ਤੁਰਦਾ ਬਣਦਾ ਹੈ ਤੇ ਮੈਂ ਲੀਰੋ ਲੀਰ ਅਹਿਸਾਸ ਨੂੰ ਲੈ ਕੇ ਆਪਣਾ ਆਪ ਸਾਂਭਦੀ ਫਿਰਦੀ ਹਾਂ। ਇਸ ਲਈ ਆਖਦੀ ਹਾਂ ਕਿ ਦੁਨੀਆਂ ਬੜੀ ਸ਼ਾਤਰ ਹੈ। ਮੇਰਾ ਦਿਮਾਗ ਉਸ ਤਰ੍ਹਾਂ ਚਲਦਾ ਹੀ ਨਹੀਂ। ਸ਼ਾਇਦ ਇਹੋ ਕਾਰਨ ਹੈ ਕਿ ਮੇਰੇ ਸੱਚੇ ਤੇ ਕਰੀਬੀ ਦੋਸਤਾਂ ਦੀ ਲਿਸਟ ਬਹੁਤ ਛੋਟੀ ਹੈ ਜਿਨ੍ਹਾਂ ਨਾਲ਼ ਮੈਂ ਨੇੜਲੀ ਗੱਲ ਕਰ ਸਕਾਂ। ਮੈਂ ਦਿਲ ਦੀ ਗੱਲ ਤਾਂ ਸ਼ਾਇਦ ਉਹ ਵੀ ਨਹੀਂ ਕਰ ਸਕਦੀ।

? ਮੈਂ ਤੇਰੀ ਗੱਲ ਨ੍ਹੀਂ ਸਮਝੀ।

- ਤੂੰ ਵੀ ਤੇ ਜਾਣਦੀ ਏਂ ਕਿ ਮੈਂ ਬਹੁਤ ਕੁਝ ਲੁਕਾ ਕੇ ਹੀ ਰੱਖਦੀ ਹਾਂ। ਇਹ ਸ਼ਾਇਦ ਮੈਨੂੰ ਮੇਰੀ ਮਾਂ ਤੋਂ ਵਿਰਸੇ ਵਿਚ ਮਿਲਿਆ ਹੈ। ਇਕ ਹੋਰ ਗੱਲ ਵਿਰਸੇ ਵਿਚ ਮਿਲੀ ਹੈ ਕਿ ਮੈਂ ਭਰੋਸਾ ਬਹੁਤ ਛੇਤੀ ਕਰ ਲੈਂਦੀ ਹਾਂ। ਜਿਸ ਵਾਸਤੇ ਮੈਨੂੰ ਅਕਸਰ ਸਜ਼ਾ ਵੀ ਮਿਲਦੀ ਏ ਤੇ ਰੂਹ ਦਾ ਚੈਨ, ਸਕੂਨ ਵੀ ਜਾਂਦਾ ਰਹਿੰਦਾ ਹੈ। ਪਰ ਹੁਣ ਮੈਂ ਥੋੜ੍ਹੀ ਜਿਹੀ ਸੰਭਲੀ ਹਾਂ। ਹੁਣ ਮੈਂ ਚਲਾਕ ਦਿਮਾਗਾਂ ਦੀ ਚਾਲ ਨੂੰ ਵੀ ਸਮਝਣ ਦੀ ਕੋਸ਼ਿਸ਼ ਕਰਦੀ ਹਾਂ। ਫੇਰ ਵੀ ਮੈਂ ਉਸ ਵੇਲੇ ਸਮਝਦੀ ਹਾਂ ਜਦੋਂ ਮੇਰੇ ਉੱਤੇ ਵਾਰ ਹੋ ਚੁੱਕਾ ਹੁੰਦਾ ਹੈ।

? ਇਸੇ ਲਈ ਤੂੰ ਪਰੇਸ਼ਾਨੀ ਵਿਚ ਰਹਿੰਦੀ ਏਂ? ਇਸੇ ਵਾਸਤੇ ਤੂੰ ਮੇਰਾ ਸਾਥ ਵੀ ਨਹੀਂ ਦਿੰਦੀ।

- ਨਹੀਂ ਇਹ ਗੱਲ ਨਹੀਂ ਹੈ, ਤੂੰ ਤੇ ਮੇਰੀ ਰਾਜ਼ਦਾਰ ਏਂ। ਮੇਰੀ ਹਰ ਔਕੜ, ਹਰ ਤਕਲੀਫ਼ ਦੀ ਤੂੰ ਹੀ ਗਵਾਹ ਏਂ। ਤੇਰੇ ਕੋਲੋਂ ਕੀ ਲੁਕਿਆ ਹੈ।

? ਮੈਂ ਜਾਣਦੀ ਹਾਂ ਸਭ। ਤੇਰੇ ਨਾਲ਼ ਮੈਨੂੰ ਵੀ ਸਭ ਕੁਝ ਭੁਗਤਣਾ ਪੈਂਦਾ ਹੈ। ਪਰ ਤੂੰ ਮੈਨੂੰ ਇਹ ਦੱਸ, ਤੂੰ ਚਾਹੁੰਦੀ ਕੀ ਏਂ।

- ਝੱਲੀਏ, ਮੇਰੇ ਚਾਹੁਣ ਦੀ ਤਾਂ ਕੋਈ ਵੱਡੀ ਉਮੰਗ ਹੀ ਨਹੀਂ। ਮੇਰੇ ਸਾਰੇ ਸੁਪਨੇ ਪਿਓ ਦਾ ਦਰ ਛੱਡਦਿਆਂ ਪਿੱਛੇ ਰਹਿ ਗਏ ਸਨ ਜਾਂ ਇੰਜ ਆਖਾਂ ਕਿ ਦਿੱਲੀ ਜਹਾਜ਼ ਦੀਆਂ ਪੌੜੀਆਂ ਚੜ੍ਹਦੀ ਤੇ ਪਿੱਛੇ ਮੂੰਹ ਕਰਕੇ ਮੁੜ ਗਏ। ਹਰ ਕੁੜੀ ਨਾਲ਼ ਇੰਜ ਹੀ ਹੁੰਦੈ। ਮੈਂ ਵੀ ਕੋਈ ਗਿਲਾ ਨਹੀਂ ਕੀਤਾ ਤੇ ਨਾ ਹੀ ਮੈਨੂੰ ਕੋਈ ਅਫ਼ਸੋਸ ਹੋਇਆ। ਮੈਂ ਜ਼ਿੰਦਗੀ ਚੰਗੀ ਗੁਜ਼ਾਰੀ ਹੈ। ਹਾਂ ਕੁਝ ਸਮਝੌਤੇ ਜ਼ਰੂਰ ਕੀਤੇ ਹਨ। ਔਖੇ ਵਕਤ ਵੀ ਹੱਠ ਨਾਲ਼ ਕੱਟੇ ਹਨ। ਪਰ ਤੂੰ ਮੈਨੂੰ ਇਹ ਦੱਸ ਕਿ ਕੌਣ ਸਮਝੌਤੇ ਨਹੀਂ ਕਰਦਾ? ਮੈਂ ਵੀ ਕਰ ਲਏ। ਤੇ ਫੇਰ ਜਦੋਂ ਮੇਰੇ ਅੰਦਰਲੀ ਅੱਗ ਰਿਵੈਲੀਅਸ ਹੋਈ, ਉਸ ਵੇਲੇ ਮੈਂ ਆਪਣੀਆਂ ਸ਼ਰਤਾਂ ਵੀ ਮਨਵਾਈਆਂ। ਮੈਂ ਆਪਣੇ ਸਮੇਂ ਅਨੁਸਾਰ ਇਕ ਰੈਵੂਲੁਸ਼ਨਰੀ ਜ਼ਿੰਦਗੀ ਕੱਟੀ ਹੈ। ਜਿਹੜੀਆਂ ਰੀਝਾਂ ਮੈਥੋਂ ਰੁੱਸੀਆਂ ਸਨ, ਮੈਂ ਉਨ੍ਹਾਂ ਨੂੰ ਵੀ ਪੂਰੀਆਂ ਕਰਨ ਦੀ ਕੋਸ਼ਿਸ਼ ਕੀਤੀ ਤੇ ਕਰ ਰਹੀ ਹਾਂ। ਮੇਰੇ ਬਾਪ ਨੇ ਮੈਨੂੰ ਪਾਲ਼ਿਆ ਹੀ ਸ਼ਾਇਦ ਇਸ ਤਰ੍ਹਾਂ ਸੀ ਕਿ ਮੈਂ ਜੋ ਵੀ ਕਰਾਂ ਨਿਧੱੜਕ ਹੋ ਕੇ ਕਰਾਂ। ਮੈਂ ਉਨ੍ਹਾਂ ਦੀ ਦੱਸੀ ਚਾਲ ਤੇ ਤੁਰੀ ਵੀ ਹਾਂ। ਹੁਣ ਵੀ ਮੈਂ ਉਨ੍ਹਾਂ ਲੀਹਾਂ ਤੇ ਹੀ ਤੁਰਦੀ ਹਾਂ। ਸ਼ਾਇਦ ਇਸੇ ਲਈ ਹੋਰਨਾਂ ਨੂੰ ਮੇਰੀ ਸੋਚ ਚੁਣੌਤੀ ਜਾਪਦੀ ਹੋਵੇ। ਤੇ ਉਹ ਮੈਨੂੰ ਡੇਗਣ ਦੀ ਕੋਸ਼ਿਸ਼ ਕਰਦੇ ਹਨ। ਉਸ ਵੇਲੇ ਮੈਨੂੰ

ਉਨ੍ਹਾਂ ਲੋਕਾਂ ਦੀ ਘਿਸੀ-ਪਿੱਟੀ ਸੋਚ ਤੇ ਦੁੱਖ ਹੁੰਦਾ ਹੈ। ਮੈਂ ਅੰਦਰੋਂ ਸੁੰਗੜ ਜਾਂਦੀ ਹਾਂ। ਗੁੱਸਾ ਵੀ ਆਉਂਦਾ ਹੈ ਕਿ ਸੋ ਕਾਲਡ ਬੁੱਧੀਜੀਵੀ ਲੋਕ ਔਰਤ ਪ੍ਰਤੀ ਆਪਣੀ ਸੋਚ ਐਨੀ ਮਾੜੀ ਰੱਖਦੇ ਹਨ। ਲਿਖਤਾਂ ਵਿਚ ਔਰਤ ਨੂੰ ਕਿਸੇ ਸਿੰਘਾਸਣ ਉਤੇ ਬਿਠਾਲ ਦੇਣਗੇ ਪਰ ਅਸਲ ਜੀਵਨ ਵਿਚ ਉਹ ਆਪਣੀ ਘਰ ਦੀ ਔਰਤ ਨੂੰ ਵੀ ਪੈਰ ਦੀ ਜੁੱਤੀ ਤੋਂ ਵੱਧ ਨਹੀਂ ਮੰਨ ਰਹੇ ਹੁੰਦੇ। ਮੈਂ ਬਹੁਤ ਵੇਰ ਉਨ੍ਹਾਂ ਲੋਕਾਂ ਨੂੰ ਆਪਣੀਆਂ ਘਰਵਾਲੀਆਂ ਪ੍ਰਤੀ ਘਟੀਆ ਵਤੀਰਾ ਵਰਤਦਿਆਂ ਤੱਕਿਆ ਹੈ। ਫੇਰ ਮੇਰੇ ਵਰਗੀ ਨੂੰ ਭਲਾ ਬਰਾਬਰਤਾ ਕਿਵੇਂ ਦੇਣਗੇ ? ਹੁਣ ਮੈਂ ਇਸ ਵਿਤਕਰੇ ਦੀ ਆਦੀ ਹੋ ਚੁੱਕੀ ਹਾਂ। ਕਈ ਵੇਰ ਉਨ੍ਹਾਂ ਲੋਕਾਂ ਤੇ ਗੁੱਸੇ ਦੀ ਥਾਂ ਤਰਸ ਆਉਂਦਾ ਹੈ ਕਿ ਉਹ ਬਦਲਦੇ ਸਮੇਂ ਨਾਲ਼ ਚਲ ਨਹੀਂ ਸਕੇ।

? ਘਰੋਂ ਵੀ ਤੈਨੂੰ ਇਸ ਤਰ੍ਹਾਂ ਦਾ ਕੋਈ ਤੌਖਲਾ ਹੈ। ਕੀ ਉਹ ਤੈਨੂੰ ਸਮਝਦੇ ਹਨ ?

– ਨਹੀਂ, ਘਰੋਂ ਮੈਨੂੰ ਕੋਈ ਡਰ ਨਹੀਂ ਹੈ। ਉਹ ਬਿਚਾਰੇ ਤਾਂ ਪਤਾ ਨਹੀਂ ਮੇਰੇ ਨਾਲ਼ ਕਿਵੇਂ ਕੱਟ ਗੁਜ਼ਰਦੇ ਹੋਣਗੇ, ਇਹ ਮੇਰੇ ਮਨ ਵਿਚ ਡਰ ਜ਼ਰੂਰ ਹੈ। ਮੈਨੂੰ ਲਗਦੈ ਕਿ ਮੈਂ ਸਮੇਂ ਦੇ ਨਾਲ਼ ਬਹੁਤ ਡੌਮੀਨੇਟਿੰਗ ਹੋ ਗਈ ਹਾਂ। ਬੱਚਿਆਂ ਨੂੰ, ਮੇਰੇ ਪਤੀ ਨੂੰ ਪਤਾ ਹੁੰਦਾ ਹੈ ਕਿ ਲਕੀਰ ਦੇ ਅੰਦਰ ਰਹਿਣਾ ਹੈ ਜਾਂ ਪਾਰ ਕਰ ਸਕਣ ਦੀ ਖੁੱਲ੍ਹ ਹੈ। ਮੈਨੂੰ ਖੁਸ਼ੀ ਹੈ ਕਿ ਬੱਚੇ ਡਸਿਪਲਿਨ ਵਿਚ ਹਨ। ਮੈਂ ਉਨ੍ਹਾਂ ਨੂੰ ਪ੍ਰੇਮ ਦੇ ਨਾਲ਼ ਪੂਰੀ ਖੁੱਲ੍ਹ ਦਿੰਦੀ ਹਾਂ, ਆਪਣੀ ਚੋਣ ਦੀ, ਕੁਝ ਕਰ ਗੁਜ਼ਰਨ ਦੀ, ਆਪਣੀ ਜ਼ਿੰਦਗੀ ਦੇ ਫ਼ੈਸਲਿਆਂ ਦੀ। ਪਰ ਇਸਦੇ ਬਾਵਜੂਦ ਮੈਂ ਕੋਈ ਬਦਤਮੀਜ਼ੀ ਬਰਦਾਸ਼ਤ ਨਹੀਂ ਕਰਦੀ। ਮੇਰੇ ਪਤੀ ਬਹੁਤ ਨਰਮ ਦਿਲ ਹਨ। ਉਹ ਘਿਓ ਦੇ ਘੜੇ ਰੁੜਨ ਦਿੰਦੇ ਹਨ। ਪਰ ਮੈਂ ਪਰਿਵਾਰ ਨੂੰ ਬੰਨੀ ਰੱਖਣ ਵਿਚ ਵਿਸ਼ਵਾਸ ਰੱਖਦੀ ਹਾਂ। ਬੱਚੇ ਮੁੱਢ ਤੋਂ, ਅਸੀਂ ਅੱਡ ਸੈਟਲ ਕੀਤੇ ਹਨ। ਸ਼ਾਇਦ ਇਸੇ ਕਾਰਨ ਅਸੀਂ ਅੱਡ-ਅੱਡ ਰਹਿ ਕੇ ਵੀ ਇੱਕਠੇ ਹਾਂ। ਮੋਹ ਵਿਚ ਵਕਤ ਬਿਤਾਉਂਦੇ ਹਾਂ। ਇਕੱਠੇ ਹੁੰਦੇ ਹਾਂ ਤਾਂ ਮਹਿਫ਼ਲ ਲਾਉਂਦੇ ਹਾਂ। ਉਹ ਪਲ ਮੇਰੇ ਲਈ ਨਿਅਮਤ ਦੇ ਪਲ ਹੁੰਦੇ ਹਨ। ਉਹੋ ਪਲ ਮੈਨੂੰ ਅਸਲੀ ਖੁਸ਼ੀ ਦਿੰਦੇ ਹਨ।

? ਫੇਰ ਤਾਂ ਤੂੰ ਰੱਜ ਕੇ ਜਿਉਂਦੀ ਏ। ਇਸ ਨਾਲ਼ ਤਾਂ ਤੈਨੂੰ ਹਮੇਸ਼ਾਂ ਖੁਸ਼ ਰਹਿਣਾ ਚਾਹੀਦਾ ਹੈ ?

– ਮੈਂ ਖੁਸ਼ ਹਾਂ। ਖੁਸ਼ੀ ਕੋਈ ਐਸੀ ਵਸਤੂ ਤਾਂ ਨਹੀਂ ਜਿਸਨੂੰ ਜਿਸਮ ਤੇ ਚਿਪਕਾ ਕੇ ਤੁਰੇ ਫਿਰੋ। ਖੁਸ਼ੀ ਇਕ ਅਹਿਸਾਸ ਹੈ। ਉਸ ਅਹਿਸਾਸ ਦਾ ਮਾਣ ਵੀ ਹੈ। ਪਰ ਇਹ ਖੁਸ਼ੀ ਕੋਈ ਪੂਰੀ ਖ਼ੁਸ਼ੀ ਤਾਂ ਹੈ ਨਹੀਂ। ਜੀਵਨ ਵਿਚ ਹੋਰ ਵੀ ਬਹੁਤ ਕੁਝ ਹੈ ਜੋ ਇਨਸਾਨ ਨੂੰ ਚਾਹੀਦਾ ਹੁੰਦਾ ਹੈ। ਇਸੇ ਦੀ ਤਲਾਸ਼ ਵਿਚ ਤਾਂ ਕਲਮ ਹੱਥ ਫੜੀ ਹੈ। ਉਸਦੀ ਤੜਪ ਹੀ ਹੈ ਜੋ ਤੈਨੂੰ ਮਹਿਸੂਸ ਹੋ ਰਹੀ ਹੈ। ਇਸੇ ਵਾਸਤੇ ਤੂੰ ਮੇਰੇ ਕੋਲ ਆ ਬੈਠੀਂ ਏਂ।

? ਤੂੰ ਇਹ ਦੱਸ ਕਿ ਦੁਨਿਆਵੀ ਤੌਰ ਤੇ ਤੂੰ ਆਪਣੇ ਆਪ ਨੂੰ ਕਿਵੇਂ ਸੰਭਾਲੀ ਰੱਖਿਆ।

– ਅੜੀਏ ! ਬਹੁਤ ਮੁਸ਼ਕਲ ਸੀ। ਮੈਨੂੰ ਲਗਦੈ ਕਿ ਮੈਂ ਘਰੇਲੂ ਕੰਮਾਂ ਲਈ ਬਣੀ ਹੀ ਨਹੀਂ ਸਾਂ। ਨਾ ਤਾਂ ਮੈਨੂੰ ਘਰ ਦਾ ਕੰਮ ਕਰਨਾ ਆਉਂਦਾ ਸੀ ਤੇ ਨਾ ਹੀ ਰਸੋਈ ਦਾ। ਰਿਸ਼ਤੇਦਾਰੀਆਂ ਵੀ ਮੈਂ ਨਿਭਾਉਣੀਆਂ ਸਿੱਖੀਆਂ ਹਨ। ਮੈਨੂੰ ਲਗਦੈ ਜਦੋਂ ਮੈਨੂੰ ਦੁਨਿਆਵੀ ਖੂਹ ਵਿਚ ਸੁੱਟਿਆ ਗਿਆ ਤਾਂ ਉਸ ਵੇਲੇ ਮੈਨੂੰ ਕਿਸੇ ਚੀਜ਼ ਦੀ ਸਮਝ ਨਹੀਂ ਸੀ। ਹੌਲੀ-ਹੌਲੀ ਮੈਂ ਸਭ ਸਿੱਖਣ ਦੀ ਕੋਸ਼ਿਸ਼ ਕੀਤੀ ਹੈ। ਸਾਰੀ ਉਮਰ ਸਿੱਖਦੀ ਹੀ ਰਹੀ ਪਰ ਫੇਰ ਵੀ ਮੈਨੂੰ ਮਹਿਸੂਸ ਹੁੰਦਾ ਹੈ ਕਿ ਮੈਂ ਕੱਚੀ-ਪੱਕੀ ਕਲਾਸ ਵੀ ਵਿਦਿਆਰਥਣ ਹੀ ਹਾਂ।

? ਤੇਰੇ ਕੰਮ ਦੀ ਰਫ਼ਤਾਰ ਧੀਮੀ ਰਹੀ ਹੈ। ਇਹ ਕਿਉਂ ?



– ਘਰ-ਬਾਰ ਸਾਂਭਦਿਆਂ ਹੋਇਆਂ ਮੈਂ ਕੋਸ਼ਿਸ਼ ਕੀਤੀ ਹੈ ਕਿ ਕਿਰਤ ਨਾਲ਼ ਇਨਸਾਫ਼ ਕਰਾਂ ਪਰ ਕਈ ਕਾਰਨ ਹਨ ਜਿਸ ਕਰਕੇ ਮੈਂ ਐਨੀ ਰਫ਼ਤਾਰ ਵਿਚ ਨਹੀਂ ਲਿਖਦੀ। ਉਮਰ ਨਾਲ਼ ਵੈਸੇ ਵੀ ਇਨਸਾਨ ਦੀ ਰਫ਼ਤਾਰ ਉਹ ਨਹੀਂ ਰਹਿੰਦੀ ਜੋ ਜੋਬਨ ਰੁੱਤ ਵਿਚ ਹੁੰਦੀ ਹੈ। ਉਸ ਵੇਲੇ ਘਰ ਦੀਆਂ ਜ਼ਿੰਮੇਵਾਰੀਆਂ ਵੀ ਹੁੰਦੀਆਂ ਹਨ ਅਤੇ ਜ਼ਿੰਦਗੀ ਨੂੰ ਤੋਰੀ ਰੱਖਣ ਦੇ ਰੁਝੇਵੇਂ ਵੀ। ਫੇਰ ਵੀ ਮੈਂ ਤੁਰੀ ਰਹੀ ਹਾਂ। ਸਾਹਿਤ ਦੀ ਹਰ ਵਿਧਾ ਤੇ ਕੰਮ ਵੀ ਕੀਤਾ ਹੈ। 'ਆਰ-ਪਾਰ' ਨਾਂ ਦਾ ਪਰਚਾ ਪੂਰੇ ਦਸ ਸਾਲ ਚਲਾਇਆ ਹੈ। ਮੈਂ ਹਰ ਪਲ ਕੰਮ ਦੇ ਲੇਖੇ ਲਾਇਆ ਹੈ। ਇਸ ਰੁਝੇਵੇਂ ਨੇ ਹੀ ਮੈਨੂੰ ਤੋਰੀ ਰੱਖਿਆ ਹੈ। ਵਰਨਾ ਮੈਂ ਬਹੁਤ ਭਾਵੁਕ ਇਨਸਾਨ ਹਾਂ। ਭਾਵੁਕਤਾ ਵਿਚ ਇਨਸਾਨ ਦਿਮਾਗੀ ਸੰਤੁਲਨ ਗੁਆ ਲੈਂਦਾ ਹੈ। ਕੰਮ ਦਾ ਰੁਝੇਵਾਂ ਉਸਨੂੰ ਬਚਾਈ ਰੱਖਦਾ ਹੈ।

? ਤੈਨੂੰ ਜ਼ਿੰਦਗੀ ਵਿਚ ਕਿਸ ਚੀਜ਼ ਦਾ ਅਫ਼ਸੋਸ ਹੈ।

– ਮੈਂ ਕਦੀ-ਕਦੀ ਸੋਚਦੀ ਹਾਂ ਕਿ ਸ਼ਾਇਦ ਇਹ ਮੇਰੀ ਕਮਜ਼ੋਰੀ ਹੈ ਕਿ ਮੈਂ ਕਿਸੇ ਨੂੰ ਆਪਣੀ ਸੋਚ ਨਾਲ਼ ਤੋਰ ਨਹੀਂ ਸਕੀ। ਸ਼ਾਇਦ ਇਹੀ ਕਾਰਨ ਹੈ ਕਿ ਸਾਹਿਤਕ ਖੇਤਰ ਵਿਚ ਵੀ ਮੈਂ ਕਿਸੇ ਦੀ ਚਾਪਲੂਸੀ ਨਹੀਂ ਕਰ ਸਕਦੀ। ਇਸੇ ਵਾਸਤੇ ਪਿੱਛੇ ਰਹਿ ਜਾਂਦੀ ਹਾਂ।

? ਤੇਰਾ ਭਾਵ ਹੈ ਕਿ ਤੇਰੇ ਕੰਮ ਨੂੰ ਪਛਾਣਿਆ ਨਹੀਂ ਜਾਂਦਾ ਰਿਹਾ।

– ਤੂੰ ਇਹ ਵੀ ਆਖ ਸਕਦੀ ਏਂ। ਪਰ ਦੂਜੇ ਬੰਨੇ ਮੇਰੇ ਉਹ ਕਦਰਦਾਨ ਵੀ ਹਨ ਜਿਹੜੇ ਮੈਨੂੰ ਬਹੁਤ ਮਾਣ ਦਿੰਦੇ ਹਨ। ਪਰ ਗੁੱਸਾ ਉਸ ਵਕਤ ਆਉਂਦਾ ਹੈ ਜਦੋਂ ਆਲੋਚਨਾ ਕਰਨ ਵਾਲੇ ਮੈਕਰੋ ਬਣਾ ਕੇ ਕੁਝ ਨਾਂ ਰਟੇ ਰਟਾਏ ਹੀ ਲਿਖੀ ਜਾਂਦੇ ਹਨ। ਉਸ ਵੇਲੇ ਉਨ੍ਹਾਂ ਨੂੰ ਮੈਂ ਕਿਸੇ ਥਾਂ ਨਜ਼ਰ ਨਹੀਂ ਆਉਂਦੀ। ਉਸ ਵੇਲੇ ਮਨ ਵਿਚ ਖਿਆਲ ਆਉਂਦਾ ਹੈ ਕਿ ਇਹ ਬੁੱਧੀਜੀਵੀ ਲੋਕ ਸਿਰਫ਼ ਇਕ ਦੂਜੇ ਦੀ ਨਕਲ ਤੇ ਹੀ ਚਲਦੇ ਹਨ। ਇਸ ਗੱਲ ਦਾ ਮੈਨੂੰ ਅਫ਼ਸੋਸ ਹੁੰਦਾ ਹੈ। ਇਕ ਵੇਰ ਕਿਸੇ ਨੂੰ ਕਹਿੰਦੇ ਸੁਣਿਆ ਕਿ ਕੁਝ ਲੋਕਾਂ ਦੇ ਨਾਂ ਇਸ ਵਿਚ ਇਸ ਵਾਸਤੇ ਦਰਜ ਨਹੀਂ ਹੋ ਸਕੇ ਕਿਉਂਕਿ ਵਿਸ਼ੇ, ਵਸਤੂ ਪੱਖੋਂ ਇਨ੍ਹਾਂ ਦੀ ਕਹਾਣੀ ਇਸ ਕੈਟਗਰੀ ਵਿਚ ਨਹੀਂ ਸੀ ਆਉਂਦੀ। ਪਰ ਜਦੋਂ ਗੰਭੀਰਤਾ ਨਾਲ਼ ਵਿਚਾਰੀਏ ਤਾਂ ਲਗਦਾ ਹੈ ਕਿ ਕਈ ਸਮਰੱਥ ਲੇਖਕ ਵੀ ਉਸ ਚੋਣ ਵਿਚੋਂ ਬਾਹਰ ਹੁੰਦੇ ਹਨ। ਕਾਰਨ ਇਹੋ ਹੁੰਦਾ ਹੈ ਕਿ ਉਹ ਵੀ ਜੁਗਾੜਬੰਦੀਆਂ ਦੀ ਪਰਿਭਾਸ਼ਾ ਨਹੀਂ ਸਮਝ ਸਕੇ। ਫੇਰ ਮੈਨੂੰ ਵੈਸੇ ਹੀ ਜੁਗਾੜਬੰਦੀ ਨਹੀਂ ਆਉਂਦੀ।

? ਤੂੰ ਆਪਣੇ ਆਪ ਨਾਲ਼ ਗੱਲਾਂ ਕਿਉਂ ਕਰਦੀ ਰਹਿੰਦੀ ਹੈਂ।

– ਆਪਣੇ ਅੰਦਰਲੇ ਮਨ ਤੋਂ ਚੰਗਾ ਦੋਸਤ ਹੋਰ ਕੋਈ ਨਹੀਂ। ਹਰ ਦਰਦ ਦੀ ਦੁਆ ਇਹੋ ਹੈ। ਹਰ ਰਾਜ਼ ਇਹ ਸਾਂਭ ਕੇ ਰੱਖਦੈ। ਇਸ ਨਾਲ਼ ਹੱਸਿਆ ਜਾ ਸਕਦੈ, ਰੋਇਆ ਜਾ ਸਕਦੈ, ਹਰ ਗੱਲ ਸ਼ੇਅਰ ਕੀਤੀ ਜਾ ਸਕਦੀ ਹੈ। ਸ਼ਾਇਦ ਇਸੇ ਵਾਸਤੇ ਤੂੰ ਪਲ-ਪਲ ਮੇਰੇ ਕੋਲ ਆ ਕੇ ਬੈਠ ਜਾਂਦੀ ਏਂ। ਮੈਨੂੰ ਸੰਭਾਲਦੀ ਏਂ। ਮੇਰੀਆਂ ਕਹਾਣੀਆਂ ਘੜਦੀ ਏ, ਮੈਨੂੰ ਰਾਹ ਦਿਖਾਉਂਦੀ ਏਂ। ਤੂੰ ਹੀ ਮੇਰੀ ਸਖੀ-ਸਹੇਲੀ ਏਂ। ਠੀਕ ਹੈ ਨਾ ?

? ਉਹ ਤਾਂ ਠੀਕ ਹੈ। ਸਮਝੀ ਮੈਂ ਹੁਣ ਕਿ ਅਸੀਂ ਇਕ ਦੂਜੀ ਤੋਂ ਬਿਨਾਂ ਅਧੂਰੀਆਂ ਹਾਂ। ਮਲਕੀਅਤ ਹੋਵੇ ਜਾਂ ਬਲਬੀਰ, ਹੁਣ ਕੀ ਫ਼ਰਕ ਪੈਂਦੇ।

**ਸਿਆਹੀ ਘੁਲੀ ਹੈ**

ਗੁਰਪ੍ਰੀਤ (ਕਵਿਤਾ)

**ਉਡਾਨ ਪ੍ਰਕਾਸ਼ਨ, ਮਾਨਸਾ**

## 'ਬਿੱਟੂ' ਦੀਆਂ ਭਗਵੰਤ ਰਸੂਲਪੁਰੀ ਨਾਲ ਗੱਲਾਂ

? ਕਿਉਂ ਬਈ ਕੀ ਮਜਬੂਰੀ ਸੀ ਕਿ ਤੂੰ ਰਸੂਲਪੁਰੀ ਬਣ ਗਿਆ।

– ਹਾਂ ਬਈ ਮਜਾ ਆ ਗਿਆ ਤੇਰੀ ਮਿਟ ਰਹੀ ਹੋਂਦ ਦੇਖ ਕੇ। ਬਈ ਸਮਾਂ ਬੜਾ ਬਲਵਾਨ ਹੈ। ਇਹ ਬੰਦੇ ਨੂੰ ਪਤਾ ਨਹੀਂ ਕੀ ਕੀ ਬਣਾ ਦਿੰਦਾ ਹੈ। ਸਮਾਂ ਹਾਲਾਤ ਅਤੇ ਤੁਹਾਡਾ ਆਲਾ ਦੁਆਲਾ ਤੁਹਾਨੂੰ ਨਵਾਂ ਜਨਮ ਦਿੰਦਾ ਹੈ। ਮੈਨੂੰ ਵੀ ਮੇਰੇ ਆਲੇ ਦੁਆਲੇ ਨੇ ਬਦਲ ਦਿੱਤਾ। ਸਕੂਲ ਤੱਕ ਪੜ੍ਹਦਿਆਂ ਮੈਂ ਬਿੱਟੂ ਸੀ ਤੇ ਕੁਝ ਵੀ ਨਹੀਂ ਸੀ। ਮੇਰੀ ਕੋਈ ਸੋਚ ਨਹੀਂ ਸੀ। ਮੇਰਾ ਕੋਈ ਟੀਚਾ ਨਹੀਂ ਸੀ। ਮਾਂ-ਬਾਪ ਤੋਂ ਦੂਰ ਨਾਨਕੇ ਰਹਿੰਦਾ , ਸੋਚਦਾ ਸਾਂ ਕਿ ਨਾਨੇ ਨੇ ਦਸ ਪੜ੍ਹਾ ਕੇ ਮੈਨੂੰ ਕੋਈ ਕੰਮ ਸਿਖਾ ਦੇਣਾ ਹੈ ਤੇ ਕੁਝ ਸਾਲਾਂ ਬਾਅਦ ਵਿਆਹ ਦੇ ਕੀਲੇ ਨਾਲ ਬੰਨ੍ਹ ਦੇਣਾ ਹੈ ਲੈ ਬਈ ਬਿੱਟੂ ਹੁਣ ਤੂੰ ਪਿੰਡ ਚਲੇ ਜਾ ਤੇ ਇਸੇ ਕੀਲੇ ਦੁਆਲੇ ਸਾਰੀ ਉਮਰ ਘੁੰਮੀ ਜਾਈਂ। ਭਵਿੱਖ ਹਨੇਰੇ ਨਾਲ ਭਰਿਆ ਸੀ। ਕੋਈ ਵੀ ਅਗਵਾਈ ਦੇਣ ਵਾਲਾ ਨਹੀਂ ਸੀ। ਪਰ ਮੈਂ ਇਹ ਜ਼ਰੂਰ ਸੋਚਦਾ ਸਾਂ ਕਿ ਮੈਂ ਮਾਂ ਦੀ ਗਰੀਬੀ ਨੂੰ ਦੂਰ ਕਰਨਾ ਹੈ ਤੇ ਪਿਓ ਵੱਲੋਂ ਕੀਤੇ ਕੰਮਾਂ ਦੇ ਧੋਣੇ ਧੋਣੇ ਹਨ। ਸਮਾਂ ਲੰਘਿਆ ਮੈਂ ਥੋੜ੍ਹਾ ਵੱਡਾ ਹੋਇਆ। ਕਾਲਜ ਪੜ੍ਹਨ ਲੱਗ ਪਿਆ। ਮੇਰਾ ਵਾਹ ਕਾਲਜ ਦੀ ਲਾਇਬਰੇਰੀ ਨਾਲ ਪਿਆ। ਮੈਂ ਉਥੇ ਸਲੇਬਸ ਦੀਆਂ ਕਿਤਾਬਾਂ ਛੱਡ ਕੇ ਪੰਜਾਬੀ ਹਿੰਦੀ ਦਾ ਸਾਹਿਤ ਪੜ੍ਹਨ ਲੱਗ ਪਿਆ। ਦਿਨੋਂ ਦਿਨ ਮੇਰੀ ਸੋਚ ਬਦਲਣ ਲੱਗੀ। ਮੇਰੇ ਅੰਦਰੋਂ ਇਕ ਨਵਾਂ ਬੰਦਾ ਜਨਮ ਲੈਣ ਲੱਗਾ। ਜਿਹੜਾ ਬਿਲਕੁਲ ਵੱਖਰੀ ਤਰ੍ਹਾਂ ਸੋਚਦਾ ਸੀ। ਮੇਰੇ ਵਿਚਾਰ ਬਣਨ ਲੱਗੇ। ਮੈਂ ਦਿਨ ਰਾਤ ਸਿਰ ਸੁੱਟ ਕੇ ਕਿਤਾਬਾਂ ਪੜ੍ਹਦਾ ਰਹਿੰਦਾ। ਉਨ੍ਹਾਂ ਕਿਤਾਬਾਂ ਵਿਚੋਂ ਨਿਕਲੇ ਵਿਚਾਰਾਂ ਨੇ ਮੇਰੇ ਅੰਦਰੋਂ ਰਸੂਲਪੁਰੀ ਨੂੰ ਜਨਮ ਦਿੱਤਾ। ਜਿਓਂ ਜਿਓਂ ਇਹ ਰਸੂਲਪੁਰੀ ਵੱਡਾ ਹੁੰਦਾ ਗਿਆ ਇਹ 'ਬਿੱਟੀ' ਤੇ ਹਾਵੀ ਹੁੰਦਾ ਗਿਆ। ਪਤਾ ਨਹੀਂ ਕਿਵੇਂ ਇਸ ਨਵੇਂ ਬਣੇ ਮਨੁੱਖ ਅੰਦਰੋਂ ਸ਼ਬਦ ਬਣ ਬਣ ਕੇ ਵਾਕ ਬਣਨ ਲੱਗੇ ਜਿਹੜੇ ਕਹਾਣੀਆਂ ਦਾ ਰੂਪ ਧਾਰਨ ਲੱਗੇ। ਇਸ ਨਵੇਂ ਬਣੇ ਮਨੁੱਖ ਨੂੰ ਮੈਂ ਕੋਈ ਪਛਾਣ ਤਾਂ ਭਾਈ ਦੇਣੀ ਸੀ ਸੋ ਨਾਂ ਰੱਖ ਲਿਆ ਭਗਵੰਤ ਰਸੂਲਪੁਰੀ, ਫਿਰ ਕੀ ਸੀ ਜਿਸ ਸਿੱਕੇ ਨੂੰ ਰਿਸ਼ਤੇਦਾਰ, ਘਰ ਦੇ ਖੋਟਾ ਸਮਝਦੇ ਸੀ ਚਲ ਨਿਕਲਿਆ। ਤੂੰ ਇਹਨੂੰ ਮਜਬੂਰੀ ਨਾ ਸਮਝ ਇਹ ਸਮੇਂ ਦੇ ਗੇੜ ਆ। ਮੇਰੀ ਵੱਖਰੀ ਸੋਚ ਬਣਨ ਲੱਗੀ। ਮੇਰੇ ਅੰਦਰ ਕਹਾਣੀਆਂ ਬਣਨ ਲੱਗੀਆਂ। ਮੈਂ ਹੰਭਲਾ ਮਾਰ ਕੇ ਰਸੂਲਪੁਰੀ ਨੂੰ ਤਕੜਾ ਕਰਨ ਲੱਗ ਪਿਆ। ਫਿਰ ਇਕ ਮੋੜ ਤੇ ਆ ਕੇ ਕਹਾਣੀਆਂ ਲਿਖਣ ਵਾਲੇ ਰਸੂਲਪੁਰੀ ਨੂੰ ਇਕ ਕੁੜੀ ਸਰੋਜ ਬਾਲੂ ਪਿਆਰ ਕਰਨ ਲੱਗ ਪਈ। ਜਿਹੜੀ ਹੁਣ ਮੇਰੇ ਦੋ ਬੱਚਿਆਂ ਦੀ ਮਾਂ ਹੈ। ਜੇ ਮੈਂ ਬਿੱਟੀ ਹੀ ਰਹਿੰਦਾ ਤਾਂ ਮੇਰੇ ਸੰਸਾਰ ਪਤਾ ਨੀ ਕਿਹੜੇ ਹੋਣਾ ਸੀ। ਹਨੇਰੇ ਭਰਿਆ।

? ਬੜਾ ਚਲਾਕ ਏਂ ਤੂੰ ? ਮੈਨੂੰ ਐਂ ਦੱਸ ਭਲਾ ਜਿਹੜੀਆਂ ਕਹਾਣੀਆਂ ਤੂੰ ਲਿਖਦਾ ਏਂ ਉਹਦੇ ਸਰੋਤ ਤਾਂ ਤੂੰ ਉਸ 'ਬਿੱਟੂ' ਕੋਲੋਂ ਹੀ ਲੈਂਦਾ ਏਂ।

-ਬੜਾ ਟੇਡਾ ਸਵਾਲ ਕਰ ਦਿੱਤਾ ਯਾਰ ਤੈਂ ਤਾਂ। ਤੇਰੀ ਗੱਲ ਕਾਫੀ ਹੱਦ ਤੱਕ ਠੀਕ ਹੈ। ਮੈਂ ਸਰੋਤ ਉਥੋਂ ਹੀ ਲੈਂਦਾ ਹਾਂ। ਭਲਾ ਮੈਂ ਕਿਹੜਾ ਜੰਮਦਿਆਂ ਈ ਕੋਠੇ ਜਿੱਡਾ ਹੋ ਗਿਆ ਸਾਂ। ਆਖਰ ਬਿੱਟੂ ਵਿਚੋਂ ਹੀ ਜਨਮਿਆ ਹਾਂ। ਮੈਂ ਹੁਣ ਤੱਕ ਵੀ ਕਹਾਣੀਆਂ ਦੇ ਸਰੋਤ ਬਚਪਨ ਵਿਚੋਂ ਦੇਖੀਆਂ ਘਟਨਾਵਾਂ ਅਤੇ ਗੱਲਾਂ ਵਿਚੋਂ ਲੈਂਦਾ ਹਾਂ। ਜਿਹੜੇ ਸਮਾਜ ਨੂੰ ਮੈਂ ਬਚਪਨ ਵਿਚ ਦੇਖਿਆ ਹੈ ਜਾਂ ਜਿਨ੍ਹਾਂ ਲੋਕਾਂ ਬਾਰੇ ਮੈਂ ਆਪਣੇ ਵੱਡਿਆਂ ਕੋਲੋਂ ਸੁਣਿਆ ਹੈ, ਉਨ੍ਹਾਂ ਵਿਚੋਂ ਹੀ ਕਹਾਣੀਆਂ ਕੱਢਦਾ ਹਾਂ। ਮੈਂ ਪਹਿਲਾਂ ਵੀ ਕਿਤੇ ਲਿਖਿਆ ਸੀ ਮੇਰੀਆਂ ਕਹਾਣੀਆਂ ਵਿਚ ਮੇਰੇ ਨਾਨਾ ਜੀ ਕਿਸੇ ਨਾ ਕਿਸੇ ਰੂਪ ਵਿਚ ਆ ਜਾਂਦੇ ਹਨ। ਮੁੱਢਲੇ ਦੌਰ ਦੀਆਂ ਕਹਾਣੀਆਂ ਵਿਚ ਮੇਰੀ ਮਾਂ, ਬਾਪ, ਨਾਨਾ, ਤੇ ਰਿਸ਼ਤੇਦਾਰੀ ਵਿਚ ਘਟੀਆਂ ਘਟਨਾਵਾਂ ਆਉਂਦੀਆਂ ਰਹੀਆਂ। ਪਰ ਕਹਿੰਦੇ ਨੇ ਕਹਾਣੀ ਤਾਂ ਹਰ



ਬੰਦੇ ਦੇ ਮਨ ਵਿਚ ਹੁੰਦੀ ਹੈ। ਘਟਨਾਵਾਂ ਦੇ ਬੇਅੰਤ ਖ਼ਜਾਨੇ ਹਰ ਬੰਦੇ ਦੇ ਮਨ ਵਿਚ ਘੁੰਮਦੇ ਹਨ। ਪਰ ਇਹ ਘਟਨਾਵਾਂ ਨੂੰ, ਉਨ੍ਹਾਂ ਪਾਤਰਾਂ ਨੂੰ ਅਤੇ ਸਮੇਂ ਨੂੰ ਕਹਾਣੀ ਵਿਚ ਕਿਵੇਂ ਪੇਸ਼ ਕਰਨਾ ਹੈ ? ਕਿਸ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨਾ ਹੈ ? ਇਹ ਜੁਗਤ ਬਿੱਟੂ ਨੂੰ ਨਹੀਂ ਸੀ ਆਉਂਦੀ। ਜੁਗਤ ਉਦੋਂ ਹੀ ਆਈ ਜਦੋਂ ਉਸ ਅੰਦਰੋਂ ਰਸੂਲਪੁਰੀ ਪੈਦਾ ਹੋ ਗਿਆ। ਦ੍ਰਿਸ਼ਟੀ ਨੂੰ ਸਪੱਸ਼ਟਤਾ ਦੇ ਕੇ ਮੈਂ ਆਪਣੀਆਂ ਕਹਾਣੀਆਂ ਦੇ ਪਾਤਰਾਂ ਨੂੰ ਜਾਨਦਾਰ ਬਣਾਉਂਦਾ ਲੱਗਾ। ਹੁਣ ਤੂੰ ਕਹੇਂਗਾ ਦ੍ਰਿਸ਼ਟੀ ਕੀ ਹੋਈ ? ਮੇਰੀ ਦ੍ਰਿਸ਼ਟੀ ਕੇਵਲ ਕਿਤਾਬਾਂ ਪੜ੍ਹ ਕੇ ਨਹੀਂ ਬਣੀ। ਇਹਦੇ ਕਈ ਸੋਮੇ ਹਨ।

'ਆਦੀ ਡੰਕਾ' ਕਹਾਣੀ ਦਾ ਮੁੱਖ ਪਾਤਰ ਚੌਧਰੀ ਫ਼ਕੀਰ ਚੰਦ ਮੇਰਾ ਇਹ ਨਾਨਾ ਹੀ ਹੈ। ਨਾਨੇ ਦਾ ਇਹ ਰੂਪ ਐਨੀ ਦੇਰ ਬਾਅਦ ਕਹਾਣੀ ਵਿਚ ਕਿਉਂ ਆਇਆ ? ਇਸ ਦਾ ਮੈਨੂੰ ਖੁਦ ਪਤਾ ਨਹੀਂ। ਨਾਨੇ ਦੇ ਹੋਰ ਰੂਪ ਵੀ ਸ਼ਾਇਦ ਅਜੇ ਹੋਣ ਜੋ ਮੇਰੇ ਅਵਚੇਤਨ ਵਿਚ ਪਏ ਹੋਣ। ਸੋ ਮੈਂ ਚੌਧਰੀ ਫ਼ਕੀਰ ਚੰਦ ਦੇ ਰੂਪ ਵਿਚ ਨਾਨਾ ਜੀ ਦੀ ਸੋਚ ਨੂੰ ਬੜੀ ਭਰਪੂਰਤਾ ਨਾਲ 'ਆਦੀ ਡੰਕਾ' ਕਹਾਣੀ ਵਿਚ ਚਿਤਰਿਆ। ਜੇ ਬਿੱਟੂ ਮੇਰੀ ਕਹਾਣੀ ਲਿਖਣ ਵਿਚ ਸਹਾਇਤਾ ਨਾ ਕਰਦਾ ਤਾਂ ਭਲਾ ਮੈਂ ਕਿਵੇਂ ਲਿਖ ਸਕਦਾ ਸਾਂ। ਇਹ ਗੱਲਾਂ ਤੇ ਘਟਨਾਵਾਂ ਉਦੋਂ ਸੁੱਤੀਆਂ ਪਈਆਂ ਬਾਹਰ ਆਉਣ ਲੱਗੀਆਂ ਜਦੋਂ ਇਕ ਡੇਰੇ ਦੇ ਸੰਤ ਦੇ ਕਤਲ ਤੋਂ ਬਾਅਦ ਦਲਿਤਾਂ ਦੇ ਮਨਾਂ 'ਚ ਪਿਆ ਰੋਸ, ਗੁੱਸਾ ਦੇਖ, ਨਾਨੇ ਦਾ ਦੱਬਿਆਂ ਹੋਇਆ ਧੁੰਦਲਾ ਰੂਪ ਕਹਾਣੀ ਦੀ ਸ਼ਕਲ ਵਿਚ ਉਘੜਨ ਲੱਗ ਪਿਆ। ਹੁਣ ਤੂੰ ਦੇਖ ਘਟਨਾਵਾਂ ਤਾਂ ਸਨ ਪਰ ਇਨ੍ਹਾਂ ਨੂੰ ਪੇਸ਼ ਕਿਵੇਂ ਕਰਨਾ ਹੈ ? ਇਸ ਨੂੰ ਪੇਸ਼ ਰਸੂਲਪੁਰੀ ਹੀ ਕਰ ਸਕਦਾ ਸੀ। ਉਹੀ ਗੱਲ ਫਿਰ ਕਰਨੀ ਚਾਹੁੰਦਾ ਹਾਂ ਕਿ ਰਸੂਲਪੁਰੀ ਬਣ ਕੇ ਜਿਹੜੀ ਮੇਰੀ ਸੋਚ ਤੇ ਦ੍ਰਿਸ਼ਟੀ ਬਣੀ ਉਹਦੇ ਕਰਕੇ... ਇਨ੍ਹਾਂ ਗੱਲਾਂ ਨੂੰ ਮੈਂ ਪਛਾਣ ਦੇ ਮੁੱਦੇ ਰਾਹੀਂ ਸਮਝਣ ਲੱਗਾ। ਦਲਿਤ ਲੋਕਾਂ ਨੂੰ ਨਾ ਤਾਂ ਅੰਗਰੇਜ਼ਾਂ ਨੇ, ਨਾ ਹਿੰਦੂਆਂ ਨੇ, ਨਾ ਸਿੱਖਾਂ ਨੇ ਪਛਾਣ ਦਿੱਤੀ। ਇਨ੍ਹਾਂ ਗੱਲਾਂ ਨੂੰ ਮੈਂ ਕਹਾਣੀ ਵਿਚ ਉਭਾਰਨਾ ਚਾਹੁੰਦਾ ਸੀ। ਇਸ ਪਾਤਰ ਨੂੰ ਮੈਂ ਆਪਣੀ ਦ੍ਰਿਸ਼ਟੀ ਰਾਹੀਂ ਉਭਾਰਿਆ। ਮੈਨੂੰ ਇਸ ਗੱਲ ਦੀ ਹੈਰਾਨੀ ਹੋ ਰਹੀ ਕਿ 'ਆਦੀ ਡੰਕਾ' ਕਹਾਣੀ ਵਿਚ ਇਕ ਵੀ ਇਸਤਰੀ ਪਾਤਰ ਕਿਉਂ ਨਹੀਂ ਆਇਆ। ਇਸ ਰਹੱਸ ਦੀ ਮੈਨੂੰ ਸਮਝ ਨਹੀਂ ਲੱਗੀ।

ਇਹੋ ਗੱਲ 'ਜੜ੍ਹਾਂ' ਅਤੇ 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਕਹਾਣੀਆਂ ਬਾਰੇ ਕਹੀ ਜਾ ਸਕਦੀ ਹੈ। ਇਨ੍ਹਾਂ ਘਟਨਾਵਾਂ ਵਿਚੋਂ ਕਹਾਣੀ ਕਿਵੇਂ ਕੱਢਣੀ ਹੈ। ਉਸ ਨੂੰ ਪੇਸ਼ ਕਿਵੇਂ ਕਰਨਾ ਹੈ ਅਤੇ ਕਿਹੜੀ ਗੱਲ ਕਰਨੀ ਹੈ ਤੇ ਕਿਹੜੀ ਦੱਬਣੀ ਹੈ ਇਹਦੇ ਬਾਰੇ ਤਾਂ ਰਸੂਲਪੁਰੀ ਨੂੰ ਹੀ ਪਤਾ ਹੈ।

? ਤੂੰ ਦੇਖਣ ਨੂੰ ਬੜਾ ਸਿੱਧਾ ਲੱਗਦਾ ਏਂ ਪਰ ਜਦੋਂ ਕਹਾਣੀਆਂ ਪੜ੍ਹੋ ਫੇਰ ਬੜਾ ਟੇਡਾ ਲੱਗਦਾ ਏਂ।

– ਤੇਰੀ ਗੱਲ ਬਿਲਕੁਲ ਗਲਤ ਏ। ਤੁਸੀਂ ਲੋਕ ਕਹਾਣੀਆਂ ਪੜ੍ਹ ਕੇ ਉਸ ਬੰਦੇ ਦੀ ਇਕ ਤਸਵੀਰ ਬਣਾ ਲੈਂਦੇ ਹੋ। ਬਈ ਇਹ ਕਹਾਣੀ ਦੇ ਪਾਤਰ ਵਰਗਾ ਹੋਵੇਗਾ। ਕਹਾਣੀਆਂ ਦੇ ਪਾਤਰ ਬਿਲਕੁਲ ਵੱਖਰੇ ਹਨ ਅਤੇ ਉਸ ਨੂੰ ਲਿਖਣ ਵਾਲਾ ਰਸੂਲਪੁਰੀ ਆਮ ਸਾਧਾਰਨ ਜ਼ਿੰਦਗੀ ਵਿਚ ਜਦੋਂ ਵਿਚਰਦਾ ਹੈ ਤਾਂ ਆਮ ਮਨੁੱਖੀ ਜੀਵ ਵਾਂਗ ਵਿਚਰਦਾ ਹੈ। ਜੇ ਮੈਂ ਹਰ ਵੇਲੇ ਰਸੂਲਪੁਰੀ ਨੂੰ ਹੀ ਆਪਣੇ ਮੌਰਾਂ 'ਤੇ ਚੁੱਕੀ ਫਿਰਾਂ ਤਾਂ ਘਰ ਦੇ ਬਾਹਰ ਦੇ ਲੋਕ ਮੇਰਾ ਮਜ਼ਾਕ ਉਡਾਉਣਗੇ। ਮੈਂ ਜਦੋਂ ਸਮਾਜਿਕ ਪ੍ਰਾਣੀ ਵਜੋਂ ਸਮਾਜ ਵਿਚ ਆਮ ਲੋਕਾਂ ਵਿਚ ਵਿਚਰਦਾਂ ਤਾਂ ਰਸੂਲਪੁਰੀ ਬਣ ਕੇ ਨਹੀਂ ਵਿਚਰਦਾ। ਪਰ ਕਦੀ ਕਦੀ ਰਸੂਲਪੁਰੀ ਮਨ ਤੇ ਹਾਵੀ ਹੋ ਜਾਂਦਾ ਹੈ। ਫਿਰ ਜਿਵੇਂ ਉਹ ਸੋਚਦਾ ਹੈ ਉਸੇ ਤਰ੍ਹਾਂ ਬੋਲਦਾ ਹੈ। ਉਸੇ ਤਰ੍ਹਾਂ ਸਮਾਜ ਅਤੇ ਲੋਕਾਂ ਨੂੰ ਸਮਝਦਾ ਹੈ। ਜਦੋਂ ਰਿਸ਼ਤੇਦਾਰੀ ਤੇ ਸਮਾਜ 'ਚ ਵਿਚਰਦਿਆਂ ਰਸੂਲਪੁਰੀ ਆਪਣੀ ਗੱਲ ਠੋਸ ਤਰੀਕੇ ਨਾਲ ਰੱਖਣ ਤੋਂ ਬੇਵੱਸ ਹੋ ਜਾਂਦਾ

ਹੈ ਜਾਂ ਕਿਸੇ ਗੱਲ ਕਾਰਨ ਆਪਣੇ ਮਨ ਦੀ ਗੱਲ ਕਹਿ ਨਹੀਂ ਸਕਦਾ ਤਾਂ ਮਾਨਸਿਕ ਪੀੜ੍ਹਾ ਹੰਢਾਉਂਦਾ ਹਾਂ।

? ਤੂੰ ਮੇਰੀ ਗੱਲ ਨੂੰ ਹੋਰ ਪਾਸੇ ਲੈ ਗਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਤੈਂ 'ਕਸੂਰਵਾਰ', 'ਕੀੜਾ', 'ਮਾਸਾਹਾਰੀ', 'ਇੰਦੂਮਣੀ', 'ਸ਼ੈਤਾਨ', 'ਤੀਜਾ ਨੇਤਰ', 'ਜਨੇਊ', 'ਦੇਵਕੀ ਨਾਲ ਮੁਲਾਕਾਤ', 'ਚੁੱਪ ਦੇ ਅੰਦਰਲਾ ਸ਼ੋਰ' ਜਾਂ 'ਗੰਧ' ਕਹਾਣੀਆਂ ਵਿਚ ਔਰਤ ਮਰਦ ਦੇ ਸੰਬੰਧਾਂ ਨੂੰ ਲੈ ਕੇ ਕਈ ਖੁੱਲ੍ਹਾਂ ਲਈਆਂ ਹਨ। ਤੇ ਮੈਂ ਅਕਸਰ ਕਹਾਣੀਆਂ ਨਾਲ ਰਸੂਲਪੁਰੀ ਨੂੰ ਜੋੜ ਕੇ ਦੇਖਣ ਲੱਗਦਾ ਹਾਂ। ਇਹ ਕਹਾਣੀਆਂ ਪੜ੍ਹ ਕੇ ਇੰਝ ਹੀ ਲੱਗਦਾ ਏ ਕਿ ਤੂੰ ਸੌ ਪੱਤਣਾਂ ਦਾ ਤਾਰੂ ਏਂ।

– ਅਜਿਹੀ ਕੋਈ ਗੱਲ ਨਹੀਂ ਹੁੰਦੀ। ਹੁਣ ਜੇ 'ਮਾਸਾਹਾਰੀ' ਕਹਾਣੀ ਵਿਚ ਪਾਠਕ ਮਾਰਦ ਪਾਤਰ ਦੀ ਥਾਂ ਮੈਨੂੰ ਖੜਾ ਕਰਕੇ ਪੜ੍ਹਨਗੇ ਤਾਂ ਬਹੁਤ ਵੱਡੇ ਭਰਮ ਵਿਚ ਹੋਣਗੇ। ਲੈ ਹੋਰ ਮਜ਼ੇ ਦੀ ਗੱਲ ਸੁਣ ਲੈ ਇਹ ਕਹਾਣੀ ਪੜ੍ਹ ਕੇ ਮੇਰੇ ਰਿਸ਼ਤੇਦਾਰੀ ਵਿਚੋਂ ਇਕ ਔਰਤ ਕਹਿਣ ਲੱਗੀ–'ਭਾਜੀ ਤੁਸੀਂ ਤਾਂ ਛੁਪੇ ਰੁਸਤਮ ਨਿਕਲੇ।' ਮੈਂ ਕਿਹਾ ਕਿਵੇਂ? ਉਹ ਕਹਿਣ ਲੱਗੀ ਮੈਂ ਤੁਹਾਡੀ ਕਹਾਣੀ ਮਾਸਾਹਾਰੀ ਪੜ੍ਹੀ ਬੜੇ ਖਰਾਬ ਓਂ ਤੁਸੀਂ। ਮੈਂ ਮੱਥੇ ਤੇ ਹੱਥ ਮਾਰਿਆ। ਹੁਣ ਤੂੰ ਵੀ ਉਸ ਵਰਗੀ ਗੱਲ ਕਰ ਦਿੱਤੀ ਏ। ਜੇ ਤੇਰੇ ਵਰਗੇ ਲੋਕ 'ਸ਼ੈਤਾਨ' ਜਾਂ 'ਦੇਵਕੀ ਨਾਲ ਮੁਲਾਕਾਤ' ਜਾਂ ਉਪਰਲੀਆਂ ਸਾਰੀਆਂ ਕਹਾਣੀਆਂ ਵਿਚ ਜਿਹੜੇ ਮਰਦ ਪਾਤਰ ਦੀ ਥਾਂ ਮੈਨੂੰ ਖੜਾ ਕਰ ਕੇ ਦੇਖਣਗੇ ਤਾਂ ਭੁਲੇਖੇ ਵਿਚ ਹੋਣਗੇ। ਹੱਡੀ ਹਢਾਏ ਅਨੁਭਵ ਕੇਵਲ ਉਹ ਹੀ ਨਹੀਂ ਹੁੰਦੇ ਜਿਹੜੇ ਲੇਖਕ ਦੇ ਆਪਣੇ ਉੱਤੇ ਬੀਤੇ ਅਨੁਭਵ ਹੁੰਦੇ ਹਨ। ਇਹੀ ਤਾਂ ਇਕ ਲੇਖਕ ਤੇ ਆਮ ਬੰਦੇ ਵਿਚ ਫਰਕ ਹੁੰਦਾ ਹੈ। ਲੇਖਕ ਬਾਕੀਆਂ ਨਾਲੋਂ ਸੰਵੇਦਨਸ਼ੀਲ ਅਤੇ ਵੱਖਰਾ ਸੋਚਦਾ ਹੈ। ਇਹ ਜੋ ਉਪਰੋਕਤ ਕਹਾਣੀਆਂ ਦਾ ਜ਼ਿਕਰ ਹੋਇਆ ਹੈ, ਇਨ੍ਹਾਂ ਔਰਤਾਂ ਨੂੰ ਮੈਂ ਬਹੁਤ ਨੇੜੇ ਤੋਂ ਦੇਖਿਆ ਹੈ। ਇਨ੍ਹਾਂ ਦੀ ਜ਼ਿੰਦਗੀ ਦੇ ਅਨੇਕਾਂ ਪਸਾਰ ਮੈਂ ਮਹਿਸੂਸ ਕੀਤੇ ਅਤੇ ਅੱਖੀਂ ਦੇਖੇ ਹਨ। ਇਕ ਪਾਤਰ ਦੇ ਤੌਰ ਤੇ ਇਨ੍ਹਾਂ ਨਾਲ ਵਿਚਰਿਆ ਜ਼ਰੂਰ ਹਾਂ ਪਰ ਇਹ ਨਹੀਂ ਕਿ ਜਿਹੜੇ ਵਰਜਿਤ ਸੰਬੰਧ ਹਨ ਜਾਂ ਜਿਹੜੀਆਂ ਇਨ੍ਹਾਂ ਕਹਾਣੀਆਂ ਵਿਚ ਔਰਤਾਂ ਮਰਦ ਨਾਲ ਸੰਬੰਧ ਬਣਾਉਂਦੀਆਂ ਹਨ ਉਹ ਨਿਸਚੇ ਰੂਪ ਨਾਲ ਮੇਰੇ ਨਾਲ ਬਣਾਉਂਦੀਆਂ ਹਨ।

? ਇਹ ਔਰਤ ਮਰਦ ਦੀਆਂ ਕਹਾਣੀਆਂ ਲਿਖਣਾ ਨੈਤਿਕਤਾ ਦਾ ਕਿਹੜਾ ਮਿਆਰ ਹੋਇਆ। ਇਕ ਹੱਥ ਵਿਚ ਦਲਿਤ ਕਹਾਣੀ ਦਾ ਝੰਡਾ ਚੁੱਕਿਆ ਹੋਇਆ, ਦੂਜੇ ਪਾਸੇ ਇਹੋ ਜਿਹੀਆਂ ਕਹਾਣੀਆਂ?

– ਮੈਂ ਸਮਾਜਿਕ ਨੈਤਿਕਤਾ ਨੂੰ ਤੋੜਨ ਦੇ ਲਈ ਕਹਾਣੀ ਲਿਖਦਾ ਹਾਂ। ਸਾਡੇ ਧਰਮ ਤੇ ਸੰਸਕ੍ਰਿਤੀ ਨੇ ਸਮਾਜ ਨੂੰ ਜਿਸ ਨੈਤਿਕਤਾ ਵਿਚ ਬੰਨਣ ਦੀ ਕੋਸ਼ਿਸ਼ ਕੀਤੀ ਹੈ ਮੈਂ ਉਹ ਕਿਲ੍ਹੇ ਢਹੁਣੇ ਚਾਹੁੰਦਾ ਹਾਂ। ਕਹਾਣੀ ਲਿਖਦੇ ਸਮੇਂ ਮੇਰੇ ਸਾਹਮਣੇ ਕੋਈ ਨੈਤਿਕਤਾ ਨਹੀਂ ਹੁੰਦੀ। ਮੇਰੇ ਪਾਤਰ ਪ੍ਰੰਪਰਕ ਨੈਤਿਕਤਾ ਜਿਵੇਂ ਦੂਜੇ ਮਰਦਾਂ ਵੱਲ ਦੇਖਣਾ, ਵੱਡਿਆਂ ਦਾ ਸਤਿਕਾਰ ਕਰਨਾ, ਔਰਤ ਨੂੰ ਨੀਵਾਂ ਦਰਜਾ ਦੇਣਾ, ਦਲਿਤਾਂ ਨੂੰ ਨਫ਼ਰਤ ਕਰਨਾ, ਆਦਿ ਨੂੰ ਤੋੜਨਾ ਹੈ। ਉਹ ਆਪਣੀ ਨੈਤਿਕਤਾ ਖੁਦ ਬਣਾਉਂਦੇ ਹਨ। ਮੇਰੇ ਪਾਤਰਾਂ ਵਿਚ ਬਾਪ ਦਾ ਨਫ਼ਰਤ ਵਾਲਾ , ਦਲਿਤਾਂ ਵੱਲੋਂ ਦਲਿਤਾਂ ਦੇ ਲੁੱਟ ਤੇ ਸ਼ੋਸ਼ਣ ਵਾਲਾ ਬਿੰਬ ਉਭਰਦਾ ਹੈ। ਮੇਰੇ ਔਰਤ ਪਾਤਰ ਸਮਾਜ ਦੀਆਂ ਨੈਤਿਕ ਕਦਰਾਂ–ਕੀਮਤਾਂ ਨੂੰ ਪੈਰਾਂ ਥੱਲੇ ਦਰੜ ਕੇ ਆਪਣੀ ਮਰਜੀ ਨਾਲ ਜੀਉਂਦੀਆਂ ਹਨ। ਅਤੇ ਜਿਹੜੇ ਦਲਿਤ ਪਾਤਰ ਕਹਾਣੀਆਂ ਵਿਚ ਆਉਂਦੇ ਹਨ ਉਹ ਵੀ ਨੈਤਿਕਤਾ ਨੂੰ ਤੋੜਦੇ ਹਨ। ਨੈਤਿਕਤਾ ਕੇਵਲ ਵਰਜਿਤ ਰਿਸ਼ਤਿਆਂ ਬਾਰੇ ਲਿਖਣਾ ਜਾਂ ਨਾ ਲਿਖਣਾ ਹੀ ਨਹੀਂ ਹੁੰਦੀ।



? ਫਿਰ ਤੂੰ ਜਾਂ ਤੇਰੇ ਵਰਗੇ ਦਲਿਤ ਵਰਗ ਦੇ ਲੇਖਕ ਇਹ ਕਹਿੰਦੇ ਤੇ ਲਿਖਦੇ ਹਨ ਕਿ ਦਲਿਤ ਸਾਹਿਤ ਉਹ ਹੀ ਲਿਖ ਸਕਦਾ ਹੈ ਜਿਸ ਨੇ ਆਪਣੇ ਅਨੁਭਵ ਹੱਡੀ ਹੰਢਾਏ ਹੋਣ। ਇਹ ਗੱਲ ਦਲਿਤ ਸਾਹਿਤ ਨਾਲ ਸੰਬੰਧਤ ਬਹੁਤ ਵਾਰੀ ਉਛਲੀ ਹੈ।

– ਦੇਖੋ ਭਾਈ ਜਿਹਦੇ ਕੋਲ ਨਿੱਜੀ ਅਨੁਭਵ ਹੋਵੇਗਾ ਉਹ ਹੀ ਉਸ ਨੂੰ ਚੰਗੇ ਤਰੀਕੇ ਨਾਲ ਪੇਸ਼ ਕਰ ਸਕਦਾ ਹੈ। ਹੁਣ ਮਾਂ ਦੇ ਪੇਟ ਵਿਚ ਬੱਚੇ ਦੇ ਅਨੁਭਵ ਜਾਂ ਉਸ ਦੀਆਂ ਫੀਲਿੰਗ ਔਰਤ ਹੀ ਚੰਗੇ ਤਰੀਕੇ ਨਾਲ ਦੱਸ ਜਾਂ ਲਿਖ ਸਕਦੀ ਹੈ। ਮਰਦ ਤਾਂ ਓਪਰਾ ਵਰਣਨ ਹੀ ਕਰ ਸਕਦਾ ਹੈ। ਇਹ ਗੱਲ ਦਲਿਤ ਸਾਹਿਤ ਜਾਂ ਦਲਿਤ ਸੰਵੇਦਨਾ ਤੇ ਢੁੱਕਦੀ ਹੈ। ਦਲਿਤ ਵਰਗ ਵਿਚੋਂ ਆਇਆ ਲੇਖਕ ਜਾਂ ਜਿਸ ਨੂੰ ਦਲਿਤ ਦੀ ਜ਼ਿੰਦਗੀ ਨੂੰ ਹੱਡੀ ਹੰਢਾਇਆ ਹੈ। ਜਿਸ ਨੇ ਜਾਤ ਦੇ ਨਾਂ ਤੇ ਮਾਨਸਿਕ ਪੀੜਾ ਸਹੀ ਹੈ। ਜਿਸ ਨੇ ਇਸ ਵਰਗ ਦਾ ਸਮਾਜਿਕ ਸੱਚ ਆਪਣੇ ਮਨ ਤੇ ਹੰਢਾਇਆ ਹੈ। ਉਹ ਹੀ ਉਸ ਨੂੰ ਚੰਗੇ ਤਰੀਕੇ ਨਾਲ ਪੇਸ਼ ਕਰ ਸਕਦਾ ਹੈ। ਸਾਡੇ ਪੰਜਾਬੀ ਵਿਚ ਸਭ ਕੁਝ ਉਲਟ ਹੋ ਰਿਹਾ ਹੈ। ਅੱਜ ਕਲ੍ਹ ਹਰ ਫੀਲਡ ਵਿਚ 'ਦਲਿਤ' ਸ਼ਬਦ ਗਰਮ ਗਰਮ ਪਕੌੜਿਆਂ ਵਾਂਗ ਵਿਕ ਰਿਹਾ ਹੈ। ਚਾਹੇ ਉਹ ਰਾਜਨੀਤੀ ਹੋਵੇ ਜਾਂ ਸਾਹਿਤ ਹੋਵੇ। ਸਾਡੇ ਪੰਜਾਬੀ ਵਿਚ ਗੈਰ ਦਲਿਤ ਲੇਖਕ, ਦਲਿਤ ਸਾਹਿਤ ਲਿਖ ਰਹੇ ਹਨ ਅਤੇ ਤ੍ਰਸਦੀ ਇਹ ਕਿ ਉਨ੍ਹਾਂ ਵੱਲੋਂ ਲਿਖੀ ਰਚਨਾ ਦਲਿਤ ਸਾਹਿਤ ਦੀ ਪ੍ਰਤੀਨਿੰਧ ਰਚਨਾ ਵਜੋਂ ਪ੍ਰਚਾਰੀ ਜਾ ਰਹੀ ਹੈ। ਇਹ ਰਚਨਾਕਾਰ ਜਾਂ ਤਾਂ ਤਰਸ ਦੇ ਅਧਾਰ ਤੇ ਜਾਂ ਦਲਿਤ ਪਾਤਰਾਂ ਦਾ ਮਜ਼ਾਕ ਉਡਾਉਣ ਤੇ ਜਾਂ ਫਿਰ ਪੇਤਲੇ ਪੱਧਰ ਦਾ ਵਰਨਣ ਕਰਨ ਵਾਲੀਆਂ ਰਚਨਾਵਾਂ ਲਿਖ ਰਹੇ ਹਨ। ਇਨ੍ਹਾਂ ਦੀਆਂ ਰਚਨਾਵਾਂ ਨੂੰ ਹੀ ਦਲਿਤ ਸਾਹਿਤ ਦੀਆਂ ਪ੍ਰਤੀਨਿੰਧ ਰਚਨਾਵਾਂ ਵਜੋਂ ਪ੍ਰਚਾਰਿਆ ਜਾਂਦਾ ਹੈ। ਅਜਿਹਾ ਤਾਂ ਹੋ ਰਿਹਾ ਹੈ ਸਮੁੱਚੇ ਸਾਹਿਤ ਅਤੇ ਸਾਹਿਤਕ ਅਦਾਰਿਆਂ ਉੱਤੇ ਉਨ੍ਹਾਂ ਲੋਕਾਂ ਦੀ ਜਕੜ ਹੈ ਜਿਵੇਂ ਸਾਡੇ ਇਥੇ ਬੀ. ਜੇ. ਪੀ. ਅਤੇ ਆਰ. ਐਸ. ਐਸ. ਵਾਲੇ ਵੀ ਭਗਤ ਸਿੰਘ ਤੇ ਅੰਬੇਡਕਰ ਦੀ ਫੋਟੋ ਦਾ ਲਾਹਾ ਲੈਣ ਲੱਗੇ ਹੋਏ ਹਨ। ਇਹੀ ਹਾਲ ਉਨ੍ਹਾਂ ਰਚਨਾਕਾਰਾਂ ਦਾ ਹੈ। ਅਜੇ ਤੱਕ ਦਲਿਤ ਵਰਗ ਵਿਚੋਂ ਕੋਈ ਪ੍ਰਤੀਨਿਧ ਆਲੋਚਕ ਉਭਰ ਕੇ ਸਾਹਮਣੇ ਨਹੀਂ ਆਇਆ। ਦਲਿਤਾਂ ਵੱਲੋਂ ਲਿਖੇ ਦਲਿਤ ਸਾਹਿਤ ਦੀ ਨਿਰਪੱਖਤਾ ਨਾਲ ਤਾਂ ਹੀ ਸਮੀਖਿਆ ਹੋਵੇਗੀ ਜੇਕਰ ਇਸੇ ਵਰਗ ਵਿਚੋਂ ਸਮੀਖਿਆ ਦੇ ਖੇਤਰ ਵਿਚ ਵਿਦਵਾਨ ਆਉਣਗੇ। ਇਕ ਵਾਰ ਡਾ. ਨਾਮਵਰ ਸਿੰਘ ਨੇ ਦਿੱਲੀ ਵਿਚ ਸਟੇਜ ਤੋਂ ਕਿਹਾ ਸੀ ਕਿ ਪੰਜਾਬੀ ਦੇ ਦਲਿਤ ਲੇਖਕਾਂ ਨੂੰ ਆਪਣੇ ਆਲੋਚਕ ਵੀ ਪੈਦਾ ਕਰਨੇ ਪੈਣਗੇ। ਤਾਂ ਹੀ ਉਨ੍ਹਾਂ ਦੇ ਸਾਹਿਤ ਦੀ ਨਿਰਪੱਖਤਾ ਤੇ ਸਹੀ ਤਰੀਕੇ ਨਾਲ ਗੱਲ ਹੋ ਸਕੇਗੀ।

? ਸੱਚੋ ਸੱਚ ਦੱਸੀਂ ਆਲੋਚਕਾਂ ਬਾਰੇ ਤੇਰੀ ਕਿਹੋ ਜਿਹੀ ਧਾਰਨਾ ਹੈ।

– ਮੈਂ ਕਹਾਣੀ ਆਲੋਚਨਾ ਦੀ ਹੀ ਗੱਲ ਏਥੇ ਕਰਨੀ ਹੈ। ਅੱਜ ਕਹਾਣੀ ਆਲੋਚਨਾ ਵਿਚ ਉਂਗਲਾਂ ਤੇ ਗਿਣੇ ਜਾਣ ਵਾਲੇ ਨਾਂ ਹਨ। ਡਾ. ਰਜਨੀਸ਼ ਬਹਾਦਰ ਸਿੰਘ ਆਲੋਚਨਾ ਵਿਚ ਕਈ ਧਾਰਨਾਵਾਂ ਵੱਖਰੀਆਂ ਅਤੇ ਨਵੀਆਂ ਲੈ ਕੇ ਆ ਰਹੇ ਹਨ। ਜੋਗਿੰਦਰ ਸਿੰਘ ਨਿਰਾਲਾ ਨੇ ਵੀ ਪਿਛਲੇ ਦਿਨੀਂ ਕਹਾਣੀ ਤੇ ਨਿੱਠ ਕੇ ਕੰਮ ਕੀਤਾ ਹੈ। ਦਿੱਲੀ ਵਾਲੀ ਡਾ. ਜਸਵਿੰਦਰ ਕੌਰ ਬਿੰਦਰਾ ਹੁਰਾਂ ਨੇ ਪਹਿਲਾਂ ਪਹਿਲ ਕਹਾਣੀ ਦੇ ਮਨੋਵਿਗਿਆਨ ਪਹਿਲੂ ਤੇ ਚੰਗਾ ਕੰਮ ਕੀਤਾ ਸੀ। ਡਾ. ਸਰਬਜੀਤ ਸਿੰਘ ਨੇ ਦਲਿਤ ਸਾਹਿਤ ਨੂੰ ਲੈ ਕੇ ਨਵੇਂ ਐਂਗਲ ਤੋਂ ਕੰਮ ਕੀਤਾ ਪਰ ਉਨ੍ਹਾਂ ਦੀ ਤੋਰ ਬਹੁਤ ਧੀਮੀ ਹੈ। ਡਾ. ਧਨਵੰਤ ਕੌਰ ਹੁਰਾਂ ਦਾ ਕਹਾਣੀ ਸ਼ਾਸ਼ਤਰ ਨੂੰ ਲੈ ਕੇ ਕਾਫੀ ਚੰਗਾ ਕੰਮ ਹੈ। ਡਾ. ਗੁਰਲਾਲ ਸਿੰਘ ਕਹਾਣੀ ਸਮੀਖਿਆ ਵਿਚ ਬਹੁਤ ਸਾਰੇ ਨਵੇਂ ਨੁਕਤੇ ਲੈ ਕੇ ਆਇਆ। ਡਾ. ਬਲਦੇਵ ਸਿੰਘ ਧਾਲੀਵਾਲ ਦੀ ਨਿਰਪੱਖ ਆਲੋਚਨਾ ਤਾਂ ਹੀ ਮੰਨੀ ਜਾਵੇਗੀ ਜੇਕਰ ਉਹ ਆਪਣੇ ਦੋਸਤੀ ਦੇ ਦਾਇਰੇ ਵਿਚੋਂ ਬਾਹਰ ਨਿੱਕਲ ਕੇ ਆਲੋਚਨਾ ਕਰੇ। ਡਾ. ਬਲਕਾਰ ਸਿੰਘ, ਡਾ. ਗੁਰਮੇਲ

ਸਿੰਘ, ਡਾ. ਚੰਦਰ ਮੋਹਨ, ਡਾ. ਭੀਮ ਇੰਦਰ ਸਿੰਘ, ਡਾ. ਰਮਿੰਦਰ ਕੌਰ, ਡਾ. ਭੁਪਿੰਦਰ ਕੌਰ, ਜਗਵਿੰਦਰ ਜੋਧਾ, ਸੰਤੋਖ ਸਿੰਘ ਸੁੱਖੀ ਕਹਾਣੀ ਆਲੋਚਨਾ ਦੇ ਖੇਤਰ ਵਿਚ ਚੰਗਾ ਕੰਮ ਕਰ ਰਹੇ ਹਨ।

?ਆਪਣੀਆਂ ਕਹਾਣੀਆਂ ਤੇ ਖੋਜ ਕਾਰਜ ਕਰਵਾਉਣ ਲਈ, ਸਿਲੇਬਸ ਵਿਚ ਲਗਵਾਉਣ ਲਈ ਜਾਂ ਇਨਾਮਾਂ ਲਈ ਜੁਗਾੜ ਜਾਂ ਜੁਗਤਾਂ ਵੀ ਵਰਤੀਆਂ।

– ਯੂਨੀਵਰਸਿਟੀਆਂ ਵਾਲਿਆਂ ਨੇ ਮੈਨੂੰ ਹਾਸ਼ੀਏ ਤੇ ਧਕੇਲਿਆ ਹੋਇਆ ਹੈ। ਮੈਨੂੰ ਦੋ ਥਾਵਾਂ ਤੋਂ ਸੂਚਨਾ ਮਿਲੀ ਕਿ ਅਸੀਂ ਤੇਰੀਆਂ ਕਹਾਣੀਆਂ ਤੇ ਖੋਜ ਕਰਨੀ ਚਾਹੁੰਦੇ ਸਾਂ ਪਰ ਗਾਇਡ ਤੇ ਪੈਨਲ ਕਮੇਟੀ ਨੂੰ ਮੇਰੇ ਨਾਂ ਤੇ ਮੇਰੀਆਂ ਕਹਾਣੀਆਂ ਤੋਂ ਅਲਰਜੀ ਸੀ। ਉਨ੍ਹਾਂ ਮੇਰਾ ਨਾਂ ਕੱਢ ਆਪਣੇ ਘੇਰੇ ਦੇ ਕਹਾਣੀਕਾਰ ਦਾ ਨਾਂ ਪਾ ਦਿੱਤਾ। ਖੋਜ ਵਿਦਿਆਰਥੀ ਤਾਂ ਸਤਰੰਜ ਦੇ ਮੋਹਰੇ ਹਨ। ਇਕ ਵਾਰ ਮੇਰੀ ਪਹਿਲੀ ਕਿਤਾਬ 'ਮੈਂ, ਸੈਤਾਨ ਤੇ ਇੰਦੂਮਣੀ' ਨੂੰ ਅੰਮ੍ਰਿਤਸਰ ਵਾਲੀ ਯੂਨੀਵਰਸਿਟੀ ਨੇ ਇਨਾਮ ਦੇਣ ਲਈ ਚੋਣ ਕਰ ਲਈ। ਪੈਨਲ ਵਿਚ ਪਾਸ ਵੀ ਹੋ ਗਿਆ। ਪਰ ਉਹ ਇਨਾਮ ਕਿਸੇ ਹੋਰ ਨੂੰ ਮਿਲ ਗਿਆ। ਇਹ ਜੁਗਾੜ ਤੇ ਸਿਆਸਤ ਮੇਰੇ ਕੋਲੋਂ ਹੁੰਦੀ ਨਹੀਂ। ਜੋ ਲੇਖਕ ਹੁੰਦਾ ਹੈ ਉਹ ਸਿਆਸਤ ਨਹੀਂ ਕਰ ਸਕਦਾ। ਸਾਹਿਤ ਵਿਚ ਸਾਹਿਤ ਦੇ ਨਾਂ ਹੇਠ ਜਿਹੜੇ ਲੋਕ ਸਿਆਸਤ ਕਰ ਰਹੇ ਹਨ ਉਨ੍ਹਾਂ ਦੇ ਸਾਹਿਤ ਦੀ ਉਮਰ ਬਹੁਤ ਥੋੜ੍ਹੀ ਹੁੰਦੀ ਹੈ। ਅੱਜ ਕਲ੍ਹ ਤਾਂ ਕੁਝ ਲੇਖਕਾਂ ਨੇ ਲਿਖ ਕੇ ਕਹਿਣ ਸ਼ੁਰੂ ਕਰ ਦਿੱਤਾ ਹੈ ਕਿ ਮੇਰਾ ਲਿਖਣਾ, ਸਾਹਿਤ ਵਿਚ ਆਉਣਾ ਸਿਆਸਤ ਹੈ।

? ਕੀ ਗੱਲ ਪਿਛਲੇ ਸਾਲ ਕੋਈ ਕਹਾਣੀ ਨਹੀਂ ਲਿਖ ਹੋਈ। ਲਗਦਾ ਦਾਣੇ ਮੁੱਕ ਗਏ।

– ਹਾਂ ਇਹ ਗੱਲ ਠੀਕ ਏ ਕਿ ਕੋਈ ਕਹਾਣੀ ਪਾਠਕਾਂ ਤੀਕ ਪਹੁੰਚ ਨਹੀਂ ਸਕੀ। ਪਰ ਮੇਰੇ ਮਨ ਵਿਚ ਤਿੰਨ ਚਾਰ ਕਹਾਣੀਆਂ ਲਿਖ ਹੋ ਰਹੀਆਂ ਹਨ। ਇਨ੍ਹਾਂ ਦੇ ਬਿਰਤਾਂਤ ਬਣੀ ਜਾ ਰਹੇ ਹਨ। ਜਦੋਂ ਜ਼ੋਰ ਪਿਆ ਲਿਖ ਦੇਣੀਆਂ ਹਨ। ਮੈਂ ਉਦੋਂ ਹੀ ਕਹਾਣੀ ਲਿਖਦਾ ਹਾਂ ਜਦੋਂ ਮੈਨੂੰ ਲੱਗੇ ਇਹ ਨਵੀਂ ਗੱਲ ਅਤੇ ਨਵੇਂ ਤਰੀਕੇ ਨਾਲ ਪੇਸ਼ ਹੋਣੀ ਹੈ। ਪੰਜਾਬੀ ਵਿਚ ਕਹਾਣੀ ਦਾ ਇਹ ਹਾਲ ਹੈ ਕਿ ਕਹਾਣੀਕਾਰ ਪੰਜ–ਸੱਤ ਸਾਲਾਂ ਬਾਅਦ ਆਪਣੇ ਆਪ ਨੂੰ ਦੁਹਰਾਉਣ ਲੱਗ ਪੈਂਦੇ ਹਨ। ਪੰਜਾਬੀ ਵਿਚ ਕਿਸਾਨੀ ਜਾਂ ਫਿਰ ਪਿੰਡ ਦੀ ਕਹਾਣੀ ਵਧੇਰੇ ਮਾਤਰਾ ਵਿਚ ਲਿਖੀ ਗਈ ਹੈ ਤੇ ਜਾ ਰਹੀ ਹੈ। ਦੁਹਰਾਓ ਤਾਂ ਆਵੇਗਾ ਹੀ। ਮੇਰੀ ਨਜ਼ਰ ਉਸ ਵਿਸ਼ੇ ਤੇ ਵੱਧ ਕੇਂਦਰਿਤ ਹੁੰਦੀ ਹੈ ਜਿਹੜਾ ਵਿਸ਼ਾ ਹਨੇਰੇ ਵਿਚ ਵਿਚ ਪਿਆ ਹੋਵੇ ਜਿਹਦੇ 'ਤੇ ਬਹੁ ਗਿਣਤੀ ਵਿਚ ਲੇਖਕਾਂ ਦੀ ਨਜ਼ਰ ਨਾ ਪਈ ਹੋਵੇ। ਸੱਜਰੇ ਵਿਸ਼ੇ ਤੇ ਸੱਜਰੀ ਪੇਸ਼ਕਾਰੀ ਹਮੇਸ਼ਾਂ ਪਾਠਕ ਨੂੰ ਆਪਣੇ ਵੱਲ ਖਿੱਚੇਗੀ।

ਦੂਜੀ ਗੱਲ ਇਕ ਹੋਰ ਕਰਨੀ ਹੈ। ਮੇਰੀਆਂ ਪਿਛਲੀਆਂ ਕੁਝ ਕਹਾਣੀਆਂ ਦਾ ਬਿਰਤਾਂਤ ਕਾਫੀ ਲੰਮਾ ਹੋ ਗਿਆ। ਜਿਨ੍ਹਾਂ ਨੂੰ ਕਹਾਣੀ ਨਾਲੋਂ ਜੇ ਮੈਂ ਨਾਵਲ ਵਿਚ ਸਮੇਟਦਾ ਤਾਂ ਖੁੱਲ੍ਹ ਕੇ ਗੱਲ ਕਰ ਸਕਦਾ ਸੀ। 'ਆਦੀ ਡੰਕਾ' ਕਹਾਣੀ ਮੇਰੀ ਸਭ ਤੋਂ ਅਖੀਰਲੀ ਕਹਾਣੀ ਹੈ। ਇਸ ਕਹਾਣੀ ਤੋਂ ਬਾਅਦ ਮੈਨੂੰ ਕਈ ਦੋਸਤਾਂ ਨੇ ਕਿਹਾ ਕਿ ਹੁਣ ਤੂੰ ਨਾਵਲ ਲਿਖ। ਦਲਿਤ ਜ਼ਿੰਦਗੀ ਦੇ ਅਨੁਭਵ ਜਿਹੜੇ ਤੇਰੇ ਕੋਲ ਹਨ ਉਹ ਘੱਟੋ–ਘੱਟ ਸਾਡੇ ਕੋਲ ਜਾਂ ਬਾਕੀ ਦਲਿਤਾਂ ਬਾਰੇ ਲਿਖਣ ਵਾਲਿਆਂ ਕੋਲ ਨਹੀਂ। ਮਸਲਨ.... ਮੇਰੇ ਅੰਦਰ ਪਿਛਲੇ ਤਿੰਨ ਸਾਲ ਤੋਂ ਨਾਵਲ ਦਾ ਬਿਰਤਾਂਤ ਬਣ ਰਿਹਾ ਹੈ। ਪਾਤਰ ਆ ਰਹੇ ਹਨ। ਮੈਂ ਨਾਵਲ ਨੂੰ ਹੱਥ ਪਾਉਣ ਲੱਗਾ ਝਿਜਕ ਰਿਹਾ ਹਾਂ। ਇਹ ਨਾਵਲ ਦਾ ਬਿਰਤਾਂਤ ਮੇਰੀਆਂ ਕਹਾਣੀਆਂ ਅੱਗੇ ਨੱਕਾ ਲਾ ਕੇ ਖੜ੍ਹਾ ਹੈ। ਕਹਾਣੀ ਹਾਵੀ ਹੋਣ ਲੱਗਦੀ ਹੈ ਤਾਂ ਨਾਵਲ ਕਹਿੰਦਾ ਮੈਨੂੰ ਸ਼ੁਰੂ ਕਰ। ਇਹ ਮੇਰੇ ਲਈ ਬਹੁਤ ਸੰਕਟ ਹੈ। ਇਹ ਮਸਲਾ ਮੈਂ ਜਲਦੀ ਹੱਲ ਕਰ ਲੈਣਾ ਹੈ।

?'ਕਸੂਰਵਾਰ' ਤੇਰੀ ਪਹਿਲੇ ਦੌਰ ਦੀ ਕਹਾਣੀ ਹੈ। ਇਹ ਅੱਜ ਵੀ ਤੇਰੀਆਂ ਬਾਅਦ ਦੀਆਂ



ਕਹਾਣੀਆਂ ਤੇ ਹਾਵੀ ਹੋ ਰਹੀ ਹੈ।

– ਬਿਨਾ ਸ਼ੱਕ ਇਹ ਕਹਾਣੀ ਮੇਰੀ ਪ੍ਰਤੀਨਿੱਧ ਕਹਾਣੀ ਹੈ। ਇਹਨੂੰ ਮੈਂ ਨਹੀਂ ਕਹਿੰਦਾ। ਇਹਨੂੰ ਪ੍ਰਤੀਨਿੱਧ ਕਹਾਣੀ ਹੋਣ ਦਾ ਦਰਜਾ ਪਾਠਕਾਂ, ਆਲੋਚਕਾਂ, ਵਿਦਵਾਨਾਂ ਅਤੇ ਦੂਜੀਆਂ ਭਾਸ਼ਾਵਾਂ ਦੇ ਲੇਖਕਾਂ ਨੇ ਦਿੱਤਾ ਹੈ। ਇਹ ਕਹਾਣੀ ਕਿਵੇਂ ਜੁੜੀ, ਇਹਦਾ ਵੀ ਅਜੀਬ ਰਹੱਸ ਏ। ਇਸ ਕਹਾਣੀ ਦੇ ਪਾਤਰ ਤੇ ਘਟਨਾਵਾਂ ਮੈਂ ਉਸ 'ਬਿੱਟੂ' ਤੋਂ ਪ੍ਰਾਪਤ ਕੀਤੀਆਂ ਨੇ ਜਿਸ ਦੀ ਹੋਂਦ ਰਸੂਲਪੁਰੀ ਨੇ ਬਹੁਤ ਮੱਧਮ ਕਰ ਦਿੱਤੀ ਏ। ਪਰ ਮੈਂ ਇਹ ਕਦੇ ਨਹੀਂ ਭੁੱਲਾਂਗਾ ਕਿ ਮੇਰੀਆਂ ਕਹਾਣੀਆਂ ਦੇ ਬੀਜ ਮੈਂ 'ਬਿੱਟੂ' ਤੋਂ ਪ੍ਰਾਪਤ ਕਰਦਾ ਹਾਂ। ਬੀਜ ਤੰਦਰੁਸਤ, ਮਜਬੂਤ ਅਤੇ ਸ਼ਕਤੀਸਾਲੀ ਹੋਵੇਗਾ ਤਾਂ ਹੀ ਪੌਦਾ ਤੰਦਰੁਸਤ ਹੋਵੇਗਾ। ਪਰ ਸੱਚੀ ਗੱਲ ਇਹ ਹੈ ਕਿ ਰਸੂਲਪੁਰੀ ਬੜਾ ਸਵਾਰਥੀ ਹੈ। ਇਹ ਹਮੇਸ਼ਾਂ 'ਬਿੱਟੂ' ਨੂੰ ਨਜ਼ਰ ਅੰਦਾਜ਼ ਕਰ ਦਿੰਦਾ ਹੈ।

? ਕੀ ਤੂੰ ਜਿਸ ਤਰ੍ਹਾਂ ਪਾਤਰਾਂ ਨੂੰ ਪੂਰਨ ਰੂਪ ਵਿਚ ਦੇਖਦਾ ਅਤੇ ਪਾਤਰਾਂ ਵਿਚ ਵਿਚਰਦਾ ਏਂ ਉਸ ਨੂੰ ਪੂਰਨ ਰੂਪ ਵਿਚ ਪੇਸ਼ ਕਰ ਦਿੰਦਾ ਏਂ।

– ਪਾਤਰ ਕਦੀ ਵੀ ਪੂਰਨ ਰੂਪ ਵਿਚ ਪੇਸ਼ ਹੋ ਨਹੀਂ ਸਕਦੇ। ਮੈਂ ਜਦੋਂ ਵੀ ਕਹਾਣੀ ਲਿਖਦਾ ਹਾਂ। ਤਾਂ ਮੇਰੇ ਮਨ ਵਿਚ ਪਾਤਰ ਦਾ ਉਹ ਰੂਪ ਹੀ ਆਉਂਦਾ ਹੈ, ਜਿਸ ਦੀ ਮੈਨੂੰ ਜ਼ਰੂਰਤ ਹੁੰਦੀ ਹੈ। ਇਹਦੇ ਪਿੱਛੇ ਮੇਰੀ ਦ੍ਰਿਸ਼ਟੀ ਵੀ ਕੰਮ ਕਰ ਰਹੀ ਹੁੰਦੀ ਹੈ। ਜਿਵੇਂ ਕਹਾਣੀ 'ਕਸੂਰਵਾਰ' ਹੈ ਉਸ ਦੀ ਮੁੱਖ ਪਾਤਰ ਰੱਜੋ ਦੇ ਕਈ ਰੂਪ ਮੇਰੇ ਮਨ ਵਿਚ ਅਣਲਿਖੇ ਹੀ ਰਹਿ ਗਏ। ਕਿਉਂਕਿ ਕਹਾਣੀ ਵਿਚ ਉਸ ਦੀ ਜ਼ਰੂਰਤ ਨਹੀਂ ਸੀ। ਜਿਹੜੇ ਕਹਾਣੀਕਾਰ ਕਹਿੰਦੇ ਹਨ ਕਿ ਕਹਾਣੀ ਵਿਚ ਮੈਂ ਆਦਮੀ ਨੂੰ ਸੰਪੂਰਨ ਰੂਪ ਵਿਚ ਚਿਤਰ ਦਿੱਤਾ ਹੈ, ਉਹ ਝੂਠ ਬੋਲਦੇ ਹਨ। ਮੇਰੀਆਂ ਮੁੱਢਲੀਆਂ ਕਹਾਣੀਆਂ ਵਿਚ ਮੇਰੇ ਨਾਨਾ ਜੀ ਕਿਸੇ ਨਾ ਕਿਸੇ ਰੂਪ ਵਿਚ ਆ ਜਾਂਦੇ ਸਨ। ਕਦੇ ਉਸ ਦਾ ਕੋਈ ਰੂਪ ਪੇਸ਼ ਹੋ ਜਾਂਦਾ ਕਦੀ ਕੋਈ। ਉਸ ਦੇ ਬਹੁਤ ਸਾਰੇ ਰੂਪ ਅਜੇ ਵੀ ਮੇਰੇ ਮਨ ਵਿਚ ਮੌਜੂਦ ਹਨ। ਕਈ ਸਾਲਾਂ ਬਾਅਦ ਕਹਾਣੀ 'ਆਦੀ ਡੰਕਾ' ਵਿਚ ਨਾਨੇ ਦਾ ਨਿਵੇਕਲਾ ਰੂਪ ਚਿਤਰ ਹੋ ਗਿਆ। ਜਿਸ ਰੂਪ ਬਾਰੇ ਮੈਨੂੰ ਖੁਦ ਇਲਮ ਨਹੀਂ ਸੀ ਕਿ ਇਹ ਰੂਪ ਵੀ ਕਹਾਣੀ ਵਿਚ ਆ ਸਕਦਾ ਹੈ। ਇਹ ਬੜਾ ਗੁੱਝਾ ਭੇਦ ਐ ਮੈਨੂੰ ਖੁਦ ਨੂੰ ਇਹਦਾ ਇਲਮ ਨਹੀਂ। 'ਮਰਨ ਰੁੱਤ' ਕਹਾਣੀ 'ਚ ਮੈਂ ਆਪਣੇ ਬਾਪ ਦਾ ਕਰੂਰ ਰੂਪ ਪੇਸ਼ ਕੀਤਾ। ਮੇਰੇ ਮਿੱਤਰ ਕਹਿਣ ਲੱਗੇ ਦੂਜਾ ਰੂਪ ਕਿਓਂ ਨਹੀਂ ਪੇਸ਼ ਕੀਤਾ। ਭਵਿੱਖ ਵਿਚ ਉਸ ਦਾ ਦੂਜਾ ਰੂਪ ਕਿਸੇ ਪਾਤਰ ਰਾਹੀਂ ਕਿਸੇ ਕਹਾਣੀ ਵਿਚ ਆ ਸਕਦਾ ਹੈ। ਮੈਂ ਖੁਦ ਅਧੂਰਾ ਹਾਂ ਤੇ ਮੇਰੇ ਪਾਤਰ ਵੀ ਅਧੂਰੇਪਨ ਦਾ ਸ਼ਿਕਾਰ ਹਨ। ਇਸ ਅਧੂਰੇਪਨ ਨੂੰ ਪੂਰਾ ਕਰਨ ਲਈ ਪਾਤਰ ਮੇਰੇ ਕੋਲੋਂ ਕਹਾਣੀਆਂ ਲਿਖਵਾ ਰਹੇ ਹਨ।

? ਤੂੰ ਜਵਾਨ ਏਂ, ਇਸ ਉਮਰ 'ਚ ਬੰਦਾ ਜ਼ਸ਼ਨ ਦੀਆਂ ਗੱਲਾਂ ਕਰਦਾ ਏ, ਤੂੰ ਹੁਣੇ ਹੀ ਮਰਨ ਰੁੱਤ ਦੀਆਂ ਗੱਲਾਂ ਕਰਨ ਲੱਗ ਪਿਆਂ। ਤੇਰੇ ਜਿਉਣ ਦਾ ਵਤੀਰਾ ਬੜਾ ਨੈਗਟਿਵ ਹੈ, ਨਿਰਾਸ਼ਾਵਾਦੀ।

– ਤੂੰ ਆਪਣੀ ਥਾਂ ਠੀਕ ਹੋਵੇਂਗਾ ਪਰ ਇਸ ਵਰਤਾਰੇ ਨੂੰ ਰਸੂਲਪੁਰੀ ਆਪਣੇ ਐਂਗਲ ਤੋਂ ਸੋਚਦਾ ਤੇ ਦੇਖਦਾ ਹੈ। ਮੈਂ ਉਸ ਦਲਿਤ ਬੰਦੇ ਦੀ ਕਹਾਣੀ ਕਹਿੰਦਾ ਹਾਂ, ਜਿਸ ਨੂੰ ਸਾਡਾ ਸਮਾਜਿਕ ਸਿਸਟਮ ਬੜੇ ਖ਼ਤਰਨਾਕ ਤਰੀਕੇ ਨਾਲ ਮਾਨਸਿਕ ਤੇ ਆਰਥਿਕ ਤੌਰ ਤੇ ਮਾਰ ਰਿਹਾ ਹੈ ਤੇ ਬੰਦੇ ਨੂੰ ਪਤਾ ਵੀ ਨਹੀਂ ਲੱਗ ਰਿਹਾ। ਦਲਿਤਾਂ ਨੂੰ ਸਮਾਜਿਕ ਪ੍ਰਬੰਧ ਮਾਰ ਰਿਹਾ ਹੈ। ਪਤਨੀ ਨੂੰ ਉਹਦਾ ਪਤੀ ਮਾਰ ਰਿਹਾ ਹੈ। ਪੁੱਤ ਨੂੰ ਬਾਪ ਆਪਣੀ ਸੱਤਾ ਰਾਹੀਂ ਮਾਰ ਰਿਹਾ ਹੈ। ਸਮਾਜ ਦਾ ਪ੍ਰਬੰਧ ਐਨਾ ਜਟਿਲ ਬਣਦਾ ਜਾ ਰਿਹਾ ਹੈ ਕਿ ਬੰਦਾ ਪਾਗਲ ਹੋ ਰਿਹਾ ਹੈ। ਮਨੋਰੋਗ ਦੇ ਡਾਕਟਰਾਂ ਕੋਲੋਂ ਮਰੀਜ਼ਾਂ ਦੀ ਭੀੜ ਵੱਧ ਰਹੀ ਹੈ। ਬੰਦੇ ਦੇ ਮਨ ਵਿਚ ਸਮਾਜਿਕ ਭ੍ਰਾਂਤੀਆਂ ਨੂੰ ਲੈ ਕੇ ਅਨੇਕਾਂ ਮਾਨਸਿਕ ਗੰਢਾਂ ਪੈ ਰਹੀਆਂ ਹਨ। ਦਲਿਤ ਔਰਤ ਨੂੰ ਦੋਹਰੀ ਮਾਰ ਪੈ ਰਹੀ ਹੈ। ਮਰਦ ਸੱਤਾ ਦੀ ਦਹਿਸ਼ਤ ਪਾ ਕੇ ਔਰਤ

ਨੂੰ ਡਰਾ ਰਿਹਾ ਹੈ। ਸਮਾਜ ਦਾ ਸਿਸਟਮ ਐਡਾ ਡਰਾਉਣਾ ਬਣ ਗਿਆ ਹੈ ਕਿ ਔਰਤ ਸਹਿਮੀ ਹੋਈ ਹੈ, ਡਰੀ ਹੋਈ ਹੈ ਤੇ ਮਰ ਰਹੀ ਹੈ। ਮੇਰੇ ਚੁਫੇਰੇ ਮਰਨ ਰੁੱਤ ਸੰਘਣੀ ਧੁੰਦ ਪਸਾਰ ਰਹੀ ਹੈ। ਮੈਂ ਆਪਣੀਆਂ ਕਹਾਣੀਆਂ ਵਿਚ 'ਮਰਨ ਰੁੱਤ' 'ਚ ਜੀਉਣ ਦੀ ਲਾਲਸਾ ਲੈ ਕੇ ਸਮਾਜ 'ਚ ਪਿਸ ਰਹੇ ਦਲਿਤ ਬੰਦੇ / ਦਲਿਤ ਔਰਤ ਨੂੰ ਪੇਸ਼ ਕੀਤਾ ਹੈ। ਇਨ੍ਹਾਂ ਕਹਾਣੀਆਂ ਰਾਹੀਂ ਪਾਠਕ ਨੂੰ ਮਰਨ ਰੁੱਤ ਦਾ ਅਹਿਸਾਸ ਕਰਵਾਇਆ ਹੈ। ਮੇਰੇ ਪਾਤਰ ਜੀਉਣ ਦੀ ਲਾਲਸਾ ਲਈ ਮਰਨ ਰੁੱਤ ਦੇ ਦੌਰ ਵਿਚ ਸਵੈ-ਚਿੰਤਨ ਕਰਦੇ ਹਨ।

'ਰਹਿਮਤ ਮਸੀਹ ਮੱਟੂ ਦੀ ਜੀਵਨੀ' ਦਾ 'ਰਹਿਮਤ', 'ਜੜ੍ਹਾਂ' ਦਾ 'ਭਿਕਸ਼ੂ ਗਿਆਨ ਰਤਨ', 'ਲੰਘ ਚੱਲੀ' ਦੀ 'ਬਜ਼ੁਰਗ ਔਰਤ', 'ਮਰਨ ਰੁੱਤ' ਦਾ 'ਮਦਨ', 'ਗੰਧ' ਦੀ 'ਮੋਨਿਕਾ', 'ਡਾਕੂਮੈਂਟਰੀ' ਦੀ 'ਮਾਸੀ ਵਰਿਆਮੀ', 'ਕਿੱਥੇ ਗਈ ਹਮੀਦਾ' ਦਾ 'ਜੋਗੀ', ਇਨ੍ਹਾਂ ਕਹਾਣੀਆਂ ਦੇ ਇਹ ਸਾਰੇ ਪਾਤਰ ਮਾਨਸਿਕ ਤੌਰ ਤੇ ਮਰ ਰਹੇ ਹਨ। ਅੰਦਰੋਂ ਖੋਖਲੇ ਹੋ ਰਹੇ ਹਨ। ਇਨ੍ਹਾਂ ਪਾਤਰਾਂ ਨੂੰ ਮਾਨਸਿਕ ਤੌਰ ਤੇ ਕੌਣ ਮਾਰ ਰਿਹਾ ਹੈ ? ਕੌਣ ਹੈ ਜੋ ਦਲਿਤ ਬੰਦੇ ਨੂੰ ਉਹਦੀ ਜਾਤ ਦਿਖਾ ਕੇ ਜ਼ਲੀਲ ਕਰ ਰਿਹਾ ? ਕੌਣ ਹੈ ਜੋ ਔਰਤ ਨੂੰ ਭਾਣਾ ਮੰਨਣ ਅਤੇ ਭਗਤੀ ਦਾ ਜ਼ਹਿਰ ਚੁੱਪ ਚੁਪੀਤੇ ਦੇ ਰਿਹਾ ਹੈ ? ਮੈਂ ਇਹ ਜਿਹੇ ਸਵਾਲ ਖੜੇ ਕਰਦਾ ਹਾਂ ਆਪਣੀਆਂ ਕਹਾਣੀਆਂ ਵਿਚ।

? ਚੱਲ ਛੱਡ ਇਨ੍ਹਾਂ ਗੱਲਾਂ ਨੂੰ ਹੁਣ ਅਖੀਰ ਵਿਚ ਐਂ ਦੱਸ ਬਈ ਆਪਣੇ ਸਮਕਾਲੀਆਂ ਦੀਆਂ ਚੰਗੀਆਂ ਕਹਾਣੀਆਂ ਤੋਂ ਤੂੰ ਕਿੰਨਾ ਕੁ ਸੜਦਾ ਏਂ।

– ਜਦੋਂ ਸੁਖਜੀਤ ਦੀ 'ਬਰਫ਼', ਜਿੰਦਰ ਦੀ 'ਕਤਲ', ਦੇਸ ਰਾਜ ਕਾਲੀ ਦੀ 'ਜ਼ਖ਼ਮਾਂ ਦੇ ਰਸਤਿਓਂ' , ਅਜਮੇਰ ਸਿੱਧੂ ਦੀ 'ਇਕਬਾਲ ਹੁਸੈਨ ਮੋਇਆ ਨਹੀਂ', ਕੇਸਰਾ ਰਾਮ ਦੀ 'ਲਾਸ਼', ਜਸਵੀਰ ਰਾਣੇ ਦੀ 'ਚੂੜੇ ਵਾਲੀ ਬਾਂਹ', ਜਤਿੰਦਰ ਹਾਂਸ ਦੀ 'ਪਾਵੇ ਨਾਲ ਬੰਨ੍ਹਿਆ ਹੋਇਆ ਕਾਲ', , ਕੁਲਵੰਤ ਗਿੱਲ ਦੀ 'ਘੋਰੜੂ', ਸਾਂਵਲ ਧਾਮੀ ਦੀ 'ਮਲ੍ਹਮ', ਸਰੂਪ ਸਿਆਲਵੀ ਦੀ 'ਰੱਜਤਨਾਮੀਏ', ਗੁਰਮੀਤ ਕੜਿਆਲਵੀ ਦੀ 'ਆਤੂ ਖੋਜੀ', ਬਲੀਜੀਤ ਦੀ 'ਠੀਂਹਾ' ਬਿੰਦਰ ਬਸਰਾ ਦੀ 'ਤਣਾਓ ਮੁਕਤ' ਕਹਾਣੀਆਂ ਛਪ ਕੇ ਆਈਆਂ ਤਾਂ ਮੈਨੂੰ ਇਨ੍ਹਾਂ ਕਹਾਣੀਕਾਰਾਂ ਨਾਲ ਸਾੜਾ ਹੋਇਆ ਕਿ ਇਨ੍ਹਾਂ ਨੇ ਐਨੀਆਂ ਸ਼ਕਤੀਸ਼ਾਲੀ ਕਹਾਣੀਆਂ ਕਿਵੇਂ ਲਿਖ ਲਈਆਂ ਇਹ ਤਾਂ ਮੈਂ ਲਿਖਣੀਆਂ ਸਨ ਪਰ ਮੈਂ ਕਿਵੇਂ ਇਹ ਕਹਾਣੀਆਂ ਲਿਖ ਸਕਦਾ ਸੀ ਮੇਰੇ ਕੋਲ ਇਹ ਅਨੁਭਵ ਨਹੀਂ ਸਨ, ਤੇ ਅਨੁਭਵ ਤੋਂ ਬਗੈਰ ਚਿਰ ਸਦੀਵੀ ਲਿਖਿਆ ਨਹੀਂ ਜਾ ਸਕਦਾ। ਪਰ ਮੇਰੀਆਂ ਕਹਾਣੀਆਂ ਆਪਣੀ ਤਰ੍ਹਾਂ ਦੀਆਂ ਕਹਾਣੀਆਂ ਹਨ ਮੇਰੇ ਆਪਣੇ ਅਨੁਭਵ ਨੇ। ਮੇਰੀਆਂ ਵੀ ਤਾਂ ਕੁਝ ਕਹਾਣੀਆਂ ਕਾਫੀ ਚਰਚਿਤ ਹੋਈਆਂ ਹਨ ਜਿਹਨਾਂ ਨੂੰ ਉਪਰੋਕਤ ਕਹਾਣੀਕਾਰ ਨਹੀਂ ਸੀ ਲਿਖ ਸਕਦੇ। ਤੂੰ ਦੇਖ ਲੈ 'ਕਸੂਰਵਾਰ' ਕਹਾਣੀ ਹੈ ਜਾਂ 'ਆਦੀ ਡੰਕਾ' ਜਾਂ 'ਜੜ੍ਹਾਂ' ਹੈ ... ਖੋਜ ਹੈ... ਮਰਨ ਰੁੱਤ ਹੈ... ਤੇ... ਤੇ... ਇਹ ਕਹਾਣੀਆਂ ਤਾਂ ਰਸੂਲਪੁਰੀ ਹੀ ਲਿਖ ਸਕਦਾ ਸੀ। ਹੋਰ ਕੋਈ ਨਹੀਂ। ਸਮਕਾਲੀਆਂ ਦੀਆਂ ਚੰਗੀਆਂ ਕਹਾਣੀਆਂ ਮੈਨੂੰ ਵੀ ਤਾਂ ਚੰਗੀਆਂ ਕਹਾਣੀਆਂ ਲਿਖਣ ਦੀ ਸ਼ਕਤੀ ਦਿੰਦੀਆਂ ਹਨ।

? ਚੱਲ ਇਹ ਦੱਸ ਕੇ ਤੂੰ ਉਪਰਲੀਆਂ ਗੱਲਾਂ ਵਿਚ ਝੂਠ ਕਿਨਾ ਕੁ ਬੋਲਿਆ ਏ।

– ਝੂਠ ਨਹੀਂ ਬੋਲਿਆ ਪਰ ਮੈਂ ਕਈ ਓਹਲੇ ਜ਼ਰੂਰ ਰੱਖ ਲਏ ਨੇ। ਕਈ ਸੱਚ ਮੈਂ ਆਪਣੇ ਕੋਲ ਰੱਖ ਲਏ ਨੇ। ਸਮੇਂ ਆਉਣ ਤੇ ਉਹ ਵੀ ਦੱਸ ਦੇਵਾਗਾ।

ਮੋ : 94170-64350



# ਅੰਤਰ-ਲੀਲ੍ਹਾ/ਕੁਲਵੰਤ ਗਿੱਲ

–ਖ਼ੁਦ ਨਾਲ ਗੱਲਾਂ ਕਰਨੀਆਂ ਨੇ ਅੱਜ! ਢੇਰ ਸਾਰੀਆਂ...

ਆਪਣੇ ਆਪ ਨੂੰ ਸੁਣਾ ਰਿਹਾ ਹਾਂ।

–ਕਿਹੜੀ ਨਵੀਂ ਗੱਲ ਏ...ਰੋਜ਼ ਈ ਤਾਂ ਕਰਦੈਂ...

ਧੁਰ ਅੰਦਰੋਂ ਕਿਸੇ ਨੇ ਉਲਟਾ ਸੁਣਾਇਆ ਹੈ। ਉਹੀ ਰੁੱਖਾ ਜਿਹਾ ਲਹਿਜ਼ਾ। ਸੜੀ ਬਲੀ ਜਿਹੀ ਸੁਰ। ਕੌਣ ਹੈ ਇਹ ਸ਼ਖ਼ਸ ਜੋ ਮੇਰੇ ਅੰਦਰ ਬੋਲਦੈ...ਤੇ ਇੰਨਾ ਤਪਿਆ ਕਿਉਂ ਬੈਠਾ ਇਹ ? ਕਿਉਂ ਨਾ ਪਹਿਲਾਂ ਇਸ ਦੀ ਜਾਣ ਪਛਾਣ ਕਰਵਾ ਦਿਆਂ। ਜ਼ਰੂਰੀ ਹੈ। ਵਰਨਾ ਇਸ ਦੀ ਗੱਲ ਅਣਸੁਣੀ ਕਰਨ ਵਿਚ ਹੀ ਫਾਇਦਾ। ਐਵੇਂ ਖਾਹ ਮਖਾਹ ਉਲਝਾਵ ਪੈਦਾ ਕਰਦਾ ਇਹ 'ਮਾੜਾ ਬੰਦਾ'। ਹਾਂ, ਏਹੀ ਨਾਂਅ ਠੀਕ ਰਹੇਗਾ ਇਹਦਾ। ਖ਼ੈਰ, ਥੋੜ੍ਹਾ ਨਿਰਾਸ਼ ਹੈ ਇਹ ਅੱਜਕਲ੍ਹ। ਤੇ ਥੋੜ੍ਹਾ ਉਦਾਸ ਵੀ। ਇਕੱਲਖੋਰਾ। ਘੰਟਿਆਂਬੱਧੀ ਪਾਰਕ ਦੀ ਕਿਸੇ ਨੁੱਕਰ ਵਿਚ ਬੈਠਾ 'ਊਟ-ਪਟਾਂਗ' ਸੋਚਦਾ ਰਹਿੰਦਾ। ਡਿਪਰੈਸ਼ਨ ਵਿਚ ਹੈ ਸ਼ਾਇਦ...ਮੁੱਕਦੀ ਗੱਲ, ਕੰਨ ਨਾ ਕਰਨਾ ਇਸ ਦੀ ਗੱਲ ਵੱਲ। ਇਹ ਤਾਂ ਸੋਹਣੀ ਤੋਂ ਸੋਹਣੀ ਮੂਰਤ ਨੂੰ ਵੀ ਟੇਡਾ ਕਰਕੇ ਦੇਖਦਾ। ਅਖੇ ਜੋ ਦਿਖਦਾ ਹੈ ਉਹ ਤਾਂ ਛਲਾਵਾ ਹੈ! ਧੋਖਾ ਹੈ!! ਮਖੌਟਾ ਹੈ!!! ਕਲ੍ਹ ਸਰਦਾਰ ਅੰਜ਼ਮ ਵੱਲੋਂ ਸਰਕਾਰੀ ਸਨਮਾਨ ਲੈਣ ਤੋਂ ਇਨਕਾਰ ਕਰ ਦੇਣ 'ਤੇ ਖ਼ੁਸ਼ ਹੋ ਰਿਹਾ ਸੀ। ਕਹੇ ਆਹ ਹੋਈ ਨਾ ਜ਼ੁਰਅੱਤ! ਆਹ ਹੋਇਆ ਨਾ ਤਰਕ!! ਵਾਕਿਆ ਹੀ ਇਹ ਇਨਾਮ ਸਨਮਾਨ ਲੇਖਕ ਨੂੰ ਕਰੱਪਟ ਕਰਦੇ ਨੇ...ਮਤਲਬ ਇੰਨਾ ਖ਼ੁਸ਼ ਕਿ ਇਕ ਗੈਰ-ਸਾਹਿਤਕ ਬੰਦੇ ਨਾਲ ਹੀ ਇਹ ਖ਼ਬਰ ਸਾਂਝੀ ਕਰਨ ਬੈਠ ਗਿਆ। ਅੱਗੋਂ ਮੱਠਾ ਜਿਹਾ ਹੁੰਗਾਰਾ ਭਰਿਆ ਉਸ ਨੇ। ਭਰੇ ਵੀ ਕਿਉਂ ਨਾ? ਕੌਡੀ ਕੌਡੀ ਕਰ ਰਹੇ ਮੁਲਕ ਵਿਚ ਇਹ ਵੀ ਕੋਈ ਖ਼ਬਰ ਹੋਈ ਭਲਾ। ਪਰ ਪਤਾ ਨਹੀਂ ਇਸ ਦੀ ਆਪਣੀ ਸਦਾ ਬਹਾਰ ਉਦਾਸੀ ਦਾ ਰੰਗ ਕਿਉਂ ਗਹਿਰਾ ਹੋ ਗਿਆ। ਉਹੀ ਜ਼ਮਾਨੇ ਨਾਲ ਰੁੱਸ ਜਾਣ ਵਾਲੀ ਗੱਲ! ਜਾ ਬੈਠਾ ਪਾਰਕ ਵਿਚ ਆਪਣੇ ਮਨਪਸੰਦ ਬੈਂਚ 'ਤੇ। ਚੇਤੇ 'ਤੇ ਜ਼ੋਰ ਪਾ ਸਾਗਰ ਦਾ ਕੋਈ ਸ਼ੇਅਰ ਬੁੜਬੜਾ ਰਿਹਾ ਸੀ ਉਦੋਂ। ਕਿਹੜਾ ? ਹਾਂ

ਨਿਰਾਲੇ ਸਾਜ਼ 'ਤੇ ਹਾਕਮ ਨੇ ਐਸੀ ਧੁਨ ਵਜਾਈ ਹੈ,<br>ਜਿਨ੍ਹਾਂ, ਕਰਨਾ ਸੀ ਤਾਂਡਵ ਨਾਚ, ਮੁਜਰਾ ਕਰਨ ਲੱਗੇ ਹਨ।

ਮਤਲਬ....

ਸਿੱਧਾ ਤੁਰ ਰਹੇ ਮੁਲਕ ਵਿਚ ਪੁੱਠਾ ਸੋਚਦੈ ਇਹ 'ਮਾੜਾ ਬੰਦਾ'।

ਤੇ ਇਸ ਮਾੜੇ ਬੰਦੇ ਤੋਂ ਇਲਾਵਾ ਕੁਝ ਹੋਰ ਬੰਦੇ ਵੀ ਬੋਲਦੇ ਨੇ ਮੇਰੇ ਅੰਦਰ...ਕਿਉਂਜੁ ਮਨ ਦੀਆਂ ਬੁੱਝਣ ਵਾਲੇ ਜਾਣਦੇ ਹਨ ਕਿ ਹਰ ਬੰਦੇ ਦੇ ਦਸ ਸਿਰ ਹੁੰਦੇ ਨੇ...ਤੇ ਚੰਚਲ ਮਨ ਲੁਕਣਮੀਟੀ ਖੇਡਦਾ ਕਦੇ ਕਿਹੜੇ ਤੇ ਕਦੇ ਕਿਹੜੇ ਸਿਰ ਵਿਚ ਜਾ ਛੁਪਦਾ। ਹਰ ਸਿਰ ਦੀ ਆਪਣੀ ਬੋਲੀ ਤੇ ਆਪਣਾ ਅੰਦਾਜ਼ ਹੁੰਦਾ। ਚੰਗਾ ਜਾਂ ਮੰਦਾ..ਬੱਸ ਬੰਦਾ ਤਾਂ ਇਸ ਚੰਚਲ ਮਨ ਨੂੰ ਫੜ੍ਹਦਾ ਹੀ ਖ਼ਰਚ ਹੋ ਜਾਂਦਾ ਹੌਲੀ-ਹੌਲੀ। ਜਿਵੇਂ ਆਪਣੀ ਅੰਤਰ-ਲੀਲ੍ਹਾ ਦਾ ਦਰਸ਼ਕ ਬਣ ਮੈਂ ਹੋ ਰਿਹਾ ਹਾਂ ਇਸ ਵਕਤ, ਤੁਪਕਾ ਤੁਪਕਾ ਕਰ। ਦਰਅਸਲ 'ਹਰ ਆਦਮੀ ਮੇਂ ਹੋਤੇ ਹੈਂ ਦਸ ਬੀਸ ਆਦਮੀ' ਦੇ ਕਹਿਣ ਵਾਂਗ ਮੈਂ ਕਿਸੇ ਹੋਰ ਨੂੰ ਨਹੀਂ, ਖ਼ੁਦ ਨੂੰ ਦੇਖਦਾ ਹਾਂ ਵਾਰ-ਵਾਰ....ਤੇ ਆਪਣੇ ਅੰਦਰ ਬੋਲਦੇ ਬੰਦਿਆਂ ਦੀ ਸ਼ਨਾਖ਼ਤ ਕਰ ਉਨ੍ਹਾਂ ਨਾਲ ਗੱਲੀਂ ਲੱਗ ਜਾਂਦਾ ਹਾਂ। ਫਿਰ ਗੱਲਾਂ ਕਦੋਂ ਕਹਾਣੀਆਂ ਬਣਨ, ਕੁਝ ਕਹਿ ਨਹੀਂ ਸਕਦਾ। ਗਹੁ ਨਾਲ ਨਜ਼ਰ ਮਾਰੋ ਜ਼ਰਾ, ਮੇਰੀਆਂ ਕਹਾਣੀਆਂ ਤਾਂ ਹੈ ਹੀ ਸਾਰੀਆਂ ਜਿਵੇਂ ਖ਼ੁਦ ਨਾ ਗੱਲਾਂ। ਤਾਂ ਹੀ ਤਾਂ ਆਪਣੀ ਹਰ ਕਹਾਣੀ ਵਿਚ ਕੁਝ ਬਾਹਲਾ ਹੀ ਮੈਂ ਮੈਂ ਕਰਦਾਂ। ਕੀ ਕਹਿੰਦੇ ਹੁੰਦੇ ਨੇ...ਹਾਂ! ਫਸਟ ਪਰਸਨ ਵਾਲੀ ਜੁਗਤ। ਬੇਸ਼ੱਕ ਮੇਰੀ ਇਸ 'ਮੈਂ' ਵਿਚ

ਵੇਖਾਂ ਤਾਂ ਮੈਂ ਨਹੀਂ ਬਣਦੀ, ਮੈਂ ਵਿਚ ਵਸਨਾ ਏਂ ਤੈਂ' ਵਾਲੀ ਉਲਝੀ ਗੱਲ ਹੀ ਸਹੀ, ਫਿਰ ਵੀ ਕਹਾਣੀ ਵਿਚ ਮੈਨੂੰ ਏਹੀ ਜੁਗਤ ਲੋਟ ਬੈਠਦੀ ਹੈ। ਹੋਣਗੇ ਇਸ ਜੁਗਤ ਵਿਚ ਹਜ਼ਾਰ ਨੁਕਸ ਪਰ ਪਏ ਹੋਣ....ਕਿਉਂਕਿ ਮੇਰੇ ਲਈ ਤਾਂ ਧੂੰਏਂ ਦੇ ਪੱਜ ਰੋਣ ਵਾਲੀ ਗੱਲ ਆ। ਕਹਾਣੀ ਤਾਂ ਐਵੇਂ ਇਕ ਬਹਾਨਾ ਹੀ ਹੈ...ਅਸਲ ਵਿਚ ਆਪਣੀ ਕਹਾਣੀ 'ਵਹਿੰਗੀ' ਤੋਂ ਲੈ ਕੇ 'ਦਲਾਲਗਾਹ' ਤੱਕ ਇਸ ਬਹਾਨੇ ਖੁਦ ਨਾਲ ਹੀ ਗੱਲਾਂ ਕੀਤੀਆਂ ਨੇ ਹੁਣ ਤੱਕ। ਯਾਨੀ ਭੋਰਾ ਭੋਰਾ ਕਰਕੇ ਖੁਰਿਆ ਹਾਂ ਆਪਣੀਆਂ ਕਹਾਣੀਆਂ ਵਿਚ ਮੈਂ...ਤੇ ਇਸ ਖੁਦ ਨਾਲ ਗੱਲਾਂ ਕਰਨ ਦੇ ਸਿਲਸਿਲੇ ਦਰਮਿਆਨ ਸਥਿਤੀ ਕਈ ਵਾਰ ਹਾਸੋਹੀਣੀ ਬਣੀ ਹੈ। ਓ ਕਿਵੇਂ ? ਦੱਸਦਾਂ ਜ਼ਰਾ...ਹੁੰਦਾ ਕੀ ਹੈ ਕਿ ਖੁਦ ਨਾਲ ਗੱਲੀਂ ਲੱਗਿਆਂ ਭੀੜ ਵਿਚ ਵੀ ਇਕੱਲਾ ਹੋ ਜਾਂਦਾ ਹਾਂ ਮੈਂ ਕਈ ਵਾਰ। ਬਿਲਕੁਲ ਇਕੱਲਾ। ਤਾਂ ਉਦੋਂ ਅਚਾਨਕ ਬੁੱਲ੍ਹ ਫਰਕ ਪੈਂਦੇ ਨੇ ਕਦੇ ਕਦੇ। ਯਾਨੀ ਉੱਚੀ ਬੋਲ ਬੈਠਦਾ ਹਾਂ...ਤੇ ਫਿਰ ਆਪਣੀ ਹੀ ਆਵਾਜ਼ ਸੁਣ ਕੇ ਤ੍ਰਭਕ ਜਾਂਦਾ ਹਾਂ। ਕੋਲੋਂ ਲੰਘਦਾ ਕੋਈ ਬੰਦਾ ਕੰਨ ਚੁੱਕ ਲੈਂਦਾ ਇਕ ਪਲ ਰੁਕ ਹੈਰਾਨੀ ਨਾਲ ਦੇਖਦਾ ਹੈ ਮੇਰੀ ਤਰਫ਼...ਤੇ ਮੈਂ ਸ਼ਰਮ ਦਾ ਮਾਰਿਆ ਦੂਸਰੀ ਤਰਫ਼ ਦੇਖਣ ਲੱਗ ਪੈਂਦਾ ਹਾਂ। ਸੱਚੀ ਹੁਣ ਤਾਂ ਅਕਸਰ ਹੀ ਅਜਿਹਾ ਹੋਣ ਲੱਗ ਪਿਆ।

– ਕੀ ਮੈਂ ਹਿੱਲ ਗਿਆ ਹਾਂ।

ਦੇਖੋ ਇਸ ਅੰਤਰ-ਲੀਲ੍ਹਾ ਦਾ ਕਮਾਲ ! ਕਿਸੇ ਹੋਰ ਨੂੰ ਨਹੀਂ, ਆਪਣੇ ਆਪ ਨੂੰ ਪੁੱਛ ਰਿਹਾ ਹਾਂ।

– ਨਹੀਂ ਤਾਂ ! ਐਵੇਂ ਕਿਵੇਂ ਹਿੱਲ ਗਿਆਂ....

ਸੁਣ ਰਹੇਉਂ ਨਾ, ਕੋਈ ਸਨਕੀ ਜਿਹਾ ਬੰਦਾ ਸਾਫ ਮੁੱਕਰ ਗਿਆ। ਹੈ ਇਹ ਵੀ ਮੇਰੀ ਬੁੱਕਲ ਦਾ ਹੀ ਇਕ ਚੋਰ। ਆਖਿਰ ਦਸ ਸਿਰ ਨੇ। ਹੋਏਗਾ ਕਿਸੇ ਸਿਰ ਵਿਚ ਇਸ ਦਾ ਵੀ ਨਿਵਾਸ। ਬਹੁਤ ਵਾਰ ਸੁਣੀ ਹੈ ਇਸ ਦੀ ਆਵਾਜ਼। ਸੱਤ ਪੱਤਣਾਂ ਦਾ ਇਹ ਤਾਰੂ ਸੱਚ ਨੂੰ ਝੂਠ ਵਿਚ ਤੇ ਝੂਠ ਨੂੰ ਸੱਚ ਵਿਚ ਬਦਲਣ ਦੀ ਕਲਾ ਦਾ ਜਾਣੂ ਹੈ। ਕੁਝ ਵੀ ਹੈ ਖੈਰ, ਪਰ ਇਹ ਮੇਰੀ ਕਹਾਣੀ 'ਸਿਗਰਟ ਜਿਹੀ ਜ਼ਿੰਦਗੀ' ਵਾਲਾ ਹਰਪਾਲਜੀਤ 'ਪਾਲੀ' ਨਹੀਂ ਹੈ, ਜਿਸ ਨੂੰ ਮੈਂ ਉਪਰੋਕਤ ਚੋਰ ਦੀ ਤਰ੍ਹਾਂ ਆਪਣੇ ਅੰਦਰੋਂ ਹੀ ਲੱਭਿਆ। ਇਹ ਹਰਪਾਲਜੀਤ 'ਪਾਲੀ' ਹੀ ਸਭ ਤੋਂ ਵੱਧ ਬੋਲਦੈ ਮੇਰੇ ਅੰਦਰ। ਜਾਂ ਕਹਿ ਲਉ ਇਹ ਉਹ ਸ਼ਖ਼ਸ ਹੈ ਜਿਸ ਨਾਲ ਮੈਂ ਸਭ ਤੋਂ ਵੱਧ ਗੱਲਾਂ ਕਰਦਾਂ। ਰੋਜ਼ ਵਾਂਗ ਮੁਲਾਕਾਤ ਹੁੰਦੀ ਹੈ ਇਸ ਨਾਲ। ਕਦੋਂ ਤੇ ਕਿਵੇਂ ਇਹ ਮੇਰੇ ਅੰਦਰ ਸ਼ਾਮਲ ਕੇ ਬੈਠ ਗਿਆ, ਹੈਰਾਨ ਹਾਂ। ਸ਼ਾਇਦ ਬਹੁਤ ਪਹਿਲਾਂ ਪੜ੍ਹੀਆਂ 'ਲਾਲ ਜਿਲਦਾਂ' ਵਾਲੀਆਂ ਕਿਤਾਬਾਂ ਸਦਕਾ...ਜਾਂ ਕੁਝ ਕਾਮਰੇਡ ਬੰਦਿਆਂ ਦੀ 'ਸਕੂਲਿੰਗ' ਕਾਰਨ, ਕਹਿ ਨਹੀਂ ਸਕਦਾ ਕੁਝ। ਹਾਂ ਪਰ ਮੋਹਤਬਰ ਬਣ ਮੇਰੇ ਅੰਦਰ ਬੋਲਦਾ ਇਹ ਬੰਦਾ, ਜਿਸਦੀਆਂ ਅੱਖਾਂ 'ਤੇ ਖੱਬੇਪੱਖੀ ਐਨਕ ਲੱਗੀ ਹੈ, ਮੇਰੀਆਂ ਕਹਾਣੀਆਂ ਦੀ ਦਿਸ਼ਾ ਜ਼ਰੂਰ ਤੈਅ ਕਰਦਾ ਹੈ। ਵਰਨਾ ਗਲੋਬਲ ਵਰਤਾਰੇ ਦਾ ਬਣ ਰਿਹਾ ਨਜ਼ਾਰਾ ਧੁੰਦਲਾ ਦਿਖਾਈ ਦਿੰਦਾ ਹੈ ਮੈਨੂੰ। ਨਜ਼ਰ ਜੋ ਪਾਟ ਜਾਂਦੀ ਹੈ। ਭੱਬੂ ਤਾਰੇ ਜਿਹੇ ਨੱਚਣ ਲੱਗ ਪੈਂਦੇ ਨੇ ਅੱਖਾਂ ਅੱਗੇ....ਪਰ ਇਸ ਖੱਬੇਪੱਖੀ ਐਨਕ ਨਾਲ ਦੇਖਿਆ ਹੀ ਪਤਾ ਚਲਦਾ ਹੈ ਕਿ ਇਸ ਗਲੋਬਲ ਵਰਤਾਰੇ ਵਿਚ ਬੰਦੇ ਕੋਲੋਂ ਉਸਦੀ ਬੰਦਿਆਈ ਕਿਹੜੀਆਂ ਕਿਹੜੀਆਂ ਚਾਲਾਂ ਨਾਲ ਖੋਹੀ ਜਾ ਰਹੀ ਹੈ। ਯਾਨੀ ਗੱਲ ਜ਼ਰਾ ਹੈ ਤਾਂ ਆਊਟ ਆਫ ਫੈਸ਼ਨ, ਫਿਰ ਵੀ ਐਲਾਨ ਕਰਦਾ ਹਾਂ ਕਿ....ਹਾਂ, ਮੈਂ ਕਾਮਰੇਡ ਹਾਂ...

ਤੇ ਇਸ ਕਾਮਰੇਡ ਨੂੰ ਕਹਾਣੀ ਅੰਦਰ ਸਿੱਧਾ ਬੋਲਣ ਤੋਂ ਰੋਕਣ ਦਾ ਹੁਨਰ ਸਿੱਖ ਰਿਹਾ ਹਾਂ ਹੌਲੀ ਹੌਲੀ।

ਤੇ ਹਾਂ, ਇਕ ਗੱਲ ਹੋਰ, ਉਪਰੋਕਤ ਬੰਦਿਆਂ ਵਾਂਗ ਇਕ ਵਿਅੰਗਕਾਰੀ ਵੀ ਬੋਲਦੈ



ਮੇਰੇ ਅੰਦਰ। ਵਿਅੰਗ ਦੀ ਸਾਣ 'ਤੇ ਤਿੱਖੀ ਕੀਤੀ ਜੀਭ ਵਾਲਾ। ਜ਼ਰਾ ਕੁ ਕੋਈ ਬੇਤਰਤੀਬੀ ਨਜ਼ਰ ਆਈ ਨਹੀਂ ਕਿ ਆਪਣੇ ਕਹੇ ਬਿਨਾਂ ਨਹੀਂ ਰਹਿੰਦਾ। ਮਖੌਟਿਆਂ ਦੇ ਆਰ ਪਾਰ ਝਾਕਦਾ। 'ਪਤਵੰਤਿਆਂ' ਨੂੰ ਚੋਰ ਦੱਸਦਾਂ। ਫਿਰ ਅੱਗ ਬਲੇ ਜਾਂ ਭਾਂਬੜ। ਬਚੇ ਕੁਝ ਨਾ ਬਚੇ। ਚਾਰ ਸਾਥੀ ਮੋਢਾ ਦੇਣ ਲਈ ਰਹਿਣ ਨਾ ਰਹਿਣ। ਬੱਸ 'ਸ਼ਮਾਦਾਨ' ਕੀ ਕਹਿਣਗੇ ਦਾ ਫਿਕਰ ਕਰਦਾ ਹਰ ਵਕਤ। ਨਾ ਸਿਰਫ਼ ਕਹਾਣੀ ਵਿਚ, ਆਮ ਗੱਲਬਾਤ ਵਿਚ ਵੀ। ਖਿੱਚ ਧੂਹ ਵੀ ਹੋ ਗਈ। ਕੋਰਟ ਕਚਹਿਰੀਆਂ ਵੀ ਦੇਖ ਲਈਆਂ। ਸਲਾਖਾਂ ਦਾ ਡਰ ਵੀ ਸਤਾਉਂਦਾ ਦਿਨ ਰਾਤ। ਫਿਰ ਵੀ ਪਤਾ ਨਹੀਂ ਇਹ ਅੜੀ ਵੜਿੱਕੇ ਕਿਉਂ....ਪੁੱਛਿਆ ? ਪੁੱਛਿਆ ਕਿਉਂ ਨਹੀਂ, ਪੁੱਛਿਆ ਹੈ ਬਹੁਤ ਵਾਰ। ਅਜੀਬ ਦਲੀਲ ਹੈ ਇਸ ਬੰਦੇ ਦੀ ! 'ਅਖੇ ਮੇਰੀ ਇਹ ਟੋਨ ਮੇਰਾ ਸੇਵਟੀ ਵਾਲਵ ਹੈ। ਵਰਨਾ ਫਟ ਨਾ ਜਾਵਾਂ।' ਗਲੇ ਵਿਚ ਅਟਕੀ 'ਚੀਕ' ਭੂਚਾਲ ਨਾ ਲਿਆ ਦੇਵੇ ਕੇਰਾਂ। ਇਹ ਬੇਤਰਤੀਬੀਆਂ ਤਰਤੀਬ ਵਿਚ ਨਾ ਹੋ ਜਾਣ ਵਿਚ।...ਬੇਤਰਤੀਬੀਆਂ ? ਹਾਂ ਬੇਤਰਤੀਬੀਆਂ ! ਆਹੀ ਜਿਨ੍ਹਾਂ ਬਾਰੇ ਬੁੱਲੇ ਸ਼ਾਹ ਕਹਿੰਦਾ, 'ਘੋੜੇ ਚੁਗਣ ਅਰੂੜੀਆਂ 'ਤੇ, ਗੱਦੋਂ ਖਵੇਦ ਪਵਾਏ....ਉਲਟੇ ਹੋਰ ਜ਼ਮਾਨੇ ਆਏ।' ਯਾਨੀ ਕੰਬਖਤ ਉਲਟੇ ਜ਼ਮਾਨੇ ਸਿੱਧੇ ਕਰਨੇ ਲੋਚਦੈ ਇਹ ਬੰਦਾ। ਖੁਦਾ ਖੈਰ ਕਰੇ....

– ਓ ਤਾਂ ਕਰੇਗਾ...ਕਰੇਗਾ ਕਿਉਂ ਨਹੀਂ...ਤੂੰ ਇਉਂ ਦੱਸ ਕੇ ਕਿਤਾਬਾਂ ਦਾ ਦੋਸਤ ਕਿਵੇਂ ਬਣ ਗਿਆ ? ਸੁਣਿਆ ਬੜੀ ਹਵਾ ਖਰਾਬ ਆ ਤੇਰੀ ਇਸ ਦੋਸਤੀ ਦੇ ਦਾਅਵੇ ਬਾਰੇ।

ਸਭ ਚੰਚਲ ਮਨ ਦੀਆਂ ਖੇਡਾਂ ਨੇ ! ਦੇਖੋ, ਦਸਾਂ ਸਿਰਾਂ 'ਚੋਂ ਪਤਾ ਨਹੀਂ ਕਿਹੜੇ ਸਿਰ 'ਚ 'ਮੁਲਾਕਾਤੀ' ਵੀ ਛੁਪਿਆ ਬੈਠਾ ਕੋਈ। ਖੈਰ, ਸਿਆਣਾ ਜਾਪਦੈ...ਪਰ ਇਹਦੇ ਆ ਸਵਾਲ ਵਿਚ 'ਹਵਾ ਖਰਾਬ' ਵਾਲੀ ਗੱਲ ਉਕਾ ਗਲਤ ਜੇ। ਕਿਉਂਜੁ ਅਜਿਹਾ ਦਾਅਵਾ ਤਾਂ ਮੂਰਖਤਾ ਹੈ ਨਿਰੀ। ਓਸ਼ੋ ਕਹਿੰਦਾ ਜਿਹਨੂੰ ਕੋਈ ਵੀ ਦਾਅਵਾ ਕਰਨ ਲੱਗਿਆਂ ਝਿਜਕ ਆ ਜਾਵੇ, ਸ਼ਰਮ ਆ ਜਾਵੇ...ਤਾਂ ਸਮਝੋ ਉਹਨੂੰ ਕੋਈ ਝਲਕ, ਕੋਈ ਕਿਰਨ ਮਿਲਣੀ ਸ਼ੁਰੂ ਹੋ ਗਈ। ਬਾਕੀ ਤਾਂ ਐਵੇਂ ਗੋਲ ਗੋਲ ਘੁੰਮਣ ਵਾਲੀ ਗੱਲ ਆ। ਨਿਰਾ ਪਾਖੰਡ। ਕਰ ਲਏ ਕੋਈ ਜਿੰਨਾ ਹੁੰਦਾ, ਕੌਣ ਰੋਕਦਾ। ਇਕ ਸ਼ੇਅਰ ਯਾਦ ਆ ਰਿਹਾ, ਸੁਣੋ ਜ਼ਰਾ-

ਜਬ ਕਰੇ ਬਾਤ ਤੋ ਹਰ ਬਾਤ ਪਰਾਈ ਸੀ ਲਗੇ,
ਉਸ ਕਾ ਸਭ ਇਲਮ ਕਿਤਾਬੋਂ ਮੇਂ ਪੜ੍ਹਾ ਲਗਤਾ ਹੈ।

ਇਸ ਲਈ ਕਸਮ ਨਾਲ ਇਨ੍ਹਾਂ ਕਿਤਾਬਾਂ ਨੂੰ ਤਾਂ ਚੁੱਪ ਹੀ ਕਰਵਾ ਕੇ ਰੱਖਦਾ ਮੈਂ ਆਪਣੇ ਅੰਦਰ। ਵੈਸੇ ਵੀ ਮੇਰੇ ਸੰਗਾਊ ਸੁਭਾਅ ਕਾਰਨ ਇਨ੍ਹਾਂ ਨੂੰ ਬੋਲਣ ਦਾ ਮੌਕਾ ਵੀ ਘੱਟ ਹੀ ਮਿਲਦੈ....ਜਾਂ ਸ਼ਾਇਦ ਹਾਲੇ ਘੜਾ ਅਕਲ ਦਾ ਊਣਾ ਏ, ਜਦੋਂ ਛਲਕੂ ਦੇਖਾਂਗੇ। ਪਰ ਹਾਂ, ਇਨ੍ਹਾਂ ਕਿਤਾਬਾਂ ਦਾ ਦੋਸਤ ਬਣਨ ਦਾ ਸਬੱਬ ਜ਼ਰੂਰ ਯਾਦ ਹੈ। ਸੱਤਵੀਂ ਵਿਚ ਪੜ੍ਹਦਾ ਸੀ ਜਾਂ ਸ਼ਾਇਦ ਅੱਠਵੀਂ ਵਿਚ...ਇਕ ਖਿੜੀ ਦੁਪਹਿਰ ਵਿਚ ਪਿਤਾ ਜੀ ਸੋਹਣ ਸਿੰਘ ਸੀਤਲ ਦਾ ਨਾਵਲ 'ਜੁੱਗ ਬਦਲ ਗਿਆ' ਪੜ੍ਹ ਰਹੇ ਸਨ। ਕਹਿੰਦੇ ਆ ਡੁੱਡਾ ਤਾਂ ਆਪਣੇ ਖੁਸ਼ੀਏ ਵਰਗਾ ਏ ਜਵਾਂ। ਡੁੱਡਾ ਉਸ ਨਾਵਲ ਦਾ ਪਾਤਰ ਸਾਡੇ ਗਰੀਬੜੇ ਜਹੇ ਨੌਕਰ ਖੁਸ਼ੀਏ ਨਾਲ ਕਿਵੇਂ ਮਿਲਦਾ...ਇਹ ਜਾਨਣ ਲਈ ਆਪਣੇ ਸਿਲੇਬਲ ਵਿਚ ਲਗੀ 'ਸਫ਼ਲਤਾ ਦੀ ਕੁੰਜੀ' ਇਕ ਪਾਸੇ ਰੱਖ ਉਹ ਨਾਵਲ ਪੜ੍ਹਨ ਲੱਗ ਪਿਆ। ਡੁੱਡੇ ਤੇ ਖੁਸ਼ੀਏ ਵਰਗੇ ਅਣਹੋਏ ਬੰਦਿਆਂ ਦੀਆਂ ਹੋਣੀਆਂ ਤਾਂ ਬਹੁਤ ਬਾਅਦ ਵਿਚ ਸਮਝ ਆਈਆਂ ਕਿਤੇ...ਪਰ ਉਦੋਂ ਤੋਂ ਕਿਤਾਬਾਂ ਵਿਚ ਅਜਿਹੇ ਬੰਦਿਆਂ ਦੇ ਪਰਛਾਵੇਂ ਲੱਭਣ ਦਾ ਅਮਲ ਜਿਹਾ ਜ਼ਰੂਰ ਲਗ ਗਿਆ। ਅੱਜ ਸਾਲਾਂ ਬਾਅਦ ਜ਼ਿੰਦਗੀ ਦੇ ਪੇਪਰਾਂ 'ਚੋਂ ਫੇਲ੍ਹ ਹੋ ਕਿਤਾਬਾਂ ਦੇ ਢੇਰ ਵਿਚ ਘਿਰਿਆ ਉਹੀ 'ਸਫਲਤਾ ਦੀ ਕੁੰਜੀ' ਲੱਭ ਰਿਹਾਂ....

– ਚੱਲ ਛੱਡ, ਐਂ ਦੱਸ ਕਿ ਕਹਾਣੀ ਕਿਉਂ ਨਹੀਂ ਲਿਖ ਰਿਹਾ ਅੱਜਕਲ੍ਹ...ਕਿ ਦਾਣੇ

ਮੁੱਕ ਗਏ ? ਤੂੰ ਤਾਂ ਕਹਿੰਦਾ ਸੀ ਕਿ ਕਹਾਣੀ ਤੇਰਾ ਪਹਿਲਾ ਤੇ ਆਖਰੀ ਪਿਆਰ ਹੈ।

ਨਹੀਂ ਦਾਣੇ ਕਿਉਂ ਮੁੱਕ ਗਏ ਭਲਾ। ਖੁਦ ਨਾਲ ਗੱਲਾਂ ਦਾ ਇਹ ਸਿਲਸਿਲਾ ਨਹੀਂ ਰੁਕਦਾ ਜਦੋਂ ਤੱਕ, ਕਹਾਣੀ ਕਿਵੇਂ ਰੁਕ ਸਕਦੀ ਹੈ ਉਦੋਂ ਤੱਕ...ਬੋਲ ? ਹਾਂ, ਬੱਸ ਭਰਾ ਤਰਤੀਬ ਵਿਚ ਹੋ ਜਾਣ ਇਹ ਗੱਲਾਂ, ਕਹਾਣੀ ਦਾ ਕੀ ਏ, ਸਮਝੋ ਝਰੀਟੀ ਪਈ ਆ। ਵੈਸੇ ਵੀ ਮੈਂ ਕੰਪਿਊਟਰ ਅੱਗੇ ਬੈਠ ਕੇ ਬੋਰਡ ਨੂੰ ਕੁੱਟ ਕੁੱਟ ਜਬਰੀ ਕਹਾਣੀ ਨਹੀਂ ਲਿਖਦਾ। ਇੰਝ ਵਿਚਾਰੇ ਟੱਟੂ, ਘੋੜੇ ਬਣ ਨਹੀਂ ਦੌੜਦੇ, ਜਾਣਦਾ ਹਾਂ। ਖੈਰ ਐ ਤਾਂ ਇਕ ਨਾਵਲ ਵੀ ਚਲ ਰਿਹਾ ਅੰਦਰ। ਸ਼ਹਿਰੀ ਮੱਧਵਰਗੀ ਮਖੌਟਿਆਂ ਬਾਰੇ....ਉਨ੍ਹਾਂ ਦੀਆਂ 'ਪੌੜੀਆਂ' ਦੇ 'ਟੇਬੇ' ਲੱਭ ਰਿਹਾ ਅੱਜਕਲ੍ਹ। ਲੱਭ ਜਾਣਗੇ ਜ਼ਰੂਰ ਕਿਉਂਜੁ ਉਨ੍ਹਾਂ 'ਚੋਂ ਹੀ ਤਾਂ ਹਾਂ ਮੈਂ....ਕਹਾਣੀ ? ਉਹਦਾ ਫਿਕਰ ਨਾ ਕਰ...ਕੁਝ ਦਿਨ ਹੋਏ ਦਰਸ਼ਨ ਜੋਗਾ ਦਾ ਕਹਾਣੀ ਸੰਗ੍ਰਹਿ ਮਿਲਿਆ-'ਨਮਸਕਾਰ'। ਪਹਿਲੇ ਕੋਰੇ ਪੰਨੇ 'ਤੇ ਮੇਰੇ ਲਈ ਹੱਥ ਨਾਲ ਲਿਖਿਆ-'ਪਿਆਰੇ ਮਿੱਤਰ ਲਈ ਜਿਸ ਨਾਲ ਗੱਲਾਂ ਕਰਕੇ ਕਹਾਣੀ ਲਿਖਣ ਨੂੰ ਜੀਅ ਕਰਦਾ ਹੈ'...ਤੇ ਫਿਰ ਮੇਰਾ ਆਪਣਾ ਖੁਦ ਨਾਲ ਗੱਲਾਂ ਕਰਕੇ ਕਹਾਣੀ ਲਿਖਣ ਨੂੰ ਜੀਅ ਕਿਵੇਂ ਨਹੀਂ ਕਰੇਗਾ ? ਉਂਝ ਅੱਜਕਲ੍ਹ ਨਵੀਂ ਕਹਾਣੀ 'ਚੋਂ ਬਾਹਲੀ ਚਰਚਾ ਵਾਲੇ ਕਹਾਣੀਕਾਰਾਂ ਨੂੰ ਦੁਬਾਰਾ ਪੜ੍ਹ ਰਿਹਾਂ, ਪੂਰੇ ਗਹੁ ਨਾਲ। ਕੁਝ ਸਿੱਖਣਾ ਵੀ ਚਾਹੀਦਾ ਬੰਦੇ ਨੂੰ...ਕਿ ਨਹੀਂ ?

– ਕੌਣ ਕੌਣ ਪੜ੍ਹ ਰਿਹਾਂ ? ਲਿਹਾਜ਼ ਵਾਲੇ ਮਿੱਤਰਾਂ ਦਾ ਨਾਂਅ ਲਏਂਗਾ ਕਿ.....

ਹਾਂ, ਏਹ ਵੀ ਚੱਲਦੈ ਪੰਜਾਬੀ ਅਦਬ ਵਿਚ। ਜਿਨ੍ਹਾਂ ਨੂੰ ਕੋਈ ਨਹੀਂ ਪੜ੍ਹਦਾ, ਉਨ੍ਹਾਂ ਦੇ ਨਾਂਅ ਦਾ ਵੀ ਬੜਾ ਹੁੱਬ ਕੇ ਜ਼ਿਕਰ ਕਰਦੇ ਨੇ ਲੋਕ। ਛੋਟੀ ਜਿਹੀ ਤਾਂ ਦੁਨੀਆਂ ਹੈ। ਸਭ ਨੂੰ ਸਭ ਦਾ ਪਤੈ, ਕੋਈ ਉਹਲਾ ਨਹੀਂ। ਫਿਰ ਵੀ ਪਤਾ ਨਹੀਂ ਕਿਉਂ ? ਸ਼ਾਇਦ ਇਹ ਉਹੀ 'ਦੁਨਿਆਦਾਰੀ' ਹੈ, ਜਿਸ ਬਾਰੇ ਮੇਰੇ ਆਪਣੇ ਕਰੀਬੀਆਂ ਦਾ ਵੀ ਕਹਿਣਾ ਹੈ ਕਿ ਮੈਨੂੰ ਨਿਭਾਉਣੀ ਨਹੀਂ ਆਉਂਦੀ, ਖੈਰ, ਸਮਕਾਲ 'ਚੋਂ ਹੁਣੇ ਹੁਣੇ ਸਾਂਵਲ ਧਾਮੀ ਨੂੰ ਪੜ੍ਹ ਕੇ ਹਟਿਆ ਦੁਬਾਰਾ। 'ਪੇਂਜੀ ਦੇ ਫੁੱਲ', 'ਗਾਈਡ', 'ਮੱਲ੍ਹਮ', 'ਪੁੱਲ'-ਜ਼ਿੰਦਾਬਾਦ ! ਐਵੇਂ ਨਹੀਂ ਚਰਚਾ ਬਾਈ ਦੀ। ਰਾਣਾ ਤੇ ਹਾਂਸ ਤਾਂ ਹੈ ਹੀ ਚਰਚਾ ਦੇ ਲਾਇਕ। ਲੰਬੀ ਰੇਸ ਦੇ ਘੋੜੇ ਨੇ ਦੋਨੋਂ। ਦੂਰ ਤੱਕ ਦੌੜਨਗੇ। ਹਾਂਸ ਦੀ 'ਤੱਖੀ', 'ਰਾਹੂ ਕੇਤੂ', 'ਸਾਖੀ ਅੱਗੇ ਤੁਰ'...ਤੇ ਰਾਣੇ ਦੀ 'ਚੂੜੇ ਵਾਲੀ ਬਾਂਹ' ਨਵੀਂ ਪੰਜਾਬੀ ਕਹਾਣੀ ਦੀ ਪ੍ਰਾਪਤੀ ਹੈ। 'ਸਿਰਜਣਾ' ਵਿਚ 'ਸੱਚ ਕੀ ਬੇਲਾ' ਪੜ੍ਹ ਕੇ 'ਯੁੱਧ ਖੇਤਰ' ਤੇ 'ਸੂਰਜ ਦੀ ਪਿੱਠ ਨਹੀਂ ਹੁੰਦੀ' ਵਾਲੇ ਬਲਵਿੰਦਰ ਗਰੇਵਾਲ ਦੀ ਬਹੁਤ ਯਾਦ ਆਈ। ਕਿਉਂ ? ਕੁਝ ਕਹਿ ਨਹੀਂ ਸਕਦਾ। ਹਾਂ ਸੱਚ, 'ਕ੍ਰਾਂਤੀ ਕਿਉਂ ਨਹੀਂ ਆਉਂਦੀ' ਵਾਲਾ ਬਲਜਿੰਦਰ ਨਸਰਾਲੀ 'ਔਰਤ ਦੀ ਸ਼ਰਣ ਵਿਚ' ਪਤਾ ਨਹੀਂ ਕੀ ਕਹਿ ਗਿਆ। ਮੇਰੀ ਸਮਝ ਦੀ ਸੀਮਾ ਦਾ ਕਸੂਰ ਹੈ ਸਭ ! ਖੈਰ, ਗੁਰਮੀਤ ਕੜਿਆਲਵੀ ਦੀ 'ਆਤੂ ਖੋਜੀ' ਤਾਂ ਸੀ ਕਮਾਲ ਪਰ 'ਚੀਕ' ਠੀਕ ਠਾਕ ਜਿਹੀ। ਫਿਰ ਵੀ ਫਸਟ ਆ ਗਈ ? ਚਲੋ ਕੋਈ ਨਾ ! ਹੋ ਜਾਂਦਾ ਇੰਝ ਵੀ ਕਈ ਵਾਰ। ਮੇਰੀ ਕਹਾਣੀ 'ਘੋਰੜੂ' ਵੀ ਤਾਂ ਆ ਹੀ ਗਈ। ਸੁਖਜੀਤ ਭਾਜੀ ਦੀ 'ਮੈਂ ਰੇਪ ਨੂੰ ਇੰਜੁਆਏ ਕਰਦੀ ਆਂ' ਪੰਜਾਬੀ ਦੀ ਸ਼ਕਤੀਸ਼ਾਲੀ ਕਹਾਣੀ ਹੈ। ਚਿਰਾਂ ਤੱਕ ਯਾਦ ਰਹੇਗੀ ਜੋ। ਜਿੰਦਰ ਦੀ 'ਕਤਲ' ਇਕ ਵਾਰ ਫਿਰ ਪੜ੍ਹਿਆਂ ਬਹੁਤ ਚੰਗੀ ਲੱਗੀ। ਨਵੀਂਆਂ ਪਰਤਾਂ ਖੁੱਲ੍ਹੀਆਂ ਇਸ ਵਾਰ। ਕਦੇ ਪ੍ਰਗਤੀਵਾਦੀ ਰਹੇ ਤਲਵਿੰਦਰ ਦੀ 'ਵਿਚਲੀ ਔਰਤ' ਦਾ ਸਫਰ 'ਕਾਲ ਚੱਕਰ' ਦੇ ਘੇਰੇ ਵਿਚ ਪਹੁੰਚ ਗਿਆ। ਕੇਸਰਾ ਰਾਮ 'ਬੁਲਬਲਿਆਂ ਦੀ ਕਾਸ਼ਤ' ਵਿਚ ਅੱਜ ਦੇ ਬੰਦੇ ਦੀ ਉਖੜੀ ਹੋਈ ਧੁਰੀ ਦਾ 'ਸੈਂਸਕਸ' ਸਮਝਾਉਣ ਵਿਚ ਸਫਲ ਰਿਹਾ। 'ਬੀਮਾ ਏਜੰਟ' ਤੇ 'ਘੜੀਆਂ ਦੀਆਂ ਸੂਈਆਂ ਨਾਲ ਬੱਝਿਆ ਆਦਮੀ' ਹਰਜਿੰਦਰ ਸੂਰੇਵਾਲੀਆ ਦੀਆਂ ਛੋਟੀ ਕੈਨਵਸ 'ਤੇ ਚਿਤਰੀਆਂ ਵੱਡੀਆਂ ਕਹਾਣੀਆਂ ਹਨ। ਅਨੇਮਨ ਅਗਰ ਆਪਣੇ ਆਪ ਨੂੰ ਸੰਭਲ ਸਕਿਆ ਤਾਂ ਜ਼ਰੂਰ 'ਗਲੀ ਨੰਬਰ ਕੋਈ ਨਹੀਂ' ਤੋਂ ਅੱਗੇ ਦੀ ਗੱਲ ਕਰੇਗਾ। ਦਲਿਤ ਪਾਤਰਾਂ ਦੀ ਪੇਸ਼ਕਾਰੀ ਵਿਚ ਭਗਵੰਤ



ਰਸੂਲਪੁਰੀ ਦੀਆਂ 'ਜੜ੍ਹਾਂ' ਬਹੁਤ ਗਹਿਰੀਆਂ ਹਨ। ਬਾਕੀ ਕਾਲੀ ਤਾਂ ਹੈ ਹੀ ਜੀਨੀਅਸ ! ਉਹਦੀ ਰੀਸ ਤਾਂ ਉਹੀ ਕਰੂ। 'ਭਾਰ' ਤੇ 'ਕੁੱਤੀ ਵਿਹੜਾ' ਵਾਲੇ ਕਾਂਗ ਦੀ ਨਵੀਂ ਕਹਾਣੀ ਉਡੀਕ ਰਿਹਾਂ....ਹਾਂ, ਇਸ ਦੁਬਾਰਾ ਪੜ੍ਹਨ ਦੇ ਸਿਲਸਿਲੇ ਦਰਮਿਆਨ ਡਾ. ਬਲਦੇਵ ਸਿੰਘ ਧਾਲੀਵਾਲ ਦੀਆਂ ਕਹਾਣੀਆਂ ਪੜ੍ਹਦਿਆਂ ਉਹੀ ਪਹਿਲਾਂ ਵਾਲਾ ਸਵਾਲ ਮੂਹਰੇ ਆ ਖੜ੍ਹਿਆ ਕਿ ਡਾਕਟਰ ਸਾਹਿਬ ਕਹਾਣੀਕਾਰ ਵੱਡੇ ਹਨ ਕਿ ਆਲੋਚਕ ? ਦੋਨੋਂ ! ਇਸ ਵਾਰ ਵੀ ਉਹੀ ਜਵਾਬ ਮਿਲਿਆ। ਬੀਬੀਆਂ ਵਿਚੋਂ 'ਰਿਲੇਅ ਰੇਸ' ਵਾਲੀ ਵਿਸ਼ਵਜੋਤੀ ਨਵੀਂ ਪੰਜਾਬੀ ਕਹਾਣੀ ਨੂੰ ਉਲਾਰ ਨਾਰੀਵਾਦ ਦੇ ਤੰਗੇ ਦਾਇਰੇ 'ਚੋਂ ਬਾਹਰ ਲੈ ਜਾਣ ਦੇ ਸਮਰੱਥ ਹੈ। ਏਹੀ ਉਮੀਦ ਤ੍ਰਿਪਤਾ ਕੇ. ਸਿੰਘ, ਡਾ. ਸਰਘੀ ਤੇ ਸੁਰਿੰਦਰ ਨੀਰ ਤੋਂ ਹੈ-ਆਮੀਨ। ਬਾਕੀ ਭਜਨਵੀਰ ਦਾ ਬਹੁਤ ਬਹੁਤ ਸ਼ੁਕਰੀਆ..ਕਿਉਂਜੁ ਉਸ ਨੇ ਪੰਜਾਬੀ ਪਾਠਕਾਂ ਨੂੰ ਉਦੈ ਪ੍ਰਕਾਸ਼ ਦੀਆਂ ਕਹਾਣੀਆਂ ਪੜ੍ਹਾ ਕੇ ਪੰਜਾਬੀ ਕਹਾਣੀਕਾਰ ਅੱਗੇ ਵੱਡੀ ਲੀਕ ਲਾ ਦਿੱਤੀ ਹੈ। ਦੇਖੋ...

–ਨਵੀਂ ਕਹਾਣੀ ਬਾਰੇ ਕੋਈ ਫਿਕਰ ? ਕੋਈ ਸੰਸਾ ? ਕੋਈ ਡਰ ?

ਹਾਂ, ਹੈ ਬਹੁਤ ਵੱਡਾ ਫਿਕਰ। ਇਸ ਦੀ ਸਰਦਾਰੀ ਖੁੱਸ ਜਾਣ ਦਾ ਡਰ...ਕਿਉਂਜੁ ਜਟਿਲ...ਬਹੁਤ ਜਟਿਲ ਹੁੰਦੀ ਜਾ ਰਹੀ ਇਹ। ਆਪਣੀ ਆਪਣੀ 'ਸਮਰੱਥਾ' ਦਿਖਾਉਣ ਲਈ ਸੁਚੇਤ ਰੂਪ ਵਿਚ ਕੀਤੀ ਜਾ ਰਹੀ ਹੈ ਸ਼ਾਇਦ। ਦਲੀਲ ਉਹੀ ਕਿ ਸਮਾਂ ਜਟਿਲ ਹੋ ਗਿਆ ਹੈ...ਤੇ ਸਿੱਟੇ ਵਜੋਂ ਨਿਰੀ ਬੌਧਿਕ ਕਸਰਤ ਬਣਦੀ ਜਾ ਰਹੀ ਹੈ ਇਹ। ਅਜਿਹੀ ਬੁਝਾਰਤ ਜੋ ਸਿਰਫ਼ 'ਅਕਾਦਮਿਕਤਾ' ਹੀ ਬੁੱਝ ਸਕੇਗੀ ਫਿਰ। ਡਰ ਹੈ ਕਿਤੇ ਕਵਿਤਾ ਵਾਲੀ ਨਾ ਹੋਵੇ। ਪਾਠਕ ਨੱਕ ਬੁੱਲ ਨਾ ਵੱਟਣ ਲੱਗ ਜਾਣ।

– ਖੁਸ਼ੀ ਵਾਲੀ ਕੋਈ ਗੱਲ ?

ਹਾਂ, ਹੈ ਇਕ ਖੁਸ਼ੀ ਵਾਲੀ ਗੱਲ ਪਰ ਹੈ ਜ਼ਰਾ ਨਿੱਕੀ। ਬਹੁਤ ਪਹਿਲਾਂ ਵਿਦਿਆਰਥੀ ਹੁੰਦਿਆਂ ਪੀ. ਐਚ. ਡੀ. ਦਾ ਖੋਜ ਕਾਰਜ ਵਿਚਾਲੇ ਹੀ ਛੱਡਣਾ ਪਿਆ ਸੀ। ਇਸ ਨੂੰ ਲੈ ਕੇ ਇਕ ਚੀਸ ਜਿਹੀ ਉਠਦੀ ਰਹੀ ਸੀ ਦਿਲ ਵਿਚ ਹੁਣ ਤੱਕ। ਕਸਮ ਨਾਲ ਬਹੁਤ ਤਿੱਖਾ ਸੀ ਇਸ ਚੀਸ ਦਾ ਦਰਦ। ਪਰ ਅੱਜ ਸਾਲਾਂ ਬਾਅਦ ਆਪਣੀਆਂ ਕਹਾਣੀਆਂ 'ਤੇ ਖੋਜ ਕਾਰਜ ਹੁੰਦਾ ਦੇਖ ਕੇ ਕੁਝ ਰਾਹਤ ਹੈ। ਹੁਣ ਦਿਲ ਨੂੰ ਪਹਿਲਾਂ ਦੀ ਤਰ੍ਹਾਂ ਵਲ ਨਹੀਂ ਪੈਂਦੇ।

– ਚੱਲ 'ਜੁਗਾੜ' ਬਾਰੇ ਦੱਸ ਕੁਝ ?

ਜੁਗਾੜ ?...ਅੱਛਾ 'ਜੁਗਾੜ' ! ਮੈਂ ਕੁਝ ਹੋਰ ਸਮਝ ਗਿਆ ਸੀ। ਖੈਰ, ਲੇਖਕ ਨੂੰ ਆਪਣੀ ਰਚਨਾ ਦੀ ਸ਼ਕਤੀ ਤੇ ਯਕੀਨ ਹੋਣਾ ਚਾਹੀਦੈ...ਕਿਉਂਜੁ ਸਾਹਿਤ ਵਿਚ ਕੋਈ ਸ਼ਾਰਟ ਕੱਟ ਨਹੀਂ ਹੁੰਦਾ। ਇਹ ਤਾਂ ਹੈ ਕਹਿਣ ਨੂੰ ਸਿਰਫ਼ ਪਰ ਅਸਲ ਵਿਚ ਅਜਿਹਾ ਨਹੀਂ ਆ ਰਿਹਾ ਕਿਤੇ। ਸਗੋਂ ਲੇਖਕ ਤੇ ਤੇਰਾ ਬੋਲਿਆ ਇਹ ਸ਼ਬਦ 'ਜੁਗਾੜ' ਸਮਾਨ ਅਰਥਕ ਬਣਦੇ ਜ਼ਰੂਰ ਦਿਖਾਈ ਦੇ ਰਹੇ ਹਨ। ਦੇਖਿਆ ਨਹੀਂ ਇਸ ਵਾਰ ਵੀ...ਨਾਂਅ ਨਹੀਂ ਲੈਣੇ ਬੱਲਿਆ ! ਦੇਖੋ ਕੋਈ ਟੋਕ ਰਿਹਾ ਹੈ ਮੈਨੂੰ। ਕੌਣ ? ਹੈ ਕਿਸੇ ਨਾ ਕਿਸੇ ਸਿਰ ਵਿਚ ਇਸ ਬਾਹਲੇ 'ਸਿਆਣੇ' ਬੰਦੇ ਦਾ ਵੀ ਨਿਵਾਸ ! ਐਨ ਵਕਤ ਸਿਰ ਟੋਕਦਾ ਕਈ ਵਾਰ ਚਲੋ ਕਿਸੇ ਦੂਸਰੇ ਦਾ ਨਾਂਅ ਨਹੀਂ ਲੈਂਦੇ ਪਰ ਆਪਣੀ ਗੱਲ ਤਾਂ ਕਰ ਸਕਦੈ...ਕਿ ਨਹੀਂ ? ਆਪਣੇ ਆਪ ਤੋਂ ਕਾਹਦਾ ਡਰ। ਖੁਦ 'ਤੇ ਕੇਸ ਕਰਨੋਂ ਤਾਂ ਰਿਹਾ ਹੁਣ। ਨਾਲੇ ਹੈ ਤਾਂ ਇਹ ਮੇਰੀ ਅੰਤਰ-ਲੀਲ੍ਹਾ ਨਾ। ਕਿਸੇ ਨੂੰ ਕੀ ਖ਼ਬਰ। ਤਾਂ ਸੁਣ....'ਸ਼ਬਦ' ਦੇ ਪਿਛਲੇ ਅੰਕ ਵਿਚ ਸ੍ਰੇਸ਼ਟ ਕਹਾਣੀਆਂ ਬਾਰੇ ਕਿਸੇ 'ਰਿਸਚਰ ਸਕਾਲਰ' ਦਾ ਮੁਲਾਂਕਣ ਛਪਿਆ। ਲਿਖਿਆ-'ਇਸ ਮੁਲਾਂਕਣ ਦਾ ਆਧਾਰ ਅਸੀਂ ਸਿੱਧਾ ਨਹੀਂ ਅਪਣਾਇਆ ਕਿਉਂਜੁ ਇਸ ਗੱਲ ਦਾ ਖਦਸਾ ਸੀ ਕਿ ਜੇ ਅਸੀਂ ਲੇਖਕਾਂ/ਆਲੋਚਕਾਂ ਤੇ ਪਾਠਕਾਂ ਨੂੰ ਖਤ ਲਿਖ ਕੇ ਜਾਂ ਐਸ. ਐਮ. ਐਸ. ਕਰਕੇ ਉਨ੍ਹਾਂ ਦੀ

ਪਸੰਦ ਪੁੱਛੀ ਤਾਂ ਮਾਲਵੇ ਦੇ 'ਤਿੰਨ ਕਹਾਣੀਕਾਰਾਂ' ਨੇ ਪਹਿਲੇ ਨੰਬਰ 'ਤੇ ਆਉਣ ਲਈ ਆਪਣਾ ਸਾਰਾ ਜ਼ੋਰ ਲਾ ਦੇਣਾ ਸੀ।' ਉਪਰੋਕਤ 'ਖੋਜ' ਵਿਚ ਕੋਮਿਆਂ ਵਿਚ ਬੰਦ 'ਤਿੰਨ ਕਹਾਣੀਕਾਰਾਂ' ਵਿਚੋਂ ਇਕ ਤਾਂ ਮੈਂ ਹਾਂ-ਕੁਲਵੰਤ ਗਿੱਲ। ਦੂਸਰੇ ਦੋਨਾਂ ਨੂੰ ਵੀ ਜਾਣਦਾ ਚੰਗੀ ਤਰ੍ਹਾਂ। ਬਹੁਤ ਕਰੀਬੀ ਮਿੱਤਰ ਹਨ। ਨਾਂਅ ਨਹੀਂ ਲਵਾਂਗਾ। ਸਿਰਫ਼ ਆਪਣਾ 'ਗੁਨਾਹ' ਕਬੂਲ ਕਰਕੇ ਹੌਲਾ ਹੋਣਾ ਚਾਹੁੰਦਾ ਹਾਂ। ਸਜ਼ਾ ਲਈ ਹਾਜ਼ਰ ਹਾਂ...ਪਰ ਇਕ ਛੋਟੀ ਜਿਹੀ ਕਹਾਣੀ ਯਾਦ ਆ ਰਹੀ ਹੈ। ਕਿਸੇ ਕਸਬੇ ਦੇ ਕਿਸੇ ਚੁਰਾਹੇ ਵਿਚ ਕੋਈ ਔਰਤ ਕੁਰਲਾ ਰਹੀ ਸੀ...ਵਾਸਤੇ ਪਾ ਰਹੀ ਸੀ। ਕੋਈ ਗੁਨਾਹ ਕੀਤਾ ਸੀ ਉਸਨੇ ਸ਼ਾਇਦ। ਭੀੜ ਦੇ ਹੱਥ ਵਿਚ ਪੱਥਰ ਸਨ। ਉਦੋਂ ਹੀ ਕਿਸੇ ਭਲੇ ਪੁਰਸ਼ ਨੇ ਹਵਾ ਵਿਚ ਇਕ ਸਵਾਲ ਉਛਾਲਿਆ...ਕਿ ਪਹਿਲਾਂ ਪੱਥਰ ਉਹ ਮਾਰੇ ਜਿਸ ਨੇ ਕਦੇ ਕੋਈ ਗੁਨਾਹ ਨਾ ਕੀਤਾ ਹੋਵੇ। ਕਹਿੰਦੇ ਭੀੜ ਸ਼ਰਮਿੰਦਾ ਹੋ ਪਿੱਛੇ ਹਟ ਗਈ।

ਵੇਖੋ, ਮੇਰੀ ਤਰਫ਼ ਪਹਿਲਾਂ ਪੱਥਰ ਕੌਣ ਉਛਾਲਦਾ....

## ਜਸਵੀਰ ਦੀਆਂ ਰਾਣੇ ਨਾਲ ਗੱਲਾਂ

(ਜਿਸ ਵਕਤ ਮੈਂ ਸਵੈ ਨਾਲ ਗੱਲਬਾਤ ਸ਼ੁਰੂ ਕੀਤੀ, ਮੇਰੀ ਸੁਰਤੀ ਵਿਚ ਬੁੱਲੇ ਸ਼ਾਹ ਤੇ ਡਾ. ਕੇਸਰ ਸਿੰਘ ਕੇਸਰ ਘੁੰਮਣ ਲੱਗ ਪਏ। ਬੁੱਲੇ ਸ਼ਾਹ ਕਹਿੰਦਾ ਬੁੱਲਿਆ ਕੀ ਜਾਣਾ ਮੈਂ ਕੌਣ! ਡਾ. ਕੇਸਰ ਕਹਿੰਦਾ ਮੈਂ ਜਾਣਾ ਮੈਂ ਕੌਣ ! ਦੋਵਾਂ ਵਿਚੋਂ ਕਿਸ ਦੀ ਗੱਲ ਮੰਨਾ ! ਮੈਂ ਖਾਸਾ ਚਿਰ ਸੋਚਦਾ ਰਿਹਾ। ਜਦੋਂ ਕੋਈ ਸਮਝ ਨਾ ਆਈ। ਮੇਰੇ ਅੰਦਰ ਵਸਦੇ ਜਸਵੀਰ ਤੇ ਕਹਾਣੀਕਾਰ ਜਸਵੀਰ ਰਾਣਾ ਨੇ ਆਪਸ ਵਿਚ ਗੱਲਬਾਤ ਸ਼ੁਰੂ ਕਰ ਦਿੱਤੀ। ਮੈਂ ਚੁੱਪ-ਚਾਪ ਉਨ੍ਹਾਂ ਦੀਆਂ ਗੱਲਾਂ ਸੁਣਨ ਲੱਗ ਪਿਆ। ਤੁਸੀਂ ਵੀ ਸੁਣੋ।)

? ਜਦੋਂ ਕੋਈ ਤੈਨੂੰ ਪਹਿਲੀ ਵਾਰ ਮਿਲਦਾ, ਅਗਲਾ ਤੈਨੂੰ ਰੁੱਡ ਜਿਹਾ, ਸਿੱਧਰਾ ਤੇ ਕਮਲਾ ਜਿਹਾ ਬੰਦਾ ਸਮਝਦਾ ਹੈ। ਬਚਪਨ ਵਿਚ ਤੇਰੀ ਮਾਂ ਵੀ ਇੰਝ ਹੀ ਕਹਿੰਦੀ ਹੁੰਦੀ ਸੀ। ਹੁਣ ਜਦੋਂ ਤੂੰ ਕਹਾਣੀਕਾਰ ਜਸਵੀਰ ਰਾਣਾ ਹੈਂ ! ਤੇਰੀ ਹਾਲਤ ਵਿਚ ਕੁਝ ਫਰਕ ਪਿਆ ਕਿ ਪਹਿਲਾਂ ਵਾਲੀ ਹੀ ਹੈ।

- ਤੇਰੀ ਗੱਲ ਸਹੀ ਹੈ। ਜਦੋਂ ਕੋਈ ਪਹਿਲੀ ਵਾਰ ਮਿਲਦਾ। ਮੈਨੂੰ ਕਮਲਾ ਜਿਹਾ ਬੰਦਾ ਸਮਝਦਾ ਹੈ। ਮਾਂ ਤਾਂ ਹੁਣ ਵੀ ਮੈਨੂੰ ਸਿੱਧਰਾ ਜਿਹਾ ਹੀ ਸਮਝਦੀ ਹੈ। ਉਹ ਕਹਿੰਦੀ ਹੁੰਦੀ ਹੈ ਇਹਨੂੰ ਬੱਸ ਕਹਾਣੀਆਂ ਲਿਖਣ ਦਾ ਹੀ ਪਤਾ। ਹੋਰ ਨੀ ਕੁਝ ਵੀ ਪਤਾ। ਅੰਦਰ-ਖਾਤੇ ਹੋਰ ਵੀ ਕਾਫੀ ਲੋਕ ਇੰਝ ਹੀ ਸਮਝਦੇ ਹਨ। ਇਸ ਸਮਝ ਦਾ ਕਾਰਨ ਮਨੋਵਿਗਿਆਨਕ ਹੈ। ਮੈਂ ਪਹਿਲੀ ਹੀ ਮਿਲਣੀ ਵਿਚ ਕਿਸੇ 'ਤੇ ਪੂਰਾ ਪ੍ਰਭਾਵ ਨਹੀਂ ਪਾਉਂਦਾ। ਆਮ ਧਾਰਨਾ ਇਹ ਹੈ ਕਿ 'ਫਸਟ ਇੰਪਰੈਸ਼ਨ ਇਜ਼ ਲਾਸਟ'। ਪਰ ਮੇਰਾ ਸੱਚ 'ਲਾਸਟ ਇੰਪਰੈਸ਼ਨ ਇਜ਼ ਫਸਟ' ਹੈ। ਕੁਝ ਬਚਪਨ ਦੇ ਡਰਾਂ, ਸੰਗਾਂ ਤੇ ਕੰਪਲੈਕਸਾਂ ਦੀ ਮਾਰੀ ਸ਼ਖ਼ਸੀਅਤ। ਕੁਝ ਮੇਰਾ ਸ਼ਾਂਤ, ਸਹਿਜ ਤੇ ਫਕੀਰੀ ਸੁਭਾਅ। ਕੁਝ ਕੁਦਰਤੀ ਮੇਰੀ ਜ਼ੁਬਾਨ ਹੌਲੀ ਉੱਲਟਦੀ ਹੈ। ਬਚਪਨ ਵਿਚ ਮੇਰੀ ਮਾਂ ਕਹਿੰਦੀ ਹੁੰਦੀ, "ਵੇ ਬੋਲ ਪੈ ਹੁਣ !... ਬੋਲਦਾ-ਬੋਲਦਾ ਈ ਛੀ ਘੰਟੇ ਲਾ ਦਿੰਨੈ !" ਉਹਦੀ ਛੇ ਘੰਟੇ ਨਾ ਬੋਲਣ ਵਾਲੀ ਗੱਲ ਸਹੀ ਸੀ। ਮੈਂ ਜਦੋਂ ਕਿਸੇ ਨਾਲ ਗੱਲ ਕਰਦਾ ਹਾਂ। ਕੋਈ ਮੇਰੇ ਨਾਲ ਗੱਲ ਕਰਦਾ ਹੈ। ਮੈਨੂੰ ਛੇਤੀ ਕੋਈ ਗੱਲ ਨਹੀਂ ਔੜ੍ਹਦੀ। ਮਨ ਦੀਆਂ ਮਨ ਵਿਚ ਲਈਂ ਬੈਠਾ ਰਹਿੰਦਾ ਹਾਂ। ਜਦੋਂ ਅਗਲਾ ਉੱਠਕੇ ਚਲਿਆ ਜਾਂਦਾ। ਮੈਨੂੰ ਗੱਲ ਔੜ੍ਹਨ ਲੱਗਦੀ ਹੈ। ਉਸ ਨੂੰ ਇਹ ਕਹਿ ਦਿੰਦਾ। ਉਹ ਕਹਿ ਦਿੰਦਾ। ਪਰ ਫਿਰ ਲੱਥੀ ਹੱਥ ਨਹੀਂ



ਆਉਂਦੀ। ਆਉਣ ਵਾਲਾ ਚਲਿਆ ਜਾਂਦਾ। ਮੈਂ ਚੁੱਪ ਕਰਕੇ ਬੈਠ ਜਾਂਦਾ ਹਾਂ। ਚੁੱਪ ਨਾਲ ਮੇਰੀ ਪੁਰਾਣੀ ਯਾਰੀ ਹੈ। ਇਸ ਯਾਰੀ ਦੀਆਂ ਜੜ੍ਹਾਂ ਮੇਰੇ ਬਚਪਨ ਤੱਕ ਫੈਲੀਆਂ ਹੋਈਆਂ ਹਨ। ਮੈਂ ਬਹੁਤ ਵਾਰ ਇਸ ਫੈਲਾਅ ਵਿਚ ਵੱਢ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਕਦੀ ਪੂਰੀ ਤਰ੍ਹਾਂ ਸਫਲ ਨਹੀਂ ਹੋਇਆ। ਹਰ ਵਾਰੀ ਕੋਈ ਨਾ ਕੋਈ ਕਸਰ ਰਹਿ ਜਾਂਦੀ ਹੈ। ਜਿਸ ਤਰ੍ਹਾਂ ਮੈਂ ਸਟੇਜ ਉੱਪਰ ਬੋਲਣਾ ਤਾਂ ਸਿੱਖ ਲਿਆ। ਪਰ ਚਾਰ ਬੰਦਿਆਂ ਵਿਚ ਮੈਨੂੰ ਅਜੇ ਵੀ ਗੱਲ ਕਰਨੀ ਨਹੀਂ ਆਉਂਦੀ। ਰਸਮੀ ਗੱਲ-ਬਾਤ ਵੀ ਨਹੀਂ ਆਉ ਕਿਸੇ ਨਾਲ ਫੇਸ-ਟੂ-ਫੇਸ ਗੱਲ ਕਰਨ ਵਕਤ ਮੇਰੀ ਜਾਨ ਨਿੱਕਲ ਜਾਂਦੀ ਹੈ। ਮੈਂ ਇਕ ਕਹਾਣੀਕਾਰ ਤਾਂ ਬਣ ਗਿਆ। ਪਰ 'ਸਮਾਜਿਕ ਜੀਵ' ਨਹੀਂ ਬਣ ਸਕਿਆ। ਮੈਨੂੰ ਐਕਟਿੰਗ ਕਰਨੀ ਨਹੀਂ ਆਉਂਦੀ। ਜ਼ਿੰਦਗੀ ਦੇ ਹਰ ਖੇਤਰ ਵਿਚ ਮੈਥੋਂ ਅਕਸਰ ਕੰਮਾਂ-ਗੱਲਾਂ ਦੀ ਪੁੱਠ-ਸਿੱਧ ਕਰਨ ਵਿਚ ਗੜਬੜ ਹੋ ਜਾਂਦੀ ਹੈ। ਇਸ ਕਾਰਨ ਮੇਰੇ ਨਾਲ ਜੁੜਿਆ ਹਰ ਸ਼ਖ਼ਸ ਘਾਟੇ ਵਿਚ ਰਹਿੰਦਾ ਹੈ। ਜਦੋਂ ਕਿਸੇ ਨੂੰ ਮੇਰੇ ਕਾਰਨ ਬਹੁਤਾ ਹੀ ਘਾਟਾ ਪੈ ਜਾਂਦਾ ਹੈ। ਉਹ ਮੈਨੂੰ ਰੁੱਡ, ਸਿੱਧਰਾ ਤੇ ਕਮਲਾ ਸਮਝਣ ਲੱਗ ਪੈਂਦਾ ਹੈ। ਮੇਰੀ ਪੂਰੀ ਕੋਸ਼ਿਸ਼ ਰਹਿੰਦੀ ਹੈ ਕਿ ਆਪਣੀ ਹਾਲਤ ਵਿਚ ਸੁਧਾਰ ਕਰਾਂ। ਹੁਣ ਤੱਕ ਮੇਰੀ ਹਾਲਤ ਵਿਚ ਕਿੰਨਾ ਕੁ ਸੁਧਾਰ ਹੋਇਆ ਹੈ। ਇਹ ਤਾਂ ਮੇਰੇ ਨਾਲ ਕੋਈ ਡੂੰਘਾ ਜੁੜਿਆ ਬੰਦਾ ਹੀ ਦੱਸ ਸਕਦਾ ਹੈ !

? ਮੈਂ ਸੁਣਿਆ ਤੂੰ ਕਹਾਣੀ ਦਾ ਨਾਂ ਰੱਖਣ ਵਕਤ ਖਾਸ ਧਿਆਨ ਦਿੰਦਾ ਹੈਂ। ਕਈ ਵਾਰ ਜਦੋਂ ਕੋਈ ਕਿਸੇ ਕਹਾਣੀ ਜਾਂ ਰਚਨਾ ਦਾ ਪਹਿਲਾਂ ਰੱਖਿਆ ਨਾਂ ਦੁਬਾਰਾ ਰੱਖ ਲੈਂਦਾ ਹੈ। ਮੈਂ ਤੈਨੂੰ ਅਜੀਬ ਕਿਸਮ ਦਾ ਇਤਰਾਜ਼ ਪ੍ਰਗਟ ਕਰਦੇ ਹੋਏ ਸੁਣਿਆ ਹੈ। ਆਪਣੀ ਕਿਸੇ ਕਹਾਣੀ ਦੇ ਨਾਂ ਦੀ ਸਿਰਜਣ-ਪ੍ਰਕਿਰਿਆ ਸਾਂਝੀ ਕਰਦਾ ਹੋਇਆ ਦੱਸ ਤੇਰਾ ਇਤਰਾਜ਼ ਕੀ ਹੈ।

- ਕਹਾਣੀ ਦਾ ਨਾਂ ਮੇਰੇ ਲਈ ਬਹੁਤ ਹੀ ਮਹੱਤਵਪੂਰਨ ਚੀਜ਼ ਹੈ। ਮੈਂ ਆਪਣੀ ਹਰ ਕਹਾਣੀ ਦਾ ਨਾਂ ਰੱਖਣ ਵਕਤ ਖਾਸ ਧਿਆਨ ਦਿੰਦਾ ਹਾਂ। ਜਿਹੜਾ ਪਹਿਲਾਂ ਕਿਸੇ ਨੇ ਨਾ ਰੱਖਿਆ ਹੋਵੇ। ਜਿਹੜਾ ਬਿਲਕੁਲ ਵੱਖਰਾ ਹੋਵੇ। ਜਿਸ ਵਿਚ ਕਹਾਣੀ ਦੀਆਂ ਡੂੰਘੀਆਂ ਰਮਜ਼ਾਂ ਲੁਕੀਆਂ ਹੋਣ। ਮੇਰੀ ਕੋਸ਼ਿਸ਼ ਹੁੰਦੀ ਹੈ ਕੋਈ ਐਸਾ ਨਾਂ ਰੱਖਾਂ। ਐਪਰ ਫਿਰ ਵੀ ਜੇਕਰ ਮੇਰੀ ਕਿਸੇ ਕਹਾਣੀ ਦਾ ਨਾਂ ਕਿਸੇ ਹੋਰ ਦੀ ਲਿਖੀ ਕਹਾਣੀ ਦੇ ਨਾਂ ਨਾਲ ਮੇਲ ਖਾਂਦਾ। ਇਸ ਦਾ ਕਾਰਨ ਮੇਰੀ ਜਾਣਕਾਰੀ ਔਰ ਪੜ੍ਹਨ-ਸੀਮਾ ਦਾ ਘੱਟ ਹੋਣਾ ਹੈ। ਇਹ ਕਾਰਨ ਅਚੇਤ ਹੈ। ਪਰ ਮੇਰੀ ਨਜ਼ਰ ਵਿਚ ਇਹ ਵੀ ਸਾਹਿਤ ਦੇ ਸੱਤਿਅਤ, ਸ਼ਿਵਮ, ਸੁੰਦਰਮ ਵਾਲੇ ਸੰਕਲਪ ਨੂੰ ਸੱਟ ਮਾਰਨ ਵਾਲੀ ਗੱਲ ਹੈ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਲੇਕਿਨ ਅੱਜ-ਕੱਲ੍ਹ ਇਸ ਤਰ੍ਹਾਂ ਹੋ ਰਿਹਾ। ਸੁਚੇਤ-ਅਚੇਤ ਰੂਪ ਵਿਚ ਵੱਡੀ ਪੱਧਰ 'ਤੇ ਹੋ ਰਿਹਾ ਹੈ। ਸਿਰਫ ਸਾਹਿਤ ਵਿਚ ਹੀ ਨਹੀਂ, ਫਿਲਮਾਂ ਵਿਚ ਇਸ ਤੋਂ ਵੀ ਵੱਡੀ ਪੱਧਰ 'ਤੇ ਹੋ ਰਿਹਾ ਹੈ। ਪੁਰਾਣੀਆਂ ਫਿਲਮਾਂ ਦੇ ਨਾਂ ਨਾਲ ਨਵਾਂ ਜੋੜ ਕੇ ਅਜੀਬ ਕਿਸਮ ਦੀ ਗੈਰਸੰਜੀਦਗੀ ਪੈਦਾ ਕੀਤੀ ਜਾ ਰਹੀ ਹੈ। ਜਿਵੇਂ : ਨਵੀਂ ਅਗਨੀਪਥ, ਨਵੀਂ ਸ਼ੋਅਲੇ, ਨਵੀਂ ਡੌਨ.... ਆਦਿ! ਪਿਛਲੇ ਦਿਨੀਂ ਤਾਂ ਹੱਦ ਹੀ ਹੋ ਗਈ। ਮੈਂ ਕਿਸੇ ਕਹਾਣੀਕਾਰ ਦੀ ਕਹਾਣੀ ਦਾ ਨਾਂ 'ਤੂਤਾਂ ਵਾਲਾ ਖੂਹ' ਰੱਖਿਆ ਹੋਇਆ ਪੜ੍ਹਿਆ। ਇਹ ਸੋਹਣ ਸਿੰਘ ਸੀਤਲ ਦੇ ਪ੍ਰਸਿੱਧ ਨਾਵਲ ਦਾ ਨਾਂ ਹੈ। ਜਦੋਂ ਮੈਂ ਇਸ ਨੁਕਤਾ ਨਿਗਾਹ ਤੋਂ ਆਪਣੇ ਸਮਕਾਲੀ ਲੇਖਕਾਂ ਵਿਚੋਂ ਕਿਸੇ ਦੀ ਰਚਨਾ ਦਾ ਨਾਂ ਕਿਸੇ ਹੋਰ ਦੀ ਰਚਨਾ ਦੇ ਨਾਂ ਉੱਪਰ ਰੱਖਿਆ ਵੇਖਦਾ ਹਾਂ। ਮੈਂ ਆਪਣੇ ਆਪ ਨੂੰ ਸਵਾਲ ਕਰਨ ਲੱਗਦਾ ਹਾਂ। ਕੀ ਪੰਜਾਬੀ ਰਚਨਾਕਾਰੀ ਵਿਚ ਨਵੇਂ ਨਾਵਾਂ ਦੀ ਥੁੜ ਪੈਦਾ ਹੋ ਗਈ ਹੈ ? ਕੀ ਰਚਨਾ ਦਾ ਨਾਂ ਰੱਖਣਾ ਰਚਨਾ ਦੀ ਸਿਰਜਣ-ਪ੍ਰਕਿਰਿਆ ਵਿਚ ਸ਼ਾਮਿਲ ਨਹੀਂ ? ਜੇਕਰ ਹਰ ਪਿੰਡ, ਸ਼ਹਿਰ, ਵਿਅਕਤੀ ਤੇ ਵਸਤੂ ਦਾ ਇਕ ਹੀ ਨਾਂ ਰੱਖ ਦਿੱਤਾ ਜਾਵੇ, ਤਾਂ ਕਿਸ ਕਿਸਮ ਦੀ ਸਥਿਤੀ ਪੈਦਾ ਹੋ ਜਾਵੇਗੀ ? ਜੇਕਰ ਦੋ ਜਾਂ ਦੋ ਤੋਂ ਵੱਧ ਰਚਨਾਵਾਂ ਦਾ ਇਕ ਹੀ ਨਾਂ ਰੱਖ ਦਿੱਤਾ ਜਾਵੇ, ਤਾਂ ਪਾਠਕ-ਵਰਗ ਵਿਚ

ਕਿਸ ਕਿਸਮ ਦੀ ਅਸਪਸ਼ਟਤਾ ਪੈਦਾ ਹੋਣ ਦੀ ਸੰਭਾਵਨਾ ਹੈ ? ਸਵਾਲ ਇਹ ਵੀ ਹੈ ਕਿ ਜੇਕਰ ਕੋਈ ਲੇਖਕ ਸੁਚੇਤ ਰੂਪ ਵਿਚ ਕਿਸੇ ਪਹਿਲੀ ਰਚਨਾ ਦਾ ਨਾਂ ਦੁਬਾਰਾ ਰੱਖ ਰਿਹਾ, ਤਾਂ ਉਹਦੀ ਸੋਚ ਦਾ ਆਧਾਰ ਕੀ ਹੈ ? ਜੇਕਰ ਇਹ ਨਾਂ 'ਤੇ ਨਾਂ ਰੱਖਣ ਦੀ ਪ੍ਰਕਿਰਿਆ ਉੱਪਰ ਕਿਸੇ ਨੂੰ ਇਤਰਾਜ਼ ਨਹੀਂ ਤਾਂ ਇਸ ਦਾ ਕੀ ਕਾਰਨ ਹੈ ? ਸਵਾਲ ਹੋਰ ਵੀ ਬਹੁਤ ਹਨ। ਜਿਨ੍ਹਾਂ ਨੂੰ ਜਵਾਬਾਂ ਦੀ ਤਲਾਸ਼ ਹੈ। ਇਹ ਤਲਾਸ਼ ਮੇਰੀ ਉਸ ਸੋਚ ਨਾਲ ਜੁੜੀ ਹੋਈ ਹੈ ਜਿਸ ਅਧੀਨ ਮੈਂ ਕਹਾਣੀ ਵਾਂਗ ਕਹਾਣੀ ਦਾ ਨਾਂ ਵੀ ਸਿਰਜਦਾ ਹਾਂ। ਮੇਰੀ ਸਿਰਜਣਾ ਦਾ ਸ੍ਰੋਤ ਆਲਾ-ਦੁਆਲਾ ਹੁੰਦਾ ਹੈ। ਜਿਸ ਵਿਚੋਂ ਮੈਂ ਨਾਂ ਫੜਦਾ ਹਾਂ। ਆਪਣੀ ਗੱਲ ਦੀ ਪੁਸ਼ਟੀ ਲਈ ਮੈਂ ਤੈਨੂੰ ਆਪਣੀ ਇਕ ਕਹਾਣੀ ਦੇ ਨਾਂ ਦੀ ਸਿਰਜਣ-ਪ੍ਰਕਿਰਿਆ ਦੱਸਦਾ ਹਾਂ। ਕਹਾਣੀ ਦਾ ਨਾਂ ਹੈ 'ਸਜ਼ਾ-ਏ-ਮੌਤ'। ਇਹ ਕਹਾਣੀ ਮੇਰੀਆਂ ਕਿਤਾਬਾਂ ਵਿਚ ਸ਼ਾਮਿਲ ਨਹੀਂ। ਇਹ ਮੇਰੀ ਅਭਿਆਸੀ-ਦੌਰ ਦੀ ਰਚਨਾ ਹੈ। ਮੈਨੂੰ ਇਸ ਕਹਾਣੀ ਦਾ ਨਾਂ ਕਿਸ ਤਰ੍ਹਾਂ ਲੱਭਿਆ। ਇਹ ਬੜੀ ਦਿਲਚਸਪ ਗੱਲ ਹੈ। ਮੈਂ 1997-98 ਵਿਚ ਸ.ਸ.ਸ. ਬਨਭੌਰਾ ਵਿਖੇ ਪੀ.ਟੀ.ਏ. ਫੰਡ 'ਤੇ ਪੜ੍ਹਾਉਂਦਾ ਸੀ। ਬਨਭੌਰਾ ਸਾਡੇ ਪਿੰਡ ਤੋਂ ਛੇ ਕਿਲੋਮੀਟਰ ਦੂਰ ਹੈ। ਮੈਂ ਕਦੀ ਸਕੂਟਰ 'ਤੇ ਕਦੀ ਬਸ 'ਤੇ ਜਾਂਦਾ। ਜਦੋਂ ਸਕੂਟਰ 'ਤੇ ਜਾਂਦਾ। ਲਾਂਗੜੀਆਂ-ਨਿਆਮਤਪੁਰ ਵੱਲ ਦੀ ਜਾਂਦਾ। ਜਦੋਂ ਬਸ ਜਾਂਦਾ। ਮਾਹੋਰਾਣੇ ਉੱਤਰ ਜਾਂਦਾ। ਉੱਥੋਂ ਨਹਿਰ ਦੀ ਪਟੜੀ-ਪਟੜੀ ਤੁਰ ਕੇ ਬਨਭੌਰੇ ਨੂੰ ਜਾਂਦਾ। ਤੁਰ ਕੇ ਹੀ ਆਉਂਦਾ। ਜਿਸ ਵਕਤ ਮੈਂ ਮਾਹੋਰਾਣੇ ਵਾਲੇ ਪੁਲ ਤੋਂ ਦੀ ਲੰਘਦਾ। ਮੇਰੀ ਨਜ਼ਰ ਕੀੜੇਮਾਰ ਦਵਾਈ ਦੀ ਮਸ਼ਹੂਰੀ ਉਪਰ ਪੈਂਦੀ। ਮੈਂ ਆਉਣ-ਜਾਣ ਵਕਤ ਦੋਵੀਂ ਵਾਰੀ ਉਸ ਨੂੰ ਪੜ੍ਹਦਾ। ਉਹ ਮਸ਼ਹੂਰੀ ਪੁਲ ਦੇ ਹੇਠਾਂ ਵਗਦੇ ਪਾਣੀ ਕੋਲ ਥਮਲੇ ਉੱਪਰ ਲਿਖੀ ਹੋਈ ਸੀ। ਮਸ਼ਹੂਰੀ ਸੀ ਕਿ ਕਣਕ ਦੇ ਗੁੱਲੀ ਡੰਡੇ ਨੂੰ ਸਜ਼ਾ-ਏ-ਮੌਤ ! ਮੋਟੇ ਰੰਗਦਾਰ ਅੱਖਰਾਂ ਵਿਚ ਲਿਖੀ ਇਬਾਰਤ ਨਾਲ ਦਵਾਈ ਦੀ ਪੀਪੀ, ਕਣਕ ਦੀ ਬੱਲੀ, ਗੁੱਲੀ-ਡੰਡਾ ਤੇ ਫਾਂਸੀ ਦਾ ਫੰਦਾ ਵਾਹਿਆ ਹੋਇਆ ਸੀ। ਜਿਨ੍ਹਾਂ ਦਿਨਾਂ ਵਿਚ ਮੇਰੇ ਅੰਦਰ ਕਹਾਣੀ ਉੱਸਰੀ। ਮੈਂ ਸੋਚਿਆ ਇਸ ਦਾ ਨਾਂ ਕੀ ਰੱਖਾਂ! ਉਸ ਕਹਾਣੀ ਵਿਚ ਇਕ ਬਾਪ ਆਪਣੀ ਧੀ ਨਾਲ ਰੇਪ ਕਰਦਾ ਹੈ। ਮੈਂ ਸੋਚਿਆ ਜਿਸ ਤਰ੍ਹਾਂ ਫਸਲ ਵਿਚ ਨਦੀਨ ਦਾ ਪੈਦਾ ਹੋਣਾ ਗਲਤ ਹੈ। ਉਸੇ ਤਰ੍ਹਾਂ ਸੱਚੇ-ਸੁੱਚੇ ਰਿਸ਼ਤਿਆਂ ਦੀ ਫਸਲ ਵਿਚ ਐਸੇ ਬੰਦੇ ਦਾ ਪੈਦਾ ਹੋਣਾ ਵੀ ਗਲਤ ਹੈ। ਜੇਕਰ ਕਣਕ ਦੇ ਗੁੱਲੀ-ਡੰਡੇ ਨੂੰ ਸਜ਼ਾ-ਏ-ਮੌਤ ਹੈ। ਐਸੇ ਬਾਪ ਨੂੰ ਵੀ ਸਜ਼ਾ-ਏ-ਮੌਤ ਮਿਲਣੀ ਚਾਹੀਦੀ ਹੈ। ਇਸ ਸੋਚ ਅਧੀਨ ਕਹਾਣੀ ਦੇ ਅਖੀਰ ਵਿਚ ਪੁੱਤ ਆਪਣੇ ਬਾਪ ਦਾ ਸਿਰ ਵੱਢ ਦਿੰਦਾ ਹੈ। ਜਿਸ ਤਰ੍ਹਾਂ ਇਸ ਕਹਾਣੀ ਦਾ ਨਾ ਇਕ ਸ੍ਰੋਤ ਔਰ ਸੰਦਰਭ ਵਿਚੋਂ ਪੈਦਾ ਹੋਇਆ ਹੈ। ਉਸੇ ਤਰ੍ਹਾਂ ਹਰ ਰਚਨਾ ਦਾ ਨਾ ਇਕ ਸ੍ਰੋਤ ਔਰ ਸੰਦਰਭ ਦੀ ਮੰਗ ਕਰਦਾ ਹੈ। ਜਿਹੜਾ ਰਚਨਾਕਾਰ ਇਹ ਮੰਗ ਪੂਰੀ ਕਰਦਾ ਹੈ। ਉਹ ਸਰਸਵਤੀ ਦੇਵੀ ਦਾ ਸੱਚਾ ਪੁੱਤ ਹੈ। ਜਿਹੜਾ ਆਪਣੀ ਕਿਰਤ ਦਾ ਨਾਂ ਰੱਖਣ ਵਿਚ 'ਸ਼ਾਰਟ-ਕੱਟ' ਮਾਰਦਾ ਹੈ। ਮੈਨੂੰ ਉਹਦੀ ਪਹੁੰਚ ਪ੍ਰਤੀ ਇਤਰਾਜ਼ ਹੈ।

? 'ਪੱਟ 'ਤੇ ਵਾਹੀ ਮੋਰਨੀ' ਵਾਂਗ ਤੇਰੀ ਕਹਾਣੀ 'ਘੁੰਗਰੂ ਕਥਾ' ਦਾ ਵਿਸ਼ਾ ਵੀ ਵੱਖਰੀ ਤਰ੍ਹਾਂ ਦਾ ਹੈ। ਤੈਨੂੰ ਇਹੋ ਜਿਹੇ ਵਿਸ਼ੇ ਤੇ ਪਾਤਰਾਂ ਦੀ ਗੈਲਰੀ ਕਿੱਥੋਂ ਲੱਭ ਪੈਂਦੀ ਹੈ।

- ਸੁਣ ਲਵੇਂਗਾ ਤੈਨੂੰ ਇਕ ਨਾ ਹਜ਼ਮ ਹੋਣ ਵਾਲੀ ਗੱਲ ਦੱਸਾਂ ! ਧਿਆਨ ਨਾਲ ਸੁਣ। ਕਬੀਰ ਬੇਦੀ ਤੇ ਬੌਬੀ ਦਿਉਲ ਦੀ ਇਕ ਫਿਲਮ ਹੈ 'ਕ੍ਰਾਂਤੀ'। ਉਸ ਫਿਲਮ ਵਿਚ ਕਬੀਰ ਬੇਦੀ ਦਾ ਨਾਂ ਰਾਣਾ ਹੈ। ਉਹ ਸਾਰੀ ਫਿਲਮ ਵਿਚ ਵਾਰ-ਵਾਰ ਇਕ ਡਾਇਲਾਗ ਬੋਲਦਾ ਹੈ, "ਰਾਣਾ ਵਹਾਂ ਸੇ ਸੋਚਨਾ ਸ਼ੁਰੂ ਕਰਤਾ ਹੈ, ਯਹਾਂ ਪੇ ਦੁਨੀਆਂ ਸੋਚਨਾਂ ਬੰਦ ਕਰਤੀ ਹੈ !"..... ਕੀ ਹੋ ਗਿਆ ! ਗੱਲ ਹਜ਼ਮ ਨਹੀਂ ਹੋਈ ! ਪਰ ਮੈਨੂੰ ਆਪਣੀਆਂ ਕਹਾਣੀਆਂ ਦੇ ਵਿਸ਼ਿਆਂ ਦੀ ਵੱਖਰਤਾ ਦੱਸਣ ਲਈ ਇਹ ਗੱਲ ਬੜੀ ਢੁਕਵੀਂ ਲੱਗਦੀ ਹੈ। ਉਹ ਇਸ ਲਈ ਕਿ ਮੇਰੀ ਸ਼ੁਰੂ ਤੋਂ ਹੀ ਵੱਖਰੀ ਜ਼ਿੰਦਗੀ, ਵੱਖਰੀਆਂ



ਘਟਨਾਵਾਂ ਤੇ ਵੱਖਰੇ ਲੋਕਾਂ ਵਿਚ ਦਿਲਚਸਪੀ ਰਹੀ ਹੈ। ਜਿਸ ਵਕਤ ਮੈਂ ਕਹਾਣੀ ਲਿਖਣੀ ਸ਼ੁਰੂ ਕੀਤੀ। ਸ਼ੁਰੂ ਦੀਆਂ ਕਹਾਣੀਆਂ ਵਿਚ ਤਾਂ ਸਭ ਕੁਝ ਆਮ ਜਿਹਾ ਹੀ ਮਿਲਦਾ ਹੈ। ਐਪਰ ਜਿਉਂ-ਜਿਉਂ ਮੈਂ ਕਹਾਣੀ ਲਿਖਣ-ਪੜ੍ਹਨ ਦਾ ਅਭਿਆਸ ਕਰਦਾ ਗਿਆ। ਮੇਰੀਆਂ ਕਹਾਣੀਆਂ ਦਾ ਵਿਸ਼ਾ-ਵਸਤੂ, ਘਟਨਾਵਾਂ ਤੇ ਪਾਤਰਾਂ ਵਿਚ ਵੱਖਰਤਾ ਆਉਂਦੀ ਗਈ। ਨਸਲਘਾਤ, ਚੂੜੇ ਵਾਲੀ ਬਾਂਹ, ਖਿੱਤੀਆਂ ਘੁੰਮ ਰਹੀਆਂ ਨੇ, ਪੈੜ-ਚਾਲ, ਡਾਰਕ ਜ਼ੋਨ ਤੇ ਦੋ ਸਾਹਾਂ ਵਿਚਲਾ ਠਹਿਰਾਅ। ਮੈਨੂੰ ਆਪਣੀਆਂ ਕਹਾਣੀਆਂ ਦਾ ਨਾਂ ਲੈਂਦਾ ਵੇਖ ਤੈਨੂੰ ਓਪਰਾ ਤਾਂ ਲੱਗ ਰਿਹਾ ਹੋਣਾ। ਪਰ ਇਨ੍ਹਾਂ ਕਹਾਣੀਆਂ ਵਿਚ ਵੱਖਰੀ ਕਿਸਮ ਦੀ ਪਾਤਰ ਗੈਲਰੀ ਮਿਲਦੀ ਹੈ। ਇਨ੍ਹਾਂ ਦਾ ਵਿਸ਼ਾ-ਵਸਤੂ ਵੀ ਵੱਖਰੀ ਤਰ੍ਹਾਂ ਦਾ ਹੈ। ਬਾਕੀ ਜਿਨ੍ਹਾਂ ਦੋ ਕਹਾਣੀਆਂ ਦੀ ਤੂੰ ਗੱਲ ਕੀਤੀ ਹੈ। ਉਹ ਗੱਲ ਵੀ ਸੱਚ ਹੈ। ਜੇਕਰ ਦੂਰ ਦੀ ਗੱਲ ਨਾ ਕਰਾਂ। ਸਾਡੇ ਪਿੰਡ ਔਰ ਇਲਾਕੇ ਵਿਚ ਹੀ ਮਾਂ, ਪੁੱਤ ਤੇ ਬਾਪ ਦੇ ਰਿਸ਼ਤਿਆਂ ਦਾ ਐਸਾ ਤਿਕੋਨ ਮਿਲ ਜਾਂਦਾ ਹੈ, ਜਿਸ ਵਿਚੋਂ ਪੰਜਾਬੀ ਰਿਸ਼ਤਾ ਪ੍ਰਬੰਧ ਦੀ ਵਿਵਰਜਿਤ ਟੱਕਰ ਵੇਖੀ ਜਾ ਸਕਦੀ ਹੈ। ਲੋਕ ਜੀਵਨ ਦੀ ਇਹ ਰਿਸ਼ਤਾ-ਝਾਕੀ ਮੈਨੂੰ ਹਾਂਟ ਕਰਦੀ ਹੈ। 'ਪੱਟ 'ਤੇ ਵਾਹੀ ਮੋਰਨੀ' ਦੀ ਸਿਰਜਣਾ ਕਰਨ ਵਕਤ ਮੇਰੇ ਸਾਹਮਣੇ ਇਕ ਸਮਾਜਿਕ ਵਰਜਣਾ ਸੀ। ਪੰਜਾਬੀ ਜੀਵਨ ਰਹਿਤਲ ਵਿਚ ਇਹ ਗੱਲ ਵਰਜਿਤ ਹੈ ਕਿ ਮਾਂ, ਪੁੱਤ ਤੇ ਬਾਪ ਆਪਸ ਵਿਚ 'ਇਸ਼ਕ ਸਬੰਧਾਂ' ਦੀ ਚਰਚਾ ਕਰਨ। ਪਰ ਜਦੋਂ ਮੈਂ ਆਪਣੇ ਆਲੇ-ਦੁਆਲੇ ਨਜ਼ਰ ਮਾਰੀ। ਮੈਨੂੰ ਬਹੁਤ ਥਾਈਂ ਇਹ ਵਰਜਣਾ ਟੁੱਟੀ ਜਾਂ ਟੁੱਟ ਰਹੀ ਜਾਪੀ। ਇਸ ਟੁੱਟ-ਭੱਜ ਦੀ ਪਿੱਠ-ਭੂਮੀ ਵਿਚ ਕਿੰਨੀਆਂ ਹੀ ਐਸੀਆਂ ਘਟਨਾਵਾਂ ਤੇ ਪਾਤਰ ਖੜ੍ਹੇ ਸਨ, ਜਿਨ੍ਹਾਂ ਵਿਚੋਂ 'ਪੱਟ 'ਤੇ ਵਾਹੀ ਮੋਰਨੀ' ਕਹਾਣੀ ਜਨਮ ਲੈਂਦੀ ਹੈ। ਆਹ ਜਿਹੜੀ ਤੂੰ 'ਘੁੰਗਰੂ-ਕਥਾ' ਦੀ ਗੱਲ ਕੀਤੀ ਹੈ। ਇਸ ਸਬੰਧੀ ਤੈਨੂੰ ਇਕ ਕਮਾਲ ਦੀ ਗੱਲ ਦੱਸਦਾ ਹਾਂ। ਮੈਂ ਬਚਪਨ ਤੋਂ ਹੀ ਹਿਜੜਿਆਂ ਨੂੰ ਵੇਖਦਾ ਆ ਰਿਹਾ ਹਾਂ। ਸਾਡੇ ਗੁਆਂਢੀ ਸ਼ਹਿਰ ਮਾਲੇਰਕੋਟਲਾ ਤੋਂ ਇਕ ਹਿਜੜਾ ਪਾਰਟੀ ਆਉਂਦੀ ਹੁੰਦੀ। ਉਸ ਪਾਰਟੀ ਦਾ ਮੁਖੀ ਬਾਬੂ ਹਿਜੜਾ ਸੀ। ਉਹ ਰੂਪ ਸਾਣ 'ਤੇ ਲਾ ਕੇ ਤਾਂਗੇ ਉਪਰ ਆਉਂਦੇ ਹੁੰਦੇ। ਮੈਂ ਉਨ੍ਹਾਂ ਨੂੰ ਰੀਝ ਨਾਲ ਵੇਖਦਾ ਹੁੰਦਾ। ਮੇਰੀ ਇਹ ਰੀਝ ਉਸ ਵਕਤ ਗੰਭੀਰ ਰੂਪ ਧਾਰ ਗਈ ਸੀ। ਜਿਸ ਵਕਤ ਮੈਂ ਬਤੌਰ ਕਹਾਣੀਕਾਰ ਹਿਜੜਿਆਂ ਦੀ ਜ਼ਿੰਦਗੀ, ਉਨ੍ਹਾਂ ਦੀ ਸਮਾਜ ਵਿਚ ਥਾਂ, ਪਛਾਣ ਤੇ ਰਿਸ਼ਤਿਆਂ ਦੇ ਖਾਲੀਪਣ ਉਪਰ ਧਿਆਨ ਦਿੱਤਾ। ਮੈਨੂੰ ਇਹ ਲੋਕੀ ਹਾਸ਼ੀਏ 'ਤੇ ਰਹਿੰਦੇ ਲੋਕਾਂ ਤੋਂ ਵੀ ਬਹੁਤ ਪਰ੍ਹੇ ਰਹਿੰਦੇ ਮਹਿਸੂਸ ਹੋਏ। ਕਿਤੇ ਉੱਥੇ, ਜਿੱਥੇ ਇਨ੍ਹਾਂ ਉਪਰ ਕਿਸੇ ਦੀ ਵੀ ਨਜ਼ਰ ਨਹੀਂ ਜਾਂਦੀ। ਹੁਣ ਤੱਕ ਇਨ੍ਹਾਂ ਲੋਕਾਂ ਦੀ ਜ਼ਿੰਦਗੀ, ਹੋਂਦ ਤੇ ਸੰਕਟ ਨੂੰ ਮਜ਼ਾਕ ਤੇ ਤ੍ਰਿਸਕਾਰ ਦੇ ਰੂਪ ਵਿਚ ਲਿਆ ਜਾਣਾ ਮੈਨੂੰ ਠੀਕ ਨਾ ਲੱਗਾ। ਮੈਨੂੰ ਲੱਗਾ ਕਿ ਸਾਡੀਆਂ ਖੁਸ਼ੀਆਂ ਮਨਾਉਣ ਵਾਲੇ ਇਹ ਮਹੰਤ ਲੋਕ ਅੰਦਰੋਂ ਬਹੁਤ ਵੱਡੀ ਪੱਧਰ 'ਤੇ ਸੁੰਨ, ਇਕੱਲ ਔਰ ਬੇਪਛਾਣ ਜ਼ਿੰਦਗੀ ਦਾ ਸ਼ਿਕਾਰ ਹਨ। ਜਦੋਂ ਮੈਂ ਇਨ੍ਹਾਂ ਦੀ ਜੀਵਨ-ਝਾਕੀ ਦਾ ਅਧਿਐਨ ਕੀਤਾ। ਮੈਂ ਇਨ੍ਹਾਂ ਨੂੰ ਮਿਲਿਆ, ਵੇਖਿਆ, ਸਮਝਿਆ ਤੇ ਮਹਿਸੂਸ ਕੀਤਾ। ਇਨ੍ਹਾਂ ਦੇ ਘੁੰਗਰੂਆਂ ਵਾਲੇ ਪੈਰਾਂ ਦੀ ਕਹਾਣੀ 'ਘੁੰਗਰੂ-ਕਥਾ' ਲਿਖਣੀ ਮੈਂ ਆਪਣਾ ਇਖਲਾਕੀ ਫਰਜ਼ ਸਮਝਿਆ। ਆਪਣੇ ਕਥਾ-ਸਫਰ 'ਤੇ ਤੁਰਦਾ ਹੋਇਆ ਜਦੋਂ ਮੈਂ ਇਕ ਸਾਹਿਤਕਾਰ ਦੇ ਫਰਜ਼ਾਂ ਬਾਰੇ ਸੋਚਦਾ ਹਾਂ। ਮੈਨੂੰ ਵੱਖਰੀ ਕਿਸਮ ਦੇ ਵਿਸ਼ਿਆਂ ਔਰ ਪਾਤਰਾਂ ਦੀ ਗੈਲਰੀ ਨਜ਼ਰ ਆਉਣ ਲੱਗਦੀ ਹੈ।

? ਮੈਂ ਇਕ ਹੋਰ ਵੀ ਗੱਲ ਸੁਣੀ ਹੈ। ਕਹਿੰਦੇ ਕਾਫੀ ਲੇਖਕਾਂ ਵਾਂਗ ਤੂੰ ਵੀ ਪਰੂਫ-ਰੀਡਿੰਗ ਦੀ ਸਮੱਸਿਆ ਤੋਂ ਖਾਸਾ ਤੰਗ ਹੈ! ਨਾ ਤੈਨੂੰ ਪਰੂਫ-ਰੀਡਿੰਗ ਦੀ ਕੀ ਸਮੱਸਿਆ ਹੈ।

- ਵੇਖ ਜਸਵੀਰ ! ਤੂੰ ਮੈਨੂੰ ਸਭ ਤੋਂ ਵੱਧ ਜਾਣਦਾਂ। ਤੈਥੋਂ ਮੇਰੀ ਕੋਈ ਵੀ ਗੱਲ ਲੁਕੀ ਨਹੀਂ। ਤੇਰੇ ਕੋਲ ਕਾਹਦਾ ਪਰਦਾ। ਮੈਂ ਪਰੂਫ ਰੀਡਿੰਗ ਦੀ ਸਮੱਸਿਆ ਤੋਂ ਸੱਚੀਂ ਬਹੁਤ ਤੰਗ ਹਾਂ।

ਜੇਕਰ ਮੈਂ ਆਮ ਬੰਦਾ ਹੁੰਦਾ। ਮੈਂ ਪਰੂਫ ਰੀਡਿੰਗ ਤੋਂ ਕੀ ਲੈਣਾ ਸੀ ! 'ਸੁੱਚਾ ਸਿੰਘ' ਛਪ ਜਾਂਦਾ ਜਾਂ 'ਲੁੱਚਾ ਸਿੰਘ' ! ਮੈਨੂੰ ਇਕ ਅੱਖਰ ਦੀ ਗਲਤੀ ਨਾਲ ਕੀ ਫਰਕ ਪੈਣਾ ਸੀ ! ਐਪਰ ਬਤੌਰ ਲੇਖਕ ਮੈਂ ਪਰੂਫ-ਰੀਡਿੰਗ ਦੀਆਂ ਗਲਤੀਆਂ ਵੱਲ ਖਾਸ ਧਿਆਨ ਦਿੰਦਾ ਹਾਂ। ਅੱਖਰ, ਸ਼ਬਦ ਤੇ ਵਾਕ ਤਾਂ ਬਹੁਤ ਬਾਅਦ ਦੀ ਗੱਲ ਹੈ। ਮੇਰੇ ਲਈ ਤਾਂ ਇਕ ਬਿੰਦੀ ਵੀ ਵੱਡਾ ਅਰਥ ਰੱਖਦੀ ਹੈ। ਕਿਸੇ ਅੱਖਰ ਜਾਂ ਸ਼ਬਦ 'ਤੇ ਲੱਗੀ ਬਿੰਦੀ ਕਿਸੇ ਸੁਹਾਗਣ ਦੇ ਮੱਥੇ 'ਤੇ ਲੱਗੀ ਬਿੰਦੀ ਵਾਂਗ ਹੁੰਦੀ ਹੈ। ਜਿਵੇਂ ਕਿਸੇ ਸੁਹਾਗਣ ਦੇ ਮੱਥੇ 'ਤੇ ਲੱਗੀ ਬਿੰਦੀ ਦਾ ਅਰਥ ਹੋਰ ਤੇ ਉਹਦੇ ਮੱਥੇ ਤੋਂ ਬਿੰਦੀ ਲਹਿ ਜਾਣ ਦਾ ਅਰਥ ਹੋਰ ਹੁੰਦਾ ਹੈ। ਉਸੇ ਤਰ੍ਹਾਂ ਕਿਸੇ ਅੱਖਰ ਜਾਂ ਸ਼ਬਦ 'ਤੇ ਲੱਗੀ ਬਿੰਦੀ ਦਾ ਅਰਥ ਹੋਰ ਤੇ ਬਿੰਦੀ ਨਾ ਲੱਗੀ ਹੋਣ ਦਾ ਅਰਥ ਹੋਰ ਹੁੰਦਾ ਹੈ। ਮੇਰੀ ਨਜ਼ਰ ਵਿਚ ਇਹ ਵਿਆਕਰਨ ਦਾ ਅਹਿਮ ਪੱਖ ਹੈ। ਇਸ ਵੱਲ ਖਾਸ ਧਿਆਨ ਦੇਣਾ ਬਣਦਾ ਹੈ। ਉਹ ਇਸ ਲਈ ਕਿ ਰਚਨਾ ਪੜ੍ਹ ਰਹੇ ਬੰਦੇ ਦੇ ਰਾਹ ਵਿਚ ਆਈ ਪਰੂਫ-ਰੀਡਿੰਗ ਦੀ ਗਲਤੀ, ਰੋਟੀ ਖਾਂਦੇ ਸਮੇਂ ਮੂੰਹ ਵਿਚ ਆਏ ਰੋੜ ਵਰਗਾ ਅਹਿਸਾਸ ਪੈਦਾ ਕਰਦੀ ਹੈ। ਜੇਕਰ ਇਕ ਲੇਖਕ ਲਿਖਣ ਵਿਚ ਵਿਆਕਰਨ ਦੀ ਗਲਤੀ ਕਰਦਾ। ਇਹ ਇਕ ਵੱਖਰੀ ਬਹਿਸ ਦਾ ਵਿਸ਼ਾ ਹੈ। ਜੇਕਰ ਇਕ ਲੇਖਕ ਦੁਆਰਾ ਸਹੀ ਲਿਖੀ ਇਬਾਰਤ ਗਲਤ ਛਪ ਜਾਂਦੀ ਹੈ। ਮੈਂ ਉਸ ਦੀ ਗੱਲ ਕਰ ਰਿਹਾ ਹਾਂ। ਆਪਣੀ ਗੱਲ ਸਮਝਾਉਣ ਲਈ ਮੈਂ ਤੈਨੂੰ ਕੁਝ ਉਦਾਹਰਨਾਂ ਦਿੰਨਾ। ਜਿਨ੍ਹਾਂ ਦਿਨਾਂ ਵਿਚ ਮੈਂ ਮਿੰਨੀ ਕਹਾਣੀ ਲਿਖਣੀ ਸ਼ੁਰੂ ਕੀਤੀ। ਉਨ੍ਹੀਂ ਦਿਨੀਂ ਪਟਿਆਲੇ ਤੋਂ ਨਿਕਲਦਾ ਇਕ ਲੋਕਲ ਅਖ਼ਬਾਰ ਅਮਰਗੜ੍ਹ ਆਉਂਦਾ ਸੀ। ਜੈਦਕਾ ਉਹ ਅਖ਼ਬਾਰ ਕਈ ਘਰਾਂ ਵਿਚ ਫਰੀ ਸਿੱਟਵਾ ਦਿੰਦਾ। ਸਾਡੇ ਘਰ ਵੀ ਸਿੱਟਦਾ। ਇਕ ਵਾਰੀ ਮੈਂ ਉਸ ਅਖ਼ਬਾਰ ਨੂੰ ਮਿੰਨੀ ਕਹਾਣੀ ਭੇਜ ਦਿੱਤੀ। ਮੈਂ ਹਰ ਰੋਜ਼ ਕਹਾਣੀ ਛਪਣ ਦੀ ਉਡੀਕ ਕਰਦਾ। ਜਿਸ ਦਿਨ ਛਪੀ। ਮੈਂ ਖੁਸ਼ੀ ਵਿਚ ਪਾਗਲ ਹੋਇਆ ਰਾਜੂ ਨੂੰ ਦਿਖਾਉਣ ਲੱਗ ਪਿਆ। ਪੜ੍ਹਕੇ ਜਦੋਂ ਉਹਨੇ ਪੁੱਛਿਆ ਇਸ ਦਾ ਬਾਕੀ ਹਿੱਸਾ ਕਿੱਥੇ ਹੈ ! ਮੈਂ ਸਾਰਾ ਅਖਬਾਰ ਫਰੋਲ ਮਾਰਿਆ। ਮੈਨੂੰ ਛੋਟੀ ਜਿਹੀ ਕਹਾਣੀ ਦੇ ਬਾਕੀ ਹਿੱਸੇ ਵਾਲਾ ਕਾਲਮ ਨਾ ਲੱਭਿਆ। ਉਸ ਵਿਚ ਅੱਧੀ ਕਹਾਣੀ ਹੀ ਛਪੀ ਸੀ। ਅੱਧੀ ਮੁੜ ਕਦੇ ਨਾ ਛਪੀ। ਇਕ ਵਾਰ ਇਕ ਸੰਪਾਦਿਤ ਕਿਤਾਬ ਵਿਚ ਮੇਰੀ ਦੋ ਭਾਗਾਂ ਵਿਚ ਲਿਖੀ ਕਹਾਣੀ ਦਾ ਇਕ ਭਾਗ ਹੀ ਛਾਪਿਆ ਗਿਆ। ਜਦ ਕਿ ਦੋਵਾਂ ਭਾਗਾਂ ਨੂੰ ਜੋੜ ਕੇ ਇਕ ਪੂਰੀ ਕਹਾਣੀ ਬਣਦੀ ਸੀ। ਇਕ ਹੋਰ ਸੰਪਾਦਿਤ ਕਿਤਾਬ ਵਿਚ ਮੇਰੀ ਇਕ ਕਹਾਣੀ ਦਾ 'ਅੰਤ ਵਾਲਾ ਪਹਿਰਾ' ਹੀ ਨਾ ਛਾਪਿਆ ਗਿਆ। ਜਦ ਕਿ ਕਹਣੀ ਦਾ ਅੰਤ ਕਹਾਣੀ ਦੀ ਜਾਨ ਹੁੰਦਾ ਹੈ। ਇੱਥੇ ਹੀ ਬੱਸ ਨਹੀਂ। ਕਈ ਵਾਰ ਛਪਣ ਲਈ ਭੇਜੀਆਂ ਕਹਾਣੀਆਂ ਵਿਚ ਅੱਖਰਾਂ, ਸ਼ਬਦਾਂ, ਲਗਾਂ-ਮਾਤਰਾਂ ਤੇ ਸਤਰਾਂ ਵਿਚ ਛਪਾਈ ਦੀਆਂ ਐਸੀਆਂ ਸੰਗੀਨ ਗਲਤੀਆਂ ਹੁੰਦੀਆਂ ਹਨ ਕਿ ਛਪੀ ਕਹਾਣੀ ਪੜ੍ਹਨ ਤੋਂ ਡਰ ਆਉਂਦਾ ਹੈ। ਇਹ ਡਰ ਅਖ਼ਬਾਰਾਂ-ਮੈਗਜ਼ੀਨਾਂ ਨਾਲ ਹੀ ਨਹੀਂ, ਕਿਤਾਬਾਂ ਦੀ ਛਪਾਈ ਨਾਲ ਵੀ ਸਬੰਧਿਤ ਹੈ। ਕਈ ਵਾਰ ਮੇਰੇ ਕੋਲ ਕਈ ਐਸੇ ਲੇਖਕ ਦੋਸਤਾਂ ਦੀਆਂ ਕਿਤਾਬਾਂ ਆਉਂਦੀਆਂ ਹਨ। ਜਿਨ੍ਹਾਂ ਵਿਚ ਉਨ੍ਹਾਂ ਨੇ ਗਲਤ ਅੱਖਰ, ਸ਼ਬਦ ਜਾਂ ਵਾਕ ਕੱਟ ਕੇ ਪੈੱਨ ਨਾਲ ਠੀਕ ਕੀਤਾ ਹੁੰਦਾ ਹੈ। ਕਈਆਂ ਨੇ ਗਲਤ ਸ਼ਬਦ-ਜੋੜਾਂ ਉੱਪਰ ਚੇਪੀਆਂ ਲਾ ਕੇ ਚੇਪੀਆਂ ਉੱਪਰ ਠੀਕ ਸ਼ਬਦ-ਜੋੜ ਲਿਖ ਕੇ ਪਰੂਫ ਰੀਡਿੰਗ ਦੀ ਗਲਤੀ ਸੁਧਾਰੀ ਹੁੰਦੀ ਹੈ। ਜਿਸ ਵਕਤ ਮੈਂ ਐਸੀ ਕਿਤਾਬ ਵੇਖਦਾ ਹਾਂ। ਮੈਨੂੰ ਆਪਣੀ ਪਹਿਲੀ ਕਿਤਾਬ 'ਸਿਖਰ ਦੁਪਹਿਰਾ' ਦੇ ਪਹਿਲੇ ਐਡੀਸ਼ਨ ਵਿਚ ਹੋਈਆਂ ਛਪਾਈ ਦੀਆਂ ਗਲਤੀਆਂ ਦੀ ਕਹਾਣੀ ਯਾਦ ਆ ਜਾਂਦੀ ਹੈ। ਚੱਲ ਛੱਡ ! ਉਹ ਇਕ ਲੰਬੀ ਕਹਾਣੀ ਹੈ। ਕਦੀ ਫਿਰ ਦੱਸਾਂਗਾ। ਹਾਲ ਦੀ ਘੜੀ ਐਨੀਆਂ ਕੁ ਗੱਲਾਂ ਨਾਲ ਹੀ ਸਾਰ ਲਾ। ਐਵੀਂ ਨਾ ਕਿਸੇ ਨੂੰ ਮੇਰੇ ਗਲ ਪਾ ਦੇਵੀਂ !

? ਤੇਰੀ ਇਕ ਕਹਾਣੀ ਦਾ ਨਾਂ 'ਡਾਰਕ-ਜ਼ੋਨ' ਹੈ। ਇਸ ਕਹਾਣੀ ਵਿਚੋਂ ਤੂੰ ਦੋ ਬਾਲ-ਕਹਾਣੀਆਂ ਕੱਢੀਆਂ। ਫਿਰ ਇਕ ਬਾਲ-ਨਾਟਕ ਲਿਖਿਆ। ਆਹ ਪਿੱਛੇ ਜਿਹੇ ਤੂੰ ਇਸੇ ਕਹਾਣੀ ਨੂੰ ਆਧਾਰ ਬਣਾ ਕੇ ਇਕ ਨਾਵਲ ਲਿਖਣਾ ਸ਼ੁਰੂ ਕੀਤਾ ਸੀ। ਇੰਝ ਹੀ ਤੂੰ ਆਪਣੀਆਂ ਕਈ ਕਹਾਣੀਆਂ ਵਿਚਲੇ ਪਾਤਰਾਂ ਦੇ ਰੇਖਾ-ਚਿਤਰ ਵੀ ਲਿਖੇ ਹਨ। ਕੀ ਤੇਰੇ ਲਈ 'ਕਹਾਣੀ' ਲਿਖਣਾ ਕਾਫੀ ਨਹੀਂ।

- ਤੇਰਾ ਇਹ ਦੋ-ਧਾਰੀ ਸਵਾਲ ਕਾਫੀ ਗਹਿਰਾ ਹੈ। ਮੈਂ ਇਸ ਦਾ ਜਵਾਬ ਦੋ ਹਿੱਸਿਆਂ ਵਿਚ ਵੰਡ ਲੈਨਾ। 'ਡਾਰਕ-ਜ਼ੋਨ' ਕਹਾਣੀ ਦੀ ਗੱਲ ਬਾਅਦ ਵਿਚ ਵਿਚ ਕਰਦਾਂ। ਪਹਿਲਾਂ ਤੈਨੂੰ ਰੇਖਾ-ਚਿਤਰਾਂ ਦੀ ਗੱਲ ਦੱਸਦਾ ਹਾਂ। ਕੁਝ ਪਾਤਰ ਤੇ ਘਟਨਾਵਾਂ ਐਨੀਆਂ ਗਹਿਰੀਆਂ ਤੇ ਮੂੰਹਜ਼ੋਰ ਹੁੰਦੀਆਂ ਹਨ ਕਿ ਇਕੋ ਵਾਰ 'ਕਹਾਣੀ' ਵਿਚ ਨਹੀਂ ਬੰਨ੍ਹੀਆਂ ਜਾ ਸਕਦੀਆਂ। ਮਿਸਾਲ ਦੇ ਤੌਰ 'ਤੇ ਮੇਰੀ ਕਹਾਣੀ 'ਚੂੜੇ ਵਾਲੀ ਬਾਂਹ' ਵਿਚ ਕੁਝ ਪਾਤਰ ਹਨ। ਜਿਵੇਂ ਬੱਗਾ, ਕੇਸਰ, ਰਾਮ ਆਸਰਾ ਤੇ ਤਾਇਆ। ਇਨ੍ਹਾਂ ਵਿਚੋਂ ਬੱਗਾ ਤੇ ਕੇਸਰ ਮੇਰੇ ਸਕੇ ਮਾਮੇ ਸਨ। ਕੇਸਰ ਮਾਮੇ ਦੀ ਮੌਤ ਨੇ ਮੈਨੂੰ ਐਨਾ ਡਿਸਟਰਬ ਕੀਤਾ ਕਿ ਮੈਂ ਉਹਦਾ ਰੇਖਾ-ਚਿਤਰ 'ਕੇਸਰ ਮਾਮਾ ਹੁਣ ਇੱਥੇ ਨਹੀਂ ਰਹਿੰਦਾ' ਲਿਖ ਕੇ ਹੀ ਸੌਖਾ ਹੋਇਆ। ਜਦੋਂ ਬੱਗੇ ਮਾਮੇ ਦੀ ਮੌਤ ਹੋਈ। ਉਹਨੇ ਤਾਂ ਮੈਨੂੰ ਧੁਰ ਤੱਕ ਹਿਲਾ ਕੇ ਰੱਖ ਦਿੱਤਾ। ਅੰਦਰਲਾ ਦੁੱਖ ਹਰਨ ਲਈ ਮੈਂ ਉਹਦਾ ਰੇਖਾ-ਚਿਤਰ 'ਬੱਗਾ ਮਾਮਾ ਨੀ ਕਿਸੇ ਨੇ ਬਣ ਜਾਣਾ' ਲਿਖਿਆ। ਜਿਸ ਵਕਤ 'ਅਕਸ' ਵਿਚ ਇਹ ਰੇਖਾ-ਚਿਤਰ ਛਪਿਆ। ਮੈਨੂੰ ਪ੍ਰੇਮ ਪ੍ਰਕਾਸ਼ ਦਾ ਫੋਨ ਆਇਆ। ਉਹ ਕਹਿੰਦਾ ਤੂੰ ਆਪਣੇ ਮਾਮੇ ਦਾ ਬਹੁਤ ਸੋਹਣਾ ਰੇਖਾ-ਚਿਤਰ ਲਿਖਿਆ। ਹੁਣ ਤੂੰ ਉਹਦੀ ਇਕ ਐਸੀ ਕਹਾਣੀ ਲਿਖ ਜਿਸ ਤੋਂ ਪਤਾ ਲੱਗੇ ਕਿ ਉਹ ਛੜਾ ਬੰਦਾ ਔਰਤ ਬਾਝੋਂ ਕਿਵੇਂ ਜ਼ਿੰਦਗੀ ਜਿਊਂਦਾ ਸੀ ! ਇਕ ਦਿਨ ਬਲਜਿੰਦਰ ਨਸਰਾਲੀ ਦਾ ਫੋਨ ਆਇਆ। ਉਹ ਕਹਿੰਦਾ ਤੂੰ ਇਹ ਗੱਲਾਂ ਕਿਸੇ ਕਹਾਣੀ ਵਿਚ ਵਰਤਣੀਆਂ ਸਨ ! ਔਰ ਕਮਾਲ ਦੀ ਗੱਲ ਇਹ ਕਿ ਦੋਵਾਂ ਦਾ ਫੋਨ ਆਉਣ ਤੋਂ ਪਹਿਲਾਂ ਤੇ 'ਅਕਸ' ਵਿਚ ਰੇਖਾ-ਚਿਤਰ ਛਪਣ ਤੋਂ ਪਹਿਲਾਂ ਹੀ ਮੈਂ 'ਚੂੜੇ ਵਾਲੀ ਬਾਂਹ' ਕਹਾਣੀ ਵੀ ਲਿਖੀਂ ਬੈਠਾ ਸੀ। ਮੈਂ ਖੁਦ ਹੀ ਮਹਿਸੂਸ ਕਰ ਲਿਆ ਸੀ ਕਿ ਬੱਗੇ ਤੇ ਕੇਸਰ ਮਾਮੇ ਦਾ ਪੂਰਾ ਕਰੈਕਟਰ ਰੇਖਾ-ਚਿਤਰਾਂ ਵਿਚ ਨਹੀਂ ਫੜਿਆ ਜਾ ਸਕਿਆ। ਇਸ ਤਰ੍ਹਾਂ ਹੀ ਮੇਰੇ ਦੋ ਸਾਲੇ ਸਨ-ਦੀਪ ਤੇ ਗੁਰਮੀਤ। ਮੈਂ ਮਹਿਸੂਸ ਕੀਤਾ ਕਿ 'ਚੂੜੇ ਵਾਲੀ ਬਾਂਹ' ਕਹਾਣੀ ਵਿਚ ਉਨ੍ਹਾਂ ਦਾ ਪੂਰਾ ਕਰੈਕਟਰ ਨਹੀਂ ਆਇਆ। ਇਸ ਲਈ ਮੈਂ ਦੋ ਹੋਰ ਰੇਖਾ-ਚਿਤਰਾਂ ਦੀ ਸਿਰਜਣਾ ਕੀਤੀ। ਪਹਿਲਾ 'ਜਿੱਥੇ ਕਦੇ ਦੀਪ ਜਗਦਾ ਸੀ' ਅਤੇ ਦੂਜਾ 'ਗੁਰਮੀਤ ਵੜੈਚ ਮੇਰਾ ਸਾਲਾ ਸੀ'। ਇਨ੍ਹਾਂ ਕਿਰਤਾਂ ਦੀ ਸਿਰਜਣਾ ਕਰਦਿਆਂ ਮੈਨੂੰ ਲੱਗਿਆ ਕਿ ਮੈਂ ਜਿਨ੍ਹਾਂ ਲੋਕਾਂ ਨਾਲ ਬਹੁਤ ਨਜ਼ਦੀਕ ਤੋਂ ਜੁੜਿਆ ਹੋਇਆ ਹਾਂ। ਉਨ੍ਹਾਂ ਦੀ ਪੂਰੀ ਹਸਤੀ ਨੂੰ ਪੇਸ਼ ਕਰਨ ਲਈ ਕਦੀ ਕਹਾਣੀ ਕਦੀ ਰੇਖਾ-ਚਿਤਰ ਦੀ ਲੋੜ ਪੈਂਦੀ ਹੈ। ਇਸ ਲੋੜ ਵਿਚੋਂ ਹੀ ਮੇਰੀ ਰੇਖਾ-ਚਿਤਰਾਂ ਦੀ ਕਿਤਾਬ 'ਮੈਂ ਤੇ ਮੇਰੀ ਖਾਮੋਸ਼ੀ' ਦਾ ਜਨਮ ਹੋਇਆ। ਪਰ ਮੇਰੀ ਪਹਿਲੀ ਤੇ ਆਖਰੀ ਪ੍ਰਤੀਬੱਧਤਾ ਕਹਾਣੀ ਨਾਲ ਹੀ ਹੈ। ਮੇਰੀ ਨਜ਼ਰ ਵਿਚ ਕਈ ਕਹਾਣੀਆਂ ਐਸੀਆਂ ਹੁੰਦੀਆਂ ਨੇ ਜਿਹੜੀਆਂ ਆਪਣੇ ਹੋਰ ਰੂਪਾਂ ਦੀ ਮੰਗ ਕਰਦੀਆਂ ਹਨ। 'ਡਾਰਕ-ਜ਼ੋਨ' ਐਸੀਆਂ ਕਹਾਣੀਆਂ ਵਿਚੋਂ ਇਕ ਹੈ। ਜਦੋਂ ਮੈਂ ਇਹ ਕਹਾਣੀ ਲਿਖੀ। ਉਨ੍ਹਾਂ ਦਿਨਾਂ ਵਿਚ ਮੈਂ ਅਕੈਡਮੀ ਵੀ ਚਲਾਉਂਦਾ ਸੀ। ਮੇਰਾ ਪਲੱਸ-ਵਨ ਤੋਂ ਲੈ ਕੇ ਬੀ.ਏ., ਐਮ.ਏ. ਤੱਕ ਦੇ ਵਿਦਿਆਰਥੀਆਂ ਨਾਲ ਵਾਹ ਸੀ। ਉਹ ਵੱਡੇ ਸਨ। ਉਨ੍ਹਾਂ ਨੂੰ ਸਕੂਲ-ਕਾਲਜਾਂ ਵਿਚ ਵਾਤਾਵਰਨ ਦਾ ਵਿਸ਼ਾ ਲੱਗਾ ਹੋਇਆ ਸੀ। ਮੈਂ ਉਨ੍ਹਾਂ ਨੂੰ ਦਿਲਚਸਪ ਢੰਗ ਨਾਲ ਗੱਲਾਂ ਸਮਝਾ ਦਿੰਦਾ। ਪਰ ਜਦੋਂ ਪ੍ਰਸ਼ਨ-ਉੱਤਰ ਯਾਦ ਕਰਨ ਦੀ ਗੱਲ ਆਉਂਦੀ। ਵਿਸ਼ੇ ਵਿਚਲੀ ਔਖੀ ਤਕਨੀਕੀ ਭਾਸ਼ਾ ਵਿਦਿਆਰਥੀਆਂ ਨੂੰ ਤੰਗ ਕਰਦੀ। ਉਹ ਮੈਨੂੰ ਆਖਦੇ 'ਸਰ ਇਹ ਵਾਤਾਵਰਨ ਵਾਲੇ ਪ੍ਰਸ਼ਨ-ਉੱਤਰ ਸੌਖੀ ਭਾਸ਼ਾ ਵਿਚ ਲਿਖਵਾ ਦੇਵੋ।' ਮੈਨੂੰ ਇਹ ਗੱਲ ਬੜੀ ਚੰਗੀ ਲੱਗਦੀ। ਵਿਦਿਆਰਥੀਆਂ ਦੀ ਇਸ

ਗੱਲ ਨੇ ਮੇਰੇ ਅੰਦਰ 'ਡਾਰਕ-ਜ਼ੋਨ' ਕਹਾਣੀ ਲਿਖਣ ਦੀ ਚਿੰਗਾਰੀ ਸਿੱਟੀ। ਇਸ ਕਹਾਣੀ ਦੀ ਲਿਖਤ ਦੌਰਾਨ ਮੇਰੇ ਅੱਗੇ ਬਾਲਗ ਪਾਠਕਾਂ ਦਾ ਘੇਰਾ ਸੀ। ਮੈਂ ਉਨ੍ਹਾਂ ਨੂੰ ਦਿਲਚਸਪ ਕਹਾਣੀ ਰਾਹੀਂ ਹਵਾ, ਪਾਣੀ, ਰੁੱਖਾਂ ਤੇ ਧਰਤੀ ਵਿਚ ਆ ਰਹੇ ਵਿਗਾੜਾਂ ਤੋਂ ਪੈਦਾ ਹੋਣ ਵਾਲੇ ਗੰਭੀਰ ਸੰਕਟਾਂ ਨਾਲ ਜੋੜਨਾ ਚਾਹੁੰਦਾ ਸੀ। ਉਨ੍ਹਾਂ ਅੰਦਰ ਵਾਤਾਵਰਨ ਪ੍ਰਤੀ ਚੇਤਨਾ ਪੈਦਾ ਕਰਨੀ ਚਾਹੁੰਦਾ ਸੀ। ਵੱਡੀਆਂ ਕਲਾਸਾਂ ਲਈ ਕੰਮ ਕਰਨ ਤੋਂ ਬਾਅਦ ਜਦੋਂ ਮੈਂ ਛੋਟੀਆਂ ਕਲਾਸਾਂ ਦੇ ਸਿਲੇਬਸ ਵੱਲ ਨਜ਼ਰ ਮਾਰੀ। ਮੈਨੂੰ ਪ੍ਰਾਇਮਰੀ, ਮਿਡਲ ਤੇ ਹਾਈ ਕਲਾਸਾਂ ਵਿਚ ਵੀ ਉਹੀ ਔਖੀ ਭਾਸ਼ਾ ਦੀ ਸਮੱਸਿਆ ਨਜ਼ਰ ਆਈ। ਇਸ ਲਈ ਮੈਂ 'ਡਾਰਕ-ਜ਼ੋਨ' ਕਹਾਣੀ ਵਿਚੋਂ ਕੁਝ ਘਟਨਾਵਾਂ ਲੈ ਕੇ 'ਬੋਹੜ ਦੀ ਛਾਂ' ਅਤੇ 'ਕੁਝ ਬੂੰਦਾਂ ਪਾਣੀ' ਨਾਂ ਦੀਆਂ ਬਾਲ-ਕਹਾਣੀਆਂ ਲਿਖੀਆਂ। ਵੱਖ-ਵੱਖ ਖੇਤਰ ਦੇ ਆਮ ਲੋਕਾਂ ਤੇ ਵਿਦਿਆਰਥੀਆਂ ਵਿਚ ਵਾਤਾਵਰਨੀ ਚੇਤਨਾ ਪੈਦਾ ਕਰਨ ਦੀ ਦ੍ਰਿਸ਼ਟੀ ਤੋਂ ਇਕ ਬਾਲ-ਨਾਟਕ 'ਇਥੋਂ ਰੇਗਿਸਤਾਨ ਦਿਸਦਾ ਹੈ' ਲਿਖਿਆ। ਇਹ ਨਾਟਕ ਮੈਂ ਤੀਜੀ-ਚੌਥੀ ਕਲਾਸ ਤੋਂ ਲੈ ਕੇ ਪਲੱਸ-ਵਨ, ਟੂ ਤੱਕ ਦੇ ਕਿੰਨੇ ਹੀ ਵਿਦਿਆਰਥੀਆਂ ਨੂੰ ਤਿਆਰ ਕਰਵਾਇਆ। ਸਟੇਜਾਂ ਉੱਪਰ ਖੇਡਿਆ। ਇਹ ਸਾਰਾ ਕੁਝ ਕਰਦੇ ਹੋਏ ਮੈਂ ਮਹਿਸੂਸ ਕੀਤਾ ਕਿ 'ਡਾਰਕ-ਜ਼ੋਨ' ਕਹਾਣੀ ਵਿਚ ਪੇਸ਼ ਹੋਇਆ ਵਾਤਾਵਰਨੀ ਮਸਲਾ ਹੋਰ ਵਿਸਥਾਰ ਵਿਚ ਪੇਸ਼ਕਾਰੀ ਦੀ ਮੰਗ ਕਰਦਾ ਹੈ। ਇਸ ਨੁਕਤਾ ਨਿਗਾਹ ਤੋਂ ਮੈਂ 'ਹੁਸੀਨ ਮੌਸਮਾਂ ਦੀ ਕਹਾਣੀ' ਨਾਵਲ ਲਿਖਣਾ ਸ਼ੁਰੂ ਕੀਤਾ। ਐਪਰ ਅਫਸੋਸ ਦਰ ਅਫਸੋਸ ! ਪੰਜਾਬੀ ਜਨ-ਮਾਨਸ ਨੇ ਇਸ ਕਿਸਮ ਦੀਆਂ ਲਿਖਤਾਂ ਔਰ ਵਾਤਾਵਰਨੀ ਚੇਤਨਾ ਸਬੰਧੀ ਚੁੱਪ ਧਾਰੀ ਹੋਈ ਹੈ। ਇਸ ਘਾਤਕ ਚੁੱਪ ਨੂੰ ਤੋੜਨ ਦੀ ਲੋੜ ਹੈ। ਤਾਂ ਕਿ ਬ੍ਰਹਿਮੰਡ ਵਿਚ ਧਰਤੀ ਉਪਰ ਮਾਨਵੀ ਜੀਵਨ-ਝਾਕੀ ਦੀ ਸਨਦ ਰਹੇ !

? ਇਕ ਦਿਨ ਸ਼ਾਮ ਨੂੰ ਖੇਤਾਂ ਵੱਲ ਤੂੰ ਪਹੇ ਵਿਚ ਗਾਉਂਦਾ ਜਾਂਦਾ ਸੀ। ਤੂੰ ਕੋਈ ਕਵਿਤਾ ਗਾ ਰਿਹਾ ਸੀ। ਜਦੋਂ ਮੈਂ ਧਿਆਨ ਨਾਲ ਸੁਣਿਆ। ਗੀਤ ਵਰਗੀ ਕਵਿਤਾ ਦੀਆਂ ਆਖਰੀ ਸਤਰਾਂ ਵਿਚ ਤੇਰਾ ਨਾਂ ਆਇਆ। ਮੈਂ ਬੜਾ ਹੈਰਾਨ ਹੋਇਆ ਕਿ ਇਹ ਤਾਂ ਕਹਾਣੀਕਾਰ ਸੀ। ਕੀ ਤੂੰ ਕਵਿਤਾ ਵੀ ਲਿਖ ਲੈਨਾ।

- ਮੈਂ ਤੇਰੀ ਖਚਰ-ਵਿੱਦਿਆ ਨੂੰ ਮੰਨ ਗਿਆ ਯਾਰ। ਤੂੰ ਹਰ ਵਕਤ ਤਾਂ ਮੇਰੇ ਨਾਲ ਰਹਿੰਨਾ। ਅਜੇ ਤੈਨੂੰ ਇਹ ਨਹੀਂ ਪਤਾ ਕਿ ਮੈਂ ਕਦੀ-ਕਦੀ ਕਵਿਤਾ ਵੀ ਲਿਖ ਲੈਂਦਾ ਹਾਂ। ਜਦੋਂ ਤੂੰ ਪੁੱਛ ਹੀ ਲਿਆ। ਹੁਣ ਪਰਦਾ ਕਾਹਦਾ ! ਤੇਰੇ ਵਾਂਗ ਜਿਹੜੇ ਬੰਦੇ ਮੇਰੇ ਸਾਹਾਂ ਵਿਚ ਵਸਦੇ ਨੇ। ਇਹ ਉਨ੍ਹਾਂ ਨੂੰ ਹੀ ਪਤਾ ਕਿ ਮੈਂ ਕਵਿਤਾ ਵੀ ਲਿਖਦਾ ਹਾਂ। ਮੇਰੀ ਕਵਿਤਾ ਕਿਸ ਤਰ੍ਹਾਂ ਦੀ ਹੈ ! ਮੈਨੂੰ ਇਹ ਤਾਂ ਨਹੀਂ ਪਤਾ। ਉਹ ਕਵਿਤਾ ਵੀ ਹੈ ਜਾਂ ਨਹੀਂ। ਇਹ ਵੀ ਨਹੀਂ ਪਤਾ। ਨਾ ਹੀ ਮੈਂ ਇਹ ਪਤਾ ਕਰਨਾ ਹੈ ! ਕਿਉਂਕਿ ਮੈਂ ਆਪਣੀ ਰੂਹ ਲਈ ਕਵਿਤਾ ਲਿਖਦਾ ਹਾਂ। ਪ੍ਰੋ: ਪੂਰਨ ਸਿੰਘ ਦੇ ਕਹਿਣ ਵਾਂਗ ਮੇਰੇ ਅੰਦਰ ਕੋਈ ਪਿਆਰ ਵਿਚ ਮੋਇਆ ਸਾਧ ਬੰਦਾ ਵਸਦਾ ਹੈ। ਜਦੋਂ ਉਹ ਬੰਦਾ ਬੋਲਦਾ ਹੈ। ਉਹਦਾ ਹਰ ਬੋਲ ਕਵਿਤਾ ਬਣ ਜਾਂਦਾ ਹੈ। ਜਦੋਂ ਮੈਂ ਸ਼ਾਮ-ਸਵੇਰ ਦੀ ਸੈਰ ਉੱਪਰ ਨਿਲਕਦਾ ਹਾਂ। ਕੁਦਰਤੀ ਨਜ਼ਾਰਾ ਵੇਖ ਮੇਰੀ ਰੂਹ ਵਜ਼ਦ ਵਿਚ ਆ ਜਾਂਦੀ ਹੈ। ਮੈਂ ਆਪਣੀ ਕਵਿਤਾ ਨੂੰ ਉੱਚੀ-ਉੱਚੀ ਗਾਉਂਦੀ ਤੁਰਿਆ ਜਾਂਦਾ ਹਾਂ। ਦੂਰ-ਦੂਰ ਤੱਕ ਖੁੱਲ੍ਹੇ ਖੇਤ। ਫਸਲਾਂ। ਵੱਟਾਂ -ਪਹਿਆਂ ਨਾਲ ਖੜ੍ਹੇ ਰੁੱਖ। ਸੂਰਜ ਦੀ ਲਾਲੀ ਤੇ ਡੁੱਬਦੀ ਸ਼ਾਮ ਦਾ ਹੁਸਨ। ਇਹ ਦ੍ਰਿਸ਼ ਮੇਰੀ ਜਾਨ ਕੱਢ ਲੈਂਦਾ ਹੈ। ਆਪਣੀ ਜਾਨ ਵਿਚ ਨਵੀਂ ਰੂਹ ਫੂਕਣ ਲਈ ਮੈਂ ਕਹਾਣੀ ਤੋਂ ਪਹਿਲਾਂ ਦਾ ਕਵਿਤਾ ਲਿਖਦਾ ਆ ਰਿਹਾ ਹਾਂ। ਲੈ ਧਿਆਨ ਨਾਲ ਸੁਣ ! ਤੈਨੂੰ ਕਵਿਤਾ ਨਾਲ ਜੁੜੀ ਇਕ ਕਾਲਜ ਟਾਈਮ ਦੀ ਗੱਲ ਸੁਣਾਉਂਦਾ ਹਾਂ ! ਜਿਸ ਵਕਤ ਮੈਂ ਨਾਭੇ ਰਿਪੁਦਮਨ ਕਾਲਜ ਵਿਚ ਬੀ.ਏ. ਕਰਦਾ ਸੀ। ਮੈਡਮ ਨਰਿੰਦਰਪਾਲ ਗਿੱਲ ਸਾਨੂੰ ਪੰਜਾਬੀ ਪੜ੍ਹਾਉਂਦੀ ਹੁੰਦੀ। ਉਸ ਮੈਡਮ ਦੀ ਸਾਡੇ ਨਾਲ ਖਾਸ ਸਾਂਝ ਸੀ।



ਉਹ ਸਾਡੇ ਕਸਬੇ ਅਮਰਗੜ੍ਹ ਤੋਂ ਸਾਹ ਦੀ ਦਵਾਈ ਲੈਂਦੀ ਹੁੰਦੀ। ਸਾਡੇ ਕਾਰਨ ਉਹਦਾ ਗੇੜਾ ਲੱਗਣੋਂ ਬਚ ਜਾਂਦਾ ਸੀ। ਅਸੀਂ ਉਸ ਨੂੰ 'ਹਰਬੰਸ ਦਵਾਖਾਨਾ' ਤੋਂ ਦਵਾਈ ਦੀਆਂ ਪੁੜੀਆਂ ਲਿਜਾ ਕੇ ਦੇ ਦਿੰਦੇ। ਇਸ ਕਾਰਨ ਉਹਦੇ ਮਨ ਵਿਚ ਸਾਡੇ ਪ੍ਰਤੀ ਖਾਸ ਮੋਹ ਸੀ। ਇਲਾਕੇ ਵਿਚੋਂ ਸਾਡਾ ਵੀਹ-ਪੱਚੀ ਮੁੰਡਿਆਂ ਦਾ ਟੋਲਾ ਰਿਪੁਦਮਨ ਕਾਲਜ ਪੜ੍ਹਨ ਜਾਂਦਾ। ਸਾਡੇ ਟੋਲੇ ਦੇ ਬਹੁਤੇ ਮੁੰਡੇ ਦੇਖਣੀ-ਪਾਖਣੀ ਵਿਚ ਚੰਗੇ ਸਨ। ਲੰਮੇ ਕੱਦ, ਚਿਣੀਆਂ ਹੋਈਆਂ ਪੱਗਾਂ ਤੇ ਲੰਬੀਆਂ ਦਾੜ੍ਹੀਆਂ। ਕਾਲਜ ਵਿਚ ਸਾਡਾ ਖਾਸਾ ਰੋਹਬ ਸੀ। ਇਸ ਦਾ ਕਾਰਨ ਸਾਡੇ ਟੋਲੇ ਦੇ ਬਹੁਤੇ ਮੁੰਡਿਆਂ ਦਾ ਲੜਾਈਆਂ ਕਰਨਾ, ਪੀਰੀਅਡ ਛੱਡ ਕੇ ਬਜ਼ਾਰਾਂ ਵਿਚ ਫਿਰਨਾ ਤੇ ਪੜ੍ਹਨ ਵਿਚ ਨਲਾਇਕ ਹੋਣਾ ਸੀ। ਪਰ ਸਾਡੇ ਹੀ ਪਿੰਡ ਦਾ ਇਕ ਮੁੰਡਾ ਬਲਜਿੰਦਰ ਬਿੱਟੂ ਉਨ੍ਹੀਂ ਦਿਨੀਂ ਕਾਲਜ ਦੇ ਮੈਗਜ਼ੀਨ 'ਲਿੱਲੀ' ਦਾ ਵਿਦਿਆਰਥੀ ਸੰਪਾਦਕ ਸੀ। ਉਹ ਲੇਖ, ਕਵਿਤਾਵਾਂ ਤੇ ਗ਼ਜ਼ਲਾਂ ਲਿਖਣ ਦੇ ਨਾਲ-ਨਾਲ ਗਾਉਂਦਾ ਵੀ ਸੀ। ਨਾਟਕਾਂ ਵਿਚ ਵੀ ਹਿੱਸਾ ਲੈਂਦਾ। ਇਸ ਕਾਰਨ ਕਾਲਜ ਵਿਚ ਉਹਦੀ ਆਪਣੀ ਕਿਸਮ ਦੀ ਪਛਾਣ ਤੇ ਚੜ੍ਹਤ ਸੀ। ਉਹਦਾ ਆਪਣਾ ਇਕ ਗਰੁੱਪ ਸੀ। ਉਸ ਵਿਚ ਜ਼ਿਆਦਾ ਸ਼ਹਿਰੀ ਮੁੰਡੇ-ਕੁੜੀਆਂ ਹੀ ਸ਼ਾਮਿਲ ਸਨ। ਉਨ੍ਹਾਂ ਦਾ ਗਰੁੱਪ ਕੰਟੀਨ ਮੂਹਰਲੇ ਪਾਰਕ ਵਿਚ ਬੈਠ ਕੇ ਚਾਹ ਪੀਂਦਾ ਤੇ ਗੱਲਾਂ ਕਰਦਾ। ਉਹ ਕੀ ਗੱਲਾਂ ਕਰਦੇ ਹੁੰਦੇ ਸਨ। ਸਾਨੂੰ ਨਹੀਂ ਸੀ ਪਤਾ। ਅਸੀਂ ਤਾਂ ਆਪਣੀ ਹੀ ਮਸਤੀ ਵਿਚ ਕਾਲਜ ਦੀਆਂ ਸੜਕਾਂ 'ਤੇ ਘੁੰਮ ਕੇ ਘਰਾਂ ਨੂੰ ਪਰਤ ਆਉਂਦੇ ਸਾਂ। ਅਸੀਂ ਆਪਣੀ ਨੀਂਦ ਸੌਂਦੇ ਤੇ ਜਾਗਦੇ ਸਾਂ। ਪਰ ਜਿਸ ਦਿਨ ਮੈਡਮ ਗਿੱਲ ਨੇ ਸਾਨੂੰ ਕੰਟੀਨ ਮੂਹਰਲੀ ਸੜਕ ਤੋਂ ਦੀ ਲੰਘਦਿਆਂ ਨੂੰ ਰੋਕਿਆ। ਮੈਨੂੰ ਬੇਚੈਨੀ ਲੱਗ ਉੱਠੀ। ਸਾਡੇ ਵੱਲ ਧਿਆਨ ਨਾਲ ਵੇਖਦੀ ਹੋਈ ਉਹ ਕਹਿੰਦੀ, "ਤੁਸੀਂ ਹੁਣ ਬੀ.ਏ. ਫਾਈਨਲ ਵਿਚ ਪੜ੍ਹਦੇ ਹੋ !.... ਵੇਖੋ ਤੁਹਾਡੇ ਕਿੱਡੇ-ਕਿੱਡੇ ਕੱਦ ਤੇ ਦਾਹੜੀਆਂ ਨੇ !....ਔਹ ਬਲਜਿੰਦਰ ਬਿੱਟੂ ਵੀ ਤੁਹਾਡੇ ਹੀ ਪਿੰਡ ਦਾ ਮੁੰਡਾ !.... ਕਿੰਨੀ ਕਲਾ ਹੈ ਉਸ ਵਿਚ !.... ਤੁਸੀਂ ਵੀ ਕੁਝ ਸ਼ਰਮ ਕਰੋ !....ਹੋਰ ਨਹੀਂ ਤਾਂ ਇਕ ਅੱਧੀ ਕਵਿਤਾ ਲਿਖ ਕੇ ਹੀ ਲਿੱਲੀ ਮੈਗਜ਼ੀਨ ਲਈ ਦੇ ਦਿਓ....!"

"ਦੇਖਾਂਗੇ ਜੀ !... ਦੇਖਾਂਗੇ !.... ਕਰਾਂਗੇ....!!" ਬਾਕੀ ਮੁੰਡਿਆਂ ਨੇ ਤਾਂ ਮੈਡਮ ਗਿੱਲ ਦੀ ਗੱਲ ਹੱਸ ਕੇ ਟਾਲ਼ ਛੱਡੀ ਸੀ। ਪਰ ਮੈਂ ਨਾ ਟਾਲ ਸਕਿਆ। ਉਹਦੀ ਗੱਲ ਮੇਰੇ ਅੰਦਰ ਕਿਤੇ ਡੂੰਘੀ ਲਹਿ ਗਈ ਸੀ। ਮੈਨੂੰ ਜਾਪਿਆ ਜਿਵੇਂ ਮੈਡਮ ਨੇ ਮੇਰੇ ਅੰਦਰ ਬਚਪਨ ਤੋਂ ਕੁਝ ਸੁੱਤਾ ਜਗਾ ਦਿੱਤਾ ਸੀ। ਮੇਰੀ ਨੀਂਦ ਹਰਨ ਹੋ ਗਈ। ਮੈਂ ਸੋਚੀਂ ਪੈ ਗਿਆ। ਪਤਾ ਨਹੀਂ ਕਦੋਂ ਕਾਪੀ-ਪੈੱਨ ਚੁੱਕ ਲਿਆ। ਜਦੋਂ ਹੋਸ਼ ਪਰਤੀ। ਮੈਂ ਇਕ ਕਵਿਤਾ ਲਿਖੀਂ ਬੈਠਾ ਸੀ। ਉਸ ਕਵਿਤਾ ਦਾ ਨਾਂ 'ਕਾਲੀਆਂ ਰਾਹਵਾਂ' ਸੀ। ਉਸਦੀ ਹਰ ਪਹਿਰੇ ਦੀ ਆਖਰੀ ਸਤਰ ਵਿਚ 'ਪਤਾ ਨਹੀਂ ਕਿਉਂ ਬੰਦਾ ਅੱਜ ਦਾ, ਤੁਰਿਆ ਕਾਲੀਆਂ ਰਾਹਵਾਂ 'ਤੇ' ਆਉਂਦਾ ਸੀ। ਖੁਸ਼ੀ ਵਿਚ ਮੇਰੀ ਰਾਤ ਮਸਾਂ ਲੰਘੀ। ਅਗਲੀ ਸਵੇਰ ਜਦੋਂ ਕਾਲਜ ਜਾ ਕੇ ਮੈਂ 'ਲਿੱਲੀ' ਵਿਚ ਛਪਣ ਲਈ ਬਿੱਟੂ ਨੂੰ ਕਵਿਤਾ ਫੜਾਈ। ਉਹ ਵੀ ਤੇਰੇ ਵਾਂਗ ਮੈਨੂੰ ਹੈਰਾਨੀ ਨਾਲ ਵੇਖ ਰਿਹਾ ਸੀ। ਉਹ ਕਵਿਤਾ ਮੇਰੀ ਜ਼ਿੰਦਗੀ ਦੀ ਸਭ ਤੋਂ ਪਹਿਲੀ ਲਿਖਤ ਸੀ। ਉਸ ਨੂੰ ਲਿਖੀ-ਛਪੀ ਵੇਖ ਕੇ ਜਿਹੜੀ ਖੁਸ਼ੀ ਹੋਈ। ਉਹ ਮੈਂ ਸ਼ਬਦਾਂ ਰਾਹੀਂ ਬਿਆਨ ਨਹੀਂ ਕਰ ਸਕਦਾ। ਉਸ ਰਚਨਾ ਵਾਂਗ ਜਦੋਂ ਵੀ ਰੂਹ ਦੀ ਤਾਰ ਖੜਕਦੀ ਹੈ। ਮੈਂ ਕਵਿਤਾ ਲਿਖਣ ਲੱਗ ਪੈਂਦਾ ਹਾਂ। ਪਰ ਉਸ ਨੂੰ ਕਿਤੇ ਛਪਵਾਉਂਦਾ ਨਹੀਂ। ਤੇਰੇ ਵਰਗੀਆਂ ਕੁਝ ਰੂਹਾਂ ਨੂੰ ਸੁਣਾ-ਪੜ੍ਹਾ ਲੈਨਾ। ਫਿਰ ਫਾਈਲ ਵਿਚ ਸੰਭਾਲ ਕੇ ਰੱਖ ਦਿੰਦਾ ਹਾਂ।

? ਉਂਝ ਤਾਂ ਤੂੰ ਬੁੱਲਟ ਮੋਟਰ ਸਾਈਕਲ ਰੱਖਿਆ ਹੋਇਆ। ਪੂਰਾ ਯੈਂਕੀ-ਫੈਂਕੀ ਬਣਕੇ ਰਹਿਨਾ। ਤੂੰ ਫਿਲਮਾਂ ਵੇਖਣ ਵਿਚ ਵੀ ਅਪ-ਟੂ-ਡੇਟ ਰਹਿੰਨਾ। ਪਰ ਮੈਂ ਕਈ ਵਾਰ ਤੈਨੂੰ ਸ਼ਮਸ਼ਾਨਘਾਟ ਵਿਚ ਫਿਰਦੇ ਨੂੰ ਵੇਖਿਆ। ਬਹੁਤ ਲੋਕਾਂ ਨੇ ਤੈਨੂੰ ਉਜਾੜ-ਵੀਰਾਨ ਥਾਵਾਂ 'ਤੇ ਘੁੰਮਦੇ ਨੂੰ ਵੀ

ਵੇਖਿਆ ਹੈ। ਇਹ ਚੱਕਰ ਕੀ ਹੈ।

- ਮੇਰੀ ਪਰਸਨੈਲਟੀ ਬਹੁਤ ਸਾਰੀਆਂ ਉਲਟ-ਦਿਸ਼ਾਵੀ ਗੱਲਾਂ ਦਾ ਜੋੜ ਹੈ। ਮੈਂ ਤੈਨੂੰ ਕੁਝ ਗੱਲਾਂ ਦੱਸਦਾ ਹਾਂ। ਸਭ ਤੋਂ ਪਹਿਲੀ ਗੱਲ ਤਾਂ ਇਹ ਕਿ ਮੈਨੂੰ ਕਾਲਜ ਟਾਈਮ ਤੋਂ ਹੀ ਬੁੱਲਟ ਮੋਟਰ ਸਾਈਕਲ ਰੱਖਣ ਦੀ ਇੱਛਾ ਸੀ। ਪਰ ਉਸ ਵਕਤ ਐਨੇ ਪੈਸੇ ਨਹੀਂ ਸਨ। ਜਿਸ ਵਕਤ ਨੌਕਰੀ ਮਿਲ ਗਈ। ਹੱਥ ਵਿਚ ਪੈਸੇ ਆ ਗਏ। ਮੈਂ ਨਵਾਂ ਬੁੱਲਟ ਖਰੀਦ ਲਿਆ। ਇਕ ਹਜ਼ਾਰ ਰੁਪਏ ਦਾ 'ਪੇਡ ਨੰਬਰ' 2900 ਲਿਆ। ਕਈ ਬੰਦਿਆਂ ਨੇ ਪੁੱਛਿਆ ਕਿ ਇਹ ਨੰਬਰ ਹੀ ਕਿਉਂ ਲਿਆ ! ਮੈਂ ਕਿਹਾ ਬਹੁਤੇ ਲੋਕ ਮੈਨੂੰ ਕਹਿੰਦੇ ਹੁੰਦੇ ਸੀ ਕਿ ਤੇਰੇ ਵਰਗੇ ਨੱਤੀ ਸੌ ਫਿਰਦੇ ਨੇ। ਮੈਂ ਹੁਣ ਉਨ੍ਹਾਂ ਨੂੰ ਕਹਿੰਦਾ ਹੁੰਨਾ ਵੇਖੋ ਨੱਤੀ ਸੌ 'ਤੇ ਕੱਲਾ ਹੀ ਬੈਠਾ ਜਾਨਾ। ਤੈਨੂੰ ਭਾਵੇਂ ਇਹ ਗੱਲ ਮਾੜੀ ਲੱਗੇ। ਪਰ ਮੈਨੂੰ ਇਹ ਚੰਗੀ ਲੱਗਦੀ ਹੈ। ਜਿਹੜੀ ਤੂੰ ਦੂਜੀ ਗੱਲ ਆਖੀ ਹੈ। ਉਸ ਸਬੰਧੀ ਬੇਨਤੀ ਇਹ ਹੈ ਕਿ ਮੈਨੂੰ ਸਕੂਲ ਟਾਈਮ ਤੋਂ ਹੀ ਨਵੇਂ-ਨਵੇਂ ਕੱਪੜੇ ਪਾਉਣ ਦਾ ਬੇਹੱਦ ਸ਼ੌਕ ਹੈ। ਸਕੂਲ ਵਿਚ ਸਾਨੂੰ ਹਫਤੇ 'ਚੋਂ ਇਕ ਦਿਨ ਵਰਦੀ ਪਾਉਣ ਤੋਂ ਛੋਟ ਹੁੰਦੀ ਸੀ। ਉਸ ਦਿਨ, ਕਈ ਵਾਰੀ ਬਾਕੀ ਦਿਨਾਂ ਵਿਚ ਵੀ। ਮੈਂ ਦੋਸਤਾਂ ਨਾਲ ਮਨਪਸੰਦ ਕੱਪੜੇ ਪਾ ਕੇ ਸਕੂਲ ਜਾਂਦਾ। ਮੇਰੀ ਸਭ ਤੋਂ ਵੱਧ ਟੌਹਰ ਹੁੰਦੀ। ਲਛਮਣ ਸਿੰਘ ਮਾਸਟਰ ਮੈਨੂੰ ਹਾਕ ਮਾਰਦਾ, "ਐਧਰ ਆ ਓਏ ਟੌਅਰ-ਫੌਅਰ....!" ਉਹ ਖੁਦ ਵੀ ਬੜਾ ਟੌਹਰੀ ਸੀ। ਯੈਂਕੀ ਬੁੜਾ। ਟੌਹਰ ਲਾਉਣ ਪਿੱਛੇ ਹਰਨਾਮ ਸਿੰਘ ਮਾਸਟਰ ਨੇ ਜਿਹੜੀ ਕਈ ਵਾਰ ਮੇਰੀ ਬੇਇੱਜ਼ਤੀ ਕੀਤੀ। ਉਹ ਇਕ ਵੱਖਰੀ ਕਹਾਣੀ ਹੈ। ਕਦੀ ਫਿਰ ਦੱਸਾਂਗਾ। ਪਰ ਮੈਂ ਟੌਹਰ ਲਾਉਣੀ ਨਹੀਂ ਛੱਡੀ। ਨਵੇਂ ਰੰਗ, ਡਿਜ਼ਾਈਨ ਤੇ ਫੈਸ਼ਨ ਦਾ ਕਿਹੜਾ ਕੱਪੜਾ ਕਿਸ ਸ਼ਹਿਰ ਦੀ ਕਿਹੜੀ ਦੁਕਾਨ ਤੋਂ ਮਿਲਦਾ ਹੈ। ਮੈਂ ਇਸ ਗੱਲ ਦੀ ਪੂਰੀ ਸੂਹ ਰੱਖਦਾ ਹਾਂ। ਮੈਂ ਇਸ ਗੱਲ ਦੀ ਵੀ ਖਬਰ ਰੱਖਦਾ ਹਾਂ ਕਿ ਕਿਹੜੀ ਨਵੀਂ ਫਿਲਮ ਆਈ ਹੈ। ਜਿਹੜੀ ਵੀ ਨਵੀਂ ਪਰ ਚੰਗੀ ਫਿਲਮ ਆਉਂਦੀ ਹੈ। ਮੈਂ ਨਾਲ ਦੀ ਨਾਲ ਵੇਖ ਲੈਨਾ। ਕੁਲਵੰਤ ਸਿੰਘ ਵਿਰਕ ਕਹਿੰਦਾ ਹੁੰਦਾ ਸੀ ਕਿ ਲੇਖਕ ਨੂੰ ਵੱਧ ਤੋਂ ਵੱਧ ਫਿਲਮਾਂ ਵੇਖਣੀਆਂ ਚਾਹੀਦੀਆਂ ਹਨ। ਇਸ ਨਾਲ ਉਸ ਨੂੰ ਕਹਾਣੀ ਪੇਸ਼ ਕਰਨ ਦੀਆਂ ਨਵੀਆਂ-ਨਵੀਆਂ ਤਕਨੀਕਾਂ ਦਾ ਪਤਾ ਚੱਲਦਾ ਹੈ। ਜਿੱਥੇ ਇਕ ਪਾਸੇ ਮੈਨੂੰ ਇਹ ਸਾਰੀਆਂ ਗੱਲਾਂ ਕਰਨੀਆਂ ਚੰਗੀਆਂ ਲੱਗਦੀਆਂ ਹਨ। ਉੱਥੇ ਦੂਜੇ ਪਾਸੇ ਮੇਰੀ ਫਿਤਰਤ ਦਾ ਇਕ ਪਾਸਾ ਹੋਰ ਵੀ ਹੈ। ਉਹ ਪਾਸਾ ਇਨ੍ਹਾਂ ਗੱਲਾਂ ਤੋਂ ਬਿਲਕੁਲ ਉਲਟ ਹੈ। ਜਿਵੇਂ ਹੈ ਤਾਂ ਸ਼ਾਇਦ ਮਾੜੀ ਗੱਲ। ਪਰ ਮੈਨੂੰ ਸ਼ਮਸ਼ਾਨਘਾਟ ਚੰਗਾ ਲੱਗਦਾ ਹੈ। ਉਸ ਵਿਚਲੀ ਸੁੰਨ ਤੇ ਖਾਮੋਸ਼ੀ ਮੈਨੂੰ ਖਿੱਚਦੀ ਹੈ। ਮੈਂ ਅਕਸਰ ਸਾਡੇ ਪਿੰਡ ਵਾਲੇ ਸ਼ਮਸ਼ਾਨਘਾਟ ਵਿਚ ਜਾ ਕੇ ਕਿੰਨਾ-ਕਿੰਨਾ ਚਿਰ ਇਕੱਲਾ ਹੀ ਬੈਠਾ ਰਹਿੰਦਾ ਹਾਂ। ਜਿਨ੍ਹਾਂ ਦਿਨਾਂ ਵਿਚ 'ਚੂੜੇ ਵਾਲੀ ਬਾਂਹ' ਕਹਾਣੀ ਲਿਖੀ। ਮੈਂ ਕਈ ਦਿਨ ਸ਼ਮਸ਼ਾਨਘਾਟ ਜਾਂਦਾ ਰਿਹਾ ਸੀ। ਜਿਸ ਵਕਤ ਮੈਂ ਸਫਰ ਵਿਚ ਹੋਵਾਂ। ਮੇਰੀ ਨਜ਼ਰ ਉਜਾੜ, ਵੀਰਾਨ ਤੇ ਸੁੰਨਸਾਨ ਥਾਵਾਂ 'ਤੇ ਟਿਕੀ ਹੁੰਦੀ ਹੈ। ਜਿਨ੍ਹਾਂ ਦਿਨਾਂ ਵਿਚ ਜੀਰੀਆਂ-ਕਣਕਾਂ ਵੱਢ ਕੇ ਖੇਤਾਂ ਨੂੰ ਵਾਹਿਆ ਜਾਂਦਾ ਹੈ। ਮੈਂ ਦੂਰ-ਦੂਰ ਤੱਕ ਖੁੱਲ੍ਹੇ ਪਏ ਵਾਹਣਾਂ ਵਿਚ ਦੀ ਤੁਰ ਕੇ ਕਦੀ ਕਿੱਧਰ ਨੂੰ ਕਦੀ ਕਿਧਰੇ ਨੂੰ ਨਿਕਲ ਜਾਂਦਾ ਹਾਂ। ਜਦੋਂ ਥੱਕ ਜਾਨਾ। ਘਰ ਨੂੰ ਪਰਤ ਪੈਂਦਾ ਹਾਂ। ਘਰ ਆਉਣ ਸਾਰ ਫਿਰ ਸੁੰਨੀਆਂ ਰਾਹਵਾਂ ਉਪਰ ਤੁਰਨ ਲਈ ਮਨ ਕਾਹਲਾ ਪੈਣ ਲੱਗਦਾ ਹੈ। ਮੈਂ ਜ਼ਿੰਦਗੀ ਵਿਚ ਬਹੁਤ ਸਾਰੀਆਂ ਸਵੈ-ਵਿਰੋਧੀ ਗੱਲਾਂ ਜਿਊਂਦਾ ਹਾਂ। ਮੇਰੀ ਫਿਤਰਤ ਇਸ ਤਰ੍ਹਾਂ ਦੀ ਕਿਉਂ ਹੈ ! ਮੈਂ ਲਗਾਤਾਰ ਇਸ ਨੂੰ ਸਮਝਣ ਦੀ ਕੋਸ਼ਿਸ਼ ਵਿਚ ਹਾਂ। ਜਿਸ ਦਿਨ ਸਮਝ ਆ ਗਈ। ਤੈਨੂੰ ਵੀ ਦੱਸ ਦਿਆਂਗਾ ਇਹ ਚੱਕਰ ਕੀ ਹੈ ! ਫਿਲਹਾਲ ਤੂੰ ਐਨਾਂ ਸਮਝ ਲੈ। ਬੰਦਾ ਮੈਂ ਬਿੰਦਾਸ ਹਾਂ.....!

ਮੋਬਾਇਲ : 98156-59220



# ਤਿੰਦਰ ਦੀ ਤਲਵਿੰਦਰ ਨਾਲ ਗੁਫ਼ਤਗੂ

ਸ਼ੁਰੂ ਤੋਂ ਹੀ ਮੇਰਾ ਕੋਈ ਨਿੱਕ-ਨੇਮ ਜਾਂ ਉਪਨਾਮ ਨਹੀਂ ਪਿਆ। ਛੋਟੇ ਹੁੰਦਿਆਂ ਮੇਰੀ ਮਾਤਾ ਬੜੇ ਕਰੀਨੇ ਨਾਲ ਮੈਨੂੰ ਤਲਵਿੰਦਰ ਸਿੰਘ ਆਖ ਕੇ ਬੁਲਾਉਂਦੀ ਸੀ। ਕਦੀ ਕਦੀ ਲਾਡ ਵਿਚ ਤਿੰਦ ਸਿੰਘ ਵੀ ਆਖਦੀ। ਮੇਰਾ ਛੋਟਾ ਮਾਮਾ ਸਾਡੇ ਦੋਹਾਂ ਭਰਾਵਾਂ ਨੂੰ ਖੁਸ਼ ਕਰਨ ਦੇ ਲਹਿਜ਼ੇ ਵਿਚ ਬੜੀ ਹੇਕ ਨਾਲ ਗਾਉਂਦਾ ਹੁੰਦਾ ਸੀ:

ਤਿੰਦੂਆ ਤੇ ਬਿੰਦੂਆ ਦੋਵੇਂ ਸਕੇ ਭਰਾ।
ਰਾਤੀ ਖਾਂਦੇ ਖਿਚੜੀ ਦਿਨੇ ਮਿੱਠਾ ਪਲਾਅ।

ਅਸੀਂ ਛੋਟੀਆਂ ਕਲਾਸਾਂ ਵਿਚ ਪੜ੍ਹਦੇ ਸਾਂ। ਪੰਜਵੀਂ ਛੇਵੀਂ ਵਿਚ। ਸਕੂਲੋਂ ਆ ਕੇ ਭਾਪਾ ਜੀ ਦੇ ਔਜ਼ਾਰਾਂ ਵਾਲੀ ਪੇਟੀ ਖੋਲ੍ਹ ਕੇ ਤੇਸਾ, ਆਰੀ, ਹਥੌੜੀ ਕੱਢ ਲੱਕੜਾਂ ਛਿੱਲਣ, ਕਿੱਲ ਠੋਕਣ ਬਹਿ ਜਾਂਦੇ। ਸਾਡੇ ਗੁਆਂਢ ਰਹਿੰਦੀ ਇਕ ਕੁੜੀ ਮਿੰਨਤ ਵਰਗੀ ਆਵਾਜ਼ ਵਿਚ ਕਹਿੰਦੀ, 'ਵੇ ਤਿੰਦਰਾ, ਵੀਰ ਬਣ ਕੇ ਇਕ ਗੁੱਲੀ ਘੜ ਦੇ।'

ਇਹ ਮੇਰੇ ਸੰਬੋਧਨੀ ਨਾਵਾਂ ਦੀ ਨਿੱਕੀ ਜਿਹੀ ਫ਼ਹਿਸਤ ਹੈ। ਅੱਜ ਵੀ ਕੋਈ ਇਨ੍ਹਾਂ ਵਿਚੋਂ ਕੋਈ ਇਕ ਨਾਂ ਵਰਤ ਕੇ ਬੁਲਾਵੇ ਤਾਂ ਮੈਂ ਪਲਾਂ ਛਿਣਾਂ ਵਿਚ ਉਸ ਆਲੇ ਭੋਲੇ ਦੌਰ ਵਿਚ ਪਹੁੰਚ ਜਾਂਦਾ ਹਾਂ। ਕੰਨਾਂ ਤੋਂ ਲੈ ਕੇ ਨਸ ਨਸ ਵਿਚ ਇਕ ਮਿਠਾਸ ਘੁਲ ਜਾਂਦੀ ਹੈ। ਇਹ ਮੇਰਾ ਪੂਰਾ ਸੂਰਾ ਅੰਤਰਮਨ ਹੈ। ਮੇਰੇ ਅੰਦਰਲਾ ਸੰਸਾਰ। ਜਿਸ ਉੱਤੇ ਮੇਰੇ ਚੇਤਨ ਵਜੂਦ ਦੀ ਮੋਟੀ ਪਰਤ ਚੜ੍ਹ ਗਈ ਹੈ। ਮੇਰਾ ਵਰਤਮਾਨ ਨਾਂ ਮੇਰੇ ਭੌਤਿਕ ਢਾਂਚੇ, ਸਮਾਜੀ ਤੇ ਵਿਹਾਰੀ ਬੰਦੇ ਨਾਲ ਜੁੜਿਆ ਹੈ। ਤਿੰਦ, ਤਿੰਦੂਆ ਜਾਂ ਤਿੰਦਰ ਵਿਚ ਮੇਰਾ ਅੰਦਰਲਾ ਸੱਚ, ਮੇਰੀ ਅੰਤਰੀਵਤਾ, ਮੇਰਾ ਨਿਰਛਲ ਬਚਪਨ ਪਿਆ ਹੈ। ਆਪਣੇ ਨਾਲ ਸੰਵਾਦ ਰਚਾਉਣ ਦੇ ਮਸਲੇ ਨੂੰ ਹੱਲ ਕਰਨ ਲਈ ਇਹ ਬਾਰੀਕ ਲਕੀਰ ਖਿੱਚਣੀ ਸ਼ਾਇਦ ਸਾਰਥਕ ਰਹੇ। ਉਂਜ ਚਿੱਤਰ-ਗੁਪਤ ਹਮੇਸ਼ਾ ਨਾਲੋਂ ਨਾਲ ਚੱਲਦੇ ਨੇ। ਸਾਡੀ ਹਰ ਗੱਲ, ਹਰ ਹਰਕਤ, ਹਰ ਅੰਦਾਜ਼ ਵਿਚ। ਸਾਡੇ ਅੰਦਰੋਂ ਦੋ ਬੰਦੇ ਬੋਲਦੇ ਨੇ, ਪਰਸਪਰ ਉਲਟੀ ਸੁਰ ਵਿਚ। ਇਕ ਆਖਦਾ ਹੈ, ਇਹ ਸਹੀ ਹੈ, ਦੂਜਾ ਉਸਨੂੰ ਝੁਠਲਾਉਣ ਦਾ ਤਰਕ ਦਿੰਦਾ ਹੈ। ਇਕ ਦਾ ਸੱਚ ਦੂਜੇ ਲਈ ਕੁਫ਼ਰ ਹੈ। ਦੋਵੇਂ ਨਾਲ ਨਾਲ ਹੁੰਦੇ ਵੀ ਬਹੁਤ ਅੱਡੋ ਅੱਡ ਫਿਤਰਤ ਵਾਲੇ। ਉਂਜ ਮੇਰਾ ਮੰਨਣਾ ਹੈ ਕਿ ਕਲਾਤਮਕ ਖਾਸੇ ਵਾਲਾ ਬੰਦਾ ਆਪਣੀ ਅੰਤਰੀਵਤਾ ਦੇ ਵੱਧ ਨੇੜੇ ਹੁੰਦਾ ਹੈ। ਲਿਖਾਰੀ ਅੰਦਰਲੀ ਹਕੀਕਤ ਦੇ ਨੇੜੇ ਵਾਰ ਵਾਰ ਹੁੰਦਾ ਹੈ। ਬਾਬਾ ਵੀ ਲਿਖਦਾ ਹੈ- ਧੰਨ ਲਿਖਾਰੀ ਨਾਨਕਾ, ਜਿਸ ਨਾਮ ਲਿਖਾਇਆ ਸੱਚ। ਲਿਖਾਰੀ ਬੰਦਾ ਸੱਚ ਦੇ ਕਰੀਬ ਵਿਚਰਦਾ ਹੈ, ਖ਼ਾਸ ਕਰ ਸਿਰਜਣਾ ਦੇ ਪਲਾਂ ਦੌਰਾਨ। ਉਹ ਸਿਸਟਮ ਦਾ ਚੰਗਾ ਮਾੜਾ ਉਜਾਗਰ ਕਰਦਾ ਹੀ ਹੈ, ਆਪਣੀ ਵੀ ਮੌਕਾ ਮਿਲਣ ਤੇ ਛਿੱਲ ਲਾਹ ਸੁਟਦਾ ਹੈ।

ਮੇਰੇ ਇਸ ਭੌਤਿਕ ਵਜੂਦ ਨਾਲ ਜੁੜੇ ਸੁਚੇਤ ਪੱਧਰ 'ਤੇ ਵਿਚਰਦੇ ਬੰਦੇ ਨਾਲ ਅੰਤਰੀਵਤਾ ਵਿਚ ਲੁਕ ਕੇ ਬੈਠੇ ਅਵਚੇਤਨੀ ਮਨੁੱਖ ਨਾਲ ਕੀਤੀਆਂ ਕੁਝ ਗੱਲਾਂ:

? ਉਂਜ ਤਾਂ ਮੈਂ ਤੇਰੇ ਹਮੇਸ਼ਾ ਹੀ ਅੰਗ ਸੰਗ ਹੁੰਦਾ ਹਾਂ, ਫਿਰ ਵੀ ਕੁਝ ਦੂਰੀਆਂ ਕਾਇਮ ਨੇ। ਮੇਰਾ ਸੁਆਲ ਹੈ, ਆਪਣੇ ਜੀਵਨ ਬਾਰੇ ਤੇਰਾ ਕੀ ਪ੍ਰਤੀਕਰਮ ਹੈ।

-ਸਮਾਜ ਵਿਚ ਮੇਰਾ ਅਕਸ ਇਕ ਸਾਊ ਬੰਦੇ ਵਾਲਾ ਹੈ। ਆਪਣੀ ਇਸ ਧਾਰਨਾ ਨੂੰ ਮੈਂ ਵਡਿਆਇਆ ਵੀ ਹੈ। ਅਸਲ ਹਕੀਕਤ ਉਲਟ ਹੈ। ਬਚਪਨ ਵਿਚ ਹੀ ਮੈਂ ਡਰੂ ਭਾਵਨਾਵਾਂ ਦਾ ਸ਼ਿਕਾਰ ਹੋ ਗਿਆ ਸਾਂ। ਅਸੀਂ ਬਟਾਲੇ ਦੇ ਜਿਸ ਸਬਅਰਬਨ ਇਲਾਕੇ ਵਿਚ ਰਹਿੰਦੇ ਸਾਂ ਉਥੇ

ਬੜੀ ਘੱਟ ਵੱਸੋਂ ਸੀ। ਅਸੀਂ ਚਾਰ ਭੈਣ-ਭਰਾ ਸਾਂ। ਵੱਡੀਆਂ ਭੈਣਾਂ, ਤੀਜੇ ਥਾਂ ਮੈਂ ਤੇ ਮੇਰੇ ਤੋਂ ਡੇਢ ਵਰ੍ਹੇ ਨਿੱਕਾ ਬਲਵਿੰਦਰ। ਭਾਪਾ ਜੀ ਪੰਜਾਬੋਂ ਬਾਹਰ ਕਿਧਰੇ ਕੰਮ ਕਰਦੇ ਸਨ। ਇਕ ਵਿਸ਼ਾਲ ਛੱਪੜ ਸਾਡੇ ਘਰ ਦੀ ਸੱਜੀ ਬਾਹੀ ਤੋਂ ਸ਼ੁਰੂ ਹੋ ਕੇ ਦੂਰ ਗੱਡੀ ਦੀਆਂ ਲਾਈਨਾਂ ਤੱਕ ਜਾਂਦਾ ਸੀ। ਖੱਬੀ ਬਾਹੀ ਵਾਹਵਾ ਹਟਵਾਂ ਪਿੰਡ ਸ਼ੁਕਰਪੁਰਾ ਸੀ ਜਿੱਥੇ ਜੱਟਾਂ ਤੇ ਮਹਾਸ਼ਿਆਂ ਦੇ ਅੱਥਰੇ ਮੁੰਡੇ ਵਿਚਕਾਰਲੀ ਖੁੱਲ੍ਹੀ ਥਾਂ ਤੇ ਆ ਕੇ ਖੇਡਦੇ, ਲੜਦੇ। ਮਾਤਾ ਸਾਨੂੰ ਤਾੜ ਕੇ ਰੱਖਦੀ ਸੀ। ਉਹ ਸਾਨੂੰ ਉਨ੍ਹਾਂ ਮੁੰਡਿਆਂ ਲਾਗੇ ਜਾਣੋ ਵਰਜਦੀ। ਜੇ ਕਿਸੇ ਮੌਕੇ ਘੜੀ ਉਹ ਸਾਡੇ ਨਾਲ ਛੇੜਖਾਨੀ ਕਰ ਵੀ ਜਾਂਦੇ ਤਾਂ ਅਸੀਂ ਮੁਕਾਬਲਾ ਕਰਨ ਦੀ ਥਾਂ ਘਰ ਮੁੜ ਆਉਂਦੇ। ਉਹ ਕਈ ਵਾਰ ਬੂਹਿਓਂ ਬਾਹਰ ਆ ਕੇ ਲਲਕਾਰਦੇ ਵੀ ਪਰ ਮਾਤਾ ਦੀ ਹਦਾਇਤ ਤੇ ਅਸੀਂ ਅੰਦਰ ਦੁਬਕੇ ਰਹਿੰਦੇ। ਉਸ ਬਾਲ ਵਰੇਸੇ ਅੰਦਰ ਇਕ ਡਰ ਜਿਹਾ ਬਹਿ ਗਿਆ। ਲੜਨ ਦੀ ਸ਼ਕਤੀ ਖੀਣ ਹੋਣ ਲੱਗੀ। ਕੁਝ ਰੂੜੀਵਾਦੀ ਗੱਲਾਂ ਦਾ ਅਸਰ। ਭੂਤਾਂ ਪ੍ਰੇਤਾਂ ਦੀਆਂ ਬਾਤਾਂ। ਮੈਨੂੰ ਹਨੇਰੇ ਤੋਂ ਵੀ ਡਰ ਲੱਗਦਾ। ਮੌਤ ਦਾ ਖਿਆਲ ਭੈਭੀਤ ਕਰਦਾ। ਕਿਸੇ ਮਰੇ ਬੰਦੇ ਦਾ ਮੂੰਹ ਵੇਖ ਲੈਂਦਾ ਤਾਂ ਰਾਤਾਂ ਦੀ ਨੀਂਦ ਹਰਾਮ ਹੋ ਜਾਂਦੀ। ਏਹੀ ਪ੍ਰਭਾਵ ਅੱਲ੍ਹੜ ਉਮਰ ਤੋਂ ਜਵਾਨੀ ਵਿਚ ਜਾਣ ਵੇਲੇ ਕਾਇਮ ਰਿਹਾ। ਪਰ ਇਸ ਉਮਰੇ ਇਸ ਕਮਜ਼ੋਰੀ ਨੂੰ ਢੱਕਣ ਖਾਤਰ ਆਪਣੇ ਉਪਰ ਡਰੂ ਜਾਂ ਬੁਜ਼ਦਿਲ ਦੀ ਥਾਂ ਸ਼ਰੀਫ਼ ਤੇ ਸਾਊ ਦਾ ਲੇਬਲ ਲਾ ਲਿਆ। ਇਸ ਕਰਵਟ ਨੇ ਇਕ ਬ੍ਰੇਕ-ਥਰੂ ਵੀ ਦਿੱਤਾ। ਆਪਣੇ ਵਿਚ ਸ਼ਬਦੀ ਹੁਨਰ ਪੈਦਾ ਕਰਨਾ ਮੇਰਾ ਸੁਚੇਤ ਉਪਰਾਲਾ ਸੀ। ਆਪਣੇ ਆਪ ਨੂੰ ਲੜਾਕੀ, ਮਾਰਖ਼ੋਰੀ ਤੇ ਡੱਫਰ ਕਿਸਮ ਦੀ ਢਾਣੀ ਤੋਂ ਇਕ ਵਿੱਥ 'ਤੇ ਕਰ ਲਿਆ ਤੇ ਆਪਣਾ ਨਾਤਾ ਸ਼ਬਦ ਸੰਸਾਰ ਨਾਲ ਜੋੜ ਲਿਆ। ਸੋਚਿਆ ਕਿ ਲੇਖਕ ਦੇ ਰੂਪ ਵਿਚ ਗਰੋਅ ਕਰਾਂਗਾ। ਲਗਾਤਾਰ ਕੋਸ਼ਿਸ਼ ਕਰਕੇ ਦਿਮਾਗ਼ ਵਿਚ ਫਸਿਆ ਕੂੜਾ ਕਰਕਟ ਬਾਹਰ ਕੱਢ ਦਿਆਂਗਾ।

? ਤਾਂ ਲੇਖਕ ਬਣਨ ਦਾ ਉਪਰਾਲਾ ਸੁਚੇਤ ਯਤਨ ਸੀ।

-ਹੋ ਸਕਦਾ ਹੈ। ਪਰ ਜਿਵੇਂ ਕੰਪਿਊਟਰ ਦੀ ਭਾਸ਼ਾ ਵਿਚ ਕਹਿੰਦੇ ਨੇ, ਉਂਜ ਸ਼ਾਇਦ ਦਿਮਾਗ਼ ਦੀ ਹਾਰਡ ਡਿਸਕ ਵਿਚ ਇਹੋ ਜਿਹਾ ਡਾਟਾ ਕਿਧਰੇ ਪਿਆ ਵੀ ਹੋ ਸਕਦਾ। ਮੇਰੀਆਂ ਪਿਛਲੀਆਂ ਪੀੜ੍ਹੀਆਂ ਦਾ ਜੈਨੇਟਿਕ ਅਸਰ ਵੀ ਹੋ ਸਕਦਾ। ਭਾਪਾ ਜੀ ਨੂੰ ਕਵਿਤਾਵਾਂ ਪੜ੍ਹਨ ਤੇ ਸੁਣਾਉਣ ਦਾ ਸ਼ੌਕ ਸੀ। ਮੈਂ ਵੀ ਕਿਤਾਬ ਵਿਚਲੀਆਂ ਕਵਿਤਾਵਾਂ ਗਾ ਗਾ ਕੇ ਮਾਤਾ ਨੂੰ ਸੁਣਾਉਂਦਾ ਸਾਂ। ਚਰਖ਼ਾ ਕੱਤਦੀ ਉਹ ਬੜੀ ਲਗਨ ਨਾਲ ਮੇਰੀਆਂ ਗਾਈਆਂ ਕਵਿਤਾਵਾਂ ਸੁਣਦੀ ਸੀ। ਪ੍ਰਾਇਮਰੀ ਤੱਕ ਘਰ ਵਿਚ ਜਿੰਨੀਆਂ ਕੁ ਕਿਤਾਬਾਂ ਪਈਆਂ ਸਨ ਮੈਂ ਉਹ ਪੜ੍ਹ ਲਈਆਂ ਸਨ। ਹਾਈ ਸਕੂਲ ਵਿਚ ਪੜ੍ਹਦਿਆਂ ਸ਼ਨੀਵਾਰ ਨੂੰ ਲਾਇਬਰੇਰੀ ਦੀ ਅਲਮਾਰੀ ਖੁੱਲ੍ਹਦੀ ਸੀ। ਜਿਹੜੇ ਚੰਦ ਕੁ ਮੁੰਡੇ ਕਿਤਾਬਾਂ ਇਸ਼ੂ ਕਰਾਉਂਦੇ, ਉਨ੍ਹਾਂ ਵਿਚ ਮੈਂ ਇਕ ਸਾਂ। ਇਹ ਕਿਤਾਬਾਂ ਪੜ੍ਹਦਿਆਂ ਮੈਂ ਸੋਚਦਾ, ਏਦਾਂ ਦੇ ਵਾਕ ਤਾਂ ਮੈਂ ਵੀ ਜੋੜ ਸਕਦਾਂ। ਏਹੋ ਮੇਰਾ ਲੇਖਕ ਬਣਨ ਦਾ ਆਗ਼ਾਜ਼ ਹੋ ਸਕਦਾ।

? ਲਿਖਣ ਦੇ ਪ੍ਰੌਸੈੱਸ ਵਿਚ ਕਿਸ ਤਰ੍ਹਾਂ ਮਹਿਸੂਸ ਹੋਇਆ।

-ਪਹਿਲਾਂ ਤਾਂ ਮੇਰਾ ਸਵੈ-ਕਥਾਰਸਿਸ ਹੀ ਸੀ। ਜਿਹੜੇ ਮਸਲਿਆਂ ਨੂੰ ਮੈਂ ਜ਼ਾਹਰਾ ਤੌਰ ਤੇ ਹੱਥ ਨਹੀਂ ਸੀ ਪਾ ਸਕਦਾ, ਉਨ੍ਹਾਂ ਨੂੰ ਰਚਨਾਤਮਕ ਪੱਧਰ ਤੇ ਫੜ ਲੈਂਦਾ। ਆਮ ਜੀਵਨ ਵਿਚਲੀਆਂ ਅਸਫਲਤਾਵਾਂ ਨੂੰ ਲਿਖਤੀ ਸੰਸਾਰ ਵਿਚ ਸਫ਼ਲ ਹੁੰਦੀਆਂ ਦਿਖਾ ਦਿੰਦਾ। ਜਿਵੇਂ ਗੱਪੀ ਲੋਕ ਕਰਦੇ ਨੇ। ਸਾਡਾ ਇਕ ਯਾਰ ਹੁੰਦਾ ਸੀ। ਉਹ ਜਿਸ ਤਰ੍ਹਾਂ ਦੀਆਂ ਪ੍ਰੇਮ ਕਹਾਣੀਆਂ ਰਾਤੀਂ ਮੰਜੇ ਤੇ ਪਿਆ ਕਿਆਸਦਾ ਸੀ, ਉਸਦੀ ਪੂਰੀ ਸਟੋਰੀ ਬਣਾ ਕੇ ਸਵੇਰੇ ਸੁਣਾ ਦਿੰਦਾ, ਜਿਵੇਂ ਹੋਈ ਬੀਤੀ ਹੋਵੇ। ਕਿਤੇ ਜ਼ਿਆਦਾ ਮਾਅਰਕੇਬਾਜ਼ੀ ਆ ਜਾਂਦੀ ਤਾਂ ਅਸੀਂ ਆਖਦੇ, ਨਹੀਂ



ਭਾ, ਇਥੋਂ ਗੱਲ ਹਜ਼ਮ ਨਹੀਂ ਹੋ ਰਹੀ। ਤਾਂ ਉਹ ਖਸਿਆਣੀ ਹਾਸੀ ਵਿਚ ਕਹਿੰਦਾ, ਚਲੋ ਥੋੜ੍ਹੀ ਕੁ ਸੈਂਸਰ ਕਰ ਲਓ। ਆਪਣੇ ਕੇਸ ਵਿਚ ਮੈਂ ਸਾਹਿਤਕ ਯਥਾਰਥ ਦਾ ਨੁਸਖ਼ਾ ਵਰਤ ਲੈਂਦਾ। ਉਂਜ ਇਹ ਅਜਬ ਜਿਹਾ ਵਰਤਾਰਾ ਹੈ। ਅਸੀਂ ਹਕੀਕਤ ਤੇ ਸੁਪਨਿਆਂ ਨੂੰ ਜੋੜ ਕੇ ਕਿਸੇ ਤਹਿਰੀਰ ਨੂੰ ਪੂਰੀ ਕਰ ਲੈਂਦੇ ਹਾਂ। ਏਹੀ ਸਾਹਿਤ ਦਾ ਸੱਚ ਹੈ। ਇਹ ਜੀਵਨ ਵਿਚਲੇ ਗੈਪ ਮੇਲਦਾ ਹੈ। ਲੇਖਕ ਦੀਆਂ ਅੰਦਰਲੀਆਂ ਡਾਟਸ ਨੂੰ ਇਕ ਆਕ੍ਰਿਤੀ ਦਿੰਦਾ ਹੈ। ਲਿਖਤ ਦੇ ਮਾਧਿਅਮ ਰਾਹੀਂ ਅਸੀਂ ਆਪਣੇ ਅੰਦਰਲੇ ਅਧੂਰੇਪਨ ਨੂੰ ਪੂਰਨ ਕਰਨ ਦੇ ਰਾਹੇ ਪੈਨੇ ਆਂ।

? ਇਹ ਜਿਹੜੇ ਤੇਰੇ ਯਾਰ ਮਿੱਤਰ ਗੱਲਾਂ ਕਰਦੇ ਨੇ ਕਿ ਤੂੰ ਆਪਣੀਆਂ ਲਿਖਤਾਂ ਵਿਚ ਜਣੀ ਜਣੇ ਦੇ ਸਾਂਗੇ ਨੂੰ ਬੜਾ ਉਭਾਰ ਕੇ ਲਿਖਦਾਂ, ਇਹ ਕੀ ਮਾਜਰਾ।

-ਉਹੀ ਮਾਜਰਾ ਜਿਹੜਾ ਮੈਂ ਪਹਿਲਾਂ ਸਾਂਝਾ ਕੀਤਾ। ਦੱਬੂ ਤਬੀਅਤ ਦਾ ਇਕ ਨੁਕਸਾਨ ਇਹ ਹੋਇਆ ਕਿ ਜਵਾਨੀ ਦੀ ਉਮਰੇ ਕਿਸੇ ਹਾਣ ਦੀ ਕੁੜੀ ਨਾਲ ਸਾਂਝ ਨਾ ਬਣ ਸਕੀ। ਇਹ ਅਧੂਰਾਪਨ ਅੰਤਰ ਆਤਮਾ ਨੂੰ ਤੜਫਾਉਂਦਾ ਸੀ। ਸਰੀਰ ਦਾ ਤੰਤੂ-ਪ੍ਰਬੰਧ ਅੱਪ-ਸੈੱਟ ਹੁੰਦਾ। ਬਾਹਰੀ ਤੌਰ ਤੇ ਕੁਝ ਕਰ ਗੁਜ਼ਰਨ ਦੀ ਸੰਭਾਵਨਾ ਬੜੀ ਪੇਤਲੀ ਸੀ ਪਰ ਲਿਖਣ ਦੇ ਪੱਧਰ 'ਤੇ ਸਾਰਾ ਕੁਝ ਵੱਸ ਵਿਚ ਸੀ। ਉਹ ਅਮੋੜ ਖ਼ਾਹਸ਼ਾਂ ਤੇ ਵਿਗੜੈਲ ਤਬੀਅਤਾਂ ਪੈੱਨ ਦੀ ਚੁੰਝ ਵਿਚੋਂ ਆਪਣਾ ਹੱਕ ਹਾਸਲ ਕਰਨ ਲੱਗੀਆਂ। ਇੰਜ ਅੰਦਰਲਾ ਕਸਾਓ ਕਾਫੀ ਹੱਦ ਤੱਕ ਢਿੱਲਾ ਪੈਂਦਾ ਸੀ। ਇਸ ਅਮਲ 'ਚੋਂ ਗੁਜ਼ਰਦਿਆਂ ਮੈਂ ਮਨੁੱਖੀ ਮਨ ਦੀਆਂ ਚੇਸ਼ਟਾਵਾਂ, ਰਿਸ਼ਤਿਆਂ, ਸਬੰਧਾਂ ਤੇ ਮਨੋਵਿਗਿਆਨਕ ਮਸਲਿਆਂ ਦੀਆਂ ਬਾਰੀਕ ਤੰਦਾਂ ਫੜਨ ਲੱਗਾ। ਸੋਚਣ ਦਾ ਮਰਕਜ਼ ਮਨੁੱਖੀ ਫਿਤਰਤ ਦੁਆਲੇ ਘੁੰਮਣ ਲੱਗਾ। ਮੈਨੂੰ ਜਾਪਿਆ ਬੰਦੇ ਦੀਆਂ ਦੁਸ਼ਵਾਰੀਆਂ, ਮੁਸ਼ਕਲਾਂ, ਗੁੰਝਲਾਂ ਦਾ ਸਬੰਧ ਕਿਧਰੇ ਜਿਨਸੀ ਸਬੰਧਾਂ ਨਾਲ ਜੁੜਿਆ ਹੋਇਆ। ਬੰਦਾ ਸਮਾਜਕ ਮਰਿਆਦਾਵਾਂ ਤੇ ਕੁਦਰਤੀ ਵਰਤਾਰਿਆਂ ਵਿਚ ਜਕੜਿਆ ਪਿਆ। ਉਹਦੀ ਮਾਨਸਿਕਤਾ ਆਰੋਪਤ ਤੇ ਆਜ਼ਾਦ ਸਰੋਕਾਰਾਂ ਦਰਮਿਆਨ ਲਮਕੀ ਹੋਈ ਹੈ। ਉਹ ਦੋ ਪੁੜਾਂ ਵਿਚਾਲੇ ਹੈ। ਉਹ ਨਿਰੰਤਰ ਇਕ ਘੋਲ਼ ਵਿਚ ਹੈ।

? ਇਸ ਦੋਹਰੀ ਮਨੋਵਿਗਿਆਨਕ ਬਣਤਰ ਨੂੰ ਆਪਣੇ ਨਾਲ ਜੋੜ ਕੇ ਦੱਸ।

-ਮੈਂ ਵੀ ਇਸ ਨਿਯਮਬੱਧ ਸਮਾਜ ਦਾ ਇਕ ਅੰਗ ਹਾਂ। ਸਮਾਜਕ ਤੇ ਪਰਿਵਾਰਕ ਗਲਿਆਰਿਆਂ ਵਿਚ ਇਕ ਕਮਾਊ ਤੇ ਵਫ਼ਾਦਾਰ ਪਤੀ। ਜਿੰਮੇਵਾਰ ਬਾਪ ਤੇ ਹੱਕ ਸਨਾਸ਼ ਵਿਅਕਤੀ। ਮੈਂ ਜਿਸ ਧਰਮ ਵਿਚ ਜੰਮਿਆ ਉਸ ਦਾ ਹੁਕਮ ਹੈ- ਪਰ ਨਾਰੀ ਕੀ ਸੇਜ ਭੂਲ ਸੁਪਨੇ ਮੱਤ ਜਈਓ। ਧਰਮ ਬਹੁਤ ਸਾਰੇ ਕੁਦਰਤੀ ਜਜ਼ਬਿਆਂ ਤੇ ਪ੍ਰਤੀਬੰਧ ਲਾਉਂਦਾ। ਕਾਮ, ਕਰੋਧ, ਲੋਭ, ਮੋਹ, ਹੰਕਾਰ ਸਭ ਨਕਾਰਨਯੋਗ ਨੇ। ਸਾਡੀ ਹੋਂਦ ਦਾ ਨੈਚੁਰਲ ਪਹਿਲੂ ਕਿਸੇ ਉਪਦੇਸ਼ ਨੂੰ ਨਹੀਂ ਮੰਨਦਾ। ਉਹ ਪ੍ਰਾਪਤ ਸੱਚ ਦੇ ਨਿਕਾਸ ਲਈ ਗੁਪਤ ਰਾਹਾਂ ਦੀ ਤਲਾਸ਼ ਵਿਚ ਭਟਕਦਾ ਹੈ। ਉਹ ਰਾਹ ਜਿਹੜੇ ਵੇਖਣ ਨੂੰ ਗ਼ੈਰ-ਸਮਾਜਕ, ਗ਼ੈਰ-ਨੈਤਿਕ, ਗ਼ੈਰ-ਧਾਰਮਕ ਲੱਗਦੇ ਨੇ। ਉਹ ਰਿਸ਼ਤਿਆਂ ਦੀ ਵਿਆਕਰਣ ਰੱਦ ਕਰਦਾ ਹੈ ਤੇ ਮਨ ਭਾਉਂਦੀਆਂ ਸਾਂਝਾਂ ਸਿਰਜਦਾ ਹੈ। ਸਦੀਆਂ ਗਵਾਹ ਨੇ ਕਿ ਇਸ ਪੈੜਚਾਲ ਤੇ ਤੁਰਦਿਆਂ ਬੰਦੇ ਨੇ ਕਿੰਨੀਆਂ ਲਛਮਣ ਰੇਖਾਵਾਂ ਉਲੰਘੀਆਂ। ਕਿੰਨੀ ਵਾਰ ਉਹ ਕੁਦਰਤ ਨਾਲ ਇਕ ਸੁਰ ਹੋਇਆ। ਮੈਂ ਵੀ ਬਹੁਤ ਵਾਰ ਇੰਜ ਕੀਤਾ। ਮੈਨੂੰ ਲੱਗਾ ਇਸ ਨਾਲ ਮੇਰੀ ਇਕ ਵੱਖਰੀ ਵਿੰਡੋ ਖੁੱਲ੍ਹੀ ਹੈ। ਡਰ, ਹੁਲਾਸ, ਦੀਦਾ-ਦਲੇਰੀ ਤੇ ਅਵੱਗਿਆ ਵਿਚੋਂ ਇਕ ਵੱਖਰਾ ਸੰਸਾਰ ਵੇਖਿਆ। ਜ਼ੁਬਾਨ ਦੀ ਥਿੜਕਨ ਤੇ ਮਨ ਦੀਆਂ ਲੁੱਡੀਆਂ ਜਿਹਾ ਜਸ਼ਨ। ਇਹ ਮਨੁੱਖੀ ਫਿਤਰਤ ਦੀ ਇਕ ਵੱਖਰੀ ਡਾਇਮੈਨਸ਼ਨ ਹੈ। ਅੱਧਿਓਂ ਵੱਧ ਲਿਟਰੇਚਰ ਇਸ ਥਰਡ ਡਾਇਮੈਨਸ਼ਨ ਨੂੰ ਮੁਖ਼ਾਤਿਬ ਹੈ। ਮੈਨੂੰ ਆਪਣੇ ਕੇਸ ਵਿਚ ਇੰਜ ਹੀ

ਲੱਗਦਾ।

? ਪਰ ਜਿਹੜੀ ਗੱਲ ਤੇਰੇ ਸਮਕਾਲੀ ਸਾਹਿਤ ਰਾਹੀਂ ਸਮਾਜ ਨੂੰ ਬਦਲਣ ਦੀ ਕਰਦੇ ਨੇ, ਉਸ ਬਾਰੇ ਕਿਵੇਂ ਸੋਚਦੈਂ।

-ਮੈਂ ਬਹੁਤਾ ਸਪੱਸ਼ਟ ਨਹੀਂ ਹਾਂ। ਦੁਚਿੱਤੀ ਦਾ ਸ਼ਿਕਾਰ ਹਾਂ। ਮੇਰੇ ਸਾਹਮਣੇ ਕੁੱਲ ਧਰਮ ਪਏ ਨੇ, ਸਮਾਜਕ ਨੇਮ ਤੇ ਮੌਰਲ ਵੈਲਿਊਜ਼ ਦਾ ਜਮਘਟਾ ਹੈ। ਮਨੁੱਖ ਨੂੰ ਸੁਧਾਰਨ, ਲੀਹੇ ਪਾਉਣ, ਪੜ੍ਹਾਉਣ ਤੇ ਸੁਆਰਨ ਦੇ ਉਪਦੇਸ਼ਾਂ ਦਾ ਕੋਈ ਅੰਤ ਨਹੀਂ। ਕੀ ਪੜ੍ਹੇ, ਕੀ ਅਨਪੜ੍ਹ ਸਭ ਬਹੁਤ ਹੱਦ ਤੱਕ ਇਨ੍ਹਾਂ ਉਪਦੇਸ਼ਾਂ ਤੋਂ ਜਾਣੂ ਨੇ। ਪਰ ਹਕੀਕਤ ਇਹ ਹੈ ਕਿ ਸਮਾਜ ਤੋਂ ਉਹਲਾ ਲੈਂਦੇ ਸਮੇਂ ਤੱਤਫੱਟ ਉਹ ਸਭ ਕੁਝ ਭੁੱਲ ਜਾਂਦੇ ਨੇ। ਗੱਲ ਨੂੰ ਹੋਰ ਸਾਫ਼ ਕਰੀਏ ਤਾਂ ਵੇਖਦੇ ਹਾਂ ਕਿ ਇਕ ਨਿੱਤਨੇਮੀ ਧਾਰਮਕ ਬੰਦਾ ਵੀ ਦਫ਼ਤਰੀਤੰਤਰ ਵਿਚ ਰਿਸ਼ਵਤਖ਼ੋਰੀ ਦਾ ਗ਼ੁਲਾਮ ਹੈ। ਖ਼ੁਦ ਨੂੰ ਜਤੀ ਸਤੀ ਕਹਾਉਣ ਵਾਲੇ ਸੰਤ ਮਹਾਤਮਾ ਸੈੱਕਸ ਸਕੈਂਡਲਾਂ ਵਿਚ ਜਕੜੇ ਹਨ। ਸਾਡਾ ਪੁਲਿਟੀਕਲ ਸਿਸਟਮ ਵੀ ਏਸੇ ਗੱਲ ਦਾ ਗਵਾਹ ਹੈ। ਕਿਸੇ ਦਾ ਹੱਥ ਲਿੱਬੜਿਆ, ਕਿਸੇ ਦਾ ਮੂੰਹ, ਕਿਸੇ ਦਾ ਕੁਝ ਹੋਰ। ਇਹ ਜਾਣਦਿਆਂ ਕਿ ਫਲਾਣਾ ਕੰਮ ਗ਼ੈਰ ਸਮਾਜੀ ਹੈ, ਫਿਮਕਾਣਾ ਧਾਰਮਕ ਮਾਨਤਾਵਾਂ ਦੇ ਵਿਰੁੱਧ ਹੈ, ਉਹ ਉਸਨੂੰ ਅੰਜਾਮ ਦੇਣੋ ਨਹੀਂ ਟਲਦਾ। ਸਾਹਿਤ ਸਾਰਿਆਂ ਲਈ ਹੈ ਜਾਂ ਨਹੀਂ? ਮੈਂ ਬਹੁਤ ਕਲੀਅਰ ਹਾਂ ਕਿ ਕੋਈ ਵੀ ਇਕ ਚੀਜ਼ ਸਾਰਿਆਂ ਲਈ ਨਹੀਂ ਹੁੰਦੀ। ਸਾਡੇ ਆਸੇ ਪਾਸੇ ਕਿੰਨੇ ਕੁ ਲੋਕ ਸਾਹਿਤ ਨਾਲ ਜੁੜੇ ਨੇ? ਬਹੁਤੇ ਲੋਕ ਤਾਂ ਅਖ਼ਬਾਰ ਵੀ ਨਹੀਂ ਪੜ੍ਹਦੇ। ਬਹੁਤ ਮਾਈਨਰ ਜਿਹੀ ਪਰਸੈਂਟਟੇਜ ਸਾਹਿਤ ਨਾਲ ਜੁੜੀ ਹੈ। ਉਨ੍ਹਾਂ ਵਿਚੋਂ ਵੀ ਬਹੁਤ ਸਾਰੇ ਅੱਡੋ ਅੱਡਰੇ ਟੈਂਪਰਾਮੈਂਟ ਦੇ ਮਾਲਕ ਨੇ। ਮੈਂ ਸਮਝਦਾਂ ਕਿ ਸਾਹਿਤ ਜੀਵਨ ਦੇ ਅਨੁਭਵਾਂ, ਵਰਤਾਰਿਆਂ ਤੇ ਵਿਚਾਰਾਂ ਨੂੰ ਇਕ ਦੂਜੇ ਨਾਲ ਸਾਂਝਾ ਕਰਨ ਦਾ ਸਾਧਨ ਹੈ। ਲਿਖਾਰੀ ਬੰਦਾ ਅਣਕਹੇ, ਅਣਵਰਤੇ ਤੇ ਅਣਸੁਲਝੇ ਸ਼ਬਦਾਂ ਤੇ ਸੂਖ਼ਮ ਖ਼ਿਆਲਾਂ ਨੂੰ ਜ਼ੁਬਾਨ ਦਿੰਦਾ ਹੈ। ਉਹ ਜੀਵਨ ਦੇ ਅਰਥਾਂ ਨੂੰ ਵਸੀਹ ਕਰਦਾ ਹੈ। ਉਹ ਸਾਹਿਤ ਦੇ ਆਸਰੇ ਕੋਈ ਇਨਕਲਾਬ ਦਾ ਪਰਚਮ ਚੁੱਕ ਕੇ ਨਿਕਲਣ ਵਾਲਾ ਕੋਈ ਸਾਹਿਤਕ-ਸਿਪਾਹੀ ਹੈ, ਇਸ ਬਾਰੇ ਮੈਨੂੰ ਸ਼ੱਕ ਹੈ। ਸਾਹਿਤਕਾਰ ਲੋਕਾਂ ਸਾਹਮਣੇ ਕੋਈ ਨਵਾਂ ਉਪਦੇਸ਼ ਪਰੋਸ ਕੇ ਜਾਂ ਕੋਈ ਨਿਵੇਕਲਾ ਨਾਅਰਾ ਦੇ ਕੇ ਸਮੁੱਚੇ ਅਵਾਮ ਨੂੰ ਲਾਮਬੰਦ ਕਰ ਲਏ, ਘੱਟੋ ਘੱਟ ਇਸ ਯੁਗ ਵਿਚ ਤਾਂ ਇਹ ਕਤੱਈ ਮੁਮਕਿਨ ਨਹੀਂ।

? ਤੂੰ ਆਪਣੇ ਸਮਕਾਲੀ ਲੇਖਕਾਂ ਬਾਰੇ ਕਿਵੇਂ ਸੋਚਦੈਂ।

-ਮੇਰੇ ਸਾਹਮਣੇ ਲਿਖਣ ਵਾਲਿਆਂ ਦੀ ਇਕ ਤਕੜੀ ਢਾਣੀ ਕਾਇਮ ਹੈ। ਇਕ ਤੋਂ ਇਕ ਉਮਦਾ ਸੋਚ ਦੇ ਮਾਲਕ ਤੇ ਵਧੀਆ ਤੋਂ ਵਧੀਆ ਲਿਖਣ ਹੁਨਰ ਦੇ ਮਾਹਰ। ਇਹ ਸਾਰੇ ਮੇਰੇ ਤੋਂ ਕਿਤੇ ਵੱਧ ਪੜ੍ਹਨ, ਗੁੜ੍ਹਨ ਤੇ ਲਿਖਣ ਵਿਚ ਚੋਖ਼ੀ ਮੁਹਾਰਤ ਰੱਖਦੇ ਨੇ। ਮੈਨੂੰ ਇਨ੍ਹਾਂ ਨਾਲ ਜੈਲਸੀ ਵੀ ਹੁੰਦੀ ਆ। ਜੈਲਸੀ ਹੋਣਾ ਬਹੁਤ ਵਧੀਆ ਗੱਲ ਆ। ਜੈਲਸੀ ਓਸੇ ਨਾਲ ਹੁੰਦੀ ਆ ਜਿਹੜਾ ਆਪਣੇ ਤੋਂ ਅੱਗੇ ਹੋਵੇ, ਭਾਵੇਂ ਦੋ ਰੱਤੀਆਂ ਹੀ। ਇਸੇ ਤੋਂ ਸਾਨੂੰ ਅਗਾਂਹ ਤੁਰਨ ਦਾ ਬਲ ਮਿਲਦਾ।

? ਤੇ ਆਲੋਚਕ।

-ਸਾਡੇ ਪੰਜਾਬੀ ਮੁਆਸ਼ਰੇ ਵਿਚ ਆਲੋਚਨਾ ਰਚਨਾਤਮਕ ਕਾਰਜ ਦੇ ਹਾਣ ਦੀ ਨਹੀਂ। ਲਿਖਣ ਵਾਲੇ ਅੱਗੇ ਨੇ ਤੇ ਪੁਣਛਾਣ ਕਰਨ ਵਾਲੇ ਪਿੱਛੇ। ਆਲੋਚਨਾ ਵਾਲੇ ਬੜੀ ਸਤਹੀ ਪੱਧਰ 'ਤੇ ਵਿਚਰਦੇ ਨੇ। ਉਹ ਪੱਖ ਪੂਰਦੇ ਨੇ ਜਾਂ ਨਕਾਰਦੇ ਨੇ। ਉਨ੍ਹਾਂ ਕੋਲ ਕੋਈ ਸੇਧ ਨਹੀਂ, ਕੋਈ ਨਵੀਂ ਗੱਲ ਨਹੀਂ। ਉਹ ਮਹਿਜ਼ ਵਿਆਖਿਆ ਕਰਦੇ ਨੇ। ਕਹਾਣੀ ਹੋਵੇ, ਨਾਵਲ ਜਾਂ ਕਵਿਤਾ। ਦੋਂਹ ਤਿੰਨਾਂ ਨੂੰ ਛੱਡ ਕੇ ਬਾਕੀਆਂ ਦਾ ਤਾਂ ਰੱਬ ਈ ਰਾਖਾ।



? ਭਵਿੱਖ ਵਿਚ ਤੇਰੇ ਕੀ ਪ੍ਰਯੋਜਨ ਨੇ।

-ਕੋਈ ਖਾਸ ਨਹੀਂ। ਮੈਨੂੰ ਮਾੜਾ ਮੋਟਾ ਸ਼ਬਦਾਂ ਦੀ ਜੜਤ ਦਾ ਹੁਨਰ ਆ ਗਿਆ, ਏਨਾ ਹੀ ਕਾਫੀ ਆ। ਕੋਈ ਨਵੀਂ ਗੱਲ ਹੱਥ ਆ ਜਾਏ, ਲਿਖਣ ਗੋਚਰੀ ਜਾਪੇ ਤਾਂ ਲਿਖੀ ਜਾ ਸਕਦੀ ਆ। ਨਾ ਆਏ ਤਾਂ ਕੋਈ ਚਿੰਤਾ ਵਾਲੀ ਗੱਲ ਨਹੀਂ। ਇਹ ਕੋਈ ਆਰਡਰ ਭੁਗਤਾਉਣ ਵਾਲੀ ਗੱਲ ਤਾਂ ਹੈ ਨਹੀਂ, ਕਿ ਕੋਈ ਫ਼ੋਨ ਆਇਆ ਤਾਂ ਮਾਲ ਤਿਆਰ (ਇਕ ਆਪਣੇ ਯਾਰ ਜਿੰਦਰ ਨੂੰ ਛੱਡ ਕੇ ਜਿਹੜਾ ਗਲ਼ ਵਿਚ ਅੰਗੂਠਾ ਦੇ ਕੇ ਜੋ ਚਾਹੇ ਲਿਖਵਾ ਲੈਂਦਾ)। ਹਕੀਕਤ ਵਿਚ ਮੈਂ ਘੌਲ਼ੀ ਸੁਭਾਅ ਦਾ ਬੰਦਾ ਵਾਂ। ਗੱਲ ਨੂੰ ਐਵੇਂ ਲਟਕਾ ਛੱਡਦਾਂ। ਅਗਾਂਹ ਹੀ ਪਾਈ ਜਾਨਾਂ। ਕਈ ਲਿਖਤਾਂ ਏਸੇ ਘੌਲ਼ ਦੀ ਭੇਟ ਚੜ੍ਹ ਗਈਆਂ।

? ਕੋਈ ਹੋਰ ਗੱਲ।

-ਮੈਂ ਨਾਸਤਕ ਬੰਦਾ ਵਾਂ। ਪਹਿਲ ਪਲੇਠੇ ਸਮੇਂ ਵਿਚ ਮੇਰੇ ਉਪਰ ਪਰਿਵਾਰਕ ਧਾਰਮਕਤਾ ਦਾ ਬੜਾ ਗਹਿਰਾ ਅਸਰ ਸੀ। ਮੈਂ ਪਾਠ ਕਰਦਾ ਸਾਂ। ਨੇਮ ਨਾਲ ਗੁਰਦੁਆਰੇ ਜਾਂਦਾ ਸਾਂ। ਕੀਰਤਨ ਜਥਿਆਂ ਨਾਲ ਜਾਂਦਾ ਸਾਂ। ਫਿਰ ਅਚਾਨਕ ਸੋਚ ਨੇ ਕਰਵਟ ਲੈ ਲਈ। ਮੈਂ ਤਰਕਸ਼ੀਲ ਸੋਚ ਦਾ ਧਾਰਨੀ ਬਣ ਗਿਆ। ਰੱਬ ਦੀ ਹੋਂਦ ਤੋਂ ਮੁਨਕਰ ਲਿਟਰੇਚਰ ਪੜ੍ਹਿਆ ਤਾਂ ਬੜਾ ਕੁਝ ਸਾਫ਼ ਹੋਇਆ। ਇਕ ਹੋਰ ਗੱਲ, ਬਚਪਨ ਵਿਚ ਵੱਡਿਆਂ ਵੱਲੋਂ ਪਾਏ ਡਰ ਕਾਰਨ ਸੁਪਨਿਆਂ ਦੀ ਦੁਨੀਆ ਬੜੀ ਖ਼ੌਫ਼ਜ਼ਦਾ ਸੀ। ਮੈਂ ਸੁਚੇਤ ਪੱਧਰ 'ਤੇ ਯਤਨ ਕਰਕੇ ਆਪਣੇ ਸੁਪਨਿਆਂ 'ਚੋਂ ਉਹ ਰੌਲ਼ਾ ਗੌਲ਼ਾ ਕੱਢਿਆ। ਹੁਣ ਸੁਪਨੇ ਸਾਫ਼ ਤੇ ਮਾਨਣਯੋਗ ਨੇ। ਜੀਵਨ ਵੀ ਵਾਧੂ ਬੋਝਾਂ ਤੋਂ ਮੁਕਤ ਹੈ। ਵਧੀਆ ਯਾਰਾਂ ਦਾ ਸਾਥ ਹੈ। ਤੂੰ ਕੁਝ ਹੋਰ ਪੁੱਛਣਾ ਤਾਂ ਪੁੱਛ ਲੈ। ਕੀ ਆਖਿਆ, ਨਹੀਂ? ਚੰਗਾ ਭਾਈ ਮਿਲਦੇ ਗਿਲਦੇ ਰਹਾਂਗੇ।

**ਮੋਬਾਇਲ : 98721-78035**


## ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
## ਦੀਆਂ ਨਵੀਆਂ ਪੁਸਤਕਾਂ

**ਪਰਵਾਸੀਆਂ ਦੀਆਂ ਕਹਾਣੀਆਂ**
**ਸੰਪਾਦਕ : ਹਰਚੰਦ ਸਿੰਘ ਬੇਦੀ**
**(20 ਕਹਾਣੀਆਂ ਦਾ ਸੰਗ੍ਰਹਿ)**

ਪਰਦੇਸ/ਸੁਚਿੱਤਰਾ ਭੱਟਾਚਾਰੀਆ (ਨਾਵਲ) ਅਨੁ : ਰਾਬਿੰਦਰ ਸਿੰਘ ਬਾਠ,
ਸਾਡੇ ਸਮੇਂ ਦਾ ਨਾਇਕ/ਯੂਰੀ ਲੇਰਮਨਤੋਵ (ਨਾਵਲ) ਅਨੁ : ਗੁਰਬਖ਼ਸ਼ ਸਿੰਘ ਫਰੈਂਕ
ਪੁਲ ਕੰਜਰੀ/ਨਿਰਮਲ ਅਰਪਨ (ਕਲਾਕ੍ਰਿਤੀ)
ਰਾਤ ਦੀ ਰਾਣੀ/ਭੁਪਿੰਦਰ ਸਿੰਘ ਸੂਦਨ (ਨਾਵਲ)
ਜੁੱਤੀ ਸੰਕਲਪ ਤੇ ਸਭਿਆਚਾਰ/ਗੁਰਿੰਦਰਬੀਰ ਸਿੰਘ (ਖੋਜ)

# ਕਾਰਜ ਕਰਦੇ ਜਾਓ, ਫਲ ਦੀ ਆਸ ਨਾ ਰੱਖੋ : ਬਲਦੇਵ ਸਿੰਘ

## ਮੁਲਾਕਾਤੀ : ਜਿੰਦਰ

ਕਦੇ ਸਮਾਂ ਹੁੰਦਾ ਸੀ ਕਿ ਸਾਹਿਤ ਅਕੈਡਮੀ ਅਵਾਰਡ ਦਾ ਇਕ ਨਿਸ਼ਚਿਤ ਮਿਆਰ ਹੁੰਦਾ ਸੀ। ਫੇਰ ਜਦੋਂ ਵਿਸ਼ਵਨਾਥ ਤਿਵਾੜੀ ਤੇ ਸੁਖਪਾਲਵੀਰ ਸਿੰਘ ਹਸਰਤ ਨੂੰ ਇਹ ਅਵਾਰਡ ਮਿਲਿਆ ਤਾਂ ਇਸ ਬਾਰੇ ਬਹੁਤ ਹੀ ਜ਼ਿਆਦਾ ਕਿਤੂੰ-ਪ੍ਰੰਤੂ ਹੋਏ ਸਨ। ਕੁਝ ਸਾਲਾਂ ਦੀ ਖਾਮੋਸ਼ੀ ਮਗਰੋਂ ਜਦੋਂ ਹਰਿੰਦਰ ਸਿੰਘ ਮਹਿਬੂਬ ਨੂੰ 'ਝਨਾਂ ਦੀ ਰਾਤ' 'ਤੇ ਇਹ ਅਵਾਰਡ ਮਿਲਿਆ ਤਾਂ ਪੰਜਾਬੀ ਸਾਹਿਤ ਦੇ ਗੰਭੀਰ ਪਾਠਕਾਂ ਨੂੰ ਚਿੰਤਾ ਹੋਈ ਸੀ ਕਿ ਕੀ ਇਹ ਕਾਵਿ-ਸੰਗ੍ਰਹਿ ਇਸ ਅਵਾਰਡ ਦੇ ਯੋਗ ਸੀ ਵੀ ਕਿ ਨਹੀਂ। ਇਸ ਅਵਾਰਡ 'ਚ ਉਦੋਂ ਤੋਂ ਬਹੁਤ ਹੀ ਜ਼ਿਆਦਾ ਨਿਘਾਰ ਆਉਣਾ ਸ਼ੁਰੂ ਹੋ ਗਿਆ ਸੀ ਤੇ ਇਸ ਦੀ ਸਿਖਰ ਸੀ ਸਤਿੰਦਰ ਸਿੰਘ ਨੂਰ ਦੀ ਅਤਿ ਨਿਮਨ ਦਰਜੇ ਦੀ ਪੁਸਤਕ। ਨੂਰ 'ਦਿੱਲੀ ਦਰਬਾਰ' ਦੀ ਇਕ ਸ਼ਕਤੀ ਸੀ ਤੇ ਇਸ 'ਸ਼ਕਤੀ' ਤੋਂ ਡਰਦਾ ਹੋਇਆ ਕੋਈ ਬੋਲਿਆ ਨਹੀਂ ਸੀ। ਉਨ੍ਹੀਂ ਦਿਨੀਂ ਦਬੀ ਸੁਰ 'ਚ ਇਹ ਗੱਲ ਜ਼ਰੂਰ ਚਲੀ ਸੀ ਕਿ ਸਾਹਿਤ ਅਕੈਡਮੀ ਅਵਾਰਡ ਤਾਂ ਉਸੇ ਨੂੰ ਹੀ ਮਿਲੇਗਾ ਜੋ 'ਦਿੱਲੀ ਦਰਬਾਰ' ਦੀ 'ਗੁੱਡ ਵਿਲ' 'ਚ ਹੋਵੇਗਾ। ਇਹ ਦਿੱਲੀ ਦਰਬਾਰ ਅੱਜ ਕਲ੍ਹ ਵੀ ਯੋਜਨਾਬੱਧ ਢੰਗ-ਤਰੀਕੇ ਅਪਨਾਉਂਦਾ ਹੈ। ਗਰਾਊਂਡ-ਬੇਸ 'ਤੇ ਪੁਸਤਕਾਂ ਦੀ ਚੋਣ ਕਰਨ ਲਗਿਆਂ ਆਪਣੇ ਚਹੇਤਿਆਂ ਦਾ



ਪੂਰਾ-ਪੂਰਾ ਖਿਆਲ ਰੱਖਿਆ ਜਾਂਦਾ ਹੈ। ਦਸ ਐਕਸਪਰਟਾਂ 'ਚੋਂ ਛੇ ਐਕਸਪਰਟ ਉਹ ਹੁੰਦੇ ਹਨ ਜਿਹੜੇ ਉਨ੍ਹਾਂ ਦੀ 'ਹਾਂ' ਨੂੰ ਆਪਣੀ ਹਾਂ ਮੰਨਦੇ ਹਨ। ਜਿਊਰੀ ਦੇ ਤਿੰਨ ਮੈਂਬਰਾਂ 'ਚੋਂ ਦੋ ਮੈਂਬਰ ਅਜਿਹੇ ਲਏ ਜਾਂਦੇ ਹਨ ਜਿਨ੍ਹਾਂ ਉਸ ਹੀ ਪੁਸਤਕ ਦੀ ਚੋਣ ਕਰਨੀ ਹੁੰਦੀ ਹੈ ਜਿਨ੍ਹਾਂ ਨੂੰ 'ਦਿੱਲੀ ਦਰਬਾਰ' ਹਰੀ ਝੰਡੀ ਦਿੰਦਾ ਹੈ। ਕਿਸੇ ਵੀ ਚੰਗੀ ਪੁਸਤਕ ਦਾ ਉਨ੍ਹਾਂ ਲਈ ਕੋਈ ਮਹੱਤਵ ਨਹੀਂ ਹੁੰਦਾ। ਅਜਿਹੇ ਸਮੇਂ ਤੇ ਅਜਿਹੇ ਮਾਹੌਲ 'ਚ ਬਲਦੇਵ ਸਿੰਘ ਨੂੰ ਸਾਹਿਤ ਅਕੈਡਮੀ ਅਵਾਰਡ ਮਿਲਣਾ ਪੰਜਾਬੀ ਦੇ ਗੰਭੀਰ ਪਾਠਕਾਂ ਨੂੰ ਅਚੰਭਤ ਕਰਦਾ ਹੈ। ਮੈਂ ਆਪ ਅਚੰਭਤ ਹੋਇਆ ਹਾਂ ਪਰ ਇਸ ਵਾਰ ਸਤੁੰਸ਼ਟੀ ਵਾਲੀ ਗੱਲ ਇਹੀ ਹੈ ਕਿ ਬਲਦੇਵ ਸਿੰਘ ਨੂੰ ਇਹ ਵਕਾਰੀ ਅਵਾਰਡ ਮਿਲਿਆ ਹੈ। ਉਹ ਇਸ ਅਵਾਰਡ ਦਾ ਹੱਕਦਾਰ ਸੀ। ਜੇ ਇਹ ਅਵਾਰਡ ਕੁਝ ਸਾਲ ਪਹਿਲਾਂ 'ਅੰਨਦਾਤਾ' ਨੂੰ ਮਿਲ ਜਾਂਦਾ ਤਾਂ....। ਬਲਦੇਵ ਸਿੰਘ ਨੂੰ ਅਵਾਰਡ ਦੇਣ ਵਾਲੀ ਜਿਊਰੀ 'ਚ ਸ੍ਰੀਮਤੀ ਦਲੀਪ ਕੌਰ ਟਿਵਾਣਾ, ਕਰਮਜੀਤ ਸਿੰਘ (ਕੁਰੂਕਸ਼ੇਤਰ) ਤੇ ਬਲਬੀਰ ਮਾਧੋਪੁਰੀ ਸ਼ਾਮਿਲ ਸਨ। ਪਹਿਲੀ ਵਧਾਈ ਤਾਂ ਇਨ੍ਹਾਂ ਮੈਂਬਰਾਂ ਨੂੰ ਹੀ ਦੇਣੀ ਬਣਦੀ ਹੈ ਕਿ ਉਨ੍ਹਾਂ ਇਸ ਅਵਾਰਡ 'ਚ ਮੁੜ ਤੋਂ ਲੇਖਕਾਂ ਦਾ ਵਿਸ਼ਵਾਸ ਪੈਦਾ ਕੀਤਾ ਹੈ। ਉਨ੍ਹਾਂ 'ਦਿੱਲੀ ਦਰਬਾਰ' ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਇਕ ਚੰਗੇ ਨਾਵਲਕਾਰ ਨੂੰ ਇਹ ਅਵਾਰਡ ਦਿੱਤਾ ਹੈ। ਉਸ ਲੇਖਕ ਨੂੰ ਦਿੱਤਾ ਹੈ ਜਿਹੜਾ



ਕਿ 'ਦਿੱਲੀ ਦਰਬਾਰ' ਦਾ ਲੇਖਕ ਨਹੀਂ ਸੀ। ਕਿਤੇ ਨਾ ਕਿਤੇ ਇਹ ਵਧਾਈ ਡਾ. ਦੀਪਕ ਮਨਮੋਹਨ ਸਿੰਘ ਨੂੰ ਵੀ ਦੇਣੀ ਬਣਦੀ ਹੈ।

? ਬਲਦੇਵ ਭਾਜੀ! ਸਭ ਤੋਂ ਪਹਿਲਾਂ ਤੁਹਾਨੂੰ ਭਾਰਤੀ ਸਾਹਿਤ ਅਕੈਡਮੀ ਅਵਾਰਡ ਮਿਲਣ ਲਈ ਮੇਰੇ ਤੇ 'ਅਦਾਰਾ ਸ਼ਬਦ' ਵੱਲੋਂ ਢੇਰ ਸਾਰੀਆਂ ਮੁਬਾਰਕਾਂ। ਗੱਲ ਤਾਂ ਕਿਤੋਂ ਵੀ ਸ਼ੁਰੂ ਕੀਤੀ ਜਾ ਸਕਦੀ ਹੈ। ਚਲੋ ਆਪਣੇ ਬਚਪਨ ਤੇ ਪੜ੍ਹਾਈ ਬਾਰੇ ਜਾਣਕਾਰੀ ਦਿਓ।

– ਜਦ ਪਿੱਛੇ ਮੁੜਕੇ ਵੇਖਦਾ ਹਾਂ ਤਾਂ ਬਹੁਤਾ ਕੁਝ ਮਾਣ ਕਰਨ ਵਾਲੀ ਗੱਲ ਨਹੀਂ ਹੈ। ਮਿਹਨਤੀ ਪਰਿਵਾਰ ਵਿਚ ਜਨਮ ਲਿਆ। ਹੋਸ਼ ਸੰਭਾਲਣ ਤੋਂ ਬਾਅਦ ਮੈਂ ਆਪਣੇ ਮਾਤਾ ਪਿਤਾ ਨੂੰ ਸਦਾ ਕੰਮ ਕਰਦਿਆਂ ਵੇਖਿਆ। ਜ਼ਿੰਦਗੀ ਵਿਚ ਆਪਣੇ ਪੈਰਾਂ ਸਿਰ ਹੋਣ ਲਈ ਉਹਨਾਂ ਨੇ ਬੜੇ ਪਾਪੜ ਵੇਲੇ, ਕਦੇ ਬੋਤੀ ਖਰੀਦ ਕੇ ਰੂੰ-ਪਿੰਜਣ ਵਾਲੀ ਮਸ਼ੀਨ ਲਈ, ਕਦੇ ਪੱਠੇ ਕੁਤਰਣ ਵਾਲੀ, ਕਦੇ ਦੁਕਾਨ ਪਾਈ, ਕਦੇ ਲਾਊਡ ਸਪੀਕਰ ਖਰੀਦ ਕੇ ਲੋਕਾਂ ਦੀਆਂ ਬਰਾਤਾਂ ਨਾਲ ਜਾਣਾ ਪੈਂਦਾ। ਠੇਕੇ ਉਪਰ ਜ਼ਮੀਨ ਲੈ ਕੇ ਵਾਹੀ ਕੀਤੀ। ਹਰ ਸਮੇਂ ਤੇ ਮੈਂ ਇਹਨਾਂ ਕੰਮਾਂ ਵਿਚ ਸਦਾ ਪਰਿਵਾਰ ਦੇ ਨਾਲ ਰਿਹਾਂ। ਮੈਨੂੰ ਅੱਜ ਵੀ ਨੰਗੇ ਪੈਰਾਂ ਵਾਲਾ, ਕੱਛ ਵਿਚ ਬੋਰੀ, ਮੋਢੇ ਬਸਤਾ, ਹੱਥ ਵਿਚ ਫੱਟੀ ਲਈ ਜਾਂਦਾ ਛੋਟਾ ਜਿਹਾ ਬਾਲ ਦਿੱਸਦਾ ਰਹਿੰਦਾ ਹੈ ਜਿਸਦੇ ਘਰ ਦਾ ਮਾਹੌਲ, ਕਦੇ ਮੱਝ ਮੰਡੀ ਲੈ ਕੇ ਗਏ ਹਾਂ, ਕਦੇ ਗਾਂ ਖਰੀਦ ਲਈ, ਕਦੇ ਬੱਕਰੀਆਂ ਵੀ ਰੱਖ ਕੇ ਵੇਖੀਆਂ, ਕਦੇ ਵਾਹੀ ਕਰਨ ਲਈ ਟਰੈਕਟਰ ਖਰੀਦ ਲਿਆ, ਅਜਿਹਾ ਹੀ ਰਿਹਾ ਹੈ। ਨਾ ਘਰ ਵਿਚ ਕਦੇ ਅਖ਼ਬਾਰ ਵੇਖਿਆ ਸੀ ਨਾ ਰਸਾਲਾ, ਪੁਸਤਕਾਂ ਤਾਂ ਦੂਰ ਦੀ ਗੱਲ ਹੈ। ਸਿਆਣੇ ਆਖਦੇ ਨੇ, ਪ੍ਰਸਥਿਤੀਆਂ ਮਨੁੱਖ ਦੇ ਜੀਵਨ ਵਿਚ ਵੱਡਾ ਰੋਲ ਅਦਾ ਕਰਦੀਆਂ ਹਨ। ਮੈਨੂੰ ਹੈਰਾਨੀ ਏਸੇ ਗੱਲ ਤੋਂ ਹੀ ਹੁੰਦੀ ਹੈ ਜਦ ਘਰ ਵਿਚ ਪੁਸਤਕ ਸਭਿਆਚਾਰ ਹੈ ਹੀ ਨਹੀਂ ਸੀ, ਮੇਰਾ ਝੁਕਾਅ ਪੁਸਤਕਾਂ ਵੱਲ ਤੇ ਫਿਰ ਸਾਹਿਤ ਸਿਰਜਣ ਵੱਲ ਕਿਵੇਂ ਹੋ ਗਿਆ।

ਹੁਣ ਜਦ ਕਦੀ ਮੈਂ ਆਤਮ-ਚਿੰਤਨ ਕਰਦਾ ਹਾਂ ਤਾਂ ਕੁਝ ਕੁਝ ਸਮਝ ਪੈਂਦੀ ਹੈ। ਜਮਾਤ ਵਿਚ ਸਾਰੇ ਵਿਦਿਆਰਥੀਆਂ ਨਾਲੋਂ ਉਮਰ ਵਿਚ ਛੋਟਾ ਹੋਣ ਕਰਕੇ ਮੈਨੂੰ ਉਹ ਕਿਸੇ ਵੀ ਖੇਡ ਵਿਚ ਜਾਂ ਹੋਰ ਮੁਕਾਬਲਿਆਂ ਵਿਚ ਹਿੱਸਾ ਨਹੀਂ ਸਨ ਲੈਣ ਦਿੰਦੇ। ਇਹ ਸਿਲਸਿਲਾ, ਸੱਤਵੀਂ-ਅੱਠਵੀਂ ਜਮਾਤ ਤੱਕ ਚਲਦਾ ਰਿਹਾ। ਮੈਂ ਮਾਯੂਸ ਜਿਹਾ ਹੋਇਆ, ਸਕੂਲ ਵਿਚ ਆਉਂਦਾ ਕੋਈ ਮੈਗਜ਼ੀਨ ਲੈ ਕੇ ਬਹਿ ਜਾਂਦਾ। ਜਾਂ ਲਾਇਬ੍ਰੇਰੀ ਵਿਚੋਂ ਨਾਵਲ ਕਹਾਣੀਆਂ ਦੀ ਕਿਤਾਬ ਲੈ ਕੇ ਪੜ੍ਹਨ ਲੱਗਦਾ। ਸ਼ਾਇਦ ਮੈਂ ਇਸ ਤਰ੍ਹਾਂ ਕਹਾਣੀਆਂ-ਕਵਿਤਾਵਾਂ ਵਿਚ ਦਿਲਚਸਪੀ ਲੈਣ ਲੱਗਿਆ ਹੋਵਾਂ। ਦਸਵੀਂ ਜਮਾਤ ਵਿਚ ਮੈਂ ਜਸਵੰਤ ਸਿੰਘ ਕੰਵਲ ਦਾ ਨਾਵਲ 'ਪੂਰਨਮਾਸ਼ੀ' ਪੜ੍ਹਿਆ। ਫਿਰ ਕਾਲਜ ਵਿਚ ਦਾਖਲ ਹੋਇਆ, ਦਸਵੀਂ ਤੀਜੇ ਦਰਜੇ ਵਿਚ ਪਾਸ ਕਰਨ ਦੇ ਬਾਵਜੂਦ ਪਿਤਾ ਨੇ ਧੱਕੇ ਨਾਲ ਦਾਖਲ ਕਰਵਾਇਆ। ਮੇਰੀ ਰੁਚੀ ਤਾਂ ਪਿਤਾ ਪੁਰਖੀ ਕੰਮ ਕਰਨ ਵੱਲ ਵਧੇਰੇ ਸੀ। ਕਾਲਜ ਦਾ ਮਾਹੌਲ ਸਕੂਲ ਵਾਂਗ ਘੁੱਟਵਾਂ ਨਹੀਂ ਸੀ। ਕਿਤਾਬਾਂ ਦਾ ਸ਼ੌਕ ਲੱਗ ਚੁੱਕਿਆ ਸੀ। ਕਾਲਜ ਦੀ ਵੱਡੀ ਲਾਇਬ੍ਰੇਰੀ ਤੇ ਅਨੇਕਾਂ-ਅਖ਼ਬਾਰ ਰਸਾਲੇ ਵੇਖ ਕੇ, ਵਿਹਲਾ ਪੀਰੀਅਡ ਮੈਂ ਲਾਇਬ੍ਰੇਰੀ ਵਿਚ ਹੀ ਗੁਜ਼ਾਰਦਾ। ਇਥੇ ਹੀ ਮੈਂ ਕਾਲਜ ਦੇ ਮੈਗਜ਼ੀਨ ਦਾ ਐਡੀਟਰ ਬਣਿਆ, ਬੀ. ਐਡ. ਕੀਤੀ ਤੇ ਸਰਕਾਰੀ ਅਧਿਆਪਕ ਬਣਦਿਆਂ ਕੁਝ ਵਰ੍ਹੇ ਨੌਕਰੀ ਕੀਤੀ। ਹਿਮਾਚਲ ਦੀਆਂ ਵਾਦੀਆਂ ਵੀ ਗਾਹੀਆਂ ਤੇ ਕਲਕੱਤੇ ਜਾ ਕੇ ਪੈਰ ਥੰਮ੍ਹ ਗਏ। ਹੈਲਪਰ, ਡਰਾਈਵਰ-ਹਿੱਸੇਦਾਰ ਬਣਦਾ ਕਈ ਪੜਾਅ ਪਾਰ ਕਰਦਾ, ਬਣ ਗਿਆ, ਟਰਾਂਸਪੋਰਟਰ।

? ਤੁਹਾਡੇ ਮਾਮਲੇ 'ਚ ਹੀ ਇਹ ਦੇਖਣ ਵਿਚ ਆਇਆ ਹੈ ਕਿ ਤੁਹਾਡਾ ਨਾਮ ਕਿਸੇ ਇਕ ਰਚਨਾ ਨਾਲ ਨਹੀਂ ਬੱਝ ਸਕਿਆ। ਕਦੇ 'ਸੜਕਨਾਮਾ', ਕਦੇ 'ਲਾਲ ਬੱਤੀ', ਕਦੇ 'ਅੰਨਦਾਤਾ',

ਕਦੇ 'ਪੰਜਵਾਂ ਸਾਹਿਬਜ਼ਾਦਾ'...ਇਸ ਦਾ ਕੋਈ ਵਿਸ਼ੇਸ਼ ਕਾਰਨ ਹੈ।

– ਮੈਂ ਸਮਝਦਾ ਹਾਂ ਇਸਦਾ ਵੱਡਾ ਕਾਰਨ ਇਹ ਹੈ ਮੇਰੀ ਹਰ ਰਚਨਾ ਲਗਾਤਾਰ ਵਿਕਾਸ ਕਰ ਰਹੀ ਹੈ। ਤੁਹਾਨੂੰ ਪਤਾ ਨਹੀਂ ਹੋਣਾ ਪਹਿਲਾਂ ਮੈਨੂੰ ਮੇਰੀ ਪਹਿਲੀ ਕਹਾਣੀ ਦੇ ਨਾਮ 'ਤੇ 'ਗਿੱਲੀਆਂ ਛਿਟੀਆਂ ਦੀ ਅੱਗ' ਵਾਲਾ ਬਲਦੇਵ ਕਹਿੰਦੇ ਸਨ। ਫਿਰ ਨਾਗਮਣੀ ਵਿਚ 'ਸੜਕਨਾਮਾ' ਲਗਾਤਾਰ ਛਪਣ ਕਰਕੇ ਮੈਂ 'ਸੜਕਨਾਮਾ' ਵਾਲਾ ਬਲਦੇਵ ਬਣ ਗਿਆ। 'ਸੜਕਨਾਮਾ' ਕਲਮ ਦੀ ਹਰ ਮਨਪਿਆਰਤਾ ਉਪਰ ਮੈਂ ਵੀ ਹੈਰਾਨ ਸਾਂ ਤੇ ਸੋਚਦਾ ਸਾਂ ਸ਼ਾਇਦ ਏਸ ਵੱਲੋਂ ਵਧੇਰੇ ਚਰਚਾ ਵਾਲੀ ਰਚਨਾ ਮੈਂ ਹੁਣ ਨਾ ਕਰ ਸਕਾਂ। ਮੈਨੂੰ ਬਹੁਤ ਵਾਰ ਇਹ ਵੀ ਪੁੱਛਿਆ ਜਾਂਦਾ ਸੀ, ਕਿ 'ਸੜਕਨਾਮਾ' ਨੇ ਮੇਰੀਆਂ ਕਈ ਚੰਗੀਆਂ ਕਹਾਣੀਆਂ ਦੀ ਅਹਿਮੀਅਤ ਘਟਾਈ ਹੈ। ਪਰ ਨਾਵਲ 'ਲਾਲ ਬੱਤੀ' ਛਪਣ ਨਾਲ ਮੇਰਾ ਨਾਮ 'ਲਾਲਬੱਤੀ' ਵਾਲਾ ਬਲਦੇਵ ਹੋਣ ਲੱਗਾ। ਮੈਨੂੰ ਖ਼ਤ ਵੀ ਇਵੇਂ ਲਿਖੇ ਆਉਂਦੇ 'ਬਲਦੇਵ ਸਿੰਘ (ਲਾਲਬੱਤੀ)' ਮੈਨੂੰ ਇਹ ਚੰਗਾ ਲੱਗਿਆ। ਪਾਠਕਾਂ ਨੇ ਇਕ ਤਰ੍ਹਾਂ ਮੇਰੇ ਅੰਦਰ ਹੋ ਰਹੇ ਵਿਕਾਸ ਨੂੰ ਮਾਣਤਾ ਦਿੱਤੀ। ਫਿਰ ਤਾਂ ਮੇਰੇ ਨਾਮ ਨਾਲ ਅੰਨਦਾਤਾ ਵੀ ਜੁੜਿਆ, ਪੰਜਵਾਂ ਸਾਹਿਬਜ਼ਾਦਾ ਵੀ, ਢਾਹਵਾਂ ਦਿੱਲੀ ਦੇ ਕਿੰਗਰੇ ਵੀ, ਸਤਲੁਜ ਵਹਿੰਦਾ ਰਿਹਾ ਵੀ ਤੇ ਹੁਣ ਵਾਲਾ ਨਾਵਲ 'ਮਹਾਂਬਲੀ ਸੂਰਾ' ਵੀ। ਮੇਰੀ ਹਰ ਰਚਨਾ, ਮੇਰੀ ਨਵੀਂ ਪਛਾਣ ਬਣਦੀ ਗਈ ਭਾਵੇਂ 'ਸੜਕਨਾਮਾ' ਮੇਰੇ ਨਾਮ ਨਾਲ ਤਲੱਖਸ ਵਾਂਗ ਜੁੜ ਗਿਆ ਹੈ।

? 'ਸ਼ਬਦ' ਨਾਲ ਜੁੜਣ ਕਰਕੇ ਤੇ ਪ੍ਰਕਾਸ਼ਕਾਂ ਨਾਲ ਮੇਰੀ ਦੋਸਤੀ/ਬਹਿਣੀ ਉਠਣੀ ਹੋਣ ਕਰਕੇ ਮੈਂ ਦੇਖਿਆ ਹੈ ਕਿ ਰਾਮ ਸਰੂਪ ਅਣਖੀ ਤੋਂ ਬਾਅਦ ਸਭ ਤੋਂ ਵਧੇਰੇ ਪਾਠਕ ਵਰਗ ਤੁਹਾਡਾ ਹੈ। ਦੋ ਕੁ ਹਫ਼ਤਿਆਂ ਦੀ ਗੱਲ ਹੈ ਕਿ ਮੈਂ ਮਾਹੀ ਹੀਰਾਂ ਗੇਟ 'ਚ ਸੁੰਦਰ ਬੁੱਕ ਡਿੱਪੂ 'ਤੇ ਖੜਾ ਸੀ। ਦੋ ਮੁੰਡੇ ਵੈਨਕੂਵਰ ਤੋਂ ਆਏ ਸਨ। ਉਨ੍ਹਾਂ ਦੋਹਾਂ ਨੇ ਤੁਹਾਡੇ ਸਾਰੇ ਨਾਵਲ ਖਰੀਦੇ ਸਨ। ਫੇਰ ਉਨ੍ਹਾਂ ਸੁੰਦਰ ਸਿੰਘ ਜੀ ਦੇ ਬੇਟੇ ਬਲਵੰਤ ਨੂੰ ਕਿਹਾ ਸੀ ਕਿ 'ਸੜਕਨਾਮਾ' ਭਾਗ ਦੂਜਾ ਦਿਉ। ਬਲਵੰਤ ਨੇ ਕਿਹਾ ਸੀ ਕਿ ਉਸ ਦੇ ਨੌਲਿਜ 'ਚ ਇਹ ਕਿਤਾਬ ਛਪੀ ਹੀ ਨਹੀਂ। ਫੇਰ ਉਸ ਮੈਨੂੰ ਪੁੱਛਿਆ ਸੀ ਤੇ ਮੈਂ ਉਨ੍ਹਾਂ ਨੂੰ ਦੱਸਿਆ ਸੀ ਕਿ 'ਸੜਕਨਾਮਾ' ਆਰਸੀ, ਚੇਤਨਾ ਤੇ ਲੋਕਗੀਤ ਪ੍ਰਕਾਸ਼ਨ ਨੇ ਛਾਪਿਆ ਹੈ। ਉਹ ਆਪਣੀ ਗੱਲ 'ਤੇ ਅੜੇ ਰਹੇ ਸਨ ਤੇ ਫੇਰ ਤੁਹਾਨੂੰ ਯਾਦ ਹੀ ਹੋਣਾ ਹੈ ਕਿ ਮੈਂ ਤੁਹਾਨੂੰ ਫੋਨ ਕਰਕੇ 'ਸੜਕਨਾਮਾ' ਬਾਰੇ ਪੁੱਛਿਆ ਸੀ। ਉਨ੍ਹਾਂ ਮੁੰਡਿਆਂ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਤੁਸੀਂ ਮੋਗੇ ਰਹਿੰਦੇ ਓਂ...ਆਪਣੇ ਪਾਠਕਾਂ ਬਾਰੇ ਕੀ ਕਹਿਣਾ ਚਾਹੋਗੇ।

– ਜਿੰਦਰ ਜੀ, ਮੈਂ ਸਮਝਦਾਂ, ਪਾਠਕਾਂ ਨੂੰ ਆਪਣੀਆਂ ਰਚਨਾਵਾਂ ਨਾਲ ਜੋੜਨਾ ਲੇਖਕ ਲਈ ਚੁਣੌਤੀ ਵੀ ਹੈ ਤੇ ਲੇਖਕ ਦੀ ਰਚਨਾਤਮਕ ਕਲਾ ਦੀ ਸਮਰੱਥਾ ਵੀ। ਜੇ ਲੇਖਕ ਦਾ ਲਿਖਿਆ, ਪਾਠਕਾਂ ਨੂੰ ਪ੍ਰਭਾਵਤ ਨਹੀਂ ਕਰਦਾ ਜਾਂ ਆਪਣੇ ਨਾਲ ਨਹੀਂ ਤੋਰਦਾ ਤਾਂ ਪਾਠਕ ਦੀ ਕੋਈ ਮਜ਼ਬੂਰੀ ਨਹੀਂ ਹੈ, ਉਹ ਲੇਖਕ ਨਾਲ ਬੱਝਿਆ ਰਹੇ। ਪਾਠਕ ਤਾਂ ਅੱਧਾ ਸਫਾ ਪੜ੍ਹਕੇ ਹੀ, ਉਂਗਲ ਨੂੰ ਥੁੱਕ ਲਗਾ ਕੇ ਵਰਕਾ ਪਲਟਣ ਦਾ ਅਧਿਕਾਰ ਰੱਖਦਾ ਹੈ। ਮੈਂ ਕੁਝ ਆਲੋਚਕਾਂ ਦੀ ਇਸ ਧਾਰਨਾ ਨਾਲ ਬਿਲਕੁਲ ਸਹਿਮਤ ਨਹੀਂ ਹਾਂ, ਕਿ ਪਾਠਕ ਰਚਨਾ ਵਿਚੋਂ ਆਨੰਦ ਮਾਣਦਾ ਮਕਸਦ ਤੋਂ ਭਟਕ ਜਾਂਦਾ ਹੈ ਜਾਂ ਮਕਸਦ ਦੋ ਨੰਬਰ ਉਪਰ ਚਲਾ ਜਾਂਦਾ ਹੈ, ਲੇਖਕ ਨੂੰ ਖੰਡ ਵਿਚ ਲਪੇਟ ਕੇ ਨਿੰਮ ਖੁਆਉਣ ਦੀ ਜਾਂਚ ਹੋਣੀ ਚਾਹੀਦੀ ਹੈ। ਮੇਰੇ ਪਾਠਕਾਂ ਦਾ ਘੇਰਾ ਇਸ ਕਰਕੇ ਹੀ ਵਿਸ਼ਾਲ ਹੈ, ਮੇਰੇ ਨਾਵਲ, ਪਾਠਕਾਂ ਨੂੰ ਉਂਗਲੀ ਫੜਕੇ ਆਪਣੇ ਨਾਲ ਤੋਰ ਲੈਂਦੇ ਹਨ। ਜੇ ਨਾਵਲ ਦੇ ਪਾਤਰ ਚੜ੍ਹਦੀ ਕਲਾ ਵਿਚ ਹਨ ਤਾਂ ਪਾਠਕ ਆਪਣੇ ਆਪ ਨੂੰ ਚੜ੍ਹਦੀ ਕਲਾ ਵਿਚ ਮਹਿਸੂਸ ਕਰਦੇ ਹਨ। ਜੇ ਪਾਤਰ ਢਹਿੰਦੀਆਂ ਕਲਾ ਵਿਚ ਹਨ, ਰੁਦਨ ਕਰ ਰਹੇ ਹਨ ਤਾਂ ਪਾਠਕਾਂ ਦੀਆਂ ਅੱਖਾਂ ਵੀ ਭਰਦੀਆਂ ਹਨ। ਮੇਰੇ ਕੋਲ ਅਨੇਕਾਂ ਪਾਠਕਾਂ ਦੇ ਫੋਨ ਆਉਂਦੇ ਹਨ, ਅਸੀਂ ਪਾਤਰਾਂ ਦੇ ਨਾਲ ਨਾਲ ਤੁਰੇ ਫਿਰਦੇ ਹਾਂ।




ਜਦ ਭਾਈ ਜੈਤੇ ਨੇ ਚਾਂਦਨੀ-ਚੌਂਕ ਵਿਚੋਂ ਸੀਸ ਚੁੱਕਿਆ ਤਾਂ ਮੈਨੂੰ ਜਾਪਿਆ ਮੈਂ ਵੀ ਉਥੇ ਈ ਕਿਤੇ ਖੜ੍ਹਾਂ। ਇਹ ਹੈ ਲੇਖਕ ਦੀ ਸ਼ੈਲੀ ਦਾ ਕਮਾਲ।

? ਤੁਸੀਂ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਇਤਿਹਾਸਕ ਨਾਵਲ ਲਿਖੇ ਹਨ। ਇਤਿਹਾਸਕ ਨਾਵਲਾਂ ਵੱਲ ਮੋੜ ਕੱਟਣ ਦਾ ਕੀ ਕਾਰਨ ਸੀ।

– ਮੈਨੂੰ ਏਸ ਪਾਸੇ ਪ੍ਰੇਰਣ ਦਾ ਸੇਹਰਾ ਡਾ. ਟੀ. ਆਰ. ਵਿਨੋਦ ਦੇ ਸਿਰ ਬੱਝਦਾ ਹੈ। ਉਹਨਾਂ ਨੂੰ ਵੀ ਮਹਿਸੂਸ ਹੋਇਆ, ਮੈਂ ਇਤਿਹਾਸ ਦੇ ਇਸ ਅਣਗੌਲੇ ਨਾਇਕ ਬਾਰੇ ਲਿਖ ਸਕਦਾ ਹਾਂ। ਭਾਵੇਂ ਮੈਂ ਦੁਚਿੱਤੀ ਵਿਚ ਸਾਂ। ਮੇਰੀ ਆਪਣੀ ਵੀ ਇਕ ਸੀਮਾ ਸੀ। ਪਰ ਮੈਂ ਡਾਕਟਰ ਸਾਹਬ ਦਾ ਬੇਹੱਦ ਸਤਿਕਾਰ ਕਰਦਾ ਹਾਂ (ਪ੍ਰਮਾਤਮਾ ਉਹਨਾਂ ਦੀ ਰੂਹ ਨੂੰ ਸ਼ਾਂਤੀ ਦੇਵੇ) ਮੈਂ ਉਹਨਾਂ ਦੇ ਵਿਸ਼ਵਾਸ ਨੂੰ ਤੋੜਨਾ ਨਹੀਂ ਸਾਂ ਚਾਹੁੰਦਾ। ਮੈਂ ਇਸ ਕਾਰਜ ਨੂੰ ਇਕ ਚੁਣੌਤੀ ਵਾਂਗ ਲਿਆ, ਫਿਰ ਇਸ ਖੋਜ ਕਾਰਜ ਵਿਚ ਮੈਨੂੰ ਏਨਾ ਅਨੰਦ ਆਇਆ, ਮੈਂ ਭਗਤ ਸਿੰਘ ਬਾਰੇ, ਦੁੱਲਾ ਭੱਟੀ ਬਾਰੇ ਤੇ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਇਤਿਹਾਸਕ ਨਾਵਲ ਲਿਖੇ।

? ਭਾਰਤੀ ਸਾਹਿਤ ਅਕੈਡਮੀ ਨੇ ਤੁਹਾਡੇ ਇਤਿਹਾਸਕ ਨਾਵਲ 'ਢਾਹਵਾਂ ਦਿੱਲੀ ਦੇ ਕਿੰਗਰੇ' ਨੂੰ ਅਵਾਰਡ ਦਿੱਤਾ ਹੈ। ਤੁਸੀਂ ਕਿਦਾਂ ਮਹਿਸੂਸ ਕਰ ਰਹੇ ਹੋ।




– ਸਭ ਤੋਂ ਪਹਿਲਾਂ ਤਾਂ ਮੈਨੂੰ ਇਹ ਮਹਿਸੂਸ ਹੋਇਆ, ਵਿਦਵਾਨਾਂ ਅਤੇ ਸਾਹਿਤ ਦੇ ਦਾਨਸ਼ਵਰਾਂ ਨੇ ਇਤਿਹਾਸਕ ਨਾਵਲਾਂ ਨੂੰ ਮਾਣਤਾ ਦਿੱਤੀ ਹੈ। ਪਰ ਏਥੇ ਕੁਝ ਆਲੋਚਕ ਅਤੇ ਲੇਖਕ ਅਜਿਹੇ ਵੀ ਹਨ, ਜਿਹਨਾਂ ਨੂੰ ਆਪਣੀ ਵਿਚਾਰਧਾਰਾ ਤੋਂ ਸਿਵਾਏ ਹੋਰ ਕੁਝ ਵੀ ਪਸੰਦ ਨਹੀਂ। ਕਿਸੇ ਨੂੰ ਇਤਿਹਾਸਕ ਨਾਵਲ ਲਿਖਣੇ ਔਖਾ ਕਾਰਜ ਨਹੀਂ ਜਾਪਦੇ। ਕੋਈ ਕਹਿੰਦਾ ਹੈ : ਸਾਨੂੰ ਪੁਰਾਣੇ ਨਾਇਕਾਂ ਬਾਰੇ ਜਾਣ ਕੇ ਕੀ ਮਿਲੇਗਾ, ਕੋਈ ਨਵੇਂ ਨਾਵਲ ਦੇ ਨਕਸ਼ ਤਲਾਸ਼ਦਾ, ਸਾਰੀ ਪਰੰਪਰਾ ਨੂੰ ਹੀ ਅਰਥਹੀਣ ਸਮਝਦਾ ਹੈ। ਕਦੇ 'ਹੁਣ' ਅਤੇ 'ਫਿਲਹਾਲ' ਵਰਗੇ ਪਰਚੇ ਉਨ੍ਹਾਂ ਨੂੰ ਮਸਾਲਿਆਂ ਵਾਲਾ ਸਾਹਿਤ ਛਾਪਦੇ ਲੱਗਦਾ ਹੈ। ਜਿਸਦੀ ਰਚਨਾ ਪਾਠਕਾਂ ਦੇ ਪਿੜ-ਪੱਲੇ ਨਹੀਂ ਪੈਂਦੀ, ਉਸ ਨੂੰ ਉਹ 'ਵਿਚਾਰਵਾਨ ਲੇਖਕ' ਗਰਦਾਨਦੇ ਹਨ। ਇਸ ਤਰ੍ਹਾਂ ਹਰ ਕੋਈ ਆਪਣੇ ਆਪਣੇ ਮੱਠ ਅਤੇ ਗੁੱਟ ਦੀ ਡਫਲੀ ਵਜਾਈ ਜਾਂਦਾ ਹੈ। ਦੇਖਿਆ ਜਾਵੇ ਤਾਂ ਇਹ ਪੰਜਾਬੀ ਸਾਹਿਤ ਦਾ ਦੁਖਾਂਤ ਹੀ ਹੈ। ਮੈਂ

ਆਪਣੇ ਪਾਠਕਾਂ ਤੋਂ ਬਿਨਾਂ ਹੋਰ ਕਿਸੇ ਦੀ ਘੱਟ ਹੀ ਪਰਵਾਹ ਕਰਦਾ ਹਾਂ। ਕੁਝ ਲੇਖਕ ਆਖਦੇ ਹਨ ਕਿ ਬਲਦੇਵ ਦੇ ਇਤਿਹਾਸਕ ਨਾਵਲ ਸਾਰੇ ਠੁੱਸ ਹੋ ਗਏ, ਫੁੱਸਫੁਸ ਹਨ। ਪਰ ਪਾਠਕ ਉਹਨਾਂ ਨਾਵਲਾਂ ਨੂੰ ਹੀ ਬਾਰ ਬਾਰ ਪੜ੍ਹਦੇ ਹਨ ਤੇ ਮੈਨੂੰ ਕਹਿੰਦੇ ਹਨ ਕਿ 'ਅਸੀਂ ਸ਼ੁਕਰ-ਗੁਜ਼ਾਰ ਹਾਂ, ਇਤਿਹਾਸ ਇਸ ਤਰ੍ਹਾਂ ਵੀ ਪੜ੍ਹਾਇਆ ਜਾ ਸਕਦਾ ਹੈ।' ਮੇਰੇ ਤਿੰਨ ਇਤਿਹਾਸਕ ਨਾਵਲ 'ਵਾਣੀ ਪ੍ਰਕਾਸ਼ਨ ਦਿੱਲੀ' ਵਾਲੇ ਹਿੰਦੀ ਵਿਚ ਛਾਪ ਰਹੇ ਹਨ।

? ਕੀ ਤੁਸੀਂ ਆਪਣੇ ਉਪਰ ਹੋਈ ਹੁਣ ਤੱਕ ਦੀ ਆਲੋਚਨਾ ਤੋਂ ਸੰਤੁਸ਼ਟ ਹੋ।

– ਬਿਲਕੁਲ। ਮੈਂ ਸਦਾ ਆਲੋਚਕਾਂ ਦਾ ਸਤਿਕਾਰ ਕਰਦਾ ਰਿਹਾ ਹਾਂ। ਚਾਹੇ ਉਹ ਮੇਰੇ ਬਾਰੇ ਨਾਂਹ-ਪੱਖੀ ਰਾਇ ਰੱਖਦੇ ਹੋਣ, ਚਾਹੇ ਹਾਂ-ਪੱਖੀ। ਯੂਨੀਵਰਸਿਟੀਆਂ ਦੇ ਵਿਦਵਾਨ ਮੇਰੇ ਨਾਵਲਾਂ ਦਾ ਨੋਟਿਸ ਲੈਂਦੇ ਹਨ। ਵਿਦਿਆਰਥੀ ਮੇਰੀਆਂ ਰਚਨਾਵਾਂ ਉਪਰ ਐਮ. ਫਿਲ ਅਤੇ ਪੀ. ਐਚ. ਡੀ. ਦੇ ਖੋਜ ਕਾਰਜ ਕਰ ਰਹੇ ਹਨ। ਅੰਮ੍ਰਿਤਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਮੇਰਾ ਨਾਵਲ 'ਅੰਨਦਾਤਾ' ਐਮ. ਏ. ਪੰਜਾਬੀ ਦੇ ਸਿਲੇਬਸ ਵਿਚ ਸ਼ਾਮਲ ਕੀਤਾ ਹੋਇਆ ਹੈ। ਇਸ ਲਈ ਮੈਂ ਯੂਨੀਵਰਸਿਟੀਆਂ ਦੇ ਪੰਜਾਬੀ ਵਿਭਾਗਾਂ ਦਾ ਅਤੇ ਤਮਾਮ ਆਲੋਚਕਾਂ ਦਾ ਧੰਨਵਾਦੀ ਹਾਂ। ਪਰ ਕੁਝ ਆਲੋਚਕਾਂ ਦਾ ਰਵੱਈਆ ਸਦਾ ਪੱਖਪਾਤੀ ਰਿਹਾ ਹੈ। ਉਹਨਾਂ ਨੂੰ ਕੁਝ ਲੇਖਕਾਂ ਦੀਆਂ ਰਚਨਾਵਾਂ ਵਿਚੋਂ ਇਕ ਵੀ ਚੰਗੀ ਗੱਲ ਨਹੀਂ ਲੱਭਦੀ। ਪਰ ਉਹਨਾਂ ਦੇ ਆਪਣੇ ਚਹੇਤੇ ਲੇਖਕਾਂ ਨੇ ਜਿਹੜੀਆਂ ਰਚਨਾਵਾਂ ਅਜੇ ਲਿਖਣੀਆਂ ਹਨ ਜਾਂ ਅਜੇ ਜਿਹਨ ਵਿਚ ਹੀ ਹਨ, ਉਹਨਾਂ ਨੂੰ ਉਹ ਰਚਨਾਵਾਂ ਵੀ ਕਮਾਲ ਦੀਆਂ ਲੱਗਦੀਆਂ ਹਨ। ਇਹ ਇਕ ਸੁਹਿਰਦ ਲੇਖਕ ਦਾ ਧਰਮ ਨਹੀਂ ਹੈ। ਉਸਦੇ ਚਹੇਤੇ ਲੇਖਕ ਨੂੰ ਕੋਈ ਲਾਭ ਮਿਲਦਾ ਹੈ ਜਾਂ ਨਹੀਂ, ਕਿਹਾ ਨਹੀਂ ਜਾ ਸਕਦਾ। ਪਰ ਆਲੋਚਕ ਦੀ ਜ਼ਿੰਮੇਵਾਰੀ ਅਤੇ ਈਮਾਨਦਾਰੀ ਜ਼ਰੂਰ ਸ਼ੱਕੀ ਬਣ ਜਾਂਦੀ ਹੈ। ਵੱਕਾਰੀ ਸਨਮਾਨ ਦੇਣ ਵਾਲਿਆਂ ਨੂੰ ਕੋਈ ਲਾਭ ਮਿਲ ਸਕਦਾ ਹੋਵੇ। ਜਦੋਂ ਕਿ ਹਰ ਸਮੇਂ ਅਜਿਹੀਆਂ ਅਫਵਾਹਾਂ ਫੈਲਦੀਆਂ ਰਹਿੰਦੀਆਂ ਹਨ ਕਿ ਫਲਾਨਾ ਲੇਖਕ ਦਿੱਲੀ ਡੇਰੇ ਲਾਈ ਬੈਠਾ ਹੈ, ਐਤਕੀਂ ਧਿਮਕੇ ਲੇਖਕ ਦਾ ਪੂਰਾ ਜ਼ੋਰ ਲੱਗਿਆ ਹੋਇਐ। ਇਹੋ ਜੇਹੀ ਆਪਾ ਧਾਪੀ ਵਿਚ ਮੇਰੇ ਵਰਗੇ ਲੇਖਕ ਨੂੰ ਇਹ ਪੁਰਸਕਾਰ ਮਿਲਣਾ ਸੱਚਮੁੱਛ ਅਚੰਭੇ ਵਾਲੀ ਗੱਲ ਹੈ। ਪਿਛਲੇ ਕੁਝ ਵਰ੍ਹਿਆਂ ਤੋਂ ਮੈਨੂੰ 'ਉਠ ਦਾ ਬੁਲ੍ਹ' ਵਿਖਾਇਆ ਜਾਂਦਾ ਰਿਹਾ ਸੀ। ਮੈਂ ਸਮਝ ਲੈਂਦਾ ਸਾਂ ਤੇ ਇਸ ਗੱਲ ਨੂੰ ਕਦੇ ਸੰਜੀਦਾ ਨਹੀਂ ਸੀ ਲਿਆ। ਮੈਂ ਤਾਂ ਗੀਤ ਗਾਉਣ ਵਾਲੇ ਵਾਂਗ ਕਿਆਰੀਆਂ ਗੁੱਡਣ ਜੋਗਾ ਹੀ ਸੀ, ਫੁਲ ਕੋਈ ਹੋਰ ਤੋੜਨ ਆ ਜਾਂਦਾ ਸੀ। ਇਸ ਵਾਰ ਪੁਰਸਕਾਰ ਦਾ ਫੁਲ, ਮੇਰੀ ਝੋਲੀ ਪੈਣਾ ? ਮੈਨੂੰ ਤਾਂ ਹੀ ਹੈਰਾਨ ਕਰਦਾ ਹੈ ਕਿ 20 ਵਰ੍ਹੇ ਕਲਕੱਤੇ ਟਰਾਂਸਪੋਰਟ ਦਾ ਧੰਦਾ ਕਰਨ ਵਾਲੇ ਲੇਖਕ ਤੇ ਏਥੇ ਪੰਜਾਬ ਵਿਚ ਆ ਕੇ ਟੈਂਪੂ ਜਾਂ ਮਿੰਨੀ ਬੱਸਾਂ ਚਲਾਉਣ ਵਾਲੇ ਲੇਖਕ ਤੋਂ ਮੇਰਾ ਨਾਮ ਪਰਪੋਜ਼ ਕਰਨ ਵਾਲੇ ਜਾਂ ਜਿਊਰੀ ਦੇ ਮੈਂਬਰਾਂ ਵੱਲੋਂ ਆਖਰੀ ਫੈਸਲਾ ਲੈਣ ਵਾਲਿਆਂ ਨੂੰ ਮੇਰੇ ਕੋਲ ਕੀ ਪ੍ਰਾਪਤ ਹੋਵੇਗਾ। ਜਿੰਦਰ, ਮੈਂ ਹੁਣ ਤੱਕ ਸਮਝਦਾ ਆਇਆ ਹਾਂ, ਇਹ ਸਾਰੇ ਸਰਕਾਰੀ ਇਨਾਮ-ਸ਼ਨਾਮ, ਰਚਨਾ ਨੂੰ ਨਹੀਂ, ਲੇਖਕ ਦੇ ਚਿਹਰਿਆਂ ਅਤੇ ਆਹੁਦਿਆਂ ਨੂੰ ਮਿਲਦੇ ਹਨ। ਇਹ ਪਹਿਲੀ ਵਾਰ ਹੋਇਆ ਹੈ, ਇਨਾਮ ਲੇਖਕ ਨੂੰ ਨਹੀਂ ਰਚਨਾ ਨੂੰ ਮਿਲਿਆ ਹੈ, ਮੈਂ ਇਸ ਨਾਲ ਜੁੜੀਆਂ ਸਾਰੀਆਂ ਸ਼ਖ਼ਸੀਅਤਾਂ ਦਾ ਧੰਨਵਾਦੀ ਹਾਂ।

? ਇਹ ਗੱਲ ਤਾਂ ਹੁਣ ਗੁੱਝੀ ਨਹੀਂ ਰਹੀ ਕਿ ਅਵਾਰਡ ਕੋਈ ਵੀ ਹੋਵੇ, ਜੋੜ-ਤੋੜ ਦੀ ਰਾਜਨੀਤੀ ਆਪਣਾ ਅਸਰ ਅਵੱਸ਼ ਦਿਖਾਉਂਦੀ ਹੈ। ਕਦੇ-ਕਦੇ ਤਾਂ ਕਿਸੇ ਅਵਾਰਡ ਬਾਰੇ ਸੁਣ ਕੇ ਨਮੋਸੀ ਵੀ ਹੁੰਦੀ ਹੈ। ਸਾਡੇ ਲੇਖਕ ਕਾਹਦੇ ਪਿੱਛੇ ਦੌੜੇ ਫਿਰਦੇ ਹਨ। ਕਾਸ ਲਈ ਐਨਾ ਜ਼ੋਰ ਲਾਉਂਦੇ ਹਨ। ਇਹ ਸਭ ਕੁਝ ਕੀ ਹੈ ? ਕਿਉਂ ਹੈ ? ਖੈਰ, ਇਹ ਮਸਲੇ ਤਾਂ ਬਹੁਤ ਵੱਡੇ ਹਨ ਤੇ ਸਾਡੀ



ਇਸ ਛੋਟੀ ਜਿਹੀ ਮੁਲਾਕਾਤ 'ਚ ਇਸ 'ਤੇ ਭਰਪੂਰ ਗੱਲ ਵੀ ਨਹੀਂ ਹੋ ਸਕਦੀ। ਫੇਰ ਵੀ ਸੰਖੇਪ 'ਚ ਹੀ ਸਹੀਂ ਜੋੜ ਤੋੜ ਤੇ ਜੁਗਾੜ ਕਰਕੇ ਅਵਾਰਡ ਹਾਸਲ ਕਰਨ ਦੀ ਰਾਜਨੀਤੀ ਬਾਰੇ ਕੀ ਕਹਿਣਾ ਚਾਹੋਗੇ।

– ਮੈਂ ਸਿਆਸਤ ਨੂੰ ਘਿਨੌਣੀ ਅਤੇ ਰੱਦ ਕਰਦਾ ਹਾਂ। ਮੈਂ ਹੈਰਾਨ ਹਾਂ, ਕਿਵੇਂ ਕੋਈ ਲੇਖਕ ਦੂਸਰੇ ਕੋਲ ਜਾ ਕੇ ਆਖਦਾ ਹੋਵੇਗਾ, ਤੁਸੀਂ ਮੈਨੂੰ ਇਨਾਮ ਦੁਆਓ। ਸਾਡੇ ਵਿਚ ਬਹੁਤ ਅਜਿਹੇ ਹੋਣਗੇ, ਦੋ ਕਿਤਾਬਾਂ ਲਿਖ ਲਈਆਂ ਤੇ ਫਿਰ ਇਨਾਮ ਸਨਮਾਨ ਜਾਂ ਸ਼੍ਰੋਮਣੀ ਲੇਖਕ ਬਣਨ ਦੇ ਸੁਪਨੇ ਵੇਖਣ ਲੱਗ ਪੈਂਦੇ ਨੇ। ਬਣ ਵੀ ਜਾਂਦੇ ਨੇ। ਜੋ ਲੇਖਕ ਵਧਾਈ ਕਬੂਲਣ ਲੱਗਿਆਂ ਹੀ ਸ਼ਰਮ ਨਾਲ ਨੀਵੀਂ ਪਾ ਲਵੇ ਤਾਂ ਮੈਂ ਸਮਝਦਾਂ, ਲਾਹਨਤ ਹੈ ਇਸ ਤਰ੍ਹਾਂ ਇਨਾਮ ਹਾਸਲ ਕਰਨ 'ਤੇ। ਸਦਾ ਜ਼ਮੀਨ ਲੇਖਕ ਨੂੰ ਖਰੋਚਦੀ ਰਹਿੰਦੀ ਹੋਵੇਗੀ, ਕਿ ਉਸਨੇ ਕਿਸੇ ਦੂਸਰੇ ਯੋਗ-ਲੇਖਕ ਦਾ ਹੱਕ ਮਾਰਿਆ ਹੈ। ਅਜਿਹੇ ਜੋੜਾਂ-ਤੋੜਾਂ ਵਿਚ ਇਸਤਰੀ ਲੇਖਕਾਂ, ਮਰਦਾਂ ਦੇ ਮੁਕਾਬਲੇ ਵਧੇਰੇ ਲਾਹਾਂ ਲੈ ਜਾਂਦੀਆਂ ਹਨ। ਮੈਂ ਸਮਝਦਾ ਹਾਂ, ਲੇਖਕ ਨੂੰ ਇਨਾਮ-ਸਨਮਾਨ ਜੁਗਾੜਾਂ ਨਾਲ ਲੈਣੇ ਨਹੀਂ ਚਾਹੀਦੇ। ਇਨਾਮ ਉਸ ਨੂੰ ਮਿਲਣੇ ਚਾਹੀਦੇ ਹਨ। ਜੇ ਲੇਖਕ ਈਮਾਨਦਾਰੀ ਨਾਲ ਆਪਣਾ ਸਿਰਜਣਾ ਕਾਰਜ ਕਰਦਾ ਰਹੇ, ਤਾਂ ਇਨਾਮ ਆਪ ਹੀ ਉਸ ਨੂੰ ਲੱਭ ਲੈਂਦੇ ਹਨ।

? ਕੀ ਅਵਾਰਡ ਪ੍ਰਾਪਤ ਕਰਕੇ ਲੇਖਕ ਵੱਡਾ ਹੋ ਜਾਂਦਾ ਹੈ।

– ਜਿੰਦਰ, ਸਾਡਾ ਭਾਰਤੀ ਸਿਸਟਮ ਹੀ ਅਜਿਹਾ ਹੈ, ਉਹੀ ਲੇਖਕ ਹੁੰਦਾ ਹੈ, ਪਰ ਜਿਵੇਂ ਹੀ ਉਸਨੂੰ ਸਰਕਾਰੀ ਸਨਮਾਨ ਦੀ ਕਲਗੀ ਲੱਗਦੀ ਹੈ, ਉਹ ਰਾਤੋ-ਰਾਤ ਵੱਡਾ ਲੇਖਕ ਬਣ ਜਾਂਦਾ ਹੈ, ਜਾਂ ਅਜਿਹਾ ਸਮਝਿਆ ਜਾਂਦਾ ਹੈ। ਉਂਜ ਤਾਂ ਪਿਛਲੇ ਕੁਝ ਸਮੇਂ ਤੋਂ ਜਿਸ ਤਰ੍ਹਾਂ ਇਨਾਮਾਂ ਸਨਮਾਨਾਂ ਵਿਚ ਸਾਹਿਤਕ ਮਾਫੀਆ ਆਪਣਾ ਰੋਲ ਅਦਾ ਕਰਨ ਲੱਗਾ ਹੈ, ਉਸ ਨਾਲ ਲੇਖਕ ਤਾਂ ਭਾਵੇਂ ਵੱਡਾ ਨਾ ਹੋਇਆ ਹੋਵੇ, ਇਨਾਮ ਛੋਟਾ ਜ਼ਰੂਰ ਹੋਇਆ ਹੈ ਕਿ ਉਥੇ ਹਰ ਕੋਈ ਇਹ ਸੋਚਦਾ ਹੈ...'ਐਤਕੀਂ ਲੈ ਗਿਆ ਮਾਂਜਕੇ ਫਲਾਨਾ ਬਈ..' ਜਾਣੀ ਵਿਦਵਤਾ ਨਾਲ ਨਹੀਂ...ਦਾਅ-ਪੇਚ ਨਾਲ ਇਨਾਮ ਲਿਆ ਹੈ। ਜਦੋਂ ਇਸ ਤਰ੍ਹਾਂ ਦੀ ਧਾਰਨਾ ਮਿਲ ਜਾਵੇ, ਫਿਰ ਲੇਖਕ ਕਿਵੇਂ ਵੱਡਾ ਹੋ ਸਕਦਾ ਹੈ। ਉਸ ਬਾਰੇ ਇਹ ਜ਼ਰੂਰ ਮਸ਼ਹੂਰ ਹੋ ਜਾਂਦੈ...'ਬੜਾ ਜਗਾੜੂ ਐ ਬਈ।'

? ਆਮ ਕਿਹਾ ਜਾਂਦਾ ਹੈ ਕਿ ਸਾਹਿਤ ਐਕਡਮੀ ਅਵਾਰਡ ਮਿਲਣ ਤੋਂ ਬਾਅਦ ਲੇਖਕ ਪਹਿਲਾਂ ਵਰਗੀ ਗਤੀ ਨਾਲ ਨਹੀਂ ਲਿਖਦਾ। ਕੀ ਲੇਖਕ ਦਾ ਆਖਿਰੀ ਉਦੇਸ਼ ਸਿਰਫ਼ ਇਹ ਅਵਾਰਡ ਪ੍ਰਾਪਤੀ ਤੱਕ ਹੀ ਹੁੰਦਾ ਹੈ ?

– ਹੋ ਸਕਦਾ ਹੈ, ਕੁਝ ਲੇਖਕਾਂ ਨਾਲ ਇਸ ਤਰ੍ਹਾਂ ਵਾਪਰੀ ਹੋਵੇ। ਜਾਂ ਉਨ੍ਹਾਂ ਨੂੰ ਇਨਾਮ ਹੀ ਜੀਵਨ ਦੇ ਉਸ ਪੜਾਅ ਉਪਰ ਮਿਲੇ ਹੋਣ ਜਦੋਂ ਉਹ ਆਪਣੇ ਵੱਲੋਂ ਲਿਖਣ ਕਾਰਜ ਸੰਤੋਖਣ ਲੱਗੇ ਹੋਣ। ਪਰ ਹਰ ਲੇਖਕ ਬਾਰੇ ਅਜਿਹਾ ਨਹੀਂ ਕਿਹਾ ਜਾ ਸਕਦਾ। ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ, ਜਿਹੜੇ ਲੇਖਕ ਇਨਾਮ ਪ੍ਰਾਪਤ ਕਰਨ ਤੋਂ ਬਾਅਦ ਵੀ ਲੰਮਾ ਸਮਾਂ ਲਿਖਦੇ ਰਹੇ ਜਾਂ ਲਿਖ ਰਹੇ ਹਨ। ਮੇਰੇ ਆਪਣੇ ਕੋਲ ਅਜੇ ਬਹੁਤ ਕੁਝ ਲਿਖਣ ਸਮੱਗਰੀ ਪਈ ਹੈ-ਜੋ ਬਹੁਤਾ ਨਹੀਂ ਤਾਂ ਘੱਟੋ ਘੱਟ ਅੱਠ-ਦਸ ਸਾਲ ਤੱਕ ਸਮੇਟੀ ਨਹੀਂ ਜਾਣੀ। 'ਅੰਨਦਾਤਾ' ਦਾ ਦੂਸਰਾ ਭਾਗ ਲਿਖਣਾ ਹੈ। 'ਲਾਲਬੱਤੀ' ਦੇ ਦੂਸਰੇ ਭਾਗ ਲਈ ਮੈਂ ਪੰਜਾਬ ਦੇ ਅੰਕੜੇ ਇਕੱਠੇ ਕਰ ਰਿਹਾ ਹਾਂ। ਇਨਾਮ ਹਾਸਲ ਕਰ ਲੈਣਾ ਮੇਰੀ ਮੰਜ਼ਿਲ ਨਹੀਂ ਹੈ। ਮੈਂ ਬੜੇ ਵੱਡੇ ਸੁਪਨੇ ਲਏ ਹਨ। ਪ੍ਰਮਾਤਮਾ ਅੱਗੇ ਮੇਰੀ ਹਰ ਰੋਜ਼ ਇਹ ਅਰਦਾਸ ਹੁੰਦੀ ਹੈ, ਮੈਂ ਤੰਦਰੁਸਤ ਰਹਾਂ, ਸਾਹਿਤ ਸਿਰਜਣ ਵਿਚ ਕਾਰਜਸ਼ੀਲ ਰਹਾਂ ਤੇ ਪਾਠਕਾਂ ਨੂੰ ਮੈਂ ਕਦੇ ਨਿਰਾਸ਼ ਨਾ ਕਰਾਂ। ਇਨਾਮ ਸਨਮਾਨ ਤਾਂ ਪਿੱਛੇ ਪਿੱਛੇ...ਆਪਣੇ ਆਪ ਤੁਰੇ ਆਉਂਦੇ ਹਨ। ਸਾਹਿਤਕ ਕਾਰਜ ਲਈ ਮੈਂ ਗੀਤਾ ਦੇ ਸਲੋਕ ਉਪਰ ਪੂਰਾ ਵਿਸ਼ਵਾਸ ਰੱਖਦਾ ਹਾਂ। 'ਕਾਰਜ ਕਰਦੇ ਜਾਓ...ਫਲ ਦੀ ਆਸ ਨਾ ਰੱਖੋ...।'

# ਇਕ ਜੈਂਟਲਮੈਨ/ਹਰਜੀਤ ਅਟਵਾਲ

ਸ਼ਾਮ ਦਾ ਸਮਾਂ ਹੈ, ਘੁਸ-ਮੁਸਾ ਜਿਹਾ। ਮੈਂ ਮੈਲਿਨ ਰੋਡ ਦੇ ਅਠਾਈ ਨੰਬਰ ਦੇ ਬਾਹਰ ਖੜ੍ਹਾ ਹਾਂ। ਇਸ ਘਰ ਦੇ ਭਾਰੇ-ਪਰਦੇ ਹਾਲੇ ਖਿੱਚੇ ਨਹੀਂ ਹਨ। ਜਾਲੀਦਾਰ ਪਰਦਿਆਂ ਰਾਹੀਂ ਇਕ ਖੂੰਜੇ ਵਿਚ ਟੇਬਲ ਲੈਂਪ ਬਲਦਾ ਦਿਸ ਰਿਹਾ ਹੈ। ਟੇਬਲ ਲੈਂਪ ਦੀ ਬੱਝਵੀਂ ਲੋਅ ਵਿਚ ਉਹ ਇਕ ਕਿਤਾਬ ਉਪਰ ਸਿਰ ਸੁੱਟੀ ਬੈਠਾ ਹੈ। ਬਾਕੀ ਦੇ ਕਮਰੇ ਵਿਚ ਹਨੇਰਾ ਹੈ ਤੇ ਇਕ ਚੁੱਪ ਜਿਹੀ ਪੱਸਰੀ ਦਿਸ ਰਹੀ ਹੈ। ਇਸ ਨੂੰ ਉਹ ਸੁੰਨ ਕਿਹਾ ਕਰਦਾ ਹੈ। ਮੈਂ ਦਰਵਾਜ਼ੇ ਦੀ ਘੰਟੀ ਵਜਾਉਂਦਾ ਹਾਂ। ਘਰ ਦੀਆਂ ਲਾਈਟਾਂ ਜਗਣ ਲਗਦੀਆਂ ਹਨ। ਉਹ ਆ ਕੇ ਬੂਹਾ ਖੋਹਲਦਾ ਹੈ। ਖੁੱਲ੍ਹੀ-ਚੌੜੀ ਮੁਸਕ੍ਰਾਹਟ ਦਿੰਦਾ ਉਹ ਮੇਰੇ ਨਾਲ ਭਰਵਾਂ ਹੱਥ ਮਿਲਾਉਂਦਾ ਹੈ। ਘਰ ਦੇ ਅੰਦਰ ਵੜਦਿਆਂ ਸਿਗਰਟ ਦੇ ਧੂੰਏਂ ਦਾ ਇਕ ਰੇਲਾ ਮੇਰੇ ਨੱਕ ਵਿਚ ਆ ਵੜਦਾ ਹੈ। ਜ਼ਰਾ ਹੋਰ ਅੰਦਰ ਜਾਂਦਾ ਹਾਂ ਤਾਂ ਰਸੋਈ ਵਿਚੋਂ ਭੁੱਜਦੇ ਮੀਟ ਦੀ ਖੁਸ਼ਬੋ ਆਉਣ ਲਗਦੀ ਹੈ। ਮੈਨੂੰ ਪਤਾ ਹੈ ਕਿ ਇਹ ਮੇਰੇ ਲਈ ਵਿਸ਼ੇਸ਼ ਹੈ। ਉਹ ਹੱਸਦਾ ਹੋਇਆ ਕਹਿੰਦਾ ਹੈ,

"ਲੈਂਬ ਚੌਪ ਬਣ ਰਹੀਆਂ, ਮੈਨੂੰ ਪਤਾ ਕਿ ਭਰਾ ਨੂੰ ਇਹ ਪਸੰਦ ਨੇ, ਬੱਸ ਤਿਆਰ ਹੋਈਆਂ ਲੈ।"

ਮੈਂ ਆਪਣੀ ਜੈਕਟ ਉਤਾਰ ਕੇ ਇਕ ਪਾਸੇ ਟੰਗ ਦਿੰਦਾ ਹਾਂ ਤੇ ਸੈਟੀ ਤੇ ਬੈਠ ਜਾਂਦਾ ਹਾਂ। ਉਹ ਬੋਤਲ ਦੇ ਗਲ਼ਵੇਂ ਨੂੰ ਹੱਥ ਪਾਉਂਦਾ ਆਖਦਾ ਹੈ,

"ਧੀਰੇ ਵੱਲ ਆਇਐਂ!"

"ਉਹਦੇ ਨਵੇਂ ਨਾਵਲ 'ਤੇ ਫੰਕਸ਼ਨ ਸੀ।"

"ਮਈਂ ਯਾਅ, ਉਹਦੇ ਨਾਵਲ ਵਿਚ ਕੀ ਹੋਣੈਂ! ...ਤੈਨੂੰ ਵੀ ਖਾਲੀ ਭਾਂਡੇ ਵਜਾਉਣ ਦੀ ਆਦਤ ਪੈ ਗਈ ਏ!"

"ਭਾਊ, ਅੱਜ ਕਲ੍ਹ ਫੰਕਸ਼ਨ ਕਰਨੇ ਏਨੇ ਸੌਖੇ ਨਹੀਂ, ਵਿਆਹ ਰਚਾਉਣ ਵਾਂਗੂ ਐਂ, ...ਤੂੰ ਮੇਰੇ ਆ ਤਾਂ ਮੈਂ ਤੇਰੇ ਆਊਂ।"

"ਸਮਝਦਾਂ ਮੈਂ ਤੇਰੀ ਗੱਲ ਪਰ ਸਾਰੇ ਜੀਰੋ ਬੰਦੇ ਨੇ, ਸਾਰੇ ਈ ਬੀ ਟੀਮ, ਸੀ ਟੀਮ ਦੇ ਪਲੇਅਰ ਨੇ, ਇਹਨਾਂ ਨਾਲ ਖੇਡ ਕੇ ਵੀ ਆਪਣਾ ਸਟੈਂਡਰ ਡਾਊਨ ਕਰਨ ਵਾਲੀ ਗੱਲ ਏ।"

"ਭਾਊ, ਗੱਲ ਤਾਂ ਤੇਰੀ ਠੀਕ ਏ ਪਰ ਹੁਣ ਕੀ ਕਰੀਏ, ਖੇਡਣ ਦੀ ਆਦਤ ਪੈ ਚੁੱਕੀ ਏ, ਤਕੜਾ ਪਲੇਅਰ ਖੇਡੇ ਨਾ ਤੇ ਮਾੜੇ ਨਾਲ ਖੇਡੀਏ ਨਾ, ...ਕਾਹਦੇ ਪਲੇਅਰ ਹੋਏ।"

ਗੱਲ ਕਰਦਾ ਮੈਂ ਉਸ ਵੱਲ ਦੇਖਦਾ ਹਾਂ। ਉਹ ਸਿਗਰਟ ਸੁਲਘਾ ਲੈਂਦਾ ਹੈ ਤੇ ਬੋਲਦਾ ਹੈ,

"ਤੂੰ ਹੁਣ ਦੂਰ ਈ ਬਹੁਤ ਏਂ, ਜਾਂ ਤਾਂ ਤੂੰ ਇਥੇ ਆ ਜਾ, ਦੋਵੇਂ ਭਰਾ ਰਲ਼ ਕੇ ਕੁਝ ਕਰਦੇ ਆਂ, ਇਹੋ ਜਿਹੇ ਕਲਾਸ ਦੇ ਸਾਹਿਤਕ ਸਮਾਗਮ ਕਰਾਵਾਂਗੇ ਕਿ ਬਹਿ ਜਾ ਬਹਿ ਹੋ ਜੂ!"

ਮੈਂ ਕੁਝ ਨਹੀਂ ਕਹਿੰਦਾ। ਉਸ ਨੂੰ ਵੀ ਪਤਾ ਹੈ ਕਿ ਲੰਡਨ ਛੱਡ ਕੇ ਮੇਰੇ ਲਈ ਵੁਲਵਰਹੈਂਪਟਨ ਜਾਣਾ ਸੰਭਵ ਨਹੀਂ, ਹਾਲੇ ਉਹ ਤਾਂ ਲੰਡਨ ਆ ਸਕਦਾ ਹੈ ਪਰ ਉਹ ਵੀ ਹੁਣ ਨਹੀਂ ਆਵੇਗਾ।

ਉਹ ਮੈਨੂੰ ਇਕ ਪਟਿਆਲਾ ਸ਼ਾਹੀ ਪੈੱਗ ਪਾਉਂਦਾ ਹੈ ਤੇ ਆਪ ਬੋਤਲ ਵਿਚੋਂ ਇਕ ਪਾਈਆ ਵਿਸਕੀ ਭਰਦਾ ਕਹਿੰਦਾ ਹੈ,

"ਬੱਸ ਇਕ ਪਾਈਆ ਈ, ...ਮਈਂ ਯਾਅ, ਹੁਣ ਨਹੀਂ ਪੀ ਹੁੰਦੀ।"

ਅਸੀਂ ਗਾਲਸ ਭੜਾਉਂਦੇ ਚੀਅਰਜ਼ ਕਰਦੇ ਹਾਂ। ਮੈਂ ਪੁੱਛਦਾ ਹਾਂ,

"ਕੋਈ ਮਿਲਿਆ ਗਿਲਿਆ, ਕੋਈ ਫੋਨ ਬਗੈਰਾ?"

"ਨਾ ਬਈ, ਕੋਈ ਨਹੀਂ ਮਿਲਿਆ ਮਈਂ ਯਾਅ! ਨਾ ਕੋਈ ਫੋਨ ਆਇਆ, ਚਾਰੇ ਪਾਸੇ



ਬਾਬੇ ਨਾਨਕ ਵਾਲਾ ਅਰਬਦ-ਖਰਬਦ ਧੁੰਧੂ-ਕਾਰਾ ਐ, ਸੁੰਨ ਈ ਸੁੰਨ!"

ਉਹ ਉਦਾਸ ਹੁੰਦਾ ਆਖਦਾ ਹੈ।...

ਇਹ ਦ੍ਰਿਸ਼ ਮੈਂ ਲਗਾਤਾਰ ਦਸ-ਗਿਆਰਾਂ ਸਾਲ ਦੇਖਿਆ। ਸਾਲ ਵਿਚ ਦੋ ਜਾਂ ਤਿੰਨ ਵਾਰ। ਮੈਂ ਕਿਸੇ ਪ੍ਰੋਗਰਾਮ ਵਿਚ ਹਾਜ਼ਰੀ ਲਗਵਾਉਣ ਵੁਲਵਰਹੈਂਪਟਨ ਜਾਂਦਾ ਤੇ ਰਾਤ ਸਵਰਨ ਚੰਦਨ ਕੋਲ ਜਾ ਕਟਦਾ। ਉਹ ਵੀ ਮੈਨੂੰ ਉਡੀਕ ਹੀ ਰਿਹਾ ਹੁੰਦਾ। ਵੁਲਵਰਹੈਂਪਟਨ ਦੇ ਲੇਖਕਾਂ ਨੇ ਉਸ ਦਾ ਬਾਈਕਾਟ ਕੀਤਾ ਹੋਇਆ ਸੀ ਜਾਂ ਉਸ ਨੇ ਉਹਨਾਂ ਦਾ। ਗੱਲ ਤਾਂ ਇਕੋ ਹੀ ਹੈ; ਚਾਕੂ ਖਰਬੂਜ਼ੇ ਤੇ ਡਿਗੇ ਜਾਂ ਖਰਬੂਜ਼ਾ ਚਾਕੂ 'ਤੇ। ਲੇਖਕਾਂ ਨੇ ਤਾਂ ਉਸ ਦਾ ਬਾਈਕਾਟ ਕੀਤਾ ਹੀ ਹੋਵੇਗਾ ਪਰ ਸ਼ਹਿਰ ਦਾ ਕੋਈ ਗੈਰ-ਲੇਖਕ ਵੀ ਉਸ ਦਾ ਦੋਸਤ ਨਹੀਂ ਸੀ। ਉਹ ਸਾਰਾ ਦਿਨ ਇਕੱਲਾ ਹੁੰਦਾ। ਇਕੱਲਾ ਜਾਗਦਾ, ਇਕੱਲਾ ਹੀ ਸੌਂਦਾ। ਹੌਲੀ ਹੌਲੀ ਉਸ ਨੇ ਨਜ਼ਦੀਕ ਦੇ ਪਾਰਕ ਵਿਚ ਬੈਠਦੇ ਕੁਝ ਸ਼ਰਾਬੀ ਜਿਹੇ ਲੋਕ ਦੋਸਤ ਬਣਾ ਲਏ ਸਨ ਜਿਹੜੇ ਉਸ ਨੂੰ ਹੋਰ ਇਕੱਲਾ ਕਰ ਜਾਂਦੇ। ਉਸ ਦੀ ਧੀ ਅਲਕਾ ਕਦੇ ਕਦੇ ਉਸ ਕੋਲ ਜਾ ਕੇ ਰਹਿ ਆਉਂਦੀ ਤੇ ਕਦੇ ਕਦੇ ਮੈਂ। ਬਾਕੀ ਸਮਾਂ ਉਹ ਇਕੱਲਾ ਹੀ ਰਹਿੰਦਾ। ਹਾਂ, ਉਸ ਦਾ ਇਕ ਗਵਾਂਢੀ ਅਮਰੀਕ ਉਸ ਦੀ ਖ਼ਬਰਸਾਰ ਲੈਂਦਾ ਰਹਿੰਦਾ। ਅਮਰੀਕ ਆਪ ਅਨਪੜ੍ਹ ਜਿਹਾ ਬੰਦਾ ਸੀ, ਸਵਰਨ ਚੰਦਨ ਉਸ ਦਾ ਪੇਪਰ-ਵਰਕ ਕਰ ਦਿੰਦਾ। ਬਦਲੇ ਵਿਚ ਅਮਰੀਕ ਦੇ ਘਰ ਵਾਲੀ ਕਈ ਵਾਰ ਉਸ ਨੂੰ ਰੋਟੀ ਬਣਾ ਕੇ ਦੇ ਜਾਂਦੀ। ਵੈਸੇ ਰੋਟੀ ਦੀ ਉਸ ਨੂੰ ਲੋੜ ਨਹੀਂ ਸੀ ਹੁੰਦੀ। ਉਹ ਆਪ ਬਹੁਤ ਹੀ ਵਧੀਆ ਰਸੋਈਆ ਸੀ। ਦਾਲ-ਸਬਜ਼ੀ ਬਣਾਉਣ ਵਿਚ ਕੋਈ ਵੀ ਉਸ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ। ਉਸ ਨੂੰ ਕਿਸੇ ਹੋਰ ਦੀ ਬਣੀ ਰੋਟੀ ਦੀ ਲੋੜ ਉਸ ਵੇਲੇ ਪੈਂਦੀ ਜਦ ਕਦੇ ਜ਼ਿਆਦਾ ਸ਼ਰਾਬੀ ਹੋ ਗਿਆ ਹੁੰਦਾ ਤੇ ਰੋਟੀ ਬਣਾਉਣ ਦੇ ਕਾਬਲ ਨਾ ਰਹਿੰਦਾ।

ਮੇਰਾ ਉਸ ਨਾਲ ਤੀਹ ਸਾਲ ਤੋਂ ਵਧ ਸਮੇਂ ਦਾ ਨਾਤਾ ਸੀ। ਉਹ ਹਰ ਪ੍ਰੋਗਰਾਮ ਵਿਚ ਜੈਂਟਲਮੈਨ ਬਣ ਕੇ ਆਉਂਦਾ; ਸੂਟ ਪਾਇਆ ਹੁੰਦਾ ਤੇ ਨਾਲ ਮੈਚ ਕਰਦੀ ਟਾਈ। ਐਨਕਾਂ ਲਾਈਆਂ ਹੁੰਦੀਆਂ, ਨਹੀਂ ਤਾਂ ਜੇਬ੍ਹ ਵਿਚੋਂ ਬਾਹਰ ਦਿਸ ਰਹੀਆਂ ਹੁੰਦੀਆਂ ਤੇ ਨਾਲ ਹੀ ਪਾਰਕਰ ਦਾ ਪੈੱਨ ਵੀ। ਇਹਨਾਂ ਤੀਹਾਂ ਸਾਲਾਂ ਵਿਚ ਮੈਂ ਉਸ ਦੇ ਕਈ ਰੂਪ ਦੇਖੇ ਤੇ ਦੇਖੇ ਵੀ ਬਹੁਤ ਹੀ ਨੇੜਿਓਂ। ਉਸ ਦੇ ਸੁਭਾਅ ਦਾ ਸ਼ਾਇਦ ਹੀ ਕੋਈ ਪੱਖ ਅਣਦੇਖਿਆ ਰਹਿ ਗਿਆ ਹੋਵੇ। ਫਿਰ ਵੀ ਕਹਿੰਦੇ ਹਨ ਕਿ ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ! ਹੋ ਸਕਦਾ ਹੈ ਕਿ ਉਸ ਦੇ ਮਨ ਦੀਆਂ ਬਹੁਤ ਸਾਰੀਆਂ ਤੈਹਾਂ ਤੋਂ ਮੈਂ ਅਣਜਾਣ ਹੀ ਹੋਵਾਂ। ਤੀਹ ਸਾਲ ਪਹਿਲਾਂ ਉਹ ਅਚਾਨਕ ਮੇਰੇ ਘਰ ਮਠਿਆਈ ਦਾ ਡੱਬਾ ਲੈ ਕੇ ਆਇਆ ਸੀ। ਇਹ ਉਹ ਦਿਨ ਸਨ ਜਦ ਸਾਊਥਾਲ ਦੀ ਪ੍ਰਗਤੀਸ਼ੀਲ ਲਿਖਾਰੀ ਸਭਾ ਨੇ ਆਲਮੀ ਪੰਜਾਬੀ ਕਾਨਫਰੰਸ ਕਰਵਾਈ ਸੀ। ਇਸ ਸਭਾ ਦੇ ਆਹੁਦੇਦਾਰਾਂ ਦੀ ਬਹੁਤ ਹੀ ਪੁੱਛਪ੍ਰਤੀਤ ਸੀ। ਸਵਰਨ ਚੰਦਨ ਇਸ ਦਾ ਪ੍ਰਧਾਨ ਬਣਨਾ ਚਾਹੁੰਦਾ ਸੀ। ਪ੍ਰਧਾਨ ਬਣਨ ਲਈ ਉਸ ਨੂੰ ਵੋਟਾਂ ਚਾਹੀਦੀਆਂ ਸਨ। ਮੈਂ ਸਭਾ ਦਾ ਨਵਾਂ ਨਵਾਂ ਮੈਂਬਰ ਬਣਿਆ ਸਾਂ, ਸੋ ਉਹ ਮੇਰੇ ਤੋਂ ਮੇਰੀ ਵੋਟ ਮੰਗਣ ਆਇਆ ਸੀ। ਉਸ ਨੇ ਇੰਨੇ ਮੋਹ ਨਾਲ ਕਿਹਾ ਕਿ ਮੈਂ ਸਦਾ ਲਈ ਉਸ ਦੀ ਵੋਟ ਬਣ ਕੇ ਰਹਿ ਗਿਆ। ਅੱਜ ਉਸ ਦੇ ਮਰਨ ਤੋਂ ਬਾਅਦ ਵੀ ਮੇਰੀ ਵੋਟ ਉਸ ਦੇ ਹੱਕ ਵਿਚ ਭੁਗਤ ਰਹੀ ਹੈ। ਇਹ ਵੱਖਰੀ ਗੱਲ ਹੈ ਕਿ ਉਸ ਵੇਲੇ ਮੇਰੀ ਵੋਟ ਉਸ ਦੇ ਕਿਸੇ ਕੰਮ ਨਹੀਂ ਸੀ ਆਈ ਕਿਉਂਕਿ ਉਸ ਨੂੰ ਕਿਸੇ ਨੇ ਪ੍ਰਧਾਨ ਤਾਂ ਕੀ ਬਣਾਉਣਾ ਸੀ ਸਗੋਂ ਉਸ ਨੂੰ ਤੇ ਉਸ ਦੀ ਸਾਰੀ ਜੁੰਡਲੀ ਨੂੰ ਹੀ ਸਭਾ ਵਿਚੋਂ ਕੱਢ ਦਿੱਤਾ ਗਿਆ ਸੀ।

ਸਾਡੇ ਵਾਹ ਦੇ ਪਹਿਲੇ ਪੰਦਰਾਂ ਸਾਲਾਂ ਵਿਚ ਸਾਡਾ ਵਾਹ ਸੀਨੀਅਰ-ਯੂਨੀਅਰ ਵਾਲਾ ਰਿਹਾ ਹੈ। ਮੇਰੀਆਂ ਕਹਾਣੀਆਂ ਦੀ ਉਸ ਨੇ ਨਿੱਠ ਕੇ ਤਾਰੀਫ ਕੀਤੀ, ਸਲਾਹਾਂ ਵੀ ਦਿੱਤੀਆਂ ਪਰ ਬਦਲੇ ਵਿਚ ਉਸ ਨੂੰ ਆਪਣੀਆਂ ਕਹਾਣੀਆਂ ਦੀ ਤਾਰੀਫ ਵੀ ਚਾਹੀਦੀ ਸੀ, ਮੈਨੂੰ ਕਰਨੀ ਵੀ ਪਈ

ਵੈਸੇ ਮੈਂ ਉਸ ਨੂੰ ਨਾਵਲਕਾਰ ਹੀ ਵਧੀਆ ਮੰਨਦਾ ਸਾਂ। ਉਸ ਦੀ ਕਿਸੇ ਵੀ ਕਹਾਣੀ ਨੇ ਮੈਨੂੰ ਮੁਤਾਸਰ ਨਹੀਂ ਸੀ ਕੀਤਾ। ਉਸ ਦੇ ਨਾਵਲ 'ਨਵੇਂ ਰਿਸ਼ਤੇ' 'ਤੇ 'ਕੱਚੇ ਘਰ' ਮੈਨੂੰ ਬਹੁਤ ਪਸੰਦ ਸਨ। 'ਕੱਖ ਕਾਨ ਤੇ ਦਰਿਆ' ਮੈਨੂੰ ਬਿਲਕੁਲ ਚੰਗਾ ਨਹੀਂ ਸੀ ਲਗਿਆ। 'ਕੰਜਕਾਂ' ਵੀ ਸਥਿਤੀ ਤੋਂ ਬਾਹਰ ਦਾ ਨਾਵਲ ਸੀ ਪਰ ਉਸ ਨੂੰ ਇਹ ਗੱਲਾਂ ਕਹਿੰਦਾ ਕੌਣ? ਘੱਟੋ ਘੱਟ ਮੈਂ ਤਾਂ ਨਹੀਂ ਸਾਂ ਕਹਿ ਸਕਦਾ। ਉਸ ਦੇ ਸਮਕਾਲੀ ਵੀ ਕਹਿਣੋਂ ਡਰਦੇ ਸਨ। ਉਹ ਆਪਣੀ ਆਲੋਚਨਾ ਸਹਿ ਹੀ ਨਹੀਂ ਸੀ ਸਕਦਾ। ਨਾਵਲਾਂ ਨੂੰ ਆਲੋਚਕਾਂ ਵੱਲੋਂ ਮਿਲਦੇ ਹੁੰਘਾਰੇ ਕਾਰਨ ਉਸ ਦੀ ਈਗੋ ਵੱਡੀ ਹੋਣ ਲਗੀ ਸੀ। ਭਾਸ਼ਾ ਵਿਭਾਗ ਦਾ ਇਨਾਮ ਮਿਲਣ ਤਕ ਉਸ ਦੀ ਈਗੋ ਵਿਗੜਨੀ ਸ਼ੁਰੂ ਹੋ ਗਈ ਸੀ। ਉਸ ਦੇ ਅੜਬ ਤੇ ਜ਼ਿਦੀਆ ਸੁਭਾਅ ਨੇ ਇਸ ਨੂੰ ਹੋਰ ਵੀ ਤੂਲ ਦਿੱਤਾ। ਹੁਣ ਤਕ ਆਪਣੇ ਖਿਲਾਫ ਉਹ ਨਿੱਕੀ ਜਿਹੀ ਗੱਲ ਵੀ ਨਹੀਂ ਸੀ ਸੁਣ ਸਕਦਾ।

ਪਹਿਲੀਆਂ ਵਿਚ ਉਹ ਵਧੀਆ ਸਮਾਜਕ ਪ੍ਰਾਣੀ ਸੀ ਪਰ ਧੀ ਦੀਆਂ 'ਮਰਜ਼ੀਆਂ' ਨੇ ਉਸ ਦੇ ਸੁਭਾਅ ਵਿਚ ਵੱਡੀ ਤਬਦੀਲੀ ਕਰ ਦਿੱਤੀ ਸੀ। ਧੀ ਦੇ ਘਰੋਂ ਚਲੇ ਜਾਣ ਕਾਰਨ ਉਸ ਨੇ ਸਮਾਜਕ ਲੋਕ ਰਾਏ ਤੋਂ ਡਰਨਾ ਬੰਦ ਕਰ ਦਿੱਤਾ ਸੀ। ਕੋਈ ਉਸ ਬਾਰੇ ਕੀ ਕਹਿੰਦਾ ਹੈ ਉਸ ਨੇ ਪਰਵਾਹ ਕਰਨੀ ਛੱਡ ਦਿੱਤੀ। ਪਹਿਲੀ ਪਤਨੀ ਸੁਰਜੀਤ ਦੀ ਮੌਤ ਨੇ ਉਸ ਦੀ ਜ਼ਿੰਦਗੀ ਵਿਚ ਬਹੁਤ ਵੱਡਾ ਮੋੜ ਲੈ ਆਂਦਾ। ਸੁਰਜੀਤ ਕੌਰ ਦਾ ਕਿਸੇ ਹੱਦ ਤਕ ਉਸ ਉਪਰ ਕੰਟਰੋਲ ਸੀ। ਉਸ ਕਾਰਨ ਉਹ ਘਰ ਨਾਲ ਬੱਝਿਆ ਹੋਇਆ ਸੀ। ਪਤਨੀ ਦੀ ਮੌਤ ਨੇ ਉਸ ਦੀਆਂ ਵਾਗਾਂ ਖੋਹਲ ਦਿਤੀਆਂ। ਦਵਿੰਦਰ ਕੌਰ ਪਹਿਲਾਂ ਹੀ ਉਸ ਦੇ ਸੰਪਰਕ ਵਿਚ ਆ ਚੁੱਕੀ ਸੀ। ਆਪਣਾ ਘਰ ਕਿਰਾਏ 'ਤੇ ਦਿੱਤਾ ਤੇ ਯੂਨੀਵਰਸਟੀ ਪੜ੍ਹਦੇ ਮੁੰਡੇ ਨੂੰ ਇਕ ਫਲੈਟ ਕਿਸ਼ਤਾਂ ਉਪਰ ਲੈ ਦਿੱਤਾ 'ਤੇ ਆਪ ਦਿੱਲੀ ਲਈ ਤੁਰ ਗਿਆ। ਮੁੰਡਾ ਬਹੁਤ ਛਟਪਟਾਇਆ ਕਿ ਪੜ੍ਹਨ ਦੇ ਨਾਲ ਨਾਲ ਫਲੈਟ ਦੀ ਕਿਸ਼ਤ ਕਿਵੇਂ ਦੇਵੇਗਾ। ਇਸ ਦੇ ਨਤੀਜਨ ਮੁੰਡੇ ਦੀ ਪੜ੍ਹਾਈ ਉਪਰ ਬਹੁਤ ਅਸਰ ਪਿਆ। ਉਸ ਨੂੰ ਆਪਣੀ ਡਿਗਰੀ ਲੈਣ ਲਈ ਸਾਲ-ਦੋ ਸਾਲ ਵਾਧੂ ਲਗ ਗਏ। ਚੰਦਨ ਦੀ ਇਹ ਗੱਲ ਉਸ ਦੇ ਪੁੱਤਰ ਦੇ ਮਨ ਉਪਰ ਅਮਿੱਟ ਛਾਪ ਛੱਡ ਗਈ ਜਿਹੜੀ ਪਿਓ-ਪੁੱਤਰ ਦੇ ਰਿਸ਼ਤਿਆਂ ਨੂੰ ਅਸਾਵਾਂ ਬਣਾਉਣ ਲਈ ਸਾਰੀ ਉਮਰ ਕੰਮ ਆਈ। ਜਦ ਉਹ ਦਿੱਲੀ ਜਾ ਰਿਹਾ ਸੀ ਤਾਂ ਮੈਂ ਪੁੱਛਿਆ,

"ਡਾਕਟਰ ਸਾਹਿਬ, ਦਿੱਲੀ ਜਾ ਕੇ ਕੀ ਕਰੋਂਗੇ?"

"ਮੈਂ ਹੁਣ ਮਾਈਂ ਯਾਅ, ਵੱਡਾ ਲੇਖਕ ਹਾਂ, ਏਥੇ ਹੁਣ ਮੇਰਾ ਕੀ ਕੰਮ? ...ਇਥੇ ਮੇਰਾ ਮੁਕਾਬਲਾ ਕਿਹਦੇ ਨਾਲ ਏ? ਸਭ ਮੇਰੇ ਮੁਹਰੇ ਫਾਡੀ, ਨਿਕੰਮੇ! ...ਮੇਰੀ ਕਰਮ ਭੂਮੀ ਹੁਣ ਦਿੱਲੀ ਏ।"

ਇਕ ਵਿਸ਼ੇਸ਼ ਗੱਲ ਇਹ ਕਿ ਉਸ ਨੇ ਡਾਕਟਰ ਬਣਦਿਆਂ ਹੀ ਦੋਸਤਾਂ ਉਪਰ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਸੀ ਕਿ ਹੁਣ ਉਸ ਨੂੰ ਡਾਕਟਰ ਕਿਹਾ ਜਾਵੇ। ਜੇ ਕੋਈ ਯੂਨੀਅਰ ਲੇਖਕ ਉਸ ਨੂੰ ਡਾਕਟਰ ਸਾਹਿਬ ਨਾ ਕਹਿੰਦਾ ਤਾਂ ਉਹ ਉਸ ਦੇ ਗਲ਼ ਪੈ ਜਾਂਦਾ। ਇਸੇ ਗੱਲੋਂ ਕਈਆਂ ਨੂੰ ਲੇਖਕ ਦੇ ਤੌਰ 'ਤੇ ਖਤਮ ਕਰ ਦੇਣ ਦੀਆਂ ਧਮਕੀਆਂ ਵੀ ਦੇਣ ਲਗਦਾ। ਵੈਸੇ ਮੈਨੂੰ ਉਸ ਨੇ ਆਪਣੇ ਆਖਰੀ ਸਾਲਾਂ ਵਿਚ ਡਾਕਟਰ ਸਾਹਿਬ ਨਾ-ਕਹਿਣ ਦੀ ਛੋਟ ਦੇ ਦਿੱਤੀ ਸੀ। ਉਸ ਦੀ ਡਾਕਟਰ ਕਹਾਉਣ ਬਾਰੇ ਇਕ ਦਿਲਚਸਪ ਗੱਲ ਬਾਅਦ ਵਿਚ ਕਰਾਂਗੇ। ਬਹਰਹਾਲ, ਉਹ ਇੰਨਾ ਜ਼ਹੀਨ ਸੀ ਕਿ ਡਾਕਟਰ ਬਣਨਾ, ਪੀ ਐਚ. ਡੀ. ਦੀ ਡਿਗਰੀ ਕਰਨੀ ਉਸ ਲਈ ਕੋਈ ਵੱਡੀ ਗੱਲ ਨਹੀਂ ਸੀ ਭਾਵੇਂ ਇਹ ਡਿਗਰੀ ਲੈਣ ਵੇਲੇ ਕਈ ਗਲਤ-ਸਹੀ ਜਿਹੀਆਂ ਖ਼ਬਰਾਂ ਵੀ ਛਪੀਆਂ ਸਨ।

ਦਿੱਲੀ ਉਹ ਬਹੁਤ ਚੜ੍ਹਾਈ ਨਾਲ ਗਿਆ ਸੀ। ਦਿੱਲੀ ਜਾਣ ਦਾ ਉਸ ਦਾ ਪ੍ਰਮੁੱਖ ਕਾਰਨ ਕਿਸੇ ਨਾ ਕਿਸੇ ਤਰ੍ਹਾਂ ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਲੈਣਾ ਸੀ ਜਿਸ ਦਾ ਉਹ ਹੁਣ ਆਪਣੇ ਆਪ ਨੂੰ ਹੱਕਦਾਰ ਸਮਝਣ ਲਗ ਪਿਆ ਸੀ। ਵੈਸੇ ਵੀ ਉਹ ਦਿੱਲੀ ਸਰ ਕਰ ਲੈਣੀ ਚਾਹੁੰਦਾ ਸੀ।



ਡਾਕਟਰ ਹਰਭਜਨ ਸਿੰਘ ਨੂੰ ਸਟੇਜ ਉਪਰੋਂ ਉਹ ਸਿਧਾਂਤਕ ਚਣੌਤੀ ਦੇ ਚੁੱਕਿਆ ਸੀ ਬਲਕਿ ਉਹ ਉਸ ਨੂੰ ਐਵੇਂ-ਕਿਵੇਂ ਹੀ ਸਮਝਣ ਲਗਿਆ ਸੀ। ਦਿੱਲੀ ਵਿਚ ਉਹ ਵੱਡਾ ਲੇਖਕ ਬਣ ਫਿਰਨ ਲਗਿਆ। ਉਸ ਦੇ ਥਾਂ ਥਾਂ ਲੈਕਚਰ ਹੋਣ ਲਗੇ। ਸਤਿੰਦਰ ਸਿੰਘ ਨੂਰ ਦਾ ਸੂਰਜ ਉਹਨਾਂ ਦਿਨਾਂ ਵਿਚ ਹਾਲੇ ਚੜ੍ਹਿਆ ਨਹੀਂ ਸੀ। ਨੂਰ ਤਾਂ ਚੰਦਨ ਦਾ ਚੇਲਾ ਬਣਿਆਂ ਘੁੰਮ ਰਿਹਾ ਸੀ, ਬਾਕੀ ਸਾਰੀ ਦਿੱਲੀ ਵੀ। ਬਹੁਤ ਜਲਦੀ ਉਹ ਦਿੱਲੀ ਦੇ ਸਾਹਿਤਕ ਹਲਕਿਆਂ ਦਾ ਮਹੱਤਵਪੂਰਨ ਅੰਗ ਬਣ ਗਿਆ। ਉਹ ਪ੍ਰਧਾਨਗੀਆਂ ਕਰਦਾ, ਲੱਛੇਦਾਰ ਭਾਸ਼ਨ ਦਿੰਦਾ, ਵਾਹ ਵਾਹ ਖੱਟਦਾ। ਉਸ ਨੂੰ ਲਗਦਾ ਕਿ ਸਾਹਿਤ ਅਕੈਡਮੀ ਦਾ ਇਨਾਮ ਤਾਂ ਇਸ ਵਾਰ ਉਸ ਨੂੰ ਮਿਲਣਾ ਹੀ ਮਿਲਣਾ ਹੈ। ਉਸ ਦੇ ਦੋਸਤ ਉਸ ਦੇ ਇਸ ਸੁਪਨੇ ਨੂੰ ਹੋਰ ਫੰਗ ਲਾ ਦਿੰਦੇ ਪਰ ਉਸ ਨੂੰ ਇਹ ਗੱਲ ਭੁੱਲ ਗਈ ਸੀ ਕਿ ਜਿਥੇ ਦਿੱਲੀ ਵਿਚ ਉਸ ਦੇ ਦੋਸਤ ਸਨ ਉਥੇ ਦੁਸ਼ਮਣ ਵੀ ਸਨ। ਡਾਕਟਰ ਹਰਭਜਨ ਸਿੰਘ ਨੂੰ ਉਸ ਨੇ ਮੰਚ ਉਪਰ ਬੈਠਾ ਕੇ ਉਸ ਨੂੰ ਸਿਧਾਂਤਕ ਚਣੌਤੀ ਦਿੱਤੀ ਤਾਂ ਦਿੱਤੀ ਹੀ ਸੀ ਪਰ ਇਕ ਵਾਰ ਲੰਡਨ ਆਏ ਨੂੰ ਆਪਣੇ ਘਰੋਂ ਵੀ ਕੱਢਿਆ ਸੀ, ਉਹ ਉਸ ਨੂੰ ਇਹ ਇਨਾਮ ਕਿਵੇਂ ਲੈ ਲੈਣ ਦਿੰਦਾ। ਇਵੇਂ ਹੀ ਭਾਰਤੀ ਸਾਹਿਤ ਅਕੈਡਮੀ ਦੇ ਇਨਾਮ ਲਈ ਤਾਂ ਪਹਿਲਾਂ ਹੀ ਲੇਖਕ ਲਾਈਨ ਲਾਈ ਖੜੇ ਸਨ, ਉਹ ਸਾਰੇ ਵੀ ਤਾਂ ਇਸ ਬਾਹਰਲੇ ਬੰਦੇ ਨੂੰ ਇਹ ਇਨਾਮ ਕਿਵੇਂ ਲੈ ਜਾਣ ਦਿੰਦੇ ਸੋ ਇਨਾਮ ਵਾਲਾ ਸੁਪਨਾ ਲਟਕ ਗਿਆ। ਇਸ ਕਾਰਨ ਉਸ ਦੇ ਅੰਦਰ ਖਲਾਅ ਭਰਨ ਲਗਿਆ।

ਕੁਝ ਇਨਾਮ ਨਾ-ਮਿਲਣ ਦੀ ਰੰਜਸ਼ ਤੇ ਉਪਰੋਂ ਉਸ ਦਾ ਸੁਭਾਅ; ਚੰਦਨ ਨੇ ਛੇਤੀ ਹੀ ਆਪਣੇ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ। ਇਥੇ ਦੱਸ ਜਾਵਾਂ ਕਿ ਚੰਦਨ ਦੀ ਸ਼ਖ਼ਸੀਅਤ ਦੇ ਦੋ ਹਿੱਸੇ ਸਨ; ਸ਼ਰਾਬ ਤੋਂ ਬਿਨਾਂ ਉਹ ਹੋਰ ਬੰਦਾ ਸੀ ਤੇ ਸ਼ਰਾਬ ਪੀ ਕੇ ਕੁਝ ਹੋਰ। ਸ਼ਰਾਬ ਪੀ ਕੇ ਉਹ ਕਿਹੋ ਜਿਹਾ ਬੰਦਾ ਸੀ ਇਸ ਬਾਰੇ ਲਿਖਣਾ ਅਸਾਹਿਤਕ ਹੋਵੇਗਾ। ਸ਼ਰਾਬ ਤੋਂ ਬਿਨਾਂ ਵੀ ਉਸ ਦੇ ਸੁਭਾਅ ਦੇ ਦੋ ਹਿੱਸੇ ਸਨ; ਇਕ ਤਾਂ ਸਮਝੌਤਾ-ਵਾਦੀ ਚੰਦਨ, ਜਿਹੜਾ ਕਿ ਸਹਿਜੇ ਹੀ ਕਿਸੇ ਵੀ ਕਿਸਮ ਦੀ ਲੈਣ-ਦੇਣ ਕਰ ਸਕਦਾ ਸੀ ਤੇ ਦੂਜਾ ਅੜੀਅਲ ਚੰਦਨ, ਜ਼ਿੱਦੀ ਚੰਦਨ, ਅੱਤ-ਭਾਵੁਕ ਚੰਦਨ, ਉਹ ਚੰਦਨ ਜਿਸ ਨੂੰ ਹਰ ਵੇਲੇ ਸਿੰਗ ਫਸਾ ਕੇ ਰੱਖਣ ਦੀ ਆਦਤ ਸੀ। ਆਪਣੇ ਸੁਭਾਅ ਦੇ ਇਸ ਚੰਦਨ ਨੂੰ ਉਹ ਚੇਤੂ ਕਿਹਾ ਕਰਦਾ। ਚੇਤੂ ਉਸ ਦੀ ਨਾਵਲਾਂ ਦੀ ਤ੍ਰੈਲੜੀ 'ਪੰਜਾਬ ਸੰਤਾਲੀ' ਦਾ ਕਿਰਦਾਰ ਸੀ। ਇਹ ਉਸ ਦਾ ਸਵੈ-ਜੀਵਨੀ ਮੂਲਕ ਨਾਵਲ ਹੀ ਸੀ। ਜਦੋਂ ਕਦੇ ਸਮਝੌਤਾ-ਵਾਦੀ ਚੰਦਨ ਕੰਮ ਨਾ ਆਉਂਦਾ ਤਾਂ ਉਹ ਚੇਤੂ ਨੂੰ ਬਾਹਰ ਕੱਢ ਲੈਂਦਾ। ਇਕ ਹੋਰ ਪੱਖ ਵੀ ਸੀ ਉਸ ਦੇ ਸੁਭਾਅ ਦਾ ਕਿ ਜਿਹੜੇ ਲੋਕ ਉਸ ਨੂੰ ਵੱਡਾ ਲੇਖਕ ਮੰਨਦੇ ਉਹਨਾਂ ਪ੍ਰਤੀ ਉਸ ਦੀ ਨਜ਼ਰੇ-ਇਨਾਇਤ ਰਹਿੰਦੀ, ਜਿਹੜੇ ਉਸ ਨੂੰ ਸਮਕਾਲੀ ਜਾਂ ਸਧਾਰਣ ਲੇਖਕ ਸਮਝਦੇ ਉਹਨਾਂ ਨੂੰ ਉਹ ਬਹੁਤ ਨਫਰਤ ਕਰਦਾ ਤੇ ਆੜ੍ਹੇ ਹੱਥੀਂ ਲੈਂਦਾ। ਜਦ ਦਿੱਲੀ ਦੇ ਲੇਖਕਾਂ ਦਾ ਸ਼ਰਾਬੀ ਚੰਦਨ ਨਾਲ ਵਾਹ ਪਿਆ ਜਾਂ ਉਹ ਉਸ ਨੂੰ ਵੱਡੇ ਲੇਖਕ ਦੀ ਥਾਵੇਂ ਆਮ ਜਿਹਾ ਲੇਖਕ ਤੇ ਛੋਟਾ ਮਨੁੱਖ ਸਮਝਣ ਲਗ ਪਏ। ਨਾਲ ਹੀ ਇਨਾਮ ਨਾ-ਮਿਲਣ ਕਾਰਨ ਤੇ ਉਸ ਦੇ ਨਾਵਲ 'ਕੰਜਕਾਂ' ਬਾਰੇ ਦਿੱਲੀ ਦੇ ਲੇਖਕਾਂ ਵੱਲੋਂ ਚੁੱਪ ਸਾਧ ਲੈਣ ਕਾਰਨ ਚੰਦਨ ਦੇ ਤੇਵਰ ਬਦਲਣ ਲਗੇ। ਉਹ ਸਾਰੀ ਦਿੱਲੀ ਨੂੰ ਗਾਲ੍ਹਾਂ ਕੱਢਣ ਲਗਿਆ। ਗਾਲ੍ਹਾਂ ਉਸ ਦੇ ਸੁਭਾਅ ਦਾ ਅਟੁੱਟ ਅੰਗ ਸਨ। ਦਿੱਲੀ ਦੇ ਲੇਖਕਾਂ ਨੇ ਉਸ ਦਾ ਬਾਈਕਾਟ ਕਰ ਦਿੱਤਾ। ਉਸ ਨੂੰ ਸਾਹਿਤਕ ਸਮਾਗਮਾਂ ਵਿਚ ਬੁਲਾਉਣਾ ਛੱਡ ਦਿੱਤਾ। ਕਿਤੇ ਆ ਵੀ ਜਾਂਦਾ ਤਾਂ ਪ੍ਰਧਾਨਗੀ ਦੇਣੀ ਤਾਂ ਦੂਰ ਦੀ ਗੱਲ, ਸਟੇਜ ਤੋਂ ਬੋਲਣ ਲਈ ਵੀ ਨਾ ਸੱਦਿਆ ਜਾਂਦਾ। ਦੋਸਤਾਂ ਦੀ ਕਿਸੇ ਮਹਿਫਲ ਵਿਚ ਵੀ ਨਾ ਬੁਲਾਇਆ ਜਾਂਦਾ। ਹੋਰ ਤਾਂ ਹੋਰ ਐਸ. ਬਲਵੰਤ ਦਾ ਘਰ ਉਸ ਦੇ ਬਿਲਕੁਲ ਹੇਠਲੇ ਫਲੈਟ ਵਿਚ ਸੀ, ਉਥੇ ਦੋਸਤ ਇਕੱਠੇ ਹੁੰਦੇ ਤਾਂ ਚੰਦਨ ਨੂੰ ਸ਼ਾਮਲ ਨਾ ਕੀਤਾ ਜਾਂਦਾ। ਉਹ ਇਕੱਲਾ ਬੈਠਾ ਝੂਰਦਾ ਰਹਿੰਦਾ, ਕੁੜ੍ਹਦਾ ਰਹਿੰਦਾ, ਆਪਣੇ ਆਪ ਵਿਚ ਜ਼ਹਿਰ ਘੋਲ਼ਦਾ ਰਹਿੰਦਾ। ਗੁੱਸੇ ਵਿਚ ਆ

ਪਾਗਲਹਾਰ ਹੋਣ ਲਗਦਾ। ਦਵਿੰਦਰ ਉਸ ਦੇ ਨਾਲ ਰਹਿੰਦੀ ਸੀ, ਬਦਲੇ ਹੋਏ ਸਵਰਨ ਚੰਦਨ ਦੇ ਨਤੀਜੇ ਉਸ ਨੂੰ ਭੁਗਤਣੇ ਪੈਂਦੇ। ਦਵਿੰਦਰ ਦੀਆਂ ਦੁਆਈਆਂ ਦੀ ਮਿਕਦਾਰ ਵਧਣ ਲਗਦੀ।

ਅਜਿਹੇ ਹਾਲਾਤ ਤੋਂ ਨੀਮ-ਪਾਗਲ ਹੋ ਕੇ ਮੁੜੇ ਚੰਦਨ ਨੂੰ ਮੈਂ 1994 ਵਿਚ ਮਿਲਿਆ। ਮੇਰੀ ਕਿਤਾਬ 'ਖੂਹ ਵਾਲਾ ਘਰ' ਉਪਰ ਪ੍ਰੋਗਰਾਮ ਸੀ, ਮੈਂ ਉਸ ਨੂੰ ਸੱਦਾ ਦੇਣ ਲਈ ਉਸ ਦੇ ਮੁੰਡੇ ਦੇ ਫਲੈਟ ਵਿਚ ਫੋਨ ਕੀਤਾ ਜਿਥੇ ਉਹ ਠਹਿਰਿਆ ਸੀ ਪਰ ਉਸ ਨੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ। ਕੁਝ ਦਿਨ ਬਾਅਦ ਇਕ ਹੋਰ ਪ੍ਰੋਗਰਾਮ 'ਤੇ ਮਿਲਿਆ ਤਾਂ ਮੈਂ ਦੇਖਿਆ ਕਿ ਉਸ ਦੀਆਂ ਅੱਖਾਂ ਬਿਲਕੁਲ ਖਾਲੀ ਸਨ। ਮੈਂ ਕਾਰਨ ਪੁੱਛਿਆ ਤਾਂ ਉਸ ਨੇ ਦਿੱਲੀ ਬਾਰੇ ਬਹੁਤ ਸਾਰੀਆਂ ਸ਼ਿਕਾਇਤਾਂ ਕਰ ਮਾਰੀਆਂ। ਫਿਰ ਸਾਡੀਆਂ ਫੋਨ ਉਪਰ ਕੁਝ ਕੁ ਗੱਲਾਂ ਹੋਈਆਂ। ਕਈ ਮਹੀਨੇ ਲੰਘ ਗਏ। ਦੋ ਕੁ ਵਾਰ ਹੋਰ ਪ੍ਰੋਗਰਾਮਾਂ ਵਿਚ ਵੀ ਮਿਲਿਆ। ਹੁਣ ਉਹ ਬਹੁਤ ਹੀ ਮੋਹ ਦਿਖਾਉਂਦਾ, ਅਜਿਹਾ ਪਹਿਲਾਂ ਕਦੇ ਨਹੀਂ ਸੀ ਦਿਖਾਇਆ। ਇਕ ਦਿਨ ਉਸ ਨੇ ਕਿਹਾ,

"ਕਿਉਂ ਨਾ ਆਪਾਂ ਮਈਂ ਯਾਅ, ਲੇਖਕ ਸਭਾ ਬਣਾਈਏ, ਮੈਂ ਪ੍ਰਧਾਨ ਤੇ ਤੂੰ ਸਕੱਤਰ।"

ਮੈਂ ਤਿਆਰ ਹੋ ਗਿਆ। ਮੈਂ ਵੀ ਲੰਡਨ ਦੇ ਕਈ ਹਿੱਸਿਆਂ ਵਿਚ ਰਹਿ ਕੇ ਸਾਊਥਾਲ ਆ ਵਸਣ ਦੀ ਤਿਆਰੀ ਕਰ ਰਿਹਾ ਸਾਂ ਤੇ ਸਾਂ ਵੀ ਵਿਹਲਾ ਹੀ। ਬਾਅਦ ਵਿਚ ਸ਼ੇਰ ਜੰਗ ਜਾਂਗਲੀ ਨੇ ਮੈਨੂੰ ਦੱਸਿਆ ਕਿ ਲਿਖਾਰੀ ਸਭਾ ਬਣਾਉਣ ਲਈ ਉਹ ਕਈਆਂ ਨੂੰ ਕਹਿ ਚੁੱਕਿਆ ਸੀ ਪਰ ਉਸ ਨਾਲ ਕੋਈ ਵੀ ਰਲਣ ਲਈ ਤਿਆਰ ਨਹੀਂ ਸੀ। ਇਹਨਾਂ ਦਿਨਾਂ ਵਿਚ ਸਾਊਥਾਲ ਵਿਚ ਕੋਈ ਲਿਖਾਰੀ ਸਭਾ ਸਰਗਰਮ ਵੀ ਨਹੀਂ ਸੀ। ਖਾਲਿਸਤਾਨ ਦੇ ਦੌਰ ਵੇਲੇ ਲੇਖਕਾਂ ਵਿਚੋਂ ਹਿੰਦੂ-ਸਿੱਖ ਜਾਗ ਪਏ ਸਨ। ਲੇਖਕ ਸਭਾਵਾਂ ਖਤਮ ਜਿਹੀਆਂ ਹੀ ਹੋ ਗਈਆਂ ਸਨ। ਖੈਰ, ਅਸੀਂ ਪੰਜਾਬੀ ਲੇਖਕ ਸਭਾ, ਸਾਊਥਾਲ ਬਣਾ ਲਈ। ਸਾਹਿਤਕ ਸੰਵਾਦ ਰਚਾਉਣੇ ਸ਼ੁਰੂ ਕਰ ਦਿੱਤੇ ਜਿਹੜੇ ਕਿ ਕਾਫੀ ਸਮੇਂ ਤੋਂ ਖਤਮ ਜਿਹੇ ਸਨ। ਲੇਖਕ ਸਾਡੇ ਨਾਲ ਜੁੜਨ ਲਗੇ। ਇਕ ਦਿਨ ਚੰਦਨ ਕਹਿਣ ਲਗਿਆ,

"ਕਿਉਂ ਨਾ ਆਪਾਂ ਕੁਝ ਹੋਰ ਮੈਂਬਰ ਭਰਤੀ ਕਰ ਲਈਏ।"

"ਡਾਕਟਰ ਸਾਹਿਬ, ਜੇ ਹੋਰ ਬੰਦੇ ਭਰਤੀ ਕਰ ਲਏ ਤਾਂ ਤੁਹਾਡੀ ਪ੍ਰਧਾਨਗੀ ਖੁਸ ਜਾਣੀ ਏਂ ਤੇ ਮੇਰੀ ਸਕੱਤਰੀ! ...ਏਦਾਂ ਈ ਕਿੱਲੀ ਨੱਪੀ ਜਾਵੋ।"

"ਮਈਂ ਯਾਅ, ਗੱਲ ਤਾਂ ਤੇਰੀ ਠੀਕ ਏ।"

ਆਖਦਾ ਉਹ ਹੱਸਣ ਲਗਿਆ। ਹੋਇਆ ਵੀ ਇਵੇਂ ਹੀ। ਅਸੀਂ ਤਾਂ ਸਗੋਂ ਹੋਰਨਾਂ ਲੇਖਕਾਂ ਲਈ ਉਦਾਹਰਣ ਬਣ ਗਏ। ਇੰਗਲੈਂਡ ਦੇ ਪੰਜਾਬੀ ਦੇ ਪੰਜਾਹ ਲੇਖਕਾਂ ਨੇ ਪੱਚੀ ਲੇਖਕ ਸਭਾਵਾਂ ਬਣਾ ਲਈਆਂ ਜੋ ਹਾਲੇ ਵੀ ਚੱਲ ਰਹੀਆਂ ਹਨ। ਸਾਡੀ ਸਭਾ ਵੀ ਉਸ ਦੇ ਵੁਲਵਰਹੈਂਪਟਨ ਜਾਣ ਤਕ ਚਲਦੀ ਰਹੀ।

ਸੰਨ 1994 ਤੋਂ ਪਹਿਲਾਂ ਅਸੀਂ ਦੋਸਤ ਤਾਂ ਸਾਂ ਪਰ ਬਹੁਤੇ ਨੇੜਲੇ ਦੋਸਤ ਨਹੀਂ ਸਾਂ। ਹੁਣ ਅਸੀਂ ਇਕ ਦੂਜੇ ਦੇ ਵਿਸ਼ੇਸ਼ ਦੋਸਤ ਚੁੱਕੇ ਸਾਂ। ਦੋਸਤੀ ਕਾਇਮ ਰੱਖਣ ਲਈ ਅਣਕਹੀ ਸ਼ਰਤ ਸੀ ਕਿ ਮੈਂ ਉਸ ਨੂੰ ਬਹੁਤ ਵੱਡਾ ਲੇਖਕ ਤੇ ਆਲੋਚਕ ਮੰਨਾਂ, ਉਹ ਮੈਂ ਮੰਨਦਾ ਹੀ ਸਾਂ। ਉਸ ਨੇ ਮੇਰੀਆਂ ਕਹਾਣੀਆਂ ਸੁਣ ਕੇ ਮੈਨੂੰ ਸਲਾਹ ਦੇਣੀ, ਇਹਨਾਂ ਦੀ ਤਾਰੀਫ ਕਰਨੀ। ਸਾਡੀ ਦੋਸਤੀ ਅਜਿਹੀ ਜੰਮੀ ਕਿ ਅਸੀਂ ਅਮਰੀਕਾ-ਕਨੈਡਾ ਦੀ ਫੇਰੀ ਇਕੱਠਿਆਂ ਨੇ ਲਗਾਈ। ਹਰ ਮਹਿਫਲ ਵਿਚ ਮੈਂ ਮਜ਼ਾਕ ਵਿਚ ਕਹਿੰਦਾ ਕਿ ਮੈਂ ਆਪਣਾ ਆਲੋਚਕ ਨਾਲ ਲਈ ਫਿਰਦਾ ਹਾਂ। ਉਹ ਹਰ ਮਹਿਫਲ ਵਿਚ ਮੇਰੀ ਕਹਾਣੀਕਲਾ ਦੀ ਸਿਫਤ ਕਰਦਾ। ਅਮਰੀਕਾ-ਕਨੈਡਾ ਦੀ ਸਫਲ ਫੇਰੀ ਤੋਂ ਬਾਅਦ ਅਸੀਂ ਇੰਡੀਆ ਦਾ ਚੱਕਰ ਵੀ ਮਾਰਿਆ। ਇਥੇ ਵੀ ਉਸ ਨੇ ਮੈਨੂੰ ਕਹਾਣੀਕਾਰ ਦੇ ਤੌਰ 'ਤੇ ਪੂਰਾ ਪਰੋਮੋਟ ਕੀਤਾ।

ਇਹਨਾਂ ਦਿਨਾਂ ਵਿਚ ਹੀ ਇਕ ਮਜ਼ੇਦਾਰ ਗੱਲ ਇਹ ਹੋਈ ਕਿ ਮੈਂ ਨਾਵਲ ਲਿਖਣ ਲਈ



ਆਪਣੇ ਪਰ ਤੋਲਣ ਲਗਿਆ। ਮੈਂ ਸੋਚਿਆ ਕਿ ਨਾਵਲ ਲਿਖ ਕੇ ਉਸ ਨੂੰ ਸਰਪ੍ਰਾਈਜ਼ ਦੇਵਾਂਗਾ। ਮੈਂ ਨਾਵਲ ਲਿਖਿਆ; 'ਵਨ ਵੇਅ'। ਇਸ ਨੂੰ ਚਾਰ ਵਾਰ ਸੋਧਿਆ, ਜਾਣੀ ਕਿ ਚਾਰ ਵਾਰੀ ਹੱਥ ਨਾਲ ਲਿਖਿਆ। ਮੈਂ ਚਾਈਂ ਚਾਈਂ ਸਵਰਨ ਚੰਦਨ ਕੋਲ ਲੈ ਕੇ ਗਿਆ। ਉਸ ਨੇ ਪਤਾ ਨਹੀਂ ਨਾਵਲ ਕਿੰਨਾ ਕੁ ਪੜ੍ਹਿਆ ਪਰ ਦੂਜੇ ਦਿਨ ਹੀ ਮੇਰਾ ਨਾਵਲ ਚੁੱਕ ਕੇ ਮੇਰੇ ਮੂਹਰੇ ਮਾਰਦਾ ਬੋਲਿਆ,

"ਮਈਂ ਯਾਅ, ਏਨੂੰ ਬਿੰਨ 'ਚ ਪਾਦੇ। ...ਤੂੰ ਨਾਵਲ ਨਹੀਂ ਲਿਖ ਸਕਦਾ, ਤੂੰ ਕਹਾਣੀਕਾਰ ਏਂ ਤੇ ਕਹਾਣੀਕਾਰ ਈ ਰਹਿ। ਨਾਵਲ ਲਿਖਦਾ ਲਿਖਦਾ ਕਹਾਣੀ ਤੋਂ ਵੀ ਜਾਏਂਗਾ, ...ਨਾਲੇ ਨਾਵਲ ਮਈਂ ਯਾਅ, ਤਾਂ ਮੈਂ ਲਿਖੀ ਈ ਜਾਨਾਂ!"

ਮੈਂ ਆਪਣਾ ਜਿਹਾ ਮੂੰਹ ਲੈ ਕੇ ਰਹਿ ਗਿਆ। ਨਾਵਲਕਾਰ ਬਣਨ ਦਾ ਸੁਪਨਾ ਪਰ੍ਹਾਂ ਸੁੱਟ ਦਿੱਤਾ ਤੇ ਨਾਵਲ ਨੂੰ ਸ਼ੈਲਫਾਂ ਦੇ ਹੇਠਾਂ ਦੇ ਦਿੱਤਾ। ਸਾਲ ਕੁ ਬਾਅਦ ਮਾਨ ਸਿੰਘ ਢੀਂਡਸਾ ਮੇਰੇ ਘਰ ਆਇਆ ਤਾਂ ਉਸ ਨੇ ਸਲਾਹ ਦਿੱਤੀ ਕਿ ਨਾਵਲ ਵੀ ਲਿਖਾਂ। ਮੈਂ ਆਪਣੇ ਲਿਖੇ ਹੋਏ ਨਾਵਲ ਬਾਰੇ ਦੱਸਿਆ। ਉਸ ਨੇ ਕੁਝ ਦਿਨ ਲਾ ਕੇ ਮੇਰਾ ਨਾਵਲ ਪੜ੍ਹਿਆ ਤੇ ਬੋਲਿਆ ਕਿ ਇਹ ਤਾਂ ਬਹੁਤ ਹੀ ਵਧੀਆ ਨਾਵਲ ਹੈ, ਇਸ ਨਾਵਲ ਵਿਚ ਤਾਂ ਬਿਲਕੁਲ ਵੱਖਰੇ ਇੰਗਲੈਂਡ ਦੇ ਦਰਸ਼ਨ ਹੁੰਦੇ ਹਨ। ਉਸ ਦੀ ਇਸ ਗੱਲ ਨੇ ਮੈਨੂੰ ਬਹੁਤ ਉਤਸ਼ਾਹ ਦਿਤਾ। ਮੈਂ ਤਾਂ ਪਹਿਲਾਂ ਹੀ ਸੋਚ ਰਿਹਾ ਸਾਂ ਕਿ ਮੈਂ ਚੰਦਨ ਤੋਂ ਅਗਲੀ ਪੀੜ੍ਹੀ ਦਾ ਲੇਖਕ ਹਾਂ ਤੇ ਮੇਰੇ ਤਜਰਬੇ ਵੀ ਉਸ ਤੋਂ ਵੱਖਰੇ ਹਨ ਸੋ ਮੇਰਾ ਨਾਵਲ ਇੰਨਾ ਬੁਰਾ ਨਹੀਂ ਹੋਣਾ ਚਾਹੀਦਾ। ਮੈਂ ਨਾਵਲ ਨੂੰ ਇਕ ਵਾਰ ਹੋਰ ਸੋਧਿਆ ਤੇ ਛਪਣ ਲਈ ਭੇਜ ਦਿੱਤਾ ਪਰ ਸਵਰਨ ਚੰਦਨ ਨੂੰ ਬਿਲਕੁਲ ਨਾ ਦਸਿਆ। ਇਹਨਾਂ ਦਿਨਾਂ ਵਿਚ ਉਹ ਵੁਲਵਰਹੈਂਪਟਨ ਮੂਵ ਹੋ ਚੁੱਕਿਆ ਸੀ। ਜਦ ਉਸ ਨੂੰ ਮੇਰੇ ਨਾਵਲ ਦਾ ਪਤਾ ਚਲਿਆ ਤਾਂ ਉਸ ਨੇ ਮੇਰੇ ਨਾਲ ਬੋਲਣਾ ਬੰਦ ਕਰ ਦਿੱਤਾ। ਕਈ ਮਹੀਨੇ ਤਕ ਸਾਡੇ ਵਿਚਕਾਰ ਚੁੱਪ ਛਾਈ ਰਹੀ। ਜਦ ਮੇਰਾ ਨਾਵਲ 'ਰੇਤ' ਆਇਆ ਤਾਂ ਸਵਰਨ ਚੰਦਨ ਦਿਲ ਦਾ ਮਰੀਜ਼ ਰਹਿਣ ਲਗਿਆ, ਉਸ ਨੂੰ ਦਿਲ ਦਾ ਓਪਰੇਸ਼ਨ ਕਰਾਉਣਾ ਪਿਆ। ਭਾਵੇਂ ਇਹ ਮੌਕਾ-ਮੇਲ ਕੁਦਰਤੀ ਹੀ ਸੀ ਪਰ ਦੋਸਤ ਮਜ਼ਾਕ ਵਿਚ ਕਹਿੰਦੇ ਕਿ ਇਹ ਸਭ ਮੇਰੇ ਨਾਵਲ ਨੇ ਕਰਵਾਇਆ ਹੈ। ਹੁਣ ਸਾਡੀ ਪਹਿਲਾਂ ਜਿਹੀ ਦੋਸਤੀ ਨਹੀਂ ਸੀ ਰਹੀ। ਜਦ ਵੀ ਉਸ ਨੂੰ ਵਕਤ ਮਿਲਦਾ ਤਾਂ ਮੇਰੇ ਨਾਵਲ ਦੇ ਖਿਲਾਫ ਬੋਲਦਾ। ਸਟੇਜ ਤੋਂ ਉਹ ਕਿਸੇ ਨਾ ਕਿਸੇ ਕੋਲੋਂ ਨਾਵਲ ਦੇ ਖਿਲਾਫ ਬੁਲਵਾ ਦਿੰਦਾ। ਫਿਰ ਮੇਰਾ ਨਾਵਲ 'ਸਵਾਰੀ' ਵੀ ਆ ਗਿਆ। ਹੁਣ ਮੈਂ ਆਪਣੇ ਆਪ ਨੂੰ ਨਾਵਲਕਾਰ ਸਮਝਣ ਲਗਿਆ ਸਾਂ ਤੇ ਸਵਰਨ ਚੰਦਨ ਦਾ ਸਮਕਾਲੀ ਵੀ। ਅਸੀਂ ਕਦੇ ਕਦੇ ਮਿਲਦੇ। ਮੈਂ ਵੁਲਵਰਹੈਂਪਟਨ ਜਾਂਦਾ ਤਾਂ ਉਸ ਨੂੰ ਜ਼ਰੂਰ ਮਿਲਦਾ। ਸਾਡੇ ਪ੍ਰੋਗਰਾਮਾਂ ਵਿਚ ਉਹ ਆਉਂਦਾ ਵੀ ਪਰ ਮੇਰੇ ਨਾਵਲ ਦੀ ਕਦੇ ਗੱਲ ਨਾ ਕਰਦਾ। ਬਲਕਿ ਮੈਨੂੰ ਨਾਵਲਕਾਰ ਹੀ ਨਾ ਮੰਨਦਾ। ਸੁਰਿੰਦਰ ਸੀਹਰੇ ਨੂੰ ਮਿਲਦਾ ਤਾਂ ਕਹਿੰਦਾ,

"ਆਪਣੇ ਮਿੱਤਰ ਮਈਂ ਯਾਅ ਨੂੰ ਕਹਿਦੇ ਕਿ ਨਾਵਲ ਲਿਖਣਾ ਉਹਦੇ ਵੱਸ ਦੀ ਗੱਲ ਨਈਂ।"

ਜਿੰਦਰ ਆਇਆ ਤਾਂ ਸਵਰਨ ਚੰਦਨ ਕੋਲ ਵੀ ਇਕ ਰਾਤ ਰਿਹਾ। ਜਿੰਦਰ ਨੇ ਪੂਰੀ ਕੋਸ਼ਿਸ਼ ਕੀਤੀ ਪਰ ਚੰਦਨ ਨੇ ਮੈਨੂੰ ਨਾਵਲਕਾਰ ਦੇ ਤੌਰ ਤੇ ਤਸਲੀਮ ਨਾ ਕੀਤਾ। ਇਕ ਵਾਰ ਉਸ ਨੇ ਕਿਸੇ ਕੋਲ ਕਿਹਾ ਕਿ ਹਰਜੀਤ ਨਾਵਲ ਵਿਚ ਬੱਚਾ ਹੈ ਤੇ ਮੈਂ ਉਸ ਦਾ ਪਿਓ ਹਾਂ। ਮੈਂ ਝੱਟ ਨਬਜ਼ ਫੜ ਲਈ ਤੇ ਉਸੇ ਦਿਨ ਫੋਨ ਉਪਰ ਇਹ ਮੰਨ ਲਿਆ ਕਿ ਉਹ ਮੇਰੇ ਤੋਂ ਬਹੁਤ ਵੱਡਾ ਨਾਵਲਕਾਰ ਹੈ, ਮੈਂ ਤਾਂ ਹਾਲੇ ਸਿਖ ਰਿਹਾ ਹਾਂ ਤੇ ਵਾਕਿਆ ਹੀ ਉਸ ਦੇ ਸਾਹਮਣੇ ਬੱਚਾ ਹਾਂ। ਫਿਰ ਕੀ ਸੀ, ਸਾਡੇ ਸੰਬੰਧ ਸੁਧਰ ਗਏ ਪਰ ਫਿਰ ਵੀ ਉਸ ਨੇ ਮੇਰੇ ਨਾਵਲ 'ਰੇਤ' ਨੂੰ ਹੀ ਨਾਵਲ ਮੰਨਿਆਂ। ਇਵੇਂ ਸਾਡੇ ਵਿਚ ਮੁੜ ਕੇ ਵਧੀਆ ਦੋਸਤੀ ਹੋ ਗਈ। ਹੁਣ ਉਹ ਆਪਣੇ ਭਾਸ਼ਨਾਂ ਵਿਚ ਮੇਰੇ ਨਾਵਲ 'ਰੇਤ' ਦੀਆਂ ਤਾਰੀਫਾਂ

ਕਰਨ ਲਗਿਆ। ਫਿਰ ਕੁਝ ਦੇਰ ਬਾਅਦ ਮੇਰੇ ਨਾਵਲ 'ਬ੍ਰਿਟਿਸ਼ ਬੌਰਨ ਦੇਸੀ' ਦੀ ਉਸ ਨੇ ਰੱਜ ਕੇ ਤਾਰੀਫ ਕੀਤੀ ਤੇ ਇਸ ਉਪਰ ਹੋਏ ਪ੍ਰੋਗਰਾਮ ਵਿਚ ਆ ਕੇ ਮੇਰੇ ਨਾਵਲ ਤੇ ਬੋਲਿਆ ਵੀ। ਮੈਂ ਆਪਣਾ ਨਵਾਂ ਨਾਵਲ 'ਅਕਾਲ ਸਹਾਏ' ਉਸ ਨੂੰ ਪੜ੍ਹਾਇਆ। ਉਸ ਨੂੰ ਇਹ ਨਾਵਲ ਬਹੁਤ ਪਸੰਦ ਸੀ। ਹੁਣ ਤਕ ਉਸ ਨੇ ਦਿਲੋਂ ਮੈਨੂੰ ਆਪਣਾ ਸਮਕਾਲੀ ਮੰਨ ਲਿਆ ਸੀ। ਕਈ ਵਾਰ ਅਸੀਂ ਦੋਵੇਂ ਇਹ ਗੱਲ ਕਰਕੇ ਬਹੁਤ ਖੁਸ਼ ਹੁੰਦੇ ਕਿ ਇੰਗਲੈਂਡ ਵਿਚ ਸਿਰਫ ਅਸੀਂ ਹੀ ਦੋ ਲੇਖਕ ਹਾਂ ਬਾਕੀ ਸਭ ਤਾਂ ਘਾਹ ਫੂਸ ਹੈ। ਜਿਵੇਂ ਸਭਾ ਦਾ ਉਹ ਪ੍ਰਧਾਨ ਤੇ ਮੈਂ ਸਕੱਤਰ ਹੁਣ ਨਾਵਲ ਵਿਚ ਵੀ ਇਵੇਂ ਹੀ। ਜਦ ਕਦੇ ਅਸੀਂ ਇਕੱਠੇ ਹੁੰਦੇ ਤਾਂ ਕਿਸੇ ਨਾ ਕਿਸੇ ਦੋਸਤ ਨੂੰ ਇੰਡੀਆ ਫੋਨ ਕਰਦੇ; ਅਣਖੀ ਜਾਂ ਬਲਦੇਵ ਸਿੰਘ ਨੂੰ। ਫੋਨ ਕਰਦੇ ਅਸੀਂ ਉਸ ਨੂੰ ਵੀ ਆਪਣੇ ਤੋਂ ਬਾਅਦ ਤੀਜੇ ਨੰਬਰ ਦਾ ਨਾਵਲਕਾਰ ਮੰਨ ਲੈਂਦੇ। ਅੰਦਰੋਂ-ਅੰਦਰ ਉਸ ਨੂੰ ਬਹੁਤ ਗਮ ਸੀ ਕਿ ਪਿਛਲੇ ਸਮੇਂ ਵਿਚ ਆਇਆ ਉਸ ਦਾ ਕੋਈ ਵੀ ਨਾਵਲ ਨਹੀਂ ਸੀ ਚੱਲਿਆ। ਉਸ ਨੇ ਨਾਵਲਾਂ ਦੀ ਤ੍ਰੈਲੜੀ 'ਪੰਜਾਬ ਸੰਤਾਲੀ' ਆਈ ਪਰ ਕਿਸੇ ਨੇ ਕੋਈ ਜ਼ਿਕਰ ਤਕ ਨਾ ਕੀਤਾ। ਇਵੇਂ ਹੀ ਉਸ ਦੇ ਨਾਵਲ 'ਸਮਾਂ' ਨਾਲ ਹੋਇਆ। ਇਸ ਨਾਵਲ ਦਾ ਤਾਂ ਸ਼ਾਇਦ ਇਕ ਅੱਧਾ ਰਿਵਿਊ ਹੀ ਲਗਿਆ ਹੋਵੇ ਉਹ ਵੀ ਨਾਕਾਰਦੇ ਹੋਏ। ਇਸ ਗੱਲ ਦਾ ਉਸ ਨੂੰ ਬਹੁਤ ਗਮ ਸੀ ਤੇ ਇਹ ਗਮ ਉਸ ਨੂੰ ਅੰਤਲੇ ਦਿਨਾਂ ਤਕ ਰਿਹਾ।

ਉਸ ਦੇ ਤੇ ਦਵਿੰਦਰ ਦੇ ਵਿਚਕਾਰ ਕੀ ਕੁਝ ਘਟਿਆ ਇਹ ਇਕ ਵੱਖਰੀ ਤੇ ਬਹੁਤ ਲੰਮੀ ਕਹਾਣੀ ਹੈ। ਮੈਨੂੰ ਦੋਵੇਂ ਇਕੋ ਜਿਹੇ ਰਹੇ ਹਨ ਇਸ ਲਈ ਮੈਂ ਕਦੇ ਕਿਸੇ ਦਾ ਪੱਖ ਨਹੀਂ ਲਿਆ ਪਰ ਮੈਨੂੰ ਇੰਨਾ ਪਤਾ ਸੀ ਕਿ ਉਸ ਵਰਗੇ ਰੱਫ-ਟੱਫ ਬੰਦੇ ਨਾਲ ਦਵਿੰਦਰ ਜਿਹੀ ਮਲੂਕ ਔਰਤ ਦਾ ਰਹਿਣਾ ਬਹੁਤ ਮੁਸ਼ਕਲ ਸੀ। ਮੈਂ ਕਈ ਵਾਰ ਕਹਿੰਦਾ,

"ਡਾਕਟਰ ਸਾਹਿਬ, ਕਿਥੇ ਤੁਸੀਂ ਇਹ ਡਾਕਟਰਨੀ ਦੇ ਪਿੱਛੇ ਪੈ ਗਏ, ਤੁਹਾਨੂੰ ਤਾਂ ਕੋਈ ਅਨਪੜ੍ਹ ਜਿਹੀ ਕੰਬੋਣੀ ਚਾਹੀਦੀ ਸੀ, ਜਦ ਦਿਲ ਕਰਦਾ ਦੋ ਥੱਪੜ ਮਾਰ ਲੈਂਦੇ ਤੇ ਜਦ ਦਿਲ ਕਰਦਾ ਢਾਹ ਲੈਂਦੇ।"

"ਗੱਲ ਤਾਂ ਤੇਰੀ ਮਈਂ ਯਾਅ, ਠੀਕ ਏ।"

ਉਹ ਹੱਸਦਾ ਹੋਇਆ ਆਖਦਾ।

ਦਵਿੰਦਰ ਅਲਹਿਦਾ ਹੋ ਕੇ ਵੁਲਵਰਹੈਂਪਟਨ ਜਾ ਵਸੀ ਸੀ। ਸਵਰਨ ਚੰਦਨ ਹੇਜ਼ ਆਪਣੇ ਘਰ ਰਹਿੰਦਾ ਸੀ। ਸਾਡੀਆਂ ਰੋਜ਼ ਮੁਲਾਕਾਤਾਂ ਹੁੰਦੀਆਂ। ਇਹਨਾਂ ਦਿਨਾਂ ਵਿਚ ਹੀ ਉਹ ਇਕ ਐਕਸੀਡੈਂਟ ਦਾ ਸ਼ਿਕਾਰ ਹੋ ਗਿਆ। ਉਹ ਕਿਸੇ ਨਾਲ ਵੈਨ ਵਿਚ ਜਾ ਰਿਹਾ ਸੀ। ਪੂਰੇ ਨਸ਼ੇ ਵਿਚ ਸੀ ਕਿ ਅਚਾਨਕ ਵੈਨ ਦਾ ਦਰਵਾਜ਼ਾ ਖੁੱਲ੍ਹ ਗਿਆ ਤੇ ਉਹ ਹੇਠਾਂ ਸੜਕ ਤੇ ਡਿਗ ਪਿਆ। ਬਹੁਤ ਸੱਟਾਂ ਲਗੀਆਂ। ਲੱਤ ਟੁੱਟ ਗਈ। ਕਈ ਮਹੀਨੇ ਹਸਪਤਾਲ ਰਿਹਾ। ਲੰਮੇ ਪਏ ਪਏ ਦਾ ਸਰੀਰ ਗਲ਼ਣ ਲਗਿਆ। ਦਵਿੰਦਰ ਨਾਲ ਅਲਹਿਦਗੀ ਤਾਂ ਕਾਫੀ ਦੇਰ ਦੀ ਹੋ ਚੁੱਕੀ ਸੀ। ਉਸ ਨੇ ਦਵਿੰਦਰ ਨੂੰ ਫੋਨ ਕਰਨੇ ਸ਼ੁਰੂ ਕਰ ਦਿੱਤੇ ਕਿ ਉਹ ਵਾਪਸ ਆ ਜਾਵੇ। ਦਵਿੰਦਰ ਨਾ ਮੰਨੇ ਤਾਂ ਨਿਰੰਜਨ ਸਿੰਘ ਨੂਰ ਨੂੰ ਫੋਨ ਕਰੀ ਜਾਵੇ। ਮੈਂ ਇਕ ਦਿਨ ਕਿਹਾ,

"ਡਾਕਟਰ ਸਾਹਿਬ, ਕੀ ਤੁਸੀਂ ਸੱਚ ਈ ਦਵਿੰਦਰ ਨੂੰ ਵਾਪਸ ਚਾਹੁੰਦੇ ਹੋ ਕਿ ਐਵੇਂ ਹੀ ਭਾਵੁਕ ਜਿਹੇ ਹੋ ਕੇ ਆਖ ਦਿੰਦੇ ਓਂ।"

"ਮਈਂ ਯਾਅ, ਗੱਲ ਤਾਂ ਤੇਰੀ ਸਹੀ ਏ, ਐਵੇਂ ਭਾਵੁਕ ਹੋ ਕੇ ਈ ਫੋਨ ਕਰ ਹੋ ਜਾਂਦਾ ਏ।"

ਉਸ ਨੇ ਸੋਚਦਿਆਂ ਕਿਹਾ ਪਰ ਦਵਿੰਦਰ ਨੂੰ ਤੇ ਨਿਰੰਜਨ ਸਿੰਘ ਨੂਰ ਨੂੰ ਫੋਨ ਕਰਨੇ ਬੰਦ ਨਾ ਕੀਤੇ। ਮੈਂ ਨਿਰੰਜਨ ਸਿੰਘ ਨੂਰ ਨੂੰ ਕਿਹਾ ਵੀ ਕਿ ਵਾਪਸ ਆ ਕੇ ਦਵਿੰਦਰ ਬਹੁਤ ਪਛਤਾਏਗੀ। ਹਸਪਤਾਲ ਤੋਂ ਘਰ ਆ ਕੇ ਸਵਰਨ ਚੰਦਨ ਹੋਰ ਵੀ ਇਕੱਲਾ ਤੇ ਬੇਆਸਰਾ ਹੋ ਗਿਆ। ਮੁੰਡਾ-ਕੁੜੀ



ਤਾਂ ਪਹਿਲਾਂ ਹੀ ਉਸ ਕੋਲ ਘੱਟ ਵਧ ਹੀ ਆਉਂਦੇ ਸਨ। ਅਜਿਹੇ ਹਾਲਾਤ ਬਣੇ ਕਿ ਦਵਿੰਦਰ ਵਾਪਸ ਆ ਗਈ ਪਰ ਉਸ ਦੀ ਸ਼ਰਤ ਸੀ ਕਿ ਉਹ ਲੰਡਨ ਛੱਡ ਕੇ ਵੁਲਵਰਹੈਂਪਟਨ ਚੱਲੇ। ਉਹ ਲੰਡਨ ਛੱਡ ਗਿਆ। ਕਿਸੇ ਸਮੇਂ ਉਹ ਦਵਿੰਦਰ ਨਾਲ ਲੰਡਨ ਛੱਡ ਕੇ ਦਿੱਲੀ ਗਿਆ ਸੀ ਤੇ ਹੁਣ ਵੁਲਵਰਹੈਂਪਟਨ। ਦਿੱਲੀ ਜਾਣ ਸਮੇਂ ਉਸ ਨੇ ਆਪਣਾ ਲੰਡਨ ਵਾਲਾ ਘਰ ਨਹੀਂ ਸੀ ਛੱਡਿਆ ਤੇ ਵਾਪਸ ਮੁੜ ਆਇਆ ਸੀ ਪਰ ਵੁਲਵਰਹੈਂਪਟਨ ਜਾਂਦੇ ਸਮੇਂ ਉਹ ਆਪਣਾ ਘਰ ਵੇਚ ਗਿਆ। ਮੈਂ ਕਹਿੰਦਾ ਕਿ ਇਹ ਘਰ ਨਾ ਵੇਚ ਤਾਂ ਉਹ ਮਜ਼ਾਕ ਵਿਚ ਆਖਦਾ ਕਿ ਮਜ਼ਾ ਤਾਂ ਇਸੇ ਗੱਲ ਵਿਚ ਹੈ ਕਿ ਕਿਸੇ ਕਿਨਾਰੇ ਪੁੱਜ ਕੇ ਕਿਸ਼ਤੀ ਸਾੜ ਦੇਵੋ ਤਾਂ ਜੋ ਪਿਛਲਝਾਕ ਨਾ ਰਹੇ। ਦਿੱਲੀ ਵਾਂਗ ਹੀ ਉਸ ਨੇ ਵੁਲਵਰਹੈਂਪਟਨ ਵਿਚ ਜਾ ਕੇ ਵੀ ਛਾ ਜਾਣ ਦੀ ਕੋਸ਼ਿਸ਼ ਕੀਤੀ। ਦਿੱਲੀ ਵਾਂਗ ਹੀ ਇਸ ਸ਼ਹਿਰ ਵਿਚ ਵੀ ਉਸ ਦਾ ਸੁਭਾਅ ਉਸ ਦੇ ਖਿਲਾਫ ਭੁਗਤ ਗਿਆ ਤੇ ਉਸ ਨੂੰ ਇਕੱਲਾ ਕਰ ਦਿੱਤਾ ਗਿਆ। ਸ਼ਹਿਰ ਦੇ ਲੇਖਕਾਂ ਨੇ ਉਸ ਨੂੰ ਬੁਲਾਉਣਾ ਛੱਡ ਦਿੱਤਾ। ਕਿਸੇ ਪ੍ਰੋਗਰਾਮ ਵਿਚ ਉਸ ਦੇ ਦਾਖਲੇ 'ਤੇ ਮਨਾਹੀ ਲਗਾ ਦਿੱਤੀ। ਪੰਜਾਬੀ ਸਾਹਿਤ ਅਕੈਡਮੀ ਜਿਹੀ ਬਣਾ ਕੇ ਉਸ ਨੇ ਕਈ ਕਿਸਮ ਦੇ ਨਕਲੀ ਜਿਹੇ ਨੁੰਮਣੇ ਦਿਲ ਨੂੰ ਦੇਣ ਦੇ ਯਤਨ ਕੀਤੇ ਪਰ ਅਸਫਲ ਰਿਹਾ। ਹੁਣ ਬਹੁਤ ਸਾਲਾਂ ਤੋਂ ਵੁਲਵਰਹੈਂਪਟਨ ਜਾਂ ਆਲੇ ਦੁਆਲੇ ਦੇ ਸ਼ਹਿਰਾਂ ਵਿਚ ਉਸ ਦਾ ਕੋਈ ਵੀ ਲੇਖਕ ਦੋਸਤ ਨਹੀਂ ਸੀ। ਕੋਈ ਵੀ ਉਸ ਨੂੰ ਮਿਲਣ ਨਹੀਂ ਸੀ ਆਉਂਦਾ। ਸਾਰੇ ਹੀ ਉਸ ਨੂੰ ਵਿਦਵਾਨ ਤਾਂ ਮੰਨਦੇ ਪਰ ਉਸ ਤੋਂ ਦੂਰ ਰਹਿੰਦੇ।

ਡਾਕਟਰ ਸਵਰਨ ਚੰਦਨ ਦੀ ਜ਼ਿੰਦਗੀ ਇਕ ਖੁੱਲ੍ਹੀ ਕਿਤਾਬ ਵਾਂਗ ਹੈ। ਉਸ ਨੇ ਨਾ ਕਦੇ ਕਿਸੇ ਤੋਂ ਕੁਝ ਛੁਪਾਇਆ ਸੀ ਤੇ ਨਾ ਹੀ ਕਦੇ ਝੂਠ ਬੋਲਿਆ ਸੀ। ਜੇ ਕਿਸੇ ਨੂੰ ਨਫਰਤ ਕਰਦਾ ਜਾਂ ਪਿਆਰ ਕਰਦਾ ਤਾਂ ਉਹ ਖੁੱਲ੍ਹ ਕੇ ਦੱਸ ਦਿੰਦਾ। ਉਸ ਦੇ ਵਿਅਕਤੀਤੱਵ ਦੀ ਇਕ ਹੋਰ ਵਿਸ਼ੇਸ਼ਤਾ ਇਹ ਸੀ ਕਿ ਉਹ ਕਦੇ ਵੀ ਕਿਸੇ ਉਪਰ ਪਿਛਿਓਂ ਵਾਰ ਨਹੀਂ ਸੀ ਕਰਦਾ ਸਗੋਂ ਅਗਲੇ ਨੂੰ ਵੰਗਾਰ ਕੇ ਆਖਦਾ ਕਿ ਮੈਂ ਆ ਰਿਹਾ ਹਾਂ। ਉਹ ਸਮਝੌਤੇ ਉਥੇ ਹੀ ਕਰਦਾ ਜਿਥੇ ਉਸ ਨੂੰ ਬਹੁਤੀ ਹੀ ਲੋੜ ਹੁੰਦੀ। ਮਿਸਾਲ ਦੇ ਤੌਰ 'ਤੇ ਇਕ ਵਾਰ ਉਸ ਨੂੰ ਇਕ ਸਮਾਗਮ ਕਰਾਉਣ ਲਈ ਕਿਸੇ ਖਾਲਿਸਤਾਨੀ ਦੀ ਮੱਦਦ ਦੀ ਲੋੜ ਪਈ ਤਾਂ ਉਸ ਨੂੰ ਉਸ ਨੇ ਪ੍ਰਧਾਨਗੀ ਵੀ ਦੇ ਦਿੱਤੀ। ਸਾਧਾਰਨ ਹਾਲਾਤ ਵਿਚ ਇਕ ਖਾਲਿਸਤਾਨੀ ਨੇ ਉਸ ਨੂੰ ਆਪਣੀ ਕਿਤਾਬ ਦੀ ਭੂਮਿਕਾ ਲਿਖਣ ਲਈ ਕਿਹਾ ਤਾਂ ਉਸ ਦਾ ਜਵਾਬ ਸੀ ਕਿ ਪਹਿਲਾਂ ਇਹ ਲਿਖ ਕੇ ਦੇ ਕਿ ਖਾਲਿਸਤਾਨ ਦੀ ਲਹਿਰ ਗਲਤ ਸੀ। ਭਾਵੇਂ ਉਹ ਆਪਣੇ ਨਾਵਲ ਵਿਚ ਕਾਮਰੇਡਾਂ ਦੇ ਖਿਲਾਫ ਭੁਗਤਿਆ ਹੈ ਪਰ ਉਹ ਪੱਕਾ ਮਾਰਕਸਵਾਦੀ ਸੀ। ਇਵੇਂ ਹੀ ਉਸ ਨੇ ਕੁਝ ਕੁ ਸਮਝੌਤੇ ਭਾਰਤੀ ਸਾਹਿਤ ਅਕੈਡਮੀ ਦੇ ਇਨਾਮ ਲੈਣ ਬਾਰੇ ਵੀ ਕੀਤੇ ਸਨ ਪਰ ਉਥੇ ਉਹ ਕਾਮਯਾਬ ਨਹੀਂ ਸੀ ਰਹਿ ਸਕਿਆ। ਬਾਅਦ ਵਿਚ ਸਤਿੰਦਰ ਸਿੰਘ ਨੂਰ ਜਦ ਇੰਗਲੈਂਡ ਆਇਆ ਤਾਂ ਉਹ ਇਨਾਮ ਖਾਤਰ ਉਸ ਦਾ ਲਕੜ-ਬੱਗਾ ਬਣਨ ਨੂੰ ਤਿਆਰ ਸੀ ਕਿਉਂਕਿ ਪੰਜਾਬੀ ਸਾਹਿਤ ਹੁਣ ਉਸ ਦੌਰ ਵਿਚ ਸ਼ਾਮਲ ਹੋ ਚੁੱਕਿਆ ਸੀ ਕਿ ਭਾਰਤੀ ਸਾਹਿਤ ਅਕੈਡਮੀ ਦੇ ਇਨਾਮ ਨੂਰ ਦੇ ਇਸ਼ਾਰੇ 'ਤੇ ਹੀ ਦਿਤੇ ਜਾਂਦੇ। ਅਜਿਹੇ ਸਮਝੌਤੇ ਕਰਦੇ ਸਮੇਂ ਉਹ ਆਪਣੇ ਹਉਮੈਂ ਵਾਲਾ ਦਾਅ ਵੀ ਲਕੋ ਕੇ ਰੱਖਦਾ, ਗੱਲ ਨਾ ਬਣਦੀ ਦੇਖ ਕੇ ਇਕ ਦਮ ਬਦਲ ਜਾਂਦਾ।

ਉਸ ਦੇ ਦੋਸਤ ਬਣਾਉਣ ਤੇ ਸਿਗਰਟ ਪੀਣ ਵਿਚ ਬਹੁਤ ਸਮਾਨਤਾ ਸੀ। ਉਹ ਸਿਗਰਟ ਪੀਂਦਾ, ਕੁਝ ਕਸ਼ ਖਿੱਚ ਕੇ ਸਿਗਰਟ ਦਾ ਫੁੱਲ ਕੱਟ ਦਿੰਦਾ ਤੇ ਜਦ ਦਿਲ ਕਰਦਾ ਫਿਰ ਸਿਗਰਟ ਸੁਲਘਾ ਲੈਂਦਾ। ਇਵੇਂ ਹੀ ਦੋਸਤੀ ਵਿਚ ਕਰਦਾ; ਕੋਈ ਦੋਸਤ ਬਣਾਉਂਦਾ, ਜਦੋਂ ਦਿਲ ਕਰਦਾ ਉਸ ਤੋਂ ਪਰ੍ਹੇ ਹੋ ਜਾਂਦਾ ਤੇ ਜਦ ਦਿਲ ਕਰਦਾ ਦੁਬਾਰਾ ਨਾਤਾ ਜੋੜਨ ਦੀ ਕੋਸ਼ਿਸ਼ ਕਰਦਾ। ਉਸ ਨੂੰ ਹਰ ਵੇਲੇ ਸਿੰਗ ਫਸਾ ਕੇ ਰੱਖਣ ਦੀ ਆਦਤ ਸੀ। ਕੋਈ ਹੋਰ ਲੇਖਕ ਆਦਿ ਨਾ ਮਿਲਦਾ ਤਾਂ ਗਵਾਂਢੀਆਂ ਨਾਲ ਪੰਗਾ ਲਈ ਰੱਖਦਾ। ਜੇ ਗਵਾਂਢੀ ਵੀ ਦੌੜ ਜਾਣ ਤਾਂ ਫਿਰ ਉਹਦਾ ਆਪਣਾ ਮੁੰਡਾ ਤਾਂ ਕਿਤੇ ਗਿਆ ਹੀ

ਨਹੀਂ ਸੀ। ਇਵੇਂ ਹੀ ਉਸ ਦਾ ਇਕ ਹੋਰ ਸੁਭਾਅ ਬਹੁਤ ਅਜੀਬ ਸੀ ਕਿ ਜਦ ਉਸ ਨੂੰ ਕੋਈ ਬੰਦਾ ਪਸੰਦ ਨਾ ਆਉਂਦਾ ਤਾਂ ਉਸ ਦੇ ਫੋਨ ਨੰਬਰ ਉਪਰ ਚਿੱਟੀ ਸਿਆਹੀ ਫੇਰ ਦਿੰਦਾ। ਜਦ ਉਸੇ ਬੰਦੇ ਨੂੰ ਫੋਨ ਕਰਨ ਦੀ ਲੋੜ ਪੈਂਦੀ ਤਾਂ ਮੈਨੂੰ ਫੋਨ ਕਰਕੇ ਅਗਲੇ ਦਾ ਨੰਬਰ ਮੰਗਦਾ। ਉਸ ਨੇ ਸਭ ਤੋਂ ਵਧ ਵਾਰ ਚਿੱਟੀ-ਸਿਆਹੀ ਆਪਣੇ ਪੁੱਤਰ ਦੇ ਫੋਨ ਨੰਬਰ ਉਪਰ ਫੇਰੀ ਸੀ। ਇਕ ਵਾਰ ਮੈਂ ਮਜ਼ਾਕ ਵਿਚ ਕਿਹਾ,

"ਡਾਕਟਰ ਸਾਹਿਬ, ਦਿਖਾਓ ਜ਼ਰਾ ਡਾਇਰੀ, ਮੈਂ ਆਪਣਾ ਨੰਬਰ ਵੀ ਦੇਖਾਂ।"

"ਓ, ਮਈਂ ਯਾਅ, ਤੇਰਾ ਨੰਬਰ ਤਾਂ ਦਿਲ 'ਤੇ ਉਕਰਿਆ ਹੋਇਆ ਜਿਥੇ ਟਿਪਿਕਸ ਕੰਮ ਨਹੀਂ ਕਰਦੀ।"

ਇਕੱਲ ਨੇ ਉਸ ਦੇ ਸੁਭਾਅ ਨੂੰ ਬਹੁਤ ਹੀ ਅੱਤ-ਭਾਵੁਕ ਬਣਾ ਦਿੱਤਾ ਹੋਇਆ ਸੀ। ਉਸ ਦੀ ਇਕੱਲ ਤਾਂ ਪਹਿਲੀ ਪਤਨੀ ਸੁਰਜੀਤ ਦੀ ਮੌਤ ਤੋਂ ਬਾਅਦ ਹੀ ਸ਼ੁਰੂ ਹੋ ਗਈ ਸੀ ਪਰ ਉਹ ਇਸ ਇਕੱਲ ਨੂੰ ਆਪਣੇ ਨਾਲੋਂ ਛੰਡਣ ਦੀ ਕੋਸ਼ਿਸ਼ ਕਰਦਾ ਰਹਿੰਦਾ; ਕਦੇ ਵਿਆਹ ਕਰਾ ਕੇ, ਕਦੇ ਬੰਬਈ ਵਰਗੇ ਸ਼ਹਿਰ ਵਿਚ ਰੀਮਾ ਜਿਹੀ ਤਵਾਇਫ ਲੱਭ ਕੇ, ਕਦੇ ਆਪਣੇ ਮੁੰਡੇ ਨਾਲ ਰਹਿਣ ਦੀ ਕੋਸ਼ਿਸ਼ ਕਰਕੇ ਤੇ ਕਦੇ ਸਾਹਿਤਕ ਸਮਾਗਮ ਰਚਾ ਕੇ। ਅਖੀਰ ਇਕੱਲ ਨੇ ਉਸ ਉਪਰ ਕਾਬੂ ਪਾ ਲਿਆ। ਹੁਣ ਉਹ ਪੰਜ-ਸੱਤ ਸਾਲ ਤੋਂ ਬਹੁਤ ਇਕੱਲਾ ਸੀ। ਦੋਸਤ ਉਸ ਤੋਂ ਦੂਰ ਭੱਜਦੇ ਸਨ ਜਾਂ ਉਹ ਦੋਸਤਾਂ ਤੋਂ। ਉਹ ਕਿਹਾ ਕਰਦਾ ਕਿ ਮੈਂ ਬਿਨਾਂ ਸਿਰ ਦੇ ਬੰਦੇ ਨਾਲ ਗੱਲ ਹੀ ਨਹੀਂ ਕਰ ਸਕਦਾ। ਆਪਣੇ ਨਾਵਲ 'ਸਮਾਂ' ਉਪਰ ਫੰਕਸ਼ਨ ਕਰਵਾਉਣਾ ਚਾਹੁੰਦਾ ਸੀ ਪਰ ਦੋਸਤ ਇਕੱਠੇ ਹੀ ਨਾ ਹੋ ਸਕੇ ਸਗੋਂ ਇਸ ਦਾ ਬਹੁਤ ਵਿਰੋਧ ਹੁੰਦਾ ਰਿਹਾ। ਉਸ ਦੇ ਨਾਵਲਾਂ ਵਿਚ ਇਕ ਟੇਡ ਇਹ ਹੁੰਦੀ ਕਿ ਉਹ ਪਾਤਰ ਆਪਣੇ ਇੰਨੇ ਨੇੜਿਓਂ ਲੈਂਦਾ ਕਿ ਆਸਾਨੀ ਨਾਲ ਹੀ ਪੱਛਾਣੇ ਜਾਂਦੇ ਜਾਂ ਉਸ ਦੀ ਕੋਸ਼ਿਸ਼ ਹੁੰਦੀ ਕਿ ਲੋਕ ਇਹਨਾਂ ਨੂੰ ਪੱਛਾਨਣ। ਨਾਵਲ 'ਕੰਜਕਾਂ' ਵਿਚ ਸਾਊਥਾਲ ਦੇ ਜਾਣੇ-ਪੱਛਾਣੇ ਲੋਕ ਲਏ ਤੇ ਉਹਨਾਂ ਦੇ ਚਿਹਰੇ-ਮੁਹਰੇ ਇੰਨ ਬਿੰਨ ਰਹਿਣ ਦਿੱਤੇ। ਇਵੇਂ ਹੀ ਨਾਵਲ 'ਸਮਾਂ' ਵਿਚ ਵੀ। ਦਿੱਲੀ ਤੇ ਇੰਗਲੈਂਡ ਦੇ ਨਾਮਵਰ ਚਿਹਰਿਆਂ ਨੂੰ ਲੈ ਕੇ ਉਹਨਾਂ ਨੂੰ ਵਿਪਾਤਰ ਬਣਾ ਕੇ ਪੇਸ਼ ਕਰ ਮਾਰਿਆ। ਦੋਸਤ ਕਹਿੰਦੇ ਕਿ ਇਹ ਨਾਵਲ ਉਸ ਨੇ ਮਨ ਦੀਆਂ ਅਕਾਂਖਿਆਵਾਂ ਅਧੀਨ ਆ ਕੇ ਲਿਖਿਆ ਹੈ, ਜਿਵੇਂ ਕੋਈ ਬੱਚਾ ਵੀਡੀਓ ਗੇਮ ਖੇਡਦੇ ਸਮੇ ਆਪ ਹੀਰੋ ਬਣ ਜਾਂਦਾ ਹੈ ਤੇ ਵਿਲੀਅਨਾਂ ਦੇ ਨਾਂ ਆਪਣੇ ਵਿਰੋਧੀ ਦੋਸਤਾਂ ਵਾਲੇ ਰੱਖ ਲੈਂਦਾ ਹੈ ਤੇ ਚੁਣ ਚੁਣ ਕੇ ਮਾਰਦਾ ਹੈ ਅਜਿਹਾ ਹੀ ਕੁਝ ਕੀਤਾ ਹੈ ਚੰਦਨ ਨੇ ਇਸ ਨਾਵਲ ਵਿਚ। ਮੇਰਾ ਆਪਣਾ ਵਿਸ਼ਵਾਸ ਹੈ ਕਿ ਇਕ ਦਿਨ ਇਸ ਨਾਵਲ ਦੀ ਕਦਰ ਜ਼ਰੂਰ ਪਵੇਗੀ।

ਆਪਣੀ ਇਕੱਲਤਾ ਦਾ ਹੱਲ ਲੱਭਣ ਲਈ ਉਹ ਆਪਣੇ ਘਰ ਦੇ ਨੇੜਲੇ ਪਾਰਕ ਵਿਚ ਜਾਇਆ ਕਰਦਾ ਸੀ। ਪਾਰਕ ਵਿਚ ਪੰਜਾਬੀ ਬਜ਼ੁਰਗ ਲੋਕ ਆ ਬੈਠਦੇ। ਹੁਣ ਚੰਦਨ ਵੀ ਕੁਝ ਸਾਲਾਂ ਤੋਂ ਉਹਨਾਂ ਵਿਚ ਬੈਠਣ ਲਗਿਆ ਸੀ ਪਰ ਉਹ ਸਾਰੇ ਅਨਪੜ੍ਹ ਪੇਂਡੂ ਜਿਹੇ ਲੋਕ; ਹਿੱਸਾ ਪਾ ਕੇ ਸ਼ਰਾਬ ਪੀਂਦੇ, ਆਪਸ ਵਿਚ 'ਮਾਂ ਦੀ-ਧੀ ਦੀ' ਹੁੰਦੇ। ਚੰਦਨ ਉਹਨਾਂ ਨਾਲ ਹੀ ਬੋਤਲ ਵਿਚ ਹਿੱਸਾ ਪਾਉਣ ਲਗਿਆ ਸੀ। ਚੰਦਨ ਨੂੰ ਆਪਣੇ ਆਪ ਨੂੰ ਡਾਕਟਰ ਕਹਿਲਵਾਉਣ ਦਾ ਸ਼ੌਂਕ ਸੀ ਪਰ ਉਹ ਉਹਨਾਂ ਨੂੰ ਕਿਸੇ ਪਾਸਿਓਂ ਡਾਕਟਰ ਦਿਸਦਾ ਹੀ ਨਹੀਂ ਸੀ ਸੋ ਉਹ ਲੋਕ ਚੰਦਨ ਦਾ ਇਹ ਸ਼ੌਂਕ ਪੂਰਾ ਨਾ ਕਰਦੇ। ਆਪਣੇ ਇਸ ਸ਼ੌਂਕ ਲਈ ਉਸ ਨੂੰ ਉਹਨਾਂ ਵਾਸਤੇ ਵਿਸਕੀ ਖਰੀਦਣੀ ਪੈਂਦੀ। ਇਵੇਂ ਉਸ ਦੀ ਇਕੱਲਤਾ ਹੋਰ ਵੀ ਵਧ ਜਾਂਦੀ।

ਸਵਰਨ ਚੰਦਨ ਨਾਲ ਦੋਸਤੀ ਦੇ ਤੀਹ ਸਾਲ ਦਾ ਸਫਰ 'ਲਵ ਐਂਡ ਹੇਟ' ਵਾਲਾ ਰਿਹਾ ਹੈ, ਬੇਸ਼ੱਕ 'ਲਵ' ਜ਼ਿਆਦਾ ਤੇ 'ਹੇਟ' ਬਹੁਤ ਘੱਟ। ਕਿਸੇ ਹੋਰ ਦੇ ਉਹ ਕਿੰਨਾ ਕੰਮ ਆਇਆ ਜਾਂ ਨਾ



ਪਰ ਮੇਰੇ ਲਈ ਬਹੁਤ ਸਹਾਈ ਰਿਹਾ। ਅਸਿੱਧੇ ਤੌਰ 'ਤੇ ਮੈਨੂੰ ਲਿਖਣ ਦੇ ਢੱਬਾਂ ਦੱਸੇ। ਇਹ ਮੈਂ ਉਸ ਤੋਂ ਹੀ ਸਿਖਿਆ ਕਿ ਆਪਣੀ ਲਿਖਤ ਨੂੰ ਆਪਣਾ ਸੌ ਫੀ ਸਦੀ ਦੇਣਾ ਚਾਹੀਦਾ ਹੈ। ਹਰ ਰਚਨਾ ਇਵੇਂ ਲਿਖੋ ਜਿਵੇਂ ਇਹ ਆਖਰੀ ਹੋਵੇ। ਮੇਰੀਆਂ ਲਿਖਤਾਂ ਉਪਰ ਉਸ ਨੇ ਭਰਪੂਰ ਆਲੋਚਨਾ ਕੀਤੀ, ਸਲਾਹਾਂ ਦਿੱਤੀਆਂ, ਪਰਚੇ ਪੜ੍ਹੇ। ਮੈਂ ਉਸ ਤੋਂ ਆਪਣੇ ਹੋਰਨਾਂ ਦੋਸਤਾਂ ਦੀਆਂ ਕਿਤਾਬਾਂ ਉਪਰ ਵੀ ਪਰਚੇ ਲਿਖਵਾਏ। ਕਈ ਵਾਰ ਆਪਣੇ ਪ੍ਰੋਗਰਾਮਾਂ ਨੂੰ ਕਾਮਯਾਬ ਕਰਨ ਲਈ ਉਸ ਦੀ ਮੱਦਦ ਲਈ। ਸਾਹਿਤ ਦੀ ਸਿਆਸਤ ਬਾਰੇ ਵੀ ਮੈਂ ਉਸ ਨਾਲ ਗੱਲ ਕਰਕੇ ਆਪਣਾ ਦਿਲ ਹੌਲਾ ਕਰ ਲਿਆ ਕਰਦਾ। ਸਾਹਿਤਕ ਸਾਂਝ ਦੇ ਨਾਲ ਨਾਲ ਸਾਡੀ ਪਰਿਵਾਰਕ ਸਾਂਝ ਵੀ ਸੀ। ਅਸੀਂ ਆਪੋ ਆਪਣੇ ਟੱਬਰ ਦੇ ਦੁੱਖ ਸੁੱਖ ਵੀ ਸਾਂਝੇ ਕਰ ਲਿਆ ਕਰਦੇ। ਮੈਨੂੰ ਕੋਈ ਦੁੱਖ ਪੈਂਦਾ ਜਾਂ ਕੋਈ ਖੁਸ਼ੀ ਮਿਲਦੀ ਸਵਰਨ ਚੰਦਨ ਪਹਿਲੇ ਬੰਦਿਆਂ ਵਿਚੋਂ ਸੀ ਜਿਹਨਾਂ ਨੂੰ ਮੈਂ ਫੋਨ ਕਰਦਾ। ਉਹ ਸਮਾਜਕ ਤੌਰ ਤੇ ਵਧੀਆ ਸਲਾਹਕਾਰ ਤਾਂ ਨਹੀਂ ਸੀ ਪਰ ਤੁਹਾਡੀ ਗੱਲ ਨੂੰ ਧਿਆਨ ਨਾਲ ਸੁਣ ਕੇ ਜਜ਼ਬ ਕਰ ਸਕਦਾ ਸੀ।

ਆਪਣੇ ਅੜ੍ਹਬ ਤੇ ਮੁਸ਼ਕਲ ਸੁਭਾਅ ਬਾਰੇ ਉਸ ਚੇਤੰਨ ਸੀ। ਆਪਣੇ ਇਸ ਸੁਭਾਅ ਦਾ ਕਾਰਨ ਆਪਣੇ ਯਤੀਮ ਬਚਪਨ ਨੂੰ ਮੰਨਦਾ। ਮਾਂਪਿਓ ਦੀ ਮੌਤ ਤੋਂ ਬਾਅਦ ਉਸ ਨੂੰ ਹਰ ਕਿਸੇ ਨੇ ਦੁਰਕਾਰਿਆ ਸੀ। ਉਸ ਨੇ ਮੁੱਢਲੇ ਜੀਵਨ ਵਿਚ ਨਫਰਤ ਹੀ ਨਫਰਤ ਦੇਖੀ ਹੈ। ਆਪਣੀ ਸਾਰੀ ਕਹਾਣੀ ਉਸ ਨੇ ਆਪਣੀ ਤ੍ਰੈਲੜੀ ਨਾਵਲ 'ਪੰਜਾਬ ਸੰਤਾਲੀ' ਵਿਚ ਲਿਖੀ ਹੈ। ਇਸ ਦਾ ਮੁੱਖ ਕਿਰਦਾਰ ਚੇਤੂ ਉਹ ਆਪ ਹੈ। ਜਦ ਵੀ ਆਪਣੇ ਸੁਭਾਅ ਬਾਰੇ ਗੱਲ ਕਰਦਾ ਤਾਂ ਕਹਿੰਦਾ,

"ਮਈਂ ਯਾਅ, ਚੇਤੂ ਨੂੰ ਹਰਾਉਣ ਦੀ, ਖਤਮ ਕਰਨ ਦੀ ਲੋਕਾਂ ਨੇ ਬਹੁਤ ਕੋਸ਼ਿਸ਼ ਕੀਤੀ ਪਰ ਹਰ ਵਾਰ ਨਾਲ ਚੇਤੂ ਤਕੜਾ ਹੋਇਆ ਏ। ਏਸ ਚੇਤੂ ਨੇ ਏਦਾਂ ਈ ਰਹਿਣਾ ਏ, ਚੇਤੂ ਨੇ ਨਹੀਂ ਸੁਧਰਨਾ।"

ਜਦ ਉਸ ਦੇ ਸੁਭਾਅ ਕਾਰਨ ਨਾਰਾਜ਼ ਹੋਏ ਲੋਕਾਂ ਦੀ ਗੱਲ ਤੁਰਦੀ ਤਾਂ ਉਹ ਕਹਿਣ ਲਗਦਾ,

"ਦੋਸਤੋ, ਏਹ ਮਈਂ ਯਾਅ, ਚੇਤੂ ਏਦਾਂ ਈ ਏ, ਏਹਨੂੰ ਏਦਾਂ ਈ ਕਬੂਲ ਕਰੋ।"

ਮੈਂ ਇਹਨਾਂ ਗਰਮੀਆਂ ਵਿਚ ਉਸ ਨੂੰ ਮਿਲਣ ਗਿਆ ਤਾਂ ਤਿੰਨ ਦਿਨ ਉਸ ਕੋਲ ਰਿਹਾ। ਆਪਣੀ ਇਕੱਲਤਾ ਬਾਰੇ ਉਸ ਨੇ ਬਹੁਤ ਗੱਲਾਂ ਕੀਤੀਆਂ। ਮੈਂ ਕਿਹਾ,

"ਭਾਊ, ਤੂੰ ਆਹ ਖਾਹਮਖਾਹ ਦੀ ਈਗੋ ਪਾਲ਼ੀ ਬੈਠਾਂ, ਚੰਗਾ ਭਲਾ ਤੇਰਾ ਮੁੰਡਾ ਏ ਤੇ ਹੀਰੇ ਵਰਗਾ ਪੋਤਾ ਏ, ਜਾ ਕੇ ਉਹਨਾਂ ਵਿਚ ਰਹਿ।"

"ਤੈਨੂੰ ਪਤਾ ਏ ਕਿ ਅਮੀਂ (ਉਹਦਾ ਮੁੰਡਾ) ਨੇ ਇਕ ਵਾਰ ਮੈਨੂੰ ਬਾਸਟ੍ਰਡ ਕਿਹਾ ਸੀ, ਭਲਾ ਮਈਂ ਯਾਅ, ਚੇਤੂ ਗਾਲ਼ ਕਿਵੇਂ ਖਾ ਸਕਦਾ! ਮੈਂ ਏਥੇ ਇਕੱਲਾ ਈ ਮਰ ਜਾਊਂ ਪਰ ਜਾਣਾ ਨਹੀਂ, ਚੇਤੂ ਨੂੰ ਇਕੱਲਿਆਂ ਮਰਨਾ ਮਨਜ਼ੂਰ ਏ।"

ਇਹ ਉਸ ਦੀ ਜ਼ਿੱਦ ਸੀ ਤੇ ਮੈਨੂੰ ਪਤਾ ਸੀ ਕਿ ਇਸ ਜਿੱਦ ਨੂੰ ਉਹ ਅਖੀਰ ਤਕ ਪੁਗਾਵੇਗਾ। ਮੈਂ ਆਖਿਆ,

"ਹੋਰ ਨਹੀਂ ਤਾਂ ਤੂੰ ਇਹ ਘਰ ਵੇਚ ਕੇ ਸਾਊਥਾਲ ਘਰ ਲੈ ਲੈ, ਘੱਟੋ ਘੱਟ ਸਾਊਥਾਲ ਵਿਚ ਤੁਹਾਡਾ ਬੇਸ ਤਾਂ ਹੈ, ਉਥੇ ਲੋਕ ਤੁਹਾਨੂੰ ਇਥੇ ਨਾਲੋਂ ਜ਼ਿਆਦਾ ਜਾਣਦੇ ਨੇ।"

"ਗੱਲ ਤਾਂ ਤੇਰੀ ਠੀਕ ਏ, ਉਥੇ ਮੁਸ਼ਤਾਕ ਵਰਗੇ, ਤੇਰੇ ਵਰਗੇ ਮੇਰੇ ਮਈਂ ਯਾਅ, ਸੁਭਾਅ ਨੂੰ ਝੱਲ ਲੈਂਦੇ ਨੇ, ਮੈਂ ਕਰਦਾਂ ਕੁਝ।"

ਉਸ ਨੇ ਕਿਹਾ ਪਰ ਕਦੇ ਨਾ ਆਇਆ। ਆਉਣਾ ਇੰਨਾ ਸੌਖਾ ਵੀ ਨਹੀਂ ਸੀ। ਵੁਲਵਰਹੈਂਪਟਨ ਵਾਲਾ ਘਰ ਵੇਚਦਾ ਤੇ ਹੋਰ ਖਰੀਦਦਾ। ਇੰਗਲੈਂਡ ਦੀ ਵਿਗੜੀ ਇਕੌਨੌਮੀ ਕਾਰਨ

ਅੱਜ ਕਲ੍ਹ ਘਰਾਂ ਦੇ ਵਿਕਣ ਦੀ ਕੋਈ ਆਸ ਨਹੀਂ ਖਾਸ ਤੌਰ 'ਤੇ ਮਿਡਲੈਂਡ ਦੇ ਇਲਾਕੇ ਵਿਚ।

ਇਕ ਦਿਨ ਮੈਂ ਸਵੇਰੇ ਉਠਿਆ ਤਾਂ ਉਹ ਬੈਠਾ ਸਿਗਰਟ ਪੀ ਰਿਹਾ ਸੀ ਤੇ ਕਿਸੇ ਡੂੰਘੀ ਸੋਚ ਵਿਚ ਗਵਾਚਾ ਹੋਇਆ ਸੀ। ਮੈਂ ਪੁੱਛਿਆ,

"ਕੀ ਗੱਲ ਹੋਈ ?"

"ਸੋਚ ਰਿਹਾਂ ਕਿ ਮਈਂ ਯਾਅ, ਮੈਂ ਨਾ ਵੀ ਹੋਵਾਂ ਤਾਂ ਕੀ ਫਰਕ ਪੈਂਦਾ ਏ! ...ਮੈਨੂੰ ਲਗਦਾ ਏ ਕਿ ਹੁਣ ਇਸ ਦੁਨੀਆਂ ਵਿਚ ਮੇਰਾ ਕੰਮ ਖਤਮ ਹੋ ਚੁੱਕਿਆ ਏ।"

"ਤੁਹਾਨੂੰ ਨਹੀਂ ਲਗਦਾ ਕਿ ਤੁਸੀਂ ਆਪਣੇ ਆਪ ਨੂੰ ਗਲਤ ਐਸਟੀਮੇਟ ਕਰੀ ਜਾ ਰਹੇ ਓਂ, ਸਾਹਿਤ ਵਿਚ ਕਦੇ ਤੁਹਾਡੇ ਨਾਂ ਦੇ ਡੰਕੇ ਵਜਦੇ ਰਹੇ ਨੇ।"

"ਪਰ ਹੁਣ ਤਾਂ ਮਈਂ ਯਾਅ, ਕੋਈ ਨਹੀਂ ਨਾ ਪੁੱਛਦਾ!"

"ਸਾਰੀ ਉਮਰ ਕਿਹਨੂੰ ਪੁੱਛਿਆ ਜਾਂਦਾ ਏ, ਹਰ ਲੇਖਕ ਦਾ ਇਕ ਸਮਾਂ ਹੁੰਦਾ ਏ। ਉਮਰ ਆਉਂਦੀ ਏ ਤਾਂ ਵੱਡੇ ਵੱਡੇ ਫਿਲਮੀ ਹੀਰੋ ਅੰਦਰੀਂ ਬੈਠ ਜਾਂਦੇ ਨੇ।"

"ਗੱਲ ਤਾਂ ਤੇਰੀ ਠੀਕ ਏ, ਹੁਣ ਮੇਰੇ ਮਈਂ ਯਾਅ, 'ਸਮਾਂ' ਦਾ ਸਮਾਂ ਨਹੀਂ ਰਿਹਾ।"

ਆਖਦਾ ਉਹ ਹੱਸਣ ਲਗਿਆ। ਕੁਝ ਦੇਰ ਬਾਅਦ ਫਿਰ ਆਖਣ ਲਗਿਆ,

"ਅਸਲ ਵਿਚ ਮੇਰਾ ਕਿਸੇ ਵੀ ਪਾਸੇ ਸਮਾਂ ਨਹੀਂ ਰਿਹਾ, ਹੁਣ ਦੇਖ ਔਰਤ ਦਾ ਸਾਥ ਮਾਣੇ ਨੂੰ ਕਿੰਨੇ ਸਾਲ ਹੋ ਗਏ।"

"ਕਿਉਂ ? ...ਗੀਮਾ ਤਾਂ ਹਾਲੇ ਕੱਲ੍ਹ ਦੀ ਗੱਲ ਏ।"

"ਨਹੀਂ, ਛੇ ਸੱਤ ਸਾਲ ਹੋ ਗਏ। ਗੀਮਾ ਠੀਕ ਸੀ ਪਰ ਸੀ ਤਾਂ ਮਈਂ ਯਾਅ, ਅਖੀਰ ਵਿਚ ਵੇਸਵਾ ਹੀ।"

ਫਿਰ ਉਹ ਦੱਸਣ ਲਗਿਆ ਕਿ ਕਿਵੇਂ ਦਿੱਲੀ ਰਹਿੰਦੇ ਸਮੇਂ ਵੇਸਵਾਵਾਂ ਕੋਲ ਜਾਇਆ ਕਰਦਾ ਸੀ। ਉਹ ਕੁਝ ਕਹਾਣੀਆਂ ਦਵਿੰਦਰ ਬਾਰੇ ਵੀ ਸੁਣਾਉਣ ਲਗਿਆ ਜਿਹੜੀਆਂ ਕਿ ਮੈਂ ਕਈ ਵਾਰ ਸੁਣਾ ਚੁੱਕਿਆ ਸੀ। ਕੁਝ ਦੇਰ ਗੱਲਾਂ ਕਰਦਾ ਉਹ ਗਮਗੀਨ ਜਿਹਾ ਹੋ ਕੇ ਬੋਲਿਆ,

"ਕਿੰਨੀ ਦੇਰ ਹੋ ਗਈ ਮਈਂ ਯਾਅ, ਔਰਤ ਦਾ ਸਾਥ ਮਾਣੇ ਨੂੰ, ਔਰਤ ਦਾ ਨੇੜ ਈ ਮਹਿਸੂਸ ਕੀਤੇ ਨੂੰ, ...ਨੰਗੀ ਔਰਤ ਦਾ ਜਿਸਮ ਦੇਖਣ ਨੂੰ ਬਹੁਤ ਦਿਲ ਕਰਦਾ ਏ।"

"ਬਾਬਿਓ, ਪੈਸੇ ਤੁਹਾਡੀ ਜੇਬ੍ਹ ਵਿਚ ਨੇ, ਆਹ ਪਿਆ ਫੋਨ ਤੇ ਘੁਮਾ ਲਓ ਇਸਕੌਂਟ ਸਰਵਿਸ ਨੂੰ।"

"ਮਈਂ ਯਾਅ, ਏਦਾਂ ਨਹੀਂ।"

ਆਖਦਾ ਉਹ ਆਪਣੇ ਬਗੀਚੇ ਦੇ ਹਨੇਰੇ ਵੱਲ ਦੇਖਣ ਲਗਿਆ। ਮੈਂ ਸੋਚ ਰਿਹਾ ਸਾਂ ਕਿ ਸੱਤਰ ਸਾਲ ਦੀ ਉਮਰ ਵਿਚ ਇਹ ਕੈਸੀ ਲਾਲਸਾ ਹੈ।

ਇਕ ਦਿਨ ਉਸ ਦਾ ਸਵੇਰੇ ਸਵੇਰੇ ਫੋਨ ਆਇਆ। ਇੰਨੀ ਸਵੇਰੇ ਉਹ ਫੋਨ ਕਰਦਾ ਨਹੀਂ ਸੀ, ਮੈਂ ਸੋਚਿਆ ਕਿ ਰੱਬ ਖੈਰ ਕਰੇ। ਉਸ ਦੀ ਆਵਾਜ਼ ਬਹੁਤ ਉਦਾਸ ਸੀ, ਬੋਲਿਆ,

"ਮੈਂ ਬਹੁਤ ਇਕੱਲਾ ਮਹਿਸੂਸ ਕਰ ਰਿਹਾਂ, ਮਈਂ ਯਾਅ, ਚਾਰੇ ਪਾਸੇ ਸੁੰਨ ਏ, ਦੂਰ ਦੂਰ ਤਕ। ਦਿਲ ਕਰਦਾ ਏ ਕਿ ਪਿਸਤੌਲ ਮੇਰੇ ਕੋਲ ਹੋਵੇ ਤੇ ਹੈਮਿੰਗਵੇਅ ਵਾਂਗੂੰ ਆਪਣੇ ਆਪ ਨੂੰ ਖਤਮ ਕਰ ਲਵਾਂ।"

"ਅੱਜ ਸਵੇਰੇ ਈ ਪੀ ਲਈ ?"

"ਨਹੀਂ, ਅੱਜ ਮਈਂ ਯਾਅ, ਪੀਣ ਤੋਂ ਬਿਨਾਂ ਈ ਉਦਾਸ ਹਾਂ।"

ਮੈਂ ਘੰਟਾ ਭਰ ਉਸ ਨਾਲ ਗੱਲਾਂ ਕੀਤੀਆਂ। ਕੁਝ ਲਤੀਫੇ ਸੁਣਾਏ, ਦੋਸਤਾਂ ਦੀਆਂ



ਚੁਗਲੀਆਂ ਕੀਤੀਆਂ। ਉਸ ਦਾ ਮਿਜ਼ਾਜ਼ ਬਦਲ ਗਿਆ। ਅਗਲੇ ਦਿਨ ਮੈਂ ਫੋਨ ਕੀਤਾ ਤਾਂ ਉਹ ਬਿਲਕੁਲ ਠੀਕ ਸੀ। ਉਸ ਦੀ ਖਾਸੀਅਤ ਸੀ ਕਿ ਜਦ ਵੀ ਅਜਿਹੇ ਰੌਂਅ ਵਿਚ ਹੁੰਦਾ ਤਾਂ ਉਹ ਕਈ ਦੋਸਤਾਂ ਨੂੰ ਫੋਨ ਕਰਦਾ ਤੇ ਇਕੋ ਜਿਹੀਆਂ ਗੱਲਾਂ ਸਾਂਝੀਆਂ ਕਰਦਾ।

ਉਸ ਦੇ ਪੂਰੇ ਹੋਣ ਤੋਂ ਦੋ ਦਿਨ ਪਹਿਲਾਂ ਮੈਂ ਉਸ ਕੋਲ ਠਹਿਰਿਆ ਸਾਂ। ਮੈਂ ਅਚਾਨਕ ਗਿਆ ਸਾਂ। ਮੈਨੂੰ ਦੇਖ ਕੇ ਉਹ ਬਹੁਤ ਖੁਸ਼ ਹੋਇਆ। ਅਸੀਂ ਢੇਰ ਸਾਰੀਆਂ ਗੱਲਾਂ ਕੀਤੀਆਂ। ਉਹ ਆਪਣੇ ਪੋਤੇ ਅਨੀਸ਼ ਦੀਆਂ ਗੱਲਾਂ ਬਹੁਤ ਚਾਅ ਨਾਲ ਸੁਣਾ ਰਿਹਾ ਸੀ ਤੇ ਨਾਲ ਹੀ ਨਾਲ ਆਪਣੇ ਮੁੰਡੇ ਨੂੰ ਗਾਲ੍ਹਾਂ ਕੱਢਦਾ ਜਾ ਰਿਹਾ ਸੀ। ਮੈਂ ਕਿਹਾ,

"ਬਾਬਿਓ, ਮੇਰੀ ਗੱਲ ਮੰਨੋ, ਇਹ ਘਰ ਵੇਚ ਕੇ ਵਾਪਸ ਹੇਜ਼ ਆ ਜਾਓ, ਆਪਣੇ ਮੁੰਡੇ ਦੇ ਘਰ ਦੇ ਨੇੜੇ ਘਰ ਲੈ ਲਓ, ਘੱਟੋ ਘੱਟ ਪੋਤਾ ਤਾਂ ਤੁਹਾਨੂੰ ਪਿਆਰ ਕਰਦਾ ਈ ਏ।"

"ਹਾਂ, ਅਨੀਸ਼ ਮੇਰਾ ਬਹੁਤ ਕਰਦਾ ਏ ਪਰ ਏਸ ਮਈਂ ਯਾਅ, ਚੇਤੂ ਦਾ ਕੀ ਕਰਾਂ, ਮੇਰੇ ਅੰਦਰਲਾ ਚੇਤੂ ਨਹੀਂ ਮੰਨਦਾ।"

ਆਖ ਉਹ ਹੱਸਣ ਲਗਿਆ। ਫਿਰ ਗੱਲਾਂ ਕਰਦਾ ਅਚਾਨਕ ਉਹ ਚੁੱਪ ਕਰ ਗਿਆ ਜਿਵੇਂ ਕੁਝ ਯਾਦ ਆ ਗਿਆ ਹੋਵੇ। ਕੁਝ ਦੇਰ ਬਾਅਦ ਉਹ ਗੁੱਸੇ ਵਿਚ ਆਉਂਦਾ ਬੋਲਿਆ,

"ਤੈਨੂੰ ਚੇਤੇ ਆ ਜਦੋਂ ਮੈਂ ਮਈਂ ਯਾਅ, ਵੈਨ ਵਿਚੋਂ ਡਿਗ ਪਿਆ ਸਾਂ।"

"ਹਾਂ, ਇਹ ਤਾਂ ਬਾਰਾਂ ਤੇਰਾਂ ਸਾਲ ਦੀ ਗੱਲ ਏ।"

"ਬਿਲਕੁਲ ਪਰ ਤੂੰ ਏਹਦੀ ਕਿਤੇ ਵੀ ਮਈਂ ਯਾਅ, ਖ਼ਬਰ ਨਹੀਂ ਸੀ ਭੇਜੀ, ਯਾਦ ਏ ?"

"ਬਾਬਿਓ, ਮੈਂ ਤਾਂ ਏਸ ਕਰਕੇ ਅਖ਼ਬਾਰਾਂ ਨੂੰ ਏਹ ਖਬਰ ਨਹੀਂ ਸੀ ਭੇਜੀ ਕਿ ਲੋਕ ਹੱਸਣਗੇ ਕਿ ਸਵਰਨ ਚੰਦਨ ਸ਼ਰਾਬੀ ਹੋਇਆ ਵੈਨ ਵਿਚੋਂ ਡਿਗ ਪਿਆ।"

"ਲੋਕਾਂ ਮਈਂ ਯਾਅ, ਨੂੰ ਖ਼ਬਰ ਵਿਚੋਂ ਸ਼ਰਾਬ ਦੀ ਸਮੈੱਲ ਆ ਜਾਣੀ ਸੀ ?"

"ਤੇ ਹੋਰ ਲੋਕਾਂ ਨੇ ਸੋਚਣਾ ਸੀ ਕਿ ਸਵਰਨ ਚੰਦਨ ਸਿਗਰਟ ਲਾਉਣ ਲਗਾ ਡਿਗ ਪਿਆ ?"

ਆਖਦਾ ਮੈਂ ਹੱਸਣ ਲਗਿਆ। ਉਹ ਵੀ ਹੱਸ ਪਿਆ। ਫਿਰ ਬੋਲਿਆ,

"ਮੇਰੇ ਮਰਨ ਦੀ ਮਈਂ ਯਾਅ, ਖ਼ਬਰ ਜ਼ਰੂਰ ਸਭ ਨੂੰ ਭੇਜ ਦੇਵੀਂ।"

"ਬਾਬਿਓ, ਕੀ ਪੈਸੀਮਿਸਟਿਕ ਜਿਹੀਆਂ ਗੱਲਾਂ ਕਰੀ ਜਾ ਰਹੇ ਓਂ!"

ਮੈਂ ਖਿਝਦਿਆਂ ਹੋਇਆਂ ਕਿਹਾ। ਉਸ ਨੇ ਆਪਣੀ ਗ਼ਜ਼ਲਾਂ ਵਾਲੀ ਕਾਪੀ ਚੁੱਕ ਲਈ ਤੇ ਨਵੀਆਂ ਗ਼ਜ਼ਲਾਂ ਸੁਣਾਉਣ ਲਗਿਆ। ਕੋਈ ਕੋਈ ਸ਼ੇਅਰ ਸੁਹਣਾ ਸੀ ਪਰ ਮੈਂ ਸਾਰਿਆਂ ਸ਼ੇਅਰਾਂ 'ਤੇ ਹੀ ਦਾਦ ਦਿੰਦਾ ਰਿਹਾ। ਇਹ ਸ਼ਨਿਚਰਵਾਰ ਰਾਤ ਦੀ ਗੱਲ ਹੈ। ਐਤਵਾਰ ਮੈਂ ਦਸ ਵਜੇ ਤਕ ਉਸ ਨਾਲ ਰਿਹਾ। ਐਤਵਾਰ ਰਾਤ ਨੂੰ ਮੈਂ ਘਰ ਪੁੱਜਿਆ ਤਾਂ ਉਸ ਦਾ ਫੋਨ ਆ ਗਿਆ ਤੇ ਫਿਰ ਉਹ ਉਹੀ ਮਰਨ ਉਪਰੰਤ ਅਖ਼ਬਾਰਾਂ ਨੂੰ ਖ਼ਬਰ ਦੇਣ ਵਾਲੀ ਗੱਲ ਕਰਨ ਲਗਿਆ। ਮੈਂ ਹੋਰ ਪਾਸੇ ਗੱਲ ਪਾਈ ਤਾਂ ਉਸ ਨੇ ਫੋਨ ਰੱਖ ਦਿਤਾ। ਸੋਮਵਾਰ ਸਵੇਰੇ ਹੀ ਉਸ ਦਾ ਫੋਨ ਆ ਗਿਆ ਤੇ ਕਹਿਣ ਲਗਿਆ,

"ਲੈ ਬਈ, ਮੇਰੇ ਭਰਾ, ਅੱਜ ਮੈਂ ਮਈਂ ਯਾਅ, ਫੈਸਲਾ ਕਰ ਲਿਆ, ਸੋਚਿਆ ਕਿ ਇਸ ਬਾਰੇ ਸਭ ਤੋਂ ਪਹਿਲਾਂ ਤੈਨੂੰ ਈ ਦੱਸਾਂ।"

"ਕਿਹੋ ਜਿਹਾ ਫੈਸਲਾ ?"

"ਮੈਂ ਮਈਂ ਯਾਅ, ਚੇਤੂ ਨੂੰ ਕਤਲ ਕਰ ਦੇਣ ਦਾ ਫੈਸਲਾ ਕਰ ਲਿਆ, ਇਹ ਮੈਨੂੰ ਬਹੁਤ ਸਾਰੇ ਕੰਮ ਨਹੀਂ ਸੀ ਕਰਨ ਦਿੰਦਾ। ਮੈਂ ਤੈਅ ਕਰ ਲਿਆ ਕਿ ਆਹ ਘਰ ਵੇਚ ਕੇ ਅਮਨਦੀਪ ਦੇ ਘਰ ਦੇ ਨਜ਼ਦੀਕ ਘਰ ਲੈ ਲੈਣਾ ਤੇ ਅਮਨਦੀਪ ਨੂੰ ਕਹਿਣਾ ਕਿ ਪੁੱਤਰਾ ਜਿੰਨੀਆਂ ਮਰਜ਼ੀ ਗਾਲ੍ਹਾਂ ਮੈਨੂੰ

ਕੱਢ, ਜਿੰਨੇ ਮਰਜ਼ੀ ਧੱਕੇ ਮਾਰ ਪਰ ਮੈਂ ਤੇਰਾ ਪਿਓ ਵਾਂ ਤੇ ਤੇਰੇ ਈ ਰੱਖਣ ਦਾ ਵਾਂ।"

ਆਖਦਿਆਂ ਉਸ ਦਾ ਗਲ਼ ਭਰ ਆਇਆ। ਮੈਂ ਆਖਿਆ,

"ਬਾਬਿਓ, ਤੁਸੀਂ ਐਵੇਂ ਈ ਚੇਤੂ ਦੇ ਗੁਲਾਮ ਬਣੀ ਜਾਂਦੇ ਓ, ਇਹ ਫੈਸਲਾ ਤਾਂ ਤੁਹਾਨੂੰ ਬਹੁਤ ਦੇਰ ਪਹਿਲਾਂ ਲੈ ਲੈਣਾ ਚਾਹੀਦਾ ਸੀ।"

ਅਜਿਹੇ ਫੈਸਲੇ ਉਹ ਪਹਿਲਾਂ ਵੀ ਕਈ ਵਾਰ ਲੈ ਚੁੱਕਿਆ ਸੀ ਪਰ ਚੇਤੂ ਨੂੰ ਮਾਰਨ ਵਾਲੀ ਗੱਲ ਪਹਿਲੀ ਵਾਰ ਕਰ ਰਿਹਾ ਸੀ। ਮੰਗਲਵਾਰ ਸਵੇਰੇ ਫੋਨ ਆਇਆ। ਉਹ ਬਹੁਤ ਖੁਸ਼ ਸੀ। ਦੱਸਣ ਲਗਿਆ,

"ਲੈ ਬਈ ਛੋਟੇ ਭਰਾ, ਮੇਰੀ ਅਮਨਦੀਪ ਨਾਲ ਗੱਲ ਹੋ ਗਈ। ਉਹ ਕਹਿੰਦਾ ਕਿ ਡੈਡ ਸਾਡੇ ਕੋਲ ਆ ਜਾਵੋ, ਸਾਡੇ ਕੋਲ ਰਹੋ, ਜਦ ਤੁਹਾਡਾ ਘਰ ਵਿਕ ਜਾਵੇਗਾ ਤਾਂ ਆਪਣਾ ਲੈ ਲਿਓ, ਮੈਂ ਬਹੁਤ ਖੁਸ਼ ਹਾਂ, ਮੈਂ ਮਈਂ ਯਾਅ, ਅੱਜ ਈ ਹੇਜ਼ ਪੁੱਜ ਜਾਣਾਂ।"

ਉਸ ਦੀ ਗੱਲ ਵਿਚ ਦ੍ਰਿੜਤਾ ਸੀ। ਮੈਂ ਬਹੁਤ ਖੁਸ਼ ਹੋਇਆ। ਮੈਨੂੰ ਜਾਪਣ ਲਗਿਆ ਕਿ ਅੱਜ ਸ਼ਾਮ ਤਕ ਹੇਜ਼ ਪੁੱਜ ਜਾਵੇਗਾ। ਕੱਲ੍ਹ ਨੂੰ ਉਹ ਜ਼ਰੂਰ ਮੈਨੂੰ ਫੋਨ ਕਰੇਗਾ।

ਬੁੱਧਵਾਰ ਦੀ ਸ਼ਾਮ ਸੀ। ਮੇਰੇ ਘਰ ਕੁਝ ਮਹਿਮਾਨ ਆਏ ਹੋਏ ਸਨ। ਅਚਾਨਕ ਫੋਨ ਦੀ ਘੰਟੀ ਵੱਜੀ। ਫੋਨ ਅਮਨਦੀਪ ਦਾ ਸੀ। ਉਹ ਬੋਲਿਆ,

"ਅੰਕਲ, ਡੈਡ ਤੁਰ ਗਏ!"

"ਓਹ ਮਾਈ ਗੌਡ! ਉਹ ਕਿੱਦਾਂ?"

"ਕੱਲ੍ਹ ਕਹਿੰਦੇ ਸੀ ਕਿ ਮੈਂ ਆ ਰਿਹਾਂ, ਫਿਰ ਆਖਣ ਲਗੇ ਕਿ ਅੱਜ ਮੇਰੇ ਤੋਂ ਕਾਰ ਨਹੀਂ ਚੱਲ ਰਹੀ, ਮੈਂ ਕਿਹਾ ਕਿ ਟੈਕਸੀ ਕਰ ਕੇ ਆ ਜਾਵੋ ਕਿਉਂਕਿ ਮੇਰੇ ਵੀ ਗੋਡੇ ਦਾ ਕੱਲ੍ਹ ਓਪਰੇਸ਼ਨ ਹੋਇਆ ਏ, ਉਹ ਕਹਿੰਦੇ ਸੀ ਕਿ ਟੈਕਸੀ ਨਹੀਂ ਮੈਂ ਕੱਲ੍ਹ ਆ ਜਾਵਾਂਗਾ। ਅੱਜ ਸਵੇਰੇ ਦੇ ਅਸੀਂ ਫੋਨ ਕਰੀ ਜਾ ਰਹੇ ਆਂ ਉਹ ਚੁੱਕ ਨਹੀਂ ਸੀ ਰਹੇ, ਅਸੀਂ ਗਵਾਂਢੀ ਅਮਰੀਕ ਸਿੰਘ ਨੂੰ ਕਿਹਾ ਕਿ ਜਾ ਕੇ ਦੇਖ ਕੇ ਆਵੇ, ਅਮਰੀਕ ਕੋਲ ਘਰ ਦੀ ਚਾਬੀ ਹੈ ਸੀ, ਉਹਨੇ ਜਾ ਕੇ ਦੇਖਿਆ ਤਾਂ ਡੈਡ ਪੂਰੇ ਹੋ ਚੁੱਕੇ ਸੀ, ਰਾਤੀਂ ਈ ਕਿਤੇ ਦਿਲ ਦਾ ਦੌਰਾ ਪੈ ਗਿਆ ਜਾਪਦਾ ਏ।"

ਆਖਦਾ ਅਮਨਦੀਪ ਰੋਣ ਲਗਿਆ। ਮੈਂ ਸਮਝ ਗਿਆ ਸਾਂ ਕਿ ਸਵਰਨ ਚੰਦਨ ਚੇਤੂ ਨੂੰ ਮਾਰਨ ਦੀ ਕੋਸ਼ਿਸ਼ ਕਰਦਾ ਈ ਮਰ ਗਿਆ ਹੋਵੇਗਾ।

ਦੋ ਸਾਲ ਪਹਿਲਾਂ ਜਦ ਮੇਰੇ ਪਿਤਾ ਦੀ ਮੌਤ ਹੋਈ ਤਾਂ ਮੈਂ ਪਿਤਾ ਨੂੰ ਆਖਰੀ ਸਫਰ ਲਈ ਤਿਆਰ ਕਰਦਾ ਇਸ਼ਨਾਨ ਕਰਵਾ ਰਿਹਾ ਸਾਂ। ਉਸੇ ਵੇਲੇ ਹੀ ਸਵਰਨ ਚੰਦਨ ਦਾ ਫੋਨ ਆ ਗਿਆ। ਮੈਂ ਦਸਿਆ ਤਾਂ ਉਹ ਬਹੁਤ ਉਦਾਸ ਹੋ ਗਿਆ। ਇਕ ਸਾਲ ਪਹਿਲਾਂ ਜਦ ਮੈਂ ਆਪਣੇ ਛੋਟੇ ਭਰਾ ਨੂੰ ਉਸ ਦੇ ਆਖਰੀ ਸਫਰ ਲਈ ਤਿਆਰ ਕੇ ਵਾਪਸ ਪੁੱਜਿਆ ਤਾਂ ਸਵਰਨ ਚੰਦਨ ਦਾ ਫਿਰ ਫੋਨ ਆ ਗਿਆ। ਮੈਂ ਗੱਲ ਦਸਦਾ ਰੋਣ ਲਗਿਆ। ਉਹ ਵੀ ਰੋ ਰਿਹਾ ਸੀ ਤੇ ਅਚਾਨਕ ਬੋਲਿਆ,

"ਮਈਂ ਯਾਅ, ਮੈਨੂੰ ਵੀ ਨਲ੍ਹਾਏਂਗਾ ਕਿ ਨਹੀਂ?"

ਮੈਂ ਉਸ ਦੇ ਮੁੰਡੇ ਅਮਨਦੀਪ ਨੂੰ ਨਾਲ ਲੈ ਕੇ ਸਵਰਨ ਚੰਦਨ ਨੂੰ ਅੰਤਿਮ ਇਸ਼ਨਾਨ ਕਰਾਇਆ। ਸੂਟ ਪਾਇਆ, ਟਾਈ ਲਾਈ ਤੇ ਜੇਬ੍ਹ ਵਿਚ ਐਨਕਾਂ ਪਾਈਆਂ ਤੇ ਪਾਰਕਰ ਦਾ ਪੈੱਨ ਵੀ, ਲਾਲ ਰੰਗ ਦੀ ਪੱਗ ਬੰਨੀ, ਆਖਰ ਇਕ ਜੈਂਟਲਮੈਨ ਨੇ ਆਖਰੀ ਸਫਰ 'ਤੇ ਨਿਕਲਣਾ ਸੀ।...



# ਨਵਾਂ ਪੰਜਾਬੀ ਨਾਵਲ : ਪਛਾਣ ਚਿੰਨ੍ਹ/ਡਾ. ਉਪਿੰਦਰਜੀਤ

ਨਵੇਂ ਪੰਜਾਬੀ ਨਾਵਲ ਤੋਂ ਭਾਵ ਉਹ ਨਾਵਲ ਜੋ ਗੁਰਦਿਆਲ ਸਿੰਘ ਅਤੇ ਉਸਦੇ ਸਮਕਾਲੀ ਨਾਵਲਕਾਰਾਂ ਤੋਂ ਬਾਅਦ ਪ੍ਰਾਪਤ ਨਾਵਲਕਾਰਾਂ ਵੱਲੋਂ ਲਿਖਿਆ ਜਾ ਰਿਹਾ ਹੈ। ਬੇਸ਼ੱਕ ਗੁਰਦਿਆਲ ਸਿੰਘ ਹੁਣ ਵੀ ਨਾਵਲ ਲਿਖ ਰਿਹਾ ਹੈ ਪਰ ਪੰਜਾਬੀ ਨਾਵਲ ਪਰੰਪਰਾ ਵਿਚ ਉਸਨੂੰ ਤੀਸਰੇ ਪੜਾਅ ਦਾ ਨਾਵਲਕਾਰ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਜਸਵੰਤ ਸਿੰਘ ਕੰਵਲ ਵੀ ਅਜੇ ਨਾਵਲ ਲਿਖ ਰਿਹਾ ਹੈ ਪਰ ਉਹ ਮੂਲ ਰੂਪ ਵਿਚ ਪੰਜਾਬੀ ਨਾਵਲ ਪਰੰਪਰਾ ਦੇ ਦੂਸਰੇ ਪੜਾਅ ਦਾ ਨਾਵਲਕਾਰ ਹੈ। ਇਉਂ ਨਵੇਂ ਪੰਜਾਬੀ ਨਾਵਲ ਤੋਂ ਭਾਵ ਉਹ ਨਾਵਲ ਜੋ ਪੰਜਾਬੀ ਨਾਵਲ ਪਰੰਪਰਾ ਦੇ ਚੌਥੇ ਪੜਾਅ ਦੇ ਨਾਵਲਕਾਰਾਂ ਵੱਲੋਂ ਲਿਖਿਆ ਜਾ ਰਿਹਾ ਹੈ ਅਤੇ ਪੰਜਾਬੀ ਨਾਵਲ ਪਰੰਪਰਾ ਦੇ ਲਿਹਾਜ ਨਾਲ ਹੁਣ ਚੌਥਾ ਪੜਾਅ ਚਲ ਰਿਹਾ ਹੈ।

ਨਵੇਂ ਪੰਜਾਬੀ ਨਾਵਲ ਦੇ ਪਛਾਣ ਚਿੰਨ੍ਹ ਬਾਰੇ ਗੱਲ ਕਰਨ ਤੋਂ ਪਹਿਲਾਂ ਪੰਜਾਬੀ ਨਾਵਲ ਪਰੰਪਰਾ ਬਾਰੇ ਸੰਖੇਪ ਵਿਚ ਵਿਚਾਰ ਕਰਨੀ ਬਣਦੀ ਹੈ। ਜੇਕਰ ਭਾਈ ਵੀਰ ਸਿੰਘ ਦੇ ਨਾਵਲ ਸੁੰਦਰੀ (1897) ਨੂੰ ਪੰਜਾਬੀ ਦਾ ਪਹਿਲਾ ਮੌਲਿਕ ਨਾਵਲ ਮੰਨ ਲਿਆ ਜਾਵੇ ਤਾਂ ਹੁਣ ਤੱਕ ਪੰਜਾਬੀ ਨਾਵਲ 114 ਸਾਲ ਦਾ ਹੋ ਚੁੱਕਾ ਹੈ। ਇਨ੍ਹਾਂ 114 ਸਾਲਾਂ ਵਿਚ ਪੰਜਾਬੀ ਨਾਵਲ ਤਿੰਨ ਪੜਾਅ ਤੈਅ ਕਰਕੇ ਚੌਥੇ ਪੜਾਅ ਦੇ ਸਿਖ਼ਰ 'ਤੇ ਹੈ। ਹੁਣ ਤੱਕ ਪੰਜਾਬੀ ਨਾਵਲ ਅਨੇਕਾਂ ਪ੍ਰਵਿਰਤੀਆਂ ਨੂੰ ਹੰਢਾ ਚੁੱਕਾ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਨਾਲ ਪੰਜਾਬੀ ਨਾਵਲ ਇਕ ਖਾਸ ਤਰ੍ਹਾਂ ਦੀ ਪ੍ਰਵਿਰਤੀ ਧਾਰਨ ਕਰਦਾ ਹੈ। ਇਸ ਨਾਵਲ ਵਿਚ ਜੋ ਦ੍ਰਿਸ਼ ਪ੍ਰਾਪਤ ਹੁੰਦਾ ਹੈ ਉਸ ਵਿਚ ਨਾਵਲ ਦਾ ਕੇਂਦਰੀ-ਪਾਤਰ ਗੁਣੀ ਹੈ। ਨਾਵਲ ਦੇ ਆਰੰਭ ਵਿਚ ਉਸ ਕੇਂਦਰੀ-ਪਾਤਰ ਦੇ ਗੁਣਾਂ ਨੂੰ ਬਿਰਤਾਂਤਕਾਰ ਵੱਲੋਂ ਬਿਆਨ ਕੀਤਾ ਜਾਂਦਾ ਹੈ ਅਤੇ ਇਸ ਉਪਰੰਤ ਸਮੁੱਚੇ ਨਾਵਲ ਵਿਚ ਉਸ ਕੇਂਦਰੀ-ਪਾਤਰ ਦੇ ਗੁਣਾਂ ਦਾ ਬਿਰਤਾਂਤ ਸਿਰਜਿਆ ਜਾਂਦਾ ਹੈ। ਇਹ ਦ੍ਰਿਸ਼ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਵੀ ਪ੍ਰਾਪਤ ਹੁੰਦਾ ਹੈ, ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ ਅਤੇ ਮਾਸਟਰ ਤਾਰਾ ਸਿੰਘ ਦੇ ਨਾਵਲਾਂ ਵਿਚ ਵੀ ਮਿਲਦਾ ਹੈ। ਇਹ ਗੁਣੀ ਪਾਤਰ ਧਰਮੀ ਤਬੀਅਤ ਦਾ ਹੈ ਅਤੇ ਕਈ ਤਰ੍ਹਾਂ ਦੀਆਂ ਮੁਸੀਬਤਾਂ ਵਿਚ ਘਿਰਦਾ ਹੈ ਪਰ ਆਪਣੇ ਗੁਣਾਂ ਕਰਕੇ ਉਹ ਹਰ ਮੁਸੀਬਤ ਵਿਚੋਂ ਪਾਰ ਨਿਕਲ ਆਉਂਦਾ ਹੈ। ਕਿਉਂਕਿ ਇਸ ਦੌਰ ਦੇ ਨਾਵਲ ਵਿਚ ਇਕ ਖਾਸ ਵਰਗ ਦੀ ਗੱਲ ਕੀਤੀ ਮਿਲਦੀ ਹੈ, ਇਸ ਲਈ ਇਸ ਦੌਰ ਦੇ ਨਾਵਲ ਦਾ ਪਾਠਕ ਵੀ ਉਹ ਵਰਗ ਹੀ ਸੀ ਜਿਸ ਵਰਗ ਦੀ ਗੱਲ ਇਸ ਦੌਰ ਦੇ ਨਾਵਲ ਵਿਚ ਸੀ। ਇਸੇ ਲਈ ਇਸ ਦੌਰ ਦੇ ਨਾਵਲ ਨੂੰ ਸੰਪ੍ਰਦਾਇਕ ਭਾਵ ਵਾਲਾ ਨਾਵਲ ਵੀ ਕਿਹਾ ਗਿਆ। ਸਿੱਧੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਇਸ ਦੌਰ ਦੇ ਨਾਵਲ ਵਿਚ ਸਿੱਖ ਸੰਪ੍ਰਦਾਇ ਦਾ ਦ੍ਰਿਸ਼ ਪ੍ਰਾਪਤ ਹੁੰਦਾ ਹੈ ਅਤੇ ਇਸਦੀ ਪਾਠਕ ਵੀ ਇਹੀ ਸੰਪ੍ਰਦਾਇ ਹੀ ਸੀ। ਪਰ ਸਮਝਣ ਵਾਲੀ ਗੱਲ ਇਹ ਹੈ ਕਿ ਬੇਸ਼ੱਕ ਇਸ ਦੌਰ ਦੇ ਨਾਵਲ ਵਿਚ ਸੰਪ੍ਰਦਾਇ ਵਿਸ਼ੇਸ਼ ਦੀ ਗੱਲ ਮਿਲਦੀ ਹੈ ਪਰ ਇਸਦੇ ਬਾਵਜੂਦ ਇਸ ਦੌਰ ਦੇ ਨਾਵਲ ਨੂੰ ਸੰਪ੍ਰਦਾਇਕ ਭਾਵ ਵਾਲਾ ਕਹਿਣਾ ਬਹੁਤਾ ਉਚਿਤ ਨਹੀਂ। ਦਰਅਸਲ ਭਾਈ ਵੀਰ ਸਿੰਘ ਨੇ ਆਪਣਾ ਨਾਵਲ ਵਿਸ਼ੇਸ਼ ਚੁਣੌਤੀਆਂ ਵਿਚ ਲਿਖਿਆ।

ਭਾਈ ਵੀਰ ਸਿੰਘ ਦੇ ਨਾਵਲ ਸੁੰਦਰੀ ਤੋਂ ਪਹਿਲਾਂ ਪੰਜਾਬੀ ਵਿਚ ਦੋ ਨਾਵਲ ; ਮਸੀਹ ਮੁਸਾਫ਼ਰ ਦੀ ਯਾਤਰਾ (1859) ਅਤੇ ਜਯੋਤਿਰੁਦਯ (1872), ਮਿਲਦੇ ਹਨ ਜੋ ਕਿ ਈਸਾਈ ਮਿਸ਼ਨਰੀਆਂ ਵੱਲੋਂ ਇਕ ਵਿਸ਼ੇਸ਼ ਉਦੇਸ਼ ਦੇ ਤਹਿਤ ਪ੍ਰਕਾਸ਼ਿਤ ਕੀਤੇ ਗਏ ਸਨ। ਇਹ ਨਾਵਲ ਪੰਜਾਬੀ ਦੇ ਮੌਲਿਕ ਨਾਵਲ ਨਹੀਂ ਸਨ। ਪਹਿਲਾ ਨਾਵਲ ਤਾਂ ਸਿੱਧੇ ਤੌਰ 'ਤੇ ਅਨੁਵਾਦਤ ਰਚਨਾ

ਸੀ ਅਤੇ ਦੂਸਰੇ ਨਾਵਲ ਦੇ ਮੌਲਿਕ ਹੋਣ ਸਬੰਧੀ ਕਈ ਤਰ੍ਹਾਂ ਦੇ ਸ਼ੰਕੇ ਹਨ। ਈਸਾਈ ਮਿਸ਼ਨਰੀ ਦੀ ਉਸ ਸਮੇਂ ਭਾਰਤ ਵਿਚਲੀ ਨੈੱਟ-ਵਰਕਿੰਗ ਨੂੰ ਸਮਝਿਆਂ ਇਹ ਗੱਲ ਹੋਰ ਸਪੱਸ਼ਟ ਹੋ ਜਾਂਦੀ ਹੈ। ਦਰਅਸਲ ਇਨ੍ਹਾਂ ਨਾਵਲਾਂ ਵਿਚ ਪ੍ਰਾਪਤ ਵਸਤੂ ਸੰਪ੍ਰਦਾਇਕ ਭਾਵ ਵਾਲੀ ਸੀ ; ਕਿਉਂਕਿ ਇਨ੍ਹਾਂ ਨਾਵਲਾਂ ਵਿਚ ਭਾਰਤੀ ਪਰੰਪਰਾ, ਜੀਵਨ ਜਾਚ ਅਤੇ ਧਰਮ ਨੂੰ ਛੁਟਿਆਇਆ ਗਿਆ ਸੀ। ਇਸ ਲਈ ਇਨ੍ਹਾਂ ਨਾਵਲਾਂ ਦੇ ਪ੍ਰਤਿਉੱਤਰ ਵਿਚ ਭਾਈ ਵੀਰ ਸਿੰਘ ਨੇ ਆਪਣਾ ਨਾਵਲ ਸੁੰਦਰੀ ਲਿਖਿਆ। ਇਸ ਵਿਚ ਉਸਨੇ ਇਕ ਖਾਸ ਸਮੇਂ ਅਤੇ ਸਥਾਨ ਦਾ ਦ੍ਰਿਸ਼ ਉਸਾਰਿਆ। ਇਸ ਨਾਵਲ ਵਿਚ ਭਾਈ ਵੀਰ ਸਿੰਘ ਨੇ ਅਠਾਰਵੀਂ ਸਦੀ ਦੇ ਮੱਧ ਵਿਚ ਹਾਕਮ ਜਮਾਤ ਵੱਲੋਂ ਜੋ ਸੰਪ੍ਰਦਾਇਕ ਮਾਹੌਲ ਪੈਦਾ ਕੀਤਾ ਜਾ ਰਿਹਾ ਸੀ ਉਸਦੇ ਖ਼ਿਲਾਫ਼ ਲੜ੍ਹਦੇ ਇਕ ਖਾਸ ਵਰਗ ਨੂੰ ਦਰਸਾਇਆ ਸੀ। ਈਸਾਈ ਮਿਸ਼ਨਰੀ ਵੀ ਤਾਂ ਅੰਗਰੇਜ਼ੀ ਹਕੂਮਤ ਦੇ ਇਸ਼ਾਰਿਆਂ 'ਤੇ ਚਲ ਰਹੇ ਸਨ। ਇਸ ਤਰ੍ਹਾਂ ਭਾਈ ਵੀਰ ਸਿੰਘ ਨੇ ਆਪਣੇ ਨਾਵਲ ਰਾਹੀਂ ਵਕਤ ਦੀ ਹਕੂਮਤ ਨੂੰ ਵੰਗਾਰਿਆ ਹੀ ਸੀ। ਭਾਈ ਵੀਰ ਸਿੰਘ ਦੇ ਨਾਵਲਾਂ ਦੇ ਮੁੱਖ-ਪਾਤਰ ਸੰਪ੍ਰਦਾਇਕਤਾ ਦੇ ਖ਼ਿਲਾਫ਼ ਸੰਘਰਸ਼ ਕਰਦੇ ਦੇਖੇ ਜਾ ਸਕਦੇ ਹਨ। ਇਹ ਚਾਹੇ ਸੁੰਦਰੀ ਨਾਵਲ ਦੀ ਸੁੰਦਰੀ ਹੋਵੇ, ਬਿਜੈ ਸਿੰਘ ਨਾਵਲ ਦਾ ਬਿਜੈ ਸਿੰਘ, ਸਤਵੰਤ ਕੌਰ ਨਾਵਲ ਦੀ ਸਤਵੰਤ ਕੌਰ ਜਾਂ ਇਨ੍ਹਾਂ ਦੇ ਸਾਥੀ ਪਾਤਰ ਇਹ ਸੰਘਰਸ਼ ਕਰਦੇ ਹਨ। ਇਉਂ ਜਿਸ ਰਚਨਾ ਵਿਚ ਸੰਪ੍ਰਦਾਇਕਤਾ ਦੇ ਖ਼ਿਲਾਫ਼ ਸੰਘਰਸ਼ ਦਾ ਦ੍ਰਿਸ਼ ਮਿਲਦਾ ਹੋਵੇ ਉਸ ਰਚਨਾ ਨੂੰ ਸੰਪ੍ਰਦਾਇਕ ਭਾਵ ਵਾਲੀ ਰਚਨਾ ਕਹਿਣਾ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਕਿਹਾ ਜਾ ਸਕਦਾ। ਸਪੱਸ਼ਟ ਹੈ ਕਿ ਪੰਜਾਬੀ ਨਾਵਲ ਪਰੰਪਰਾ ਦੇ ਪਹਿਲੇ ਪੜਾਅ ਵਿਚ ਪ੍ਰਾਪਤ ਨਾਵਲ ਇਕ ਖਾਸ ਉਦੇਸ਼ ਨਾਲ ਲਿਖਿਆ ਗਿਆ ਸੀ। ਸੰਪ੍ਰਦਾਇਕਤਾ ਦੇ ਖ਼ਿਲਾਫ਼ ਸੰਘਰਸ਼ ਸੱਭਿਅਕ ਸਮਾਜ ਵਿਚ ਮਾਨਵੀ ਆਜ਼ਾਦੀ ਵੱਲ ਪੁੱਟਿਆ ਪਹਿਲਾ ਕਦਮ ਕਿਹਾ ਜਾ ਸਕਦਾ ਹੈ। ਇਉਂ ਇਸ ਪਹਿਲੇ ਪੜਾਅ ਦੇ ਨਾਵਲ ਵਿਚ ਇਕ ਵਿਸ਼ੇਸ਼ ਵਰਗ ਦੇ ਸੰਘਰਸ਼ ਦੀ ਹੀ ਗਾਥਾ ਹੋਣ ਕਰਕੇ ਇਸ ਨਾਵਲ ਦਾ ਪਾਠਕ ਵੀ ਉਹੀ ਵਰਗ ਰਿਹਾ। ਪਹਿਲੇ ਪੜਾਅ ਦੇ ਪੰਜਾਬੀ ਨਾਵਲ ਵਿਚ ਸਮੂਹ ਸਮੱਸਿਆਵਾਂ ਦੇ ਹਲ ਦੀ ਗੱਲ ਧਰਮ ਵਿਚ ਪੱਕਿਆਂ ਰਹਿਣ ਵਿਚ ਪੇਸ਼ ਹੋਣ ਕਰਕੇ ਇਹ ਨਾਵਲ ਪ੍ਰਤਿਮਾਨ ਮੂਲਕ ਕਿਹਾ ਗਿਆ। ਪਰ ਮੁੱਕਦੀ ਗੱਲ ਇਹ ਕਿ ਪੰਜਾਬੀ ਨਾਵਲ ਦੇ ਪਹਿਲੇ ਪੜਾਅ ਵਿਚ ਮੁੱਖ-ਪਾਤਰ ਗੁਣੀ ਹੈ ਅਤੇ ਧਰਮੀ ਤਬੀਅਤ ਦਾ ਹੈ। ਇਹ ਦ੍ਰਿਸ਼ ਭਾਈ ਵੀਰ ਸਿੰਘ ਦੇ ਨਾਵਲ ਸੁੰਦਰੀ ਤੋਂ ਲੈ ਕੇ ਮਾਸਟਰ ਤਾਰਾ ਸਿੰਘ ਦੇ 1932 ਵਿਚ ਪ੍ਰਕਾਸਿਤ ਨਾਵਲ ਪ੍ਰੇਮ ਲਗਨ ਤੱਕ ਪ੍ਰਾਪਤ ਹੁੰਦਾ ਹੈ।

1932 ਵਿਚ ਹੀ ਨਾਨਕ ਸਿੰਘ ਦਾ ਨਾਵਲ ਚਿੱਟਾ ਲਹੂ ਪ੍ਰਕਾਸ਼ਿਤ ਹੁੰਦਾ ਹੈ ਜੋ ਕਿ ਉਸਦਾ ਪੰਜਵਾਂ ਨਾਵਲ ਸੀ। ਨਾਨਕ ਸਿੰਘ ਦਾ ਪਹਿਲਾ ਨਾਵਲ ਮਤਰੇਈ ਮਾਂ 1924 ਵਿਚ ਪ੍ਰਕਾਸ਼ਿਤ ਹੁੰਦਾ ਹੈ ਅਤੇ ਇਸ ਤੋਂ ਬਾਅਦ ਕਾਲ ਚੱਕਰ, ਮਿੱਠਾ ਮਹੁਰਾ ਅਤੇ ਪ੍ਰੇਮ ਸੰਗੀਤ ਮਿਲਦੇ ਹਨ। ਪਰ ਨਾਨਕ ਸਿੰਘ ਨੂੰ ਪੰਜਾਬੀ ਸਾਹਿਤ ਵਿਚ ਬਤੌਰ ਨਾਵਲਕਾਰ ਮਾਨਤਾ ਚਿੱਟਾ ਲਹੂ ਨਾਵਲ ਨਾਲ ਮਿਲਦੀ ਹੈ ਅਤੇ ਇਸ ਨਾਵਲ ਨਾਲ ਹੀ ਪੰਜਾਬੀ ਨਾਵਲ ਦੇ ਦੂਸਰੇ ਪੜਾਅ ਦਾ ਆਰੰਭ ਹੋਇਆ ਵੀ ਮੰਨਿਆ ਜਾਂਦਾ ਹੈ। ਇਸ ਨਾਵਲ ਨਾਲ ਪੰਜਾਬੀ ਨਾਵਲ ਦੀ ਵਸਤੂ ਵਿਚ ਬਦਲਾਵ ਆਉਂਦਾ ਹੈ। ਹੁਣ ਗੱਲ ਸਮਾਜ ਦੇ ਕਿਸੇ ਇਕ ਖ਼ਾਸ ਵਰਗ ਦੀ ਨਹੀਂ ਬਲਕਿ ਸਮੂਹ ਸਮਾਜ ਦੀ ਹੋਣ ਲੱਗੀ। ਇਸ ਲਈ ਇਸ ਨਾਵਲ ਦਾ ਪਾਠਕ ਵੀ ਸਮੂਹ ਸਮਾਜ ਸੀ। ਇਉਂ ਹੁਣ ਪੰਜਾਬੀ ਨਾਵਲ ਵਿਚ ਆਮ ਮਨੁੱਖ ਦੇ ਸਰੋਕਾਰਾਂ ਨਾਲ ਸਬੰਧਤ ਦ੍ਰਿਸ਼ ਪ੍ਰਾਪਤ ਹੋਣ ਲੱਗੇ। ਇਸ ਨਾਵਲ ਦਾ ਮੁੱਖ-ਪਾਤਰ ਵੀ ਪੰਜਾਬੀ ਨਾਵਲ ਦੇ ਪਹਿਲੇ ਪੜਾਅ ਦੇ ਨਾਵਲ ਦੇ ਮੁੱਖ-ਪਾਤਰ ਵਾਂਗ ਗੁਣੀ ਹੀ ਮਿਲਦਾ ਹੈ। ਪਰ ਦੂਸਰੇ ਪੜਾਅ ਵਿਚ ਇਸ ਗੁਣੀ ਮੁੱਖ-ਪਾਤਰ ਦੇ ਗੁਣਾਂ ਦੀ



ਕਦਰ ਨਹੀਂ ਪੈਂਦੀ। ਨਾਨਕ ਸਿੰਘ ਦਾ ਹਰ ਨਾਵਲ ਇਸ ਦੇ ਪ੍ਰਮਾਣ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਨਾਨਕ ਸਿੰਘ ਹੀ ਨਹੀਂ ਬਲਕਿ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਨੂੰ ਵੀ ਪ੍ਰਮਾਣ ਵੱਜੋਂ ਦੇਖਿਆ ਜਾ ਸਕਦਾ ਹੈ। ਇਸ ਨਾਵਲ ਵਿਚ ਗੁਣੀ ਵਿਅਕਤੀ ਦੀ ਹੁੰਦੀ ਬੇਕਦਰੀ ਦਾ ਮੁੱਖ ਕਾਰਨ ਸਮਾਜ ਵਿਚ ਪ੍ਰਚਲਿਤ ਕੁਰੀਤੀਆਂ ਹਨ। ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਨੇ ਆਪਣੇ ਨਾਵਲਾਂ ਵਿਚ ਇਨ੍ਹਾਂ ਕੁਰੀਤੀਆਂ ਦੇ ਨਿਵਾਰਨ ਦੀ ਗੱਲ ਵੀ ਕੀਤੀ ਹੈ। ਜਿੱਥੇ ਨਾਨਕ ਸਿੰਘ ਵਿਅਕਤੀ ਸੁਧਾਰ ਰਾਹੀਂ ਸਮਾਜ ਸੁਧਾਰ ਦੀ ਗੱਲ ਕਰਦਾ ਹੈ ਉਥੇ ਜਸਵੰਤ ਸਿੰਘ ਕੰਵਲ ਆਪਣੇ ਕਈ ਨਾਵਲਾਂ ਵਿਚ ਪ੍ਰਗਤੀਸ਼ੀਲ ਚੇਤਨਾ ਅਨੁਸਾਰ ਸੁਧਾਰ ਦਾ ਸੁਝਾਅ ਦਿੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਇਨ੍ਹਾਂ ਦੋ ਨਾਵਲਕਾਰਾਂ ਨਾਲ ਪੰਜਾਬੀ ਨਾਵਲ ਇਕ ਵਿਸ਼ੇਸ਼ ਮਹੱਤਵ ਵਾਲਾ ਅਤੇ ਹਰਮਨ ਪਿਆਰਾ ਸਾਹਿਤ ਰੂਪ ਬਣਦਾ ਹੈ। ਨਾਨਕ ਸਿੰਘ ਨੂੰ ਤਾਂ ਪੰਜਾਬੀ ਨਾਵਲ ਦਾ ਪਿਤਾਮਾ ਹੋਣ ਦਾ ਮਾਣ ਪ੍ਰਾਪਤ ਹੁੰਦਾ ਹੈ। ਇਸਦਾ ਕਾਰਨ ਇਹ ਹੈ ਕਿ ਨਾਨਕ ਸਿੰਘ ਨਾਲ ਹੀ ਪੰਜਾਬੀ ਵਿਚ ਨਾਵਲ ਸਭਿਆਚਾਰ ਦੀ ਪਛਾਣ ਬਣਦੀ ਹੈ।

ਦਰਅਸਲ ਨਾਵਲ ਸਿਰਫ਼ ਪੰਜਾਬੀ ਭਾਸ਼ਾ ਵਿਚ ਹੀ ਮਿਲਣ ਵਾਲਾ ਸਾਹਿਤ ਰੂਪ ਨਹੀਂ ਬਲਕਿ ਦੁਨੀਆ ਦੀ ਹਰ ਵਿਕਸਿਤ ਭਾਸ਼ਾ ਵਿਚ ਇਹ ਸਾਹਿਤ ਰੂਪ ਮਿਲਦਾ ਹੈ ਅਤੇ ਜੇਕਰ ਇਸਦੇ ਜਨਮ ਦੀ ਗੱਲ ਕਰੀਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਸਾਹਿਤ ਰੂਪ ਦਾ ਜਨਮ ਵਿਸ਼ੇਸ਼ ਪ੍ਰਕਾਰ ਦੀਆਂ ਇਤਿਹਾਸਕ ਸਥਿਤੀਆਂ ਵਿਚੋਂ ਹੋਇਆ ਹੈ। ਇਹ ਮੰਨਿਆ ਜਾਂਦਾ ਹੈ ਕਿ ਪੱਛਮ ਵਿਚ ਸੱਨਅਤੀਕਰਣ ਦੇ ਫੈਲਾਅ ਨਾਲ ਮੱਧ ਵਰਗ ਦਾ ਜਨਮ ਹੋਇਆ ਅਤੇ ਜਦੋਂ ਇਸ ਵਰਗ ਦੀਆਂ ਸੰਵੇਦਨਾਵਾਂ ਨੂੰ ਪਹਿਲੀ ਵਾਰ ਕਿਸੇ ਰਚਨਾ ਵਿਚ ਸਿਰਜਿਆ ਗਿਆ ਤਾਂ ਉਸ ਰਚਨਾ ਨੂੰ ਨਾਵਲ ਕਿਹਾ ਗਿਆ। ਅਸਲ ਵਿਚ ਆਮ ਮਨੁੱਖ ਦੀ ਗੱਲ ਪਹਿਲੀ ਵਾਰ ਨਾਵਲ ਵਿਚ ਹੀ ਹੋਈ ਹੈ। ਭਾਵ ਨਾਵਲ ਸਾਹਿਤ ਰੂਪ ਦੀ ਪ੍ਰਾਪਤੀ ਤੋਂ ਪਹਿਲਾਂ ਸਾਹਿਤ ਰਚਨਾਵਾਂ ਵਿਚ ਵਿਅਕਤੀ ਵਿਸ਼ੇਸ਼ ਦੀ ਹੀ ਗੱਲ ਹੁੰਦੀ ਸੀ। ਨਾਵਲ ਇਕ ਅਜਿਹਾ ਸਾਹਿਤ ਰੂਪ ਹੈ ਜਿਸਦੀ ਮਾਨਤਾ ਕਈ ਸਦੀਆਂ ਬੀਤ ਜਾਣ ਦੇ ਬਾਵਜੂਦ ਵੀ ਘਟੀ ਨਹੀਂ। ਇਥੇ ਇਹ ਗੱਲ ਵੀ ਸਮਝਣ ਵਾਲੀ ਹੈ ਕਿ ਸਮੇਂ ਦੇ ਬਦਲਾਵ ਨਾਲ ਇਸ ਸਾਹਿਤ ਰੂਪ ਵਿਚ ਵੀ ਬਦਲਾਵ ਆਇਆ ਹੈ। ਪਰ ਇਸਦੇ ਕੇਂਦਰ ਵਿਚ ਆਮ ਵਿਅਕਤੀ ਹੀ ਰਿਹਾ ਹੈ। ਸਮੇਂ ਦੇ ਨਾਲ ਆਮ ਵਿਅਕਤੀ ਵਿਚ ਜਿਹੜਾ ਬਦਲਾਵ ਦੇਖਣ ਨੂੰ ਮਿਲਿਆ ਹੈ ਉਹੀ ਨਾਵਲ ਦੀ ਵਸਤੂ ਬਣਿਆ ਹੈ। ਪੰਜਾਬੀ ਨਾਵਲ ਵਿਚ ਇਹ ਕੁਝ ਪਹਿਲੀ ਵਾਰ ਨਾਨਕ ਸਿੰਘ ਦੇ ਨਾਵਲਾਂ ਵਿਚ ਦੇਖਣ ਨੂੰ ਮਿਲਦਾ ਹੈ। ਇਸੇ ਲਈ ਇਹ ਕਿਹਾ ਜਾਂਦਾ ਹੈ ਕਿ ਨਾਨਕ ਸਿੰਘ ਨਾਲ ਪੰਜਾਬੀ ਵਿਚ ਨਾਵਲ ਸਭਿਆਚਾਰ ਦੀ ਪਛਾਣ ਨਿਸ਼ਚਿਤ ਹੁੰਦੀ ਹੈ। ਨਾਨਕ ਸਿੰਘ ਨੇ ਆਪਣੇ ਜੀਵਨ ਕਾਲ ਵਿਚ ਲਗਭਗ ਤਿੰਨ ਦਰਜਨ ਦੇ ਕਰੀਬ ਨਾਵਲ ਲਿਖੇ। ਪਰ ਚਿੱਟਾ ਲਹੂ ਨਾਵਲ ਤੋਂ ਬਾਅਦ ਨਾਨਕ ਸਿੰਘ ਦੇ ਜਿੰਨੇ ਵੀ ਨਾਵਲ ਮਿਲਦੇ ਹਨ ਉਨ੍ਹਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ *ਚਿੱਟਾ ਲਹੂ* ਨਾਵਲ ਦਾ ਹੀ ਵਿਸਥਾਰ ਹਨ। ਇਸਦਾ ਕਾਰਨ ਇਹ ਹੈ ਕਿ *ਚਿੱਟਾ ਲਹੂ* ਨਾਵਲ ਵਿਚ ਜਿਸ ਵਸਤੂ, ਵਿਧੀ ਅਤੇ ਦ੍ਰਿਸ਼ਟੀ ਦੀ ਵਰਤੋਂ ਨਾਵਲਕਾਰ ਨਾਨਕ ਸਿੰਘ ਨੇ ਕੀਤੀ ਸੀ ਉਸੇ ਦਾ ਦੁਹਰਾਉ ਉਸਦੇ ਬਾਕੀ ਦੇ ਨਾਵਲਾਂ ਵਿਚ ਦੇਖਣ ਨੂੰ ਮਿਲਦਾ ਹੈ। ਪਰ ਇਸਦੇ ਬਾਵਜੂਦ ਨਾਨਕ ਸਿੰਘ ਆਪਣੇ ਸਮੇਂ ਵਿਚ ਹੀ ਨਹੀਂ ਬਲਕਿ ਹੁਣ ਤੱਕ ਵੀ ਵੱਡੀ ਮਾਤਰਾ ਵਿਚ ਪੜ੍ਹਿਆ ਜਾਂਦਾ ਹੈ। ਇਸਦਾ ਮੁੱਖ ਕਾਰਨ ਇਹ ਹੈ ਕਿ ਨਾਨਕ ਸਿੰਘ ਨੂੰ ਆਪਣੀ ਗੱਲ ਕਹਿਣ ਦੀ ਜਾਚ ਸੀ। ਉਹ ਆਪਣੇ ਨਾਵਲ ਦੀ ਕਥਾ ਵਸਤੂ ਨੂੰ ਅਜਿਹੀ ਰੌਚਕਤਾ ਨਾਲ ਉਸਾਰਦਾ ਸੀ ਕਿ ਪਾਠਕ ਉਸਦੀ ਰਚਨਾ ਪੜ੍ਹਦਿਆਂ ਹਰ ਤਰ੍ਹਾਂ ਦੇ ਰਸ ਨੂੰ ਮਾਣਦਾ ਹੈ। ਨਾਨਕ ਸਿੰਘ ਨੇ ਆਪਣੇ ਤਕਰੀਬਨ ਹਰ ਨਾਵਲ ਦਾ ਮੁੱਖ-ਬੰਧ ਲਿਖਿਆ ਹੈ ਅਤੇ

ਉਸ ਵਿਚ ਨਾਵਲ ਦੀ ਕਹਾਣੀ ਦੇ ਸੱਚੇ ਹੋਣ ਦਾ ਦਾਅਵਾ ਕੀਤਾ ਹੈ। ਚਿੱਟਾ ਲਹੂ ਨਾਵਲ ਦੀ ਕੇਂਦਰੀ ਪਾਤਰ ਸੁੰਦਰੀ ਆਪਣੇ ਜੀਵਨ 'ਤੇ ਆਧਾਰਿਤ ਨਾਵਲ ਲਿਖਦੀ ਹੈ। ਇਸ ਉਪਰੰਤ ਨਾਨਕ ਸਿੰਘ ਆਪਣੇ ਨਾਵਲਾਂ ਦੇ ਕੇਂਦਰੀ ਪਾਤਰਾਂ ਨੂੰ ਇਸ ਜੀਵੰਤ ਜਗਤ ਦਾ ਹੀ ਰੂਪ ਮੰਨਦਾ ਹੈ। ਨਾਨਕ ਸਿੰਘ ਦੀ ਇਹ ਇਕ ਅਜਿਹੀ ਜੁਗਤ ਸੀ ਜੋ ਪਾਠਕਾਂ ਲਈ ਉਸਦੇ ਨਾਵਲਾਂ ਨੂੰ ਪੜ੍ਹਨ ਦੀ ਮੁੱਖ ਪ੍ਰੇਰਣਾ ਬਣੀ। ਜੋ ਪਾਠਕ ਨਾਨਕ ਸਿੰਘ ਦੇ ਨਾਵਲ ਦਾ ਮੁੱਖ-ਬੰਧ ਪੜ੍ਹਨ ਲੱਗ ਜਾਂਦਾ ਹੈ, ਉਹ ਨਾਵਲ ਨੂੰ ਵੀ ਪੜ੍ਹੇ ਬਗੈਰ ਨਹੀਂ ਰਹਿ ਸਕਦਾ। ਦਰਅਸਲ ਨਾਨਕ ਸਿੰਘ ਆਪਣੇ ਨਾਵਲ ਦੀ ਮੂਲ ਕਥਾ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਉਸ ਵਿਚ ਕੁਝ ਨਾ ਕੁਝ ਰਹੱਸ ਬਣਿਆ ਰਹਿੰਦਾ ਹੈ। ਇਸ ਰਹੱਸ ਨੂੰ ਸਮਝਣ ਲਈ ਪਾਠਕ ਸਮੁੱਚੇ ਨਾਵਲ ਨੂੰ ਇਕ ਬੈਠਕ ਵਿਚ ਹੀ ਮੁਕੰਮਲ ਪੜ੍ਹਨ ਦੀ ਕੋਸ਼ਿਸ਼ ਕਰਦਾ ਹੈ। ਇਸ ਵਿਚ ਕੋਈ ਸੰਦੇਹ ਨਹੀਂ ਕਿ ਨਾਨਕ ਸਿੰਘ ਆਪਣੇ ਨਾਵਲਾਂ ਵਿਚ ਤੱਤਕਾਲੀ ਸਮਾਜ ਦੀਆਂ ਵਿਭਿੰਨ ਕੁਰੀਤੀਆਂ ਨੂੰ ਪੇਸ਼ ਕਰਦਾ ਹੈ ਪਰ ਇਨ੍ਹਾਂ ਕੁਰੀਤੀਆਂ ਤੋਂ ਨਿਜਾਤ ਦਾ ਜੋ ਫਾਰਮੂਲਾ ਦਿੰਦਾ ਹੈ ਉਹ ਉਸਦੇ ਨਾਵਲਾਂ ਵਿਚ ਵੱਡੀ ਕਮੀਂ ਬਣਦਾ ਹੈ। ਨਾਨਕ ਸਿੰਘ ਹੀ ਨਹੀਂ ਬਲਕਿ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚ ਵੀ ਇਹ ਵੱਡੀ ਕਮੀਂ ਹੈ। ਵੈਸੇ ਕੰਵਲ ਦੇ ਨਾਵਲਾਂ ਵਿਚ ਫਾਰਮੂਲਾ ਵੱਖਰਾ ਵਰਤਿਆ ਗਿਆ ਹੁੰਦਾ ਹੈ। ਪੰਜਾਬੀ ਨਾਵਲ ਦੇ ਦੂਸਰੇ ਪੜਾਅ ਦੇ ਇਹ ਦੋ ਅਜਿਹੇ ਨਾਵਲਕਾਰ ਹਨ ਜਿਨ੍ਹਾਂ ਨਾਲ ਇਹ ਪੜਾਅ ਆਰੰਭ ਹੁੰਦਾ ਹੈ, ਸਿਖਰ 'ਤੇ ਪਹੁੰਚਦਾ ਹੈ ਅਤੇ ਮੁਕੰਮਲ ਵੀ ਹੋ ਜਾਂਦਾ ਹੈ। ਬੇਸ਼ੱਕ ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਤੋਂ ਇਲਾਵਾ ਇਸ ਦੂਸਰੇ ਦੌਰ ਵਿਚ ਕੁਝ ਹੋਰ ਨਾਵਲਕਾਰਾਂ ਦੇ ਨਾਂ ਜਿਵੇਂ ਅੰਮ੍ਰਿਤਾ ਪ੍ਰੀਤਮ, ਨਰਿੰਦਰਪਾਲ ਸਿੰਘ, ਸੰਤ ਸਿੰਘ ਸੇਖੋਂ, ਸੁਰਿੰਦਰ ਸਿੰਘ ਨਰੂਲਾ ਅਤੇ ਕਰਤਾਰ ਸਿੰਘ ਦੁੱਗਲ ਆਦਿ, ਲਏ ਜਾ ਸਕਦੇ ਹਨ। ਪਰ ਇਨ੍ਹਾਂ ਵਿਚ ਸੁਰਿੰਦਰ ਸਿੰਘ ਨਰੂਲਾ ਅਤੇ ਨਰਿੰਦਰਪਾਲ ਸਿੰਘ ਨੂੰ ਛੱਡ ਕੇ ਬਾਕੀ ਨਾਵਲਕਾਰਾਂ ਦੀ ਜਿਆਦਾ ਪਛਾਣ ਹੋਰ ਸਾਹਿਤ ਵਿਧਾ ਵਿਚ ਵਧੇਰੇ ਹੈ। ਸੁਰਿੰਦਰ ਸਿੰਘ ਨਰੂਲਾ ਅਤੇ ਨਰਿੰਦਰਪਾਲ ਸਿੰਘ ਅਜਿਹੇ ਨਾਵਲਕਾਰ ਹਨ ਜੋ ਦੂਸਰੇ ਅਤੇ ਤੀਸਰੇ ਪੜਾਅ ਦੇ ਵਿਚਕਾਰ ਪੁਲ੍ਹ ਕਹੇ ਜਾ ਸਕਦੇ ਹਨ। ਪੰਜਾਬੀ ਨਾਵਲ ਦੇ ਦੂਸਰੇ ਪੜਾਅ ਦਾ ਸਮਾਂ 1932 ਤੋਂ ਲੈ ਕੇ 1960 ਤੱਕ ਦਾ ਮੰਨਿਆ ਜਾ ਸਕਦਾ ਹੈ। ਇਹ ਗੱਲ ਵੱਖਰੀ ਹੈ ਇਨ੍ਹਾਂ ਨਾਵਲਕਾਰਾਂ ਦੇ ਨਾਵਲ 1960 ਤੋਂ ਬਾਅਦ ਵੀ ਪ੍ਰਕਾਸ਼ਿਤ ਹੁੰਦੇ ਰਹੇ ਹਨ। ਪਰ ਉਹ 1960 ਤੱਕ ਹੀ ਆਪਣਾ ਵਧੀਆ ਨਾਵਲ ਸਿਰਜ ਚੁੱਕੇ ਸਨ ਅਤੇ ਇਸਤੋਂ ਬਾਅਦ ਉਨ੍ਹਾਂ ਦੇ ਨਾਵਲਾਂ ਵਿਚ ਕੁਝ ਵੀ ਨਵਾਂਪਨ ਨਜ਼ਰ ਨਹੀਂ ਆਉਂਦਾ।

1960 ਤੱਕ ਪ੍ਰਾਪਤ ਨਾਵਲ ਨੂੰ ਜਦੋਂ ਅਸੀਂ ਸਮੁੱਚੇ ਤੌਰ 'ਤੇ ਵਿਚਾਰਦੇ ਹਾਂ ਤਾਂ ਇਸ ਨਾਵਲ ਦੀ ਇਕ ਵੱਡੀ ਵਿਸ਼ੇਸ਼ਤਾ ਇਹ ਪ੍ਰਾਪਤ ਹੁੰਦੀ ਹੈ ਕਿ ਇਹ ਨਾਵਲ ਆਦਰਸ਼-ਮੁੱਖ ਪ੍ਰਵਿਰਤੀ ਵਾਲਾ ਹੈ। ਪਹਿਲੇ ਅਤੇ ਦੂਸਰੇ ਪੜਾਅ ਵਿਚ ਪ੍ਰਾਪਤ ਸਮੁੱਚਾ ਨਾਵਲ ਇਸਦਾ ਪ੍ਰਮਾਣ ਹੈ। ਪਹਿਲੇ ਪੜਾਅ ਵਿਚ ਜਿੱਥੇ ਆਦਰਸ਼ ਧਰਮ ਸੁਧਾਰ ਦਾ ਹੈ ਉੱਥੇ ਦੂਸਰੇ ਪੜਾਅ ਵਿਚ ਆਦਰਸ਼ ਸਮਾਜਕ ਕੁਰੀਤੀਆਂ ਦੇ ਸੁਧਾਰ ਦਾ ਹੈ। ਹਰ ਪੜਾਅ ਦਾ ਨਾਵਲਕਾਰ ਸਬੰਧਤ ਆਦਰਸ਼ ਨੂੰ ਲੈ ਕੇ ਹੀ ਨਾਵਲ ਦੀ ਸਿਰਜਣਾ ਕਰਦਾ ਹੈ। ਇਸੇ ਲਈ ਇਨ੍ਹਾਂ ਨਾਵਲਕਾਰਾਂ ਦੀ ਰਚਨਾ ਵਿਧੀ ਅਤੇ ਦ੍ਰਿਸ਼ਟੀ ਵਿਚ ਸਾਂਝ ਮਿਲਦੀ ਹੈ।

1960 ਦੇ ਆਸ ਪਾਸ ਪੰਜਾਬੀ ਨਾਵਲ ਸੰਸਾਰ ਵਿਚ ਕੁਝ ਨਵੇਂ ਨਾਵਲਕਾਰਾਂ ਦੇ ਪ੍ਰਵੇਸ਼ ਨਾਲ ਤੀਸਰੇ ਪੜਾਅ ਦਾ ਆਰੰਭ ਹੋਇਆ ਮੰਨਿਆ ਜਾਂਦਾ ਹੈ। 1959-60 ਵਿਚ ਸੁਰਜੀਤ ਸਿੰਘ ਸੇਠੀ ਦੇ ਨਾਵਲ ਇਕ ਖ਼ਾਲੀ ਪਿਆਲਾ ਅਤੇ ਆਬਰਾ ਕਦਾਬਰਾ ਪ੍ਰਕਾਸ਼ਿਤ ਹੁੰਦੇ ਹਨ। ਸੇਠੀ ਦੇ ਇਹ ਦੋ ਨਾਵਲ ਅਜਿਹੇ ਸਨ ਜਿਨ੍ਹਾਂ ਦੀ ਵਸਤੂ, ਵਿਧੀ ਅਤੇ ਦ੍ਰਿਸ਼ਟੀ ਵਿਚ ਸੱਜਰਾਪਨ ਸੀ।



ਇਸੇ ਲਈ ਇਨ੍ਹਾਂ ਨਾਵਲਾਂ ਤੋਂ ਹੀ ਪੰਜਾਬੀ ਨਾਵਲ ਦੇ ਤੀਸਰੇ ਪੜਾਅ ਦੇ ਆਰੰਭ ਦੀ ਗੱਲ ਤੁਰਦੀ ਹੈ। ਇਸ ਉਪਰੰਤ ਨਰਿੰਜਨ ਤਸਨੀਮ, ਗੁਰਦਿਆਲ ਸਿੰਘ, ਸੁਖਬੀਰ ਅਤੇ ਦਲੀਪ ਕੌਰ ਟਿਵਾਣਾ ਦੇ ਨਾਵਲ ਮਿਲਦੇ ਹਨ। ਇਨ੍ਹਾਂ ਨਾਵਲਕਾਰਾਂ ਦੇ ਨਾਵਲ ਦੂਸਰੇ ਪੜਾਅ ਦੇ ਨਾਵਲਾਂ ਤੋਂ ਬਿਲਕੁੱਲ ਭਿੰਨ ਸਨ। ਇਨ੍ਹਾਂ ਨਾਵਲਕਾਰਾਂ ਦੇ ਨਾਵਲਾਂ ਦੇ ਸਾਹਮਣੇ ਆਉਣ ਨਾਲ ਪੰਜਾਬੀ ਨਾਵਲ ਪਰੰਪਰਾ ਵਿਚ ਯਥਾਰਥ-ਮੁੱਖ ਪ੍ਰਵਿਰਤੀ ਵਾਲੇ ਨਾਵਲ ਦਾ ਆਰੰਭ ਹੁੰਦਾ ਸਵੀਕਾਰ ਕੀਤਾ ਜਾਂਦਾ ਹੈ। ਇਨ੍ਹਾਂ ਨਾਵਲਾਂ ਵਿਚ ਕਿਸੇ ਕਿਸਮ ਦੇ ਰਹੱਸ ਨੂੰ ਸਿਰਜਣ ਦਾ ਕੋਈ ਉਚੇਚ ਕੀਤਾ ਨਹੀਂ ਮਿਲਦਾ। ਨਾਵਲ ਦੀ ਸਮੁੱਚੀ ਕਥਾ ਸੁਭਾਵਕ ਸਥਿਤੀਆਂ ਵਿਚ ਹੀ ਉਸਰਦੀ ਹੈ। ਇਸ ਨਾਵਲ ਦਾ ਮੁੱਖ-ਪਾਤਰ ਬਿਰਤਾਂਤਕਾਰ ਦਾ ਬੁਲਾਰਾ ਨਹੀਂ ਜਾਪਦਾ ਅਤੇ ਨਾ ਹੀ ਸਰਬ ਗੁਣ ਭਰਪੂਰ ਹੈ। ਦੂਸਰੇ ਪੜਾਅ ਤੱਕ ਪ੍ਰਾਪਤ ਪੰਜਾਬੀ ਨਾਵਲ ਵਿਚ ਪਾਤਰ ਦੀ ਮਨੋ ਸਥਿਤੀ ਦਾ ਬਿਆਨ ਕੀਤਾ ਨਹੀਂ ਮਿਲਦਾ। ਪਰ ਤੀਸਰੇ ਪੜਾਅ ਵਿਚ ਪਾਤਰ ਦੀ ਮਨੋ-ਸਥਿਤੀ ਨੂੰ ਸਿਰਜਣ ਉੱਤੇ ਵਿਸ਼ੇਸ਼ ਬਲ ਦਿੱਤਾ ਜਾਂਦਾ ਹੈ। ਇਸੇ ਲਈ ਇਹ ਵੀ ਕਿਹਾ ਜਾਂਦਾ ਹੈ ਕਿ ਤੀਸਰੇ ਪੜਾਅ ਦੇ ਪੰਜਾਬੀ ਨਾਵਲ ਵਿਚ ਬਿਰਤਾਂਤ ਘਟਨਾਤਮਕ ਨਹੀਂ ਬਲਕਿ ਮਨੋ-ਬਿਰਤਾਂਤ ਹੈ। ਇਸ ਤੀਸਰੇ ਪੜਾਅ 'ਤੇ ਪਹੁੰਚ ਕੇ ਪੰਜਾਬੀ ਨਾਵਲ ਵਿਚ ਸਮਾਜ ਸਭਿਆਚਾਰ ਦੇ ਬਦਲਦੇ ਯਥਾਰਥ ਦਾ ਭਰਵਾਂ ਬਿੰਬ ਪ੍ਰਾਪਤ ਹੋਣ ਲਗਦਾ ਹੈ। ਤੀਸਰੇ ਪੜਾਅ ਵਿਚ ਉਪਰੋਕਤ ਵਰਣਿਤ ਪੰਜ ਨਾਵਲਕਾਰਾਂ ਦੀ ਵਸਤੂ ਅਤੇ ਵਿਧੀ ਆਪੋ ਆਪਣੀ ਹੈ ਪਰ ਇਨ੍ਹਾਂ ਵਿਚੋਂ ਕੋਈ ਵੀ ਨਾਵਲਕਾਰ ਯਥਾਰਥ ਤੋਂ ਬੇਮੁੱਖ ਹੋ ਕੇ ਸਿਰਜਣਾ ਨਹੀਂ ਕਰਦਾ। ਸੁਰਜੀਤ ਸਿੰਘ ਸੇਠੀ ਨੇ ਸ਼ਹਿਰੀ ਜੀਵਨ ਦੇ ਨਿੱਜਭਾਵੀ ਜਗਤ ਦਾ ਭਰਵਾਂ ਬਿੰਬ ਆਪਣੇ ਨਾਵਲਾਂ ਵਿਚ ਉਸਾਰਿਆ ਹੈ। ਸੇਠੀ ਦੀ ਵਿਸ਼ੇਸ਼ ਪ੍ਰਾਪਤੀ ਪੰਜਾਬੀ ਨਾਵਲ ਵਿਚ ਚੇਤਨਾ-ਪ੍ਰਵਾਹ ਦੀ ਵਿਧੀ ਨਾਲ ਜਾਣ ਪਛਾਣ ਵਿਚ ਵਧੇਰੇ ਮੰਨੀ ਜਾਂਦੀ ਹੈ। ਸੇਠੀ ਦੇ ਮੁਕਾਬਲੇ ਨਰਿੰਜਨ ਤਸਨੀਮ ਦੇ ਨਾਵਲਾਂ ਵਿਚ ਮੱਧ-ਵਰਗੀ ਸੰਵੇਦਨਾ ਦਾ ਪ੍ਰਮਾਣਿਕ ਬਿੰਬ ਪ੍ਰਾਪਤ ਹੁੰਦਾ ਹੈ। ਕਸਕ, ਪਰਛਾਵੇਂ, ਤ੍ਰੇੜਾਂ ਤੇ ਰੂਪ ਅਤੇ ਰੇਤ ਛਲ ਤਸਨੀਮ ਦੇ ਅਜਿਹੇ ਨਾਵਲ ਹਨ ਜਿਨ੍ਹਾਂ ਵਿਚ ਮੱਧ-ਵਰਗੀ ਸੰਵੇਦਨਾ ਦਾ ਭਰਵਾਂ ਬਿੰਬ ਮਿਲਦਾ ਹੈ। ਤਸਨੀਮ ਨੇ ਵੀ ਚੇਤਨਾ-ਪ੍ਰਵਾਹ ਵਿਧੀ ਦੀ ਆਪਣੇ ਨਾਵਲਾਂ ਵਿਚ ਭਰਪੂਰ ਵਰਤੋਂ ਕੀਤੀ। ਜੁਗਾਂ ਤੋਂ ਪਾਰ ਤਸਨੀਮ ਦਾ ਇਕ ਅਜਿਹਾ ਨਾਵਲ ਹੈ ਜਿਸ ਵਿਚ ਉਸ ਨੇ ਇਕ ਨਵਾਂ ਪ੍ਰਯੋਗ ਕੀਤਾ। ਦੋ ਸ਼ਖ਼ਸੀਅਤਾਂ ਜੋ ਅਲੱਗ ਅਲੱਗ ਸਮੇਂ ਵਿਚ ਇਸ ਜਗਤ ਵਿਚ ਵਿਚਰੀਆਂ ਅਤੇ ਜਿਨ੍ਹਾਂ ਦਾ ਜੀਵਨ ਉਦੇਸ਼ ਇਕ ਹੀ ਸੀ, ਉਨ੍ਹਾਂ ਨੂੰ ਨਾਵਲਕਾਰ ਆਪਣੇ ਨਾਵਲ ਵਿਚ ਇਕ ਖਾਸ ਸਥਾਨ 'ਤੇ ਇਕੱਠਿਆਂ ਦਿਖਾਉਂਦਾ ਹੈ ਅਤੇ ਉਹ ਕਲਾ ਦੇ ਮਹੱਤਵ ਉੱਤੇ ਸੰਵਾਦ ਰਚਾਉਂਦੇ ਹਨ। ਇਸ ਤਰ੍ਹਾਂ ਇਹ ਨਾਵਲ ਪੰਜਾਬੀ ਨਾਵਲ ਜਗਤ ਵਿਚ ਬਿਲਕੁੱਲ ਨਿਵੇਕਲੇ ਵਿਸ਼ੇ ਵਾਲਾ ਨਾਵਲ ਸੀ। ਸੁਖਬੀਰ ਪੰਜਾਬੀ ਨਾਵਲ ਸੰਸਾਰ ਦੇ ਤੀਸਰੇ ਪੜਾਅ ਦਾ ਅਜਿਹਾ ਨਾਵਲਕਾਰ ਹੈ ਜੋ ਆਪਣੇ ਨਾਵਲਾਂ ਵਿਚ ਮਹਾਨਗਰੀ ਸਮਾਜ ਸਭਿਆਚਾਰ ਦੇ ਪ੍ਰਮਾਣਿਕ ਨਕਸ਼ ਉਸਾਰਦਾ ਹੈ। ਪੰਜਾਬੀ ਨਾਵਲ ਪਰੰਪਰਾ ਵਿਚ ਇਹ ਹੀ ਇਕੋ ਇਕ ਅਜਿਹਾ ਨਾਵਲਕਾਰ ਹੈ ਜੋ ਮਹਾਨਗਰੀ ਮਾਹੌਲ ਵਿਚ ਵਿਚਰ ਰਹੇ ਆਮ ਮਨੁੱਖ ਦੇ ਹੋਂਦ ਮੂਲਕ ਸਰੋਕਾਰਾਂ ਦੇ ਯਥਾਰਥ ਨੂੰ ਪ੍ਰਮਾਣਿਕ ਰੂਪ ਵਿਚ ਸਿਰਜ ਸਕਿਆ ਹੈ। ਪਾਣੀ ਤੇ ਪੁਲ੍ਹ, ਸੜਕਾਂ ਤੇ ਕਮਰੇ ਅਤੇ ਅੱਧੇ ਪੌਣੇ ਸੁਖਬੀਰ ਦੇ ਅਜਿਹੇ ਹੀ ਨਾਵਲ ਹਨ ਜਿਨ੍ਹਾਂ ਵਿਚ ਇਹ ਸਰੋਕਾਰ ਭਰਵੇਂ ਰੂਪ ਵਿਚ ਦੇਖਣ ਨੂੰ ਮਿਲਦੇ ਹਨ।

ਪੰਜਾਬੀ ਨਾਵਲ ਪਰੰਪਰਾ ਦੇ ਤੀਸਰੇ ਪੜਾਅ ਦਾ ਸਿਰਮੌਰ ਨਾਵਲਕਾਰ ਗੁਰਦਿਆਲ ਸਿੰਘ ਹੈ। 1964 ਵਿਚ ਪ੍ਰਕਾਸ਼ਿਤ ਆਪਣੇ ਪਹਿਲੇ ਨਾਵਲ ਮੜ੍ਹੀ ਦਾ ਦੀਵਾ ਨਾਲ ਹੀ ਗੁਰਦਿਆਲ ਸਿੰਘ ਪੰਜਾਬੀ ਪਾਠਕਾਂ ਅਤੇ ਆਲੋਚਕਾਂ ਦਾ ਵਿਸ਼ੇਸ਼ ਧਿਆਨ ਖਿੱਚਦਾ ਹੈ। ਗੁਰਦਿਆਲ ਸਿੰਘ

ਪੰਜਾਬੀ ਦਾ ਪਹਿਲਾ ਅਜਿਹਾ ਨਾਵਲਕਾਰ ਹੈ ਜਿਸਨੇ ਆਪਣੇ ਨਾਵਲਾਂ ਰਾਹੀਂ ਪੰਜਾਬੀ ਵਿਚ ਆਂਚਲਿਕ ਨਾਵਲ ਦੇ ਸੰਕਲਪ ਦਾ ਪ੍ਰਮਾਣਿਕ ਰੂਪ ਪੇਸ਼ ਕੀਤਾ। ਉਸਦੇ ਨਾਵਲਾਂ ਨਾਲ ਪੰਜਾਬੀ ਨਾਵਲ ਵਿਚ ਨਿਮਨ ਅਤੇ ਕਿਰਤੀ ਵਰਗ ਦਾ ਵੀ ਉਘੜਵਾਂ ਅਕਸ ਮਿਲਣ ਲਗਦਾ ਹੈ। ਅਣਹੋਏ, ਅੱਧ ਚਾਨਣੀ ਰਾਤ, ਅੰਨ੍ਹੇ ਘੋੜੇ ਦਾ ਦਾਨ, ਪਰਸਾ ਅਤੇ ਆਹਣ ਆਦਿ ਉਸਦੇ ਅਜਿਹੇ ਨਾਵਲ ਹਨ ਜਿਨ੍ਹਾਂ ਵਿਚ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚਲੇ ਅਨੇਕ ਅਣਗੌਲੇ ਅਤੇ ਲੁਕਵੇਂ ਸਰੋਕਾਰਾਂ ਦਾ ਯਥਾਰਥ ਰੂਪ ਸਿਰਜਿਆ ਮਿਲਦਾ ਹੈ। ਉਹ ਆਪਣੇ ਨਾਵਲਾਂ ਵਿਚ ਸਮਾਜ ਸਭਿਆਚਾਰ ਦੇ ਬਦਲਦੇ ਸਰੋਕਾਰਾਂ ਨਾਲ ਜੀਵਨ ਦੇ ਬਦਲਦੇ ਆਧਾਰਾਂ ਦਾ ਬੜਾ ਪ੍ਰਮਾਣਿਕ ਬਿੰਬ ਉਸਾਰਦਾ ਹੈ। ਗੁਰਦਿਆਲ ਸਿੰਘ ਦੀ ਸਭਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਸਥਿਤੀ ਨੂੰ ਉਸਦੇ ਸਮੂਹ ਅੰਤਰ ਵਿਰੋਧਾਂ ਅਤੇ ਤਣਾਵਾਂ ਸਮੇਤ ਉਸਾਰਦਾ ਹੈ। ਗੁਰਦਿਆਲ ਸਿੰਘ ਦੀ ਅਜਿਹੀ ਵਿਲੱਖਣ ਸਮਰਥਾ ਨੂੰ ਸਮਝਦੇ ਹੋਏ ਭਾਰਤ ਦੀ ਹਰ ਵੱਡੀ ਸੰਸਥਾ ਵੱਲੋਂ ਸਨਮਾਨਿਤ ਕੀਤਾ ਗਿਆ ਹੈ। ਇਹੀ ਨਹੀਂ ਬਲਕਿ ਗੁਰਦਿਆਲ ਸਿੰਘ ਤੋਂ ਬਾਅਦ ਮਿਲਣ ਵਾਲੇ ਪੰਜਾਬੀ ਨਾਵਲ ਉੱਪਰ ਗੁਰਦਿਆਲ ਸਿੰਘ ਦਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਇਸਦਾ ਸਭਤੋਂ ਵੱਡਾ ਪ੍ਰਮਾਣ ਇਹ ਹੈ ਕਿ ਗੁਰਦਿਆਲ ਸਿੰਘ ਤੋਂ ਬਾਅਦ ਪੰਜਾਬੀ ਨਾਵਲ ਵਿਚ ਆਂਚਲਿਕ ਨਾਵਲ ਦੀ ਪ੍ਰਵਿਤਰੀ ਪ੍ਰਾਪਤ ਹੁੰਦੀ ਹੈ। ਇਸ ਵਿਚ ਸਭ ਤੋਂ ਪਹਿਲਾ ਨਾਂ ਦਲੀਪ ਕੌਰ ਟਿਵਾਣਾ ਲਿਆ ਜਾ ਸਕਦਾ ਹੈ। ਇਹ ਠੀਕ ਹੈ ਕਿ ਉਸਦੇ ਨਾਵਲਾਂ ਵਿਚਲੀ ਕਥਾ ਵਿਚ ਨਾਰੀ ਕੇਂਦਰ ਵਿਚ ਹੁੰਦੀ ਹੈ। ਨਾਰੀ ਵੇਦਨਾ ਅਤੇ ਸੰਵੇਦਨਾ ਨੂੰ ਉਭਾਰਨ 'ਤੇ ਉਸਦਾ ਮੁੱਖ ਜ਼ੋਰ ਹੁੰਦਾ ਹੈ। ਪਰ ਉਸਦੇ ਨਾਵਲਾਂ ਵਿਚ ਕਥਾ ਸਥੱਲ ਮਾਲਵਾ ਬਣਦਾ ਹੈ ਅਤੇ ਉਸਦੇ ਨਾਵਲਾਂ ਵਿਚ ਪੇਸ਼ ਨਾਰੀ ਆਪਣੀਆਂ ਸਭਿਆਚਾਰਕ ਕੀਮਤਾਂ ਅਨੁਸਾਰ ਕਾਰਜਸ਼ੀਲ ਹੁੰਦੀ ਵੀ ਦੇਖੀ ਜਾ ਸਕਦੀ ਹੈ ਅਤੇ ਵੇਲਾ ਵਿਹਾ ਚੁੱਕੀਆਂ ਕੀਮਤਾਂ ਦੇ ਖ਼ਿਲਾਫ਼ ਟਕਰਾਉਂਦੀ ਹੈ। ਸਪੱਸ਼ਟ ਹੈ ਕਿ ਗੁਰਦਿਆਲ ਸਿੰਘ ਦੁਆਰਾ ਪੰਜਾਬੀ ਨਾਵਲ ਵਿਚ ਆਰੰਭ ਕੀਤੀ ਆਂਚਲਿਕ ਪ੍ਰਵਿਤਰੀ ਨੂੰ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਨਾਲ ਇਕ ਨਵਾਂ ਪਾਸਾਰ ਮਿਲਦਾ ਹੈ। ਕਰਮਜੀਤ ਸਿੰਘ ਕੁੱਸਾ, ਓਮ ਪ੍ਰਕਾਸ਼ ਗਾਸੋ ਅਤੇ ਰਾਮ ਸਰੂਪ ਅਣਖੀ ਦੇ ਨਾਵਲਾਂ ਨਾਲ ਇਹ ਪ੍ਰਵਿਰਤੀ ਹੋਰ ਪ੍ਰਪੱਕ ਹੁੰਦੀ ਹੈ ਅਤੇ ਇਸ ਵਿਚ ਵਿਕਾਸ ਵੀ ਹੁੰਦਾ ਹੈ। ਇਸ ਤੀਸਰੇ ਪੜਾਅ ਵਿਚ ਹੋਰ ਕਈ ਨਾਵਲਕਾਰਾਂ ਦੇ ਨਾਂ ਲਏ ਜਾਂ ਸਕਦੇ ਹਨ ਪਰ ਇਸ ਤੀਸਰੇ ਪੜਾਅ ਸਬੰਧੀ ਚਰਚਾ ਦੇ ਆਰੰਭ ਵਿਚ ਵਰਣਿਤ ਪੰਜ ਨਾਵਲਕਾਰ ਹੀ ਇਸ ਪੜਾਅ ਦੇ ਪ੍ਰਮੁੱਖ ਨਾਵਲਕਾਰ ਹਨ। ਇਸ ਤੀਸਰੇ ਪੜਾਅ ਦੀ ਵਿਸ਼ੇਸ਼ ਪ੍ਰਾਪਤੀ ਇਹ ਮੰਨੀ ਜਾ ਸਕਦੀ ਹੈ ਕਿ ਇਸ ਨਾਵਲ ਵਿਚ ਸਮਾਜਕ ਵਰਤਾਰਿਆਂ ਦੀ ਚਾਲ ਨੂੰ ਉਨ੍ਹਾਂ ਦੇ ਅੰਦਰਲੇ ਅਤੇ ਬਾਹਰਲੇ ਦਵੰਦਾਂ ਸਮੇਤ ਪਹਿਲੀ ਵਾਰ ਪੇਸ਼ ਕੀਤਾ ਗਿਆ। ਇਹੀ ਯਥਾਰਥ ਸਿਰਜਣਾ ਹੈ। ਇਉਂ ਇਸ ਪੜਾਅ ਦੇ ਨਾਵਲ ਵਿਚ ਆਦਰਸ਼ਾਂ ਦੇ ਟੁੱਟਣ ਦਾ ਬਿੰਬ ਵੀ ਹੈ ਅਤੇ ਸਮਕਾਲੀ ਯਥਾਰਥ ਵੀ ਹੈ।

ਪੰਜਾਬੀ ਨਾਵਲ ਪਰੰਪਰਾ ਵਿਚ ਤੀਸਰੇ ਪੜਾਅ ਦਾ ਸਮਾਂ 1960 ਤੋਂ ਲੈ ਕੇ 1985 ਤੱਕ ਦਾ ਮੰਨਿਆ ਜਾ ਸਕਦਾ ਹੈ। 1985 ਵਿਚ ਕੁਝ ਅਜਿਹੇ ਨਾਵਲ ਸਾਹਮਣੇ ਆਉਂਦੇ ਹਨ ਜਿਨ੍ਹਾਂ ਤੋਂ ਪੰਜਾਬੀ ਨਾਵਲ ਦੇ ਚੌਥੇ ਪੜਾਅ ਦੇ ਆਰੰਭ ਦੀ ਗੱਲ ਤੁਰਦੀ ਹੈ। 1985 ਵਿਚ ਰਾਮ ਸਰੂਪ ਅਣਖੀ ਦਾ ਨਾਵਲ ਕੋਠੇ ਖੜਕ ਸਿੰਘ ਪ੍ਰਕਾਸ਼ਿਤ ਹੁੰਦਾ ਹੈ। ਇਹ ਅਣਖੀ ਦਾ ਅਜਿਹਾ ਨਾਵਲ ਹੈ ਜਿਸਦੇ ਸਾਹਮਣੇ ਆਉਣ ਨਾਲ ਪੰਜਾਬੀ ਨਾਵਲ ਦੀ ਵਿਧਾਗਤ ਸਮਰੱਥਾ ਦਾ ਇਕ ਨਵਾਂ ਪਾਸਾਰ ਨਜ਼ਰ ਆਉਣ ਲਗਦਾ ਹੈ। ਅਣਖੀ ਨੇ ਆਪਣੇ ਇਸ ਨਾਵਲ ਵਿਚ ਹੀ ਨਹੀਂ ਬਲਕਿ ਇਸ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਪਰਤਾਪੀ ਅਤੇ ਬਹੁ-ਭਾਗੀ ਨਾਵਲ ਦੁੱਲੇ ਦੀ ਢਾਬ ਰਾਹੀਂ ਪੰਜਾਬੀ ਨਾਵਲ ਵਿਚ ਮਹਾਕਾਵਿਕ ਵਿਸਥਾਰ ਵਾਲੇ ਨਾਵਲਾਂ ਦਾ ਸਰੂਪ ਨਿਸ਼ਚਿਤ ਕੀਤਾ। ਇਨ੍ਹਾਂ



ਨਾਵਲਾਂ ਵਿਚ ਅਣਖੀ ਨੇ ਕਿਸੇ ਇਕ ਪੀੜ੍ਹੀ ਦੇ ਯਥਾਰਥ ਨੂੰ ਨਹੀਂ ਸਿਰਜਿਆ ਬਲਕਿ ਵੀਹਵੀਂ ਸਦੀ ਵਿਚ ਪ੍ਰਾਪਤ ਵਿਭਿੰਨ ਪੀੜ੍ਹੀਆਂ ਦਾ ਬਦਲਦੇ ਸਮਾਜਕ ਸਭਿਆਚਾਰਕ ਸਰੋਕਾਰਾਂ ਵਿਚ ਮਾਨਵੀ ਯਥਾਰਥ ਦਾ ਭਰਵਾਂ ਬਿੰਬ ਸਿਰਜਿਆ ਹੈ। ਇਸ ਲਈ ਇਹ ਨਾਵਲ ਆਕਾਰ ਵਿਚ ਜਾਂ ਤਾਂ ਵੱਡਾ ਹੈ ਜਾਂ ਬਹੁ-ਭਾਗੀ ਹੈ। ਅਣਖੀ ਦੇ ਨਾਵਲ ਕੋਠੇ ਖੜਕ ਸਿੰਘ ਅਤੇ ਪਰਤਾਪੀ ਦੇ ਪ੍ਰਕਾਸ਼ਨ ਤੋਂ ਬਾਅਦ ਵੱਡ-ਆਕਾਰੀ ਨਾਵਲਾਂ ਦੇ ਲਿਖਣ ਦੀ ਪ੍ਰਵਿਰਤੀ ਆਰੰਭ ਹੋਈ ਦੇਖੀ ਜਾ ਸਕਦੀ ਹੈ। ਇਸ ਪ੍ਰਵਿਰਤੀ ਵਿਚ ਸਿਰਫ਼ ਚੌਥੇ ਪੜਾਅ ਦੇ ਨਾਵਲਕਾਰ ਹੀ ਸ਼ਾਮਿਲ ਨਹੀਂ ਹੁੰਦੇ ਬਲਕਿ ਤੀਸਰੀ ਪੜਾਅ ਦੇ ਨਾਵਲਕਾਰਾਂ ਵਿਚੋਂ ਗੁਰਦਿਆਲ ਸਿੰਘ ਅਤੇ ਦਲੀਪ ਕੌਰ ਟਿਵਾਣਾ ਨੂੰ ਵੀ ਸ਼ਾਮਿਲ ਹੋਇਆ ਦੇਖਿਆ ਜਾ ਸਕਦਾ ਹੈ। ਮਿਸਾਲ ਦੇ ਤੌਰ 'ਤੇ ਗੁਰਦਿਆਲ ਸਿੰਘ ਦਾ ਪਰਸਾ (1991) ਅਤੇ ਦੋ ਭਾਗਾਂ ਵਿਚ ਛਪਣ ਵਾਲਾ ਨਾਵਲ ਆਹਣ (2009) ਜਿਸਦਾ ਕਿ ਅਜੇ ਪਹਿਲਾ ਭਾਗ ਹੀ ਪ੍ਰਕਾਸ਼ਿਤ ਹੋਇਆ ਹੈ, ਨੂੰ ਦੇਖਿਆ ਜਾ ਸਕਦਾ ਹੈ। ਇਸੇ ਤਰ੍ਹਾਂ ਦਲੀਪ ਕੌਰ ਟਿਵਾਣਾ ਦਾ ਵੱਡ-ਆਕਾਰੀ ਨਾਵਲ ਕਥਾ ਕਹੋ ਉਰਵਸ਼ੀ, ਜਿਸਦਾ ਇਸ ਤੋਂ ਬਾਅਦ ਇਕ ਹੋਰ ਭਾਗ ਤੇ ਕਥਾ ਤੁਰਦੀ ਰਹੀ, ਮਿਲਦਾ ਹੈ। ਇਨ੍ਹਾਂ ਨਾਵਲਾਂ ਦੀ ਵਸਤੂ, ਵਿਧੀ ਅਤੇ ਦ੍ਰਿਸ਼ਟੀ ਵਿਚ ਮੂਲ ਭੂਤ ਬਦਲਾਵ ਇਸ ਗੱਲ ਦੀ ਸੂਚਨਾ ਹੈ ਇਹ ਨਾਵਲਕਾਰ ਨਵੇਂ ਨਾਵਲ ਦੀ ਸਮਰੱਥਾ ਨੂੰ ਕਬੂਲ ਕਰ ਰਹੇ ਹਨ।

ਅਸੀਂ ਉੱਪਰ ਕਿਹਾ ਸੀ ਕਿ 1985 ਵਿਚ ਸਿਰਫ਼ ਰਾਮ ਸਰੂਪ ਅਣਖੀ ਦਾ ਹੀ ਨਾਵਲ ਨਹੀਂ ਮਿਲਦਾ ਬਲਕਿ ਹੋਰ ਵੀ ਕਈ ਨਾਵਲ ਪ੍ਰਕਾਸ਼ਿਤ ਹੋਏ ਮਿਲਦੇ ਹਨ। ਇਨ੍ਹਾਂ ਵਿਚ ਜੋਗਿੰਦਰ ਸਿੰਘ ਕੈਰੋਂ ਦਾ ਨਾਵਲ ਨਾਦ-ਬਿੰਦ, ਨਿੰਦਰ ਗਿੱਲ ਦਾ ਨਾਵਲ ਪੰਜਾਬ '84, ਕਿਰਪਾਲ ਸਿੰਘ ਆਜ਼ਾਦ ਦਾ ਨਾਵਲ ਸੁਪਨੇ ਤੋਂ ਸੱਚ ਤੱਕ, ਇਸ ਤੋਂ ਬਾਅਦ ਇਸਦਾ ਦੂਸਰਾ ਭਾਗ ਸੱਚ ਤੋਂ ਸੰਘਰਸ਼ ਤੱਕ ਆਉਂਦਾ ਹੈ, ਜਸਵੀਰ ਮੰਡ ਦਾ ਨਾਵਲ ਔੜ ਦੇ ਬੀਜ (ਭਾਗ ਪਹਿਲਾ) ਗੁਲਜ਼ਾਰ ਸਿੰਘ ਸੰਧੂ ਦਾ ਨਾਵਲ ਕੰਧੀਂ ਜਾਏ ਆਦਿ ਦੇ ਨਾਂ ਵਿਸ਼ੇਸ਼ ਤੌਰ 'ਤੇ ਲਏ ਜਾ ਸਕਦੇ ਹਨ। ਇਹੀ ਉਹ ਸਮਾਂ ਹੈ ਜਦੋਂ ਗੁਰਦੇਵ ਸਿੰਘ ਰੁਪਾਣਾ, ਇੰਦਰ ਸਿੰਘ ਖਾਮੋਸ਼, ਸ. ਸੋਜ਼, ਕੇਵਲ ਸੂਦ, ਮਿੱਤਰ ਸੈਨ ਮੀਤ, ਬਲਦੇਵ ਸਿੰਘ, ਨਛੱਤਰ, ਰਾਜ ਗਿੱਲ ਅਤੇ ਕੇਵਲ ਕਲੋਟੀ ਆਦਿ ਆਪਣੀਆਂ ਨਾਵਲ ਰਚਨਾਵਾਂ ਨਾਲ ਆਪਣੀ ਵਿਲੱਖਣ ਸਮਰੱਥਾ ਨੂੰ ਮਨਵਾਉਂਦੇ ਹਨ। ਇਨ੍ਹਾਂ ਨਾਵਲਕਾਰਾਂ ਦੇ ਨਾਵਲਾਂ ਵਿਚ ਜਿੱਥੇ ਵਿਸ਼ਾ ਵਸਤੂ ਦੀ ਨਵੀਨਤਾ ਦੇਖਣ ਨੂੰ ਮਿਲਦੀ ਹੈ ਉੱਥੇ ਵਿਧਾਗਤ ਪ੍ਰਯੋਗ ਵੀ ਪਛਾਣੇ ਜਾ ਸਕਦੇ ਹਨ। ਹੁਣ ਨਾਵਲ ਵਿਚ ਨਾਵਲਕਾਰ ਸਿਰਫ਼ ਬਦਲਦੇ ਸਮਾਜ ਸਭਿਆਚਾਰ ਦੇ ਬਹੁ ਪਰਤੀ ਯਥਾਰਥ ਨੂੰ ਹੀ ਸਿਰਜਦਾ ਨਹੀਂ ਕਿਹਾ ਜਾ ਸਕਦਾ। ਕਿਉਂਕਿ ਇਸ ਨਾਵਲ ਦਾ ਇਕ ਡੂੰਘਾ ਚਿੰਤਨੀ ਲਹਿਜਾ ਵੀ ਹੈ। ਇਹ ਲਹਿਜਾ ਪ੍ਰਚਾਰ ਵਾਲਾ ਨਹੀਂ ਬਲਕਿ ਨਾਵਲ ਦੇ ਵਸਤੂਗਤ ਯਥਾਰਥ ਵਿਚੋਂ ਪਾਠਕ ਇਸਨੂੰ ਸੁਭਾਵਕ ਹੀ ਮਹਿਸੂਸ ਕਰਦਾ ਹੈ। ਕਿਉਂਕਿ ਇਸ ਨਾਵਲ ਵਿਚ ਸਮਕਾਲ ਕਿਸੇ ਇਤਿਹਾਸਕ ਗਤੀ ਵਿਚ ਪੇਸ਼ ਹੋਇਆ ਮਿਲਦਾ ਹੈ। ਇਉਂ ਇਸ ਚੌਥੇ ਪੜਾਅ 'ਤੇ ਪਹੁੰਚ ਕੇ ਪੰਜਾਬੀ ਨਾਵਲ ਵਿਚ ਚਿੰਤਨੀ ਲਹਿਜਾ ਮਿਲਣ ਲਗਦਾ ਹੈ। ਇਸ ਆਧਾਰ 'ਤੇ ਇਹ ਪਹਿਲੇ ਤਿੰਨ ਪੜਾਅ ਦੇ ਨਾਵਲ ਤੋਂ ਆਪਣੀ ਵਿਲੱਖਣ ਪਛਾਣ ਥਾਪ ਲੈਂਦਾ ਹੈ। ਇਸ ਚਿੰਤਨੀ ਲਹਿਜੇ ਕਰਕੇ ਇਸ ਨਾਵਲ ਨੂੰ ਦਾਰਸ਼ਨਿਕ ਪ੍ਰਵਿਰਤੀ ਵਾਲਾ ਨਾਵਲ ਕਿਹਾ ਜਾ ਸਕਦਾ ਹੈ।

ਇਸ ਚੌਥੇ ਪੜਾਅ ਦੇ ਨਾਵਲ ਦਾ ਪਰੰਪਰਾ ਵਿਚ ਪ੍ਰਾਪਤ ਨਾਵਲ ਨਾਲੋਂ ਇਕ ਹੋਰ ਵੱਖਰਾ ਪਾਸਾਰ ਇਹ ਹੈ ਇਸ ਸਮੇਂ ਪਰਵਾਸ ਵਿਚ ਰਹਿ ਰਹੇ ਪੰਜਾਬੀਆਂ ਵੱਲੋਂ ਲਿਖਿਆ ਨਾਵਲ ਵੀ ਵੱਡੀ ਮਾਤਰਾ ਵਿਚ ਮਿਲਣ ਲੱਗਦਾ ਹੈ। ਇਸ ਤੋਂ ਪਹਿਲਾਂ ਵੀ ਪਰਵਾਸ ਵਿਚ ਲਿਖਿਆ ਪੰਜਾਬੀ ਨਾਵਲ ਤਾਂ ਮਿਲਦਾ ਹੈ ਪਰ ਉਸ ਵਿਚ ਕਈ ਤਰ੍ਹਾਂ ਦੀਆਂ ਕਲਾਤਮਕ ਅਤੇ ਦ੍ਰਿਸ਼ਟੀਮੂਲਕ

ਕਮੀਆਂ ਦੇਖੀਆਂ ਜਾ ਸਕਦੀਆਂ ਹਨ ਪਰ ਇਸ ਚੌਥੇ ਪੜਾਅ ਵਿਚ ਪਰਵਾਸੀ ਜੀਵਨ ਅਨੁਭਵ ਦੇ ਵਿਭਿੰਨ ਪਾਸਾਰ ਅਤੇ ਸਰੋਕਾਰ ਇਸ ਨਾਵਲ ਵਿਚ ਜੀਵੰਤ ਹੋਏ ਮਿਲਦੇ ਹਨ। ਸਵਰਨ ਚੰਦਨ, ਦਰਸ਼ਨ ਸਿੰਘ ਧੀਰ, ਕੈਲਾਸ਼ ਪੁਰੀ, ਪ੍ਰੀਤਮ ਸਿੱਧੂ ਅਤੇ ਰਘਬੀਰ ਸਿੰਘ ਢੰਡ ਅਜਿਹੇ ਨਾਵਲਕਾਰ ਹਨ ਜਿਨ੍ਹਾਂ ਨੇ ਆਪਣੇ ਨਾਵਲਾਂ ਰਾਹੀਂ ਪਰਵਾਸੀ ਪੰਜਾਬੀ ਨਾਵਲ ਨੂੰ ਠੋਸ ਧਰਾਤਲ 'ਤੇ ਖੜ੍ਹਾ ਕੀਤਾ। ਇਨ੍ਹਾਂ ਨਾਵਲਕਾਰਾਂ ਦੇ ਨਾਵਲ ਵਿਚ ਪਰਵਾਸ ਵਿਚ ਪੰਜਾਬੀਆਂ ਦੀ ਓਪਰੇ ਸਮਾਜ ਅਤੇ ਸਭਿਆਚਾਰ ਵਿਚ ਖੁਰ ਰਹੀ ਪਛਾਣ ਨੂੰ ਬੜੀ ਗੰਭੀਰਤਾ ਨਾਲ ਉਸਾਰਿਆ ਹੈ। ਹਰਜੀਤ ਅਟਵਾਲ, ਨਦੀਮ ਪਰਮਾਰ, ਜਰਨੈਲ ਸਿੰਘ ਸੇਖਾ ਅਤੇ ਬਲਦੇਵ ਸਿੰਘ ਗਰੇਵਾਲ ਆਦਿ ਨਵੇਂ ਨਾਵਲਕਾਰਾਂ ਦੀਆਂ ਨਾਵਲ ਰਚਨਾਵਾਂ ਨਾਲ ਪਰਵਾਸੀ ਪੰਜਾਬੀ ਨਾਵਲ ਵਿਚ ਪਰਵਾਸੀ ਪੰਜਾਬੀ ਜੀਵਨ ਨੂੰ ਨਵੇਂ ਪਾਸਾਰਾਂ ਅਨੁਸਾਰ ਪੇਸ਼ ਕੀਤਾ ਜਾ ਰਿਹਾ ਹੈ। ਇਨ੍ਹਾਂ ਨਾਵਲਕਾਰਾਂ ਨੇ ਕਿਸੇ ਗੌਰਵਸ਼ੀਲ ਵਿਰਸੇ ਨੂੰ ਆਪਣੇ ਨਾਵਲਾਂ ਵਿਚ ਕੇਂਦਰੀ ਵਿਸ਼ਾ-ਸਾਮੱਗਰੀ ਵੱਜੋਂ ਨਹੀਂ ਲਿਆ। ਦਰਅਸਲ ਇਹ ਨਾਵਲਕਾਰ ਵਰਤਮਾਨ ਪਰਵਾਸੀ ਜੀਵਨ ਦੇ ਯਥਾਰਥ ਦੀਆਂ ਵਿਭਿੰਨ ਪਰਤਾਂ ਨੂੰ ਪੇਸ਼ ਕਰਦੇ ਹਨ। ਇਸ ਤਰ੍ਹਾਂ ਇਹ ਨਾਵਲਕਾਰ ਅਨੁਭਵ ਅਤੇ ਦ੍ਰਿਸ਼ਟੀ ਪੱਖੋਂ ਆਪਣੇ ਤੋਂ ਪੂਰਵਲੇ ਨਾਵਲਕਾਰਾਂ ਨਾਲੋਂ ਵਧੇਰੇ ਪ੍ਰਪੱਕ ਹਨ।

ਇਸੇ ਤਰ੍ਹਾਂ ਚੌਥੇ ਪੜਾਅ ਦੇ ਪੰਜਾਬੀ ਨਾਵਲ ਵਿਚ ਪਾਕਿਸਤਾਨੀ ਪੰਜਾਬੀ ਨਾਵਲ ਨੂੰ ਵੀ ਇਕ ਵੱਖਰੇ ਪਾਸਾਰ ਵੱਜੋਂ ਪਛਾਣਿਆ ਜਾ ਸਕਦਾ ਹੈ। ਇਹੀ ਉਹ ਸਮਾਂ ਹੈ ਜਦੋਂ ਫ਼ਖ਼ਰ ਜ਼ਮਾਨ, ਅਫ਼ਜ਼ਲ ਅਹਿਸਨ ਰੰਧਾਵਾ ਅਤੇ ਮੁਸਤਨਸਰ ਹੁਸੈਨ ਤਾਰਡ ਦੇ ਨਾਵਲ ਮਿਲਦੇ ਹਨ। ਇਨ੍ਹਾਂ ਨਾਵਲਕਾਰਾਂ ਦੇ ਨਾਵਲਾਂ ਦੇ ਅਧਿਐਨ ਉਪਰੰਤ ਇਨ੍ਹਾਂ ਦੀ ਵਿਲੱਖਣ ਵਿਸ਼ਾ-ਵਸਤੂ ਅਤੇ ਵਿਧੀ ਦੀ ਪਛਾਣ ਹੁੰਦੀ ਹੈ। ਇਨ੍ਹਾਂ ਨਾਵਲਾਂ ਵਿਚ ਪ੍ਰਤੀਕ ਸਿਰਜਣਾ ਵਿਸ਼ੇਸ਼ ਉਚੇਚ ਨਾਲ ਕੀਤੀ ਮਿਲਦੀ ਹੈ। ਇਸ ਲਈ ਇਸ ਨਾਵਲ ਦੇ ਪਾਠ ਦੇ ਸਹੀ ਅਰਥਾਂ ਦੀ ਪਛਾਣ ਇਸ ਪ੍ਰਤੀਕ ਸੋਝੀ ਉਪਰੰਤ ਹੀ ਸੰਭਵ ਹੁੰਦੀ ਹੈ। ਵਿਸ਼ੇਸ਼ ਤੌਰ 'ਤੇ ਫ਼ਖ਼ਰ ਜਮਾਨ ਦੇ ਨਾਵਲ ਇਕ ਮਰੇ ਬੰਦੇ ਦੀ ਕਹਾਣੀ, ਬੰਦੀਵਾਨ, ਸੱਤ ਗਵਾਚੇ ਲੋਕ, ਬੇਵਤਨਾ, ਕਮਜ਼ਾਤ ਅਤੇ ਤੂੰ ਕਿ ਮੈਂ ਨੂੰ ਪੜ੍ਹਦਿਆਂ ਇਹ ਪ੍ਰਤੀਕ ਨਿਰੰਤਰ ਨਜ਼ਰ ਆਉਂਦੇ ਹਨ। ਇਸੇ ਲਈ ਇਨ੍ਹਾਂ ਨਾਵਲਾਂ ਨੂੰ ਪ੍ਰਯੋਗਸ਼ੀਲ ਨਾਵਲਾਂ ਦੀ ਕੋਟੀ ਵਿਚ ਰੱਖਿਆ ਜਾਂਦਾ ਹੈ। ਇਹ ਪ੍ਰਯੋਗਸ਼ੀਲਤਾ ਉਥੋਂ ਦੀ ਸਥਾਨਕ ਵਸਤੂ ਸਥਿਤੀ ਦੀ ਹੀ ਉੱਪਜ ਹੈ। ਜਦੋਂ ਬੋਲ ਦੀ ਆਜ਼ਾਦੀ ਨਹੀਂ ਹੋਵੇਗੀ ਤਾਂ ਸੁਭਾਵਕ ਹੀ ਵਿਚਾਰ ਨੂੰ ਪ੍ਰਗਟਾਉਣ ਦਾ ਕੋਈ ਨਵਾਂ ਮਾਧਿਅਮ ਚੁਣਨਾ ਹੋਵੇਗਾ। ਪਾਕਿਸਤਾਨੀ ਨਾਵਲਕਾਰਾਂ ਨੇ ਇਹੀ ਕੀਤਾ ਹੈ। ਫ਼ਖ਼ਰ ਜ਼ਮਾਨ, ਅਫ਼ਜ਼ਲ ਅਹਿਸਨ ਰੰਧਾਵਾ ਅਤੇ ਮੁਸਤਨਸਰ ਤਾਰਡ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਨਾਵਲਕਾਰਾਂ ਦੇ ਨਾਵਲਾਂ, ਜਿਵੇਂ ਮੀਰ ਤਨਹਾ ਯੂਸਫ਼ੀ ਦੇ ਇਕ ਸਮੁੰਦਰ ਪਾਰ ਤੇ ਤ੍ਰੇਹ ਅਤੇ ਮੁਹੰਮਦ ਮਨਸ਼ਾ ਯਾਦ ਦਾ ਟਾਵਾਂ ਟਾਵਾਂ ਤਾਰਾ, ਵਿਚ ਵੀ ਇਹੀ ਵਿਧੀ ਕਾਇਮ ਰਹਿੰਦੀ ਹੈ। ਇਹ ਨਾਵਲਕਾਰ ਆਪਣੇ ਨਾਵਲਾਂ ਵਿਚ ਆਪਣੇ ਸਮਾਜ ਸਭਿਆਚਾਰ ਦੀ ਤੱਤਕਾਲੀ ਵਸਤੂ ਸਥਿਤੀ ਵਿਚ ਮਾਨਵੀਂ ਹੋਂਦ ਦੇ ਦਰਪੇਸ਼ ਮਸਲਿਆਂ ਦਾ ਬਿੰਬ ਜਿਸ ਸੰਵੇਦਨਸ਼ੀਲਤਾ ਨਾਲ ਸਿਰਜਦੇ ਹਨ ਉਸ ਕਾਰਨ ਇਨ੍ਹਾਂ ਦੀ ਕਲਾਤਮਕ ਪ੍ਰਤਿੱਭਾ ਦੀ ਵੱਡਿਆਈ ਤਾਂ ਕਰਨੀ ਬਣਦੀ ਹੈ ਪਰ ਨਾਲ ਹੀ ਸਮਾਜ ਪ੍ਰਤਿ ਇਨ੍ਹਾਂ ਦੀ ਸੁਹਿਰਦ ਸੋਚ ਦਾ ਵੀ ਪਤਾ ਲਗਦਾ ਹੈ।

ਸਪੱਸ਼ਟ ਹੈ ਕਿ ਨਵਾਂ ਪੰਜਾਬੀ ਨਾਵਲ ਆਪਣੇ ਤੋਂ ਪੂਰਵਲੇ ਨਾਵਲ ਨਾਲੋਂ ਵਿਲੱਖਣ ਪਛਾਣ ਕਾਇਮ ਕਰਨ ਵਿਚ ਸਫ਼ਲ ਹੋਇਆ ਹੈ। ਇਹ ਸਮਾਂ ਵਿਗਿਆਨ ਅਤੇ ਤਕਨਾਲੋਜੀ ਦਾ ਹੈ ਅਤੇ ਇਸ ਦੇ ਪਸਾਰ ਨਾਲ ਜੀਵਨ ਸ਼ੈਲੀ ਵਿਚ ਬਦਲਾਵ ਆਇਆ ਹੈ। ਇਲੈਕਟ੍ਰਾਨਿਕ ਮੀਡੀਆ ਦਾ ਹਰ ਘਰ ਵਿਚ ਦਖ਼ਲ ਵੱਧ ਗਿਆ ਹੈ। ਇਸ ਰਾਹੀਂ ਜੋ ਜੀਵਨ ਪੇਸ਼ ਕੀਤਾ ਜਾ ਰਿਹਾ ਹੈ ਉਹ



ਬੜਾ ਲੁਭਾਵਣਾ ਹੈ ਪਰ ਉਹ ਕਿੰਨਾ ਕੁ ਅਨੁਕੂਲ ਹੈ ? ਇਸ ਨੂੰ ਗਲਪਕਾਰ ਆਪਣੀਆਂ ਰਚਨਾਵਾਂ ਵਿਚ ਰਚ ਕੇ ਪਾਠਕਾਂ ਨੂੰ ਸੁਚੇਤ ਕਰ ਸਕਦਾ ਹੈ। ਕਹਿਣ ਦਾ ਭਾਵ ਇਹ ਕਿ ਨਵੇਂ ਨਾਵਲਕਾਰਾਂ ਨੂੰ ਨਵੀਆਂ ਚੁਣੌਤੀਆਂ ਨੂੰ ਸਮਝਣਾ ਹੋਵੇਗਾ ਅਤੇ ਉਨ੍ਹਾਂ ਦੇ ਪ੍ਰਮਾਣਿਕ ਪ੍ਰਸੰਗ ਵੀ ਸਿਰਜਣੇ ਹੋਣਗੇ। ਨਵੇਂ ਪੰਜਾਬੀ ਨਾਵਲ ਵਿਚ ਕੁਝ ਨਾਵਲਕਾਰ ਅਜਿਹੇ ਹਨ ਜੋ ਇਨ੍ਹਾਂ ਪੱਖਾਂ ਨੂੰ ਆਪਣੇ ਨਾਵਲਾਂ ਵਿਚ ਉਸਾਰ ਰਹੇ ਹਨ। ਦਰਅਸਲ ਨਾਵਲ ਹਰ ਕਾਲ ਵਿਚ ਜੀਵਨ ਦੀਆਂ ਨਵੀਆਂ ਚੁਣੌਤੀਆਂ ਨੂੰ ਸਵੀਕਾਰ ਕਰਦਾ ਰਿਹਾ ਹੈ ਅਤੇ ਉਸ ਦਾ ਪ੍ਰਮਾਣਿਕ ਬਿੰਬ ਵੀ ਉਸਾਰਦਾ ਰਿਹਾ ਹੈ। ਇਹੀ ਕਾਰਨ ਹੈ ਕਿ ਇੰਨੀਆਂ ਸਦੀਆਂ ਬੀਤ ਜਾਣ ਦੇ ਬਾਵਜੂਦ ਵੀ ਨਾਵਲ ਦੀ ਹੋਂਦ ਅਜੇ ਤੱਕ ਕਾਇਮ ਹੈ। ਨਵੇਂ ਪੰਜਾਬੀ ਨਾਵਲਕਾਰਾਂ ਦੀਆਂ ਨਾਵਲ ਰਚਨਾਵਾਂ ਇਸ ਦਾ ਪ੍ਰਤੱਖ ਪ੍ਰਮਾਣ ਹਨ।

ਨਵੇਂ ਪੰਜਾਬੀ ਨਾਵਲ ਨੂੰ ਪੜ੍ਹਿਆਂ ਇਕ ਗੱਲ ਇਹ ਸਪੱਸ਼ਟ ਹੁੰਦੀ ਹੈ ਕਿ ਇਹ ਨਾਵਲਕਾਰ ਕੇਵਲ ਯਥਾਰਥ ਨੂੰ ਹੀ ਨਹੀਂ ਸਿਰਜ ਰਹੇ ਬਲਕਿ ਵਿਸ਼ੇਸ਼ ਦ੍ਰਿਸ਼ਟੀ ਅਨੁਸਾਰ ਯਥਾਰਥ ਦਾ ਵਿਸ਼ਲੇਸ਼ਣ ਵੀ ਕਰ ਰਹੇ ਹਨ। ਇਸ ਵਿਸ਼ਲੇਸ਼ਣ ਵਿਚ ਕਿਸੇ ਕਿਸਮ ਦੇ ਪ੍ਰਚਾਰ ਦੀ ਗੰਧ ਨਹੀਂ, ਬਲਕਿ ਸਥਿਤੀਗਤ ਦ੍ਰਿਸ਼ ਹੈ ਅਤੇ ਪਾਠਕ ਇਸ ਨੂੰ ਸਹਿਜ ਰੂਪ ਵਿਚ ਪੜ੍ਹਦਾ ਹੋਇਆ ਪਛਾਣਦਾ ਹੈ। ਇਉਂ ਇਹ ਨਾਵਲ ਸਮਕਾਲੀ ਜੀਵਨ ਹੋਂਦ ਦੇ ਨਵੇਂ ਪਸਾਰ ਸਿਰਜਦਾ ਹੈ। ਇਹ ਨਾਵਲੀ ਪਾਠ ਪਾਠਕਾਂ ਸਾਹਮਣੇ ਕਈ ਨਵੇਂ ਸਵਾਲ ਰੱਖਦਾ ਹੈ ਪਾਠਕ ਇਨ੍ਹਾਂ ਸਵਾਲਾਂ ਨੂੰ ਨਾਵਲ ਪੜ੍ਹਨ ਉਪਰੰਤ ਨਿਰੰਤਰ ਵਿਚਾਰਦਾ ਹੈ। ਜੋ ਰਚਨਾ ਪਾਠਕ ਸਾਹਮਣੇ ਸਵਾਲ ਛੱਡ ਜਾਵੇ, ਸੋਚਣ ਲਈ ਮਜਬੂਰ ਕਰ ਦੇਵੇ, ਉਸ ਰਚਨਾ ਨੂੰ ਕਈ ਵਿਦਵਾਨ 'ਸੋਝੀ ਵਿਸਤਾਰ' ਵਾਲੀ ਰਚਨਾ ਦਾ ਨਾਮ ਦਿੰਦੇ ਹਨ। ਨਵੇਂ ਪੰਜਾਬੀ ਨਾਵਲ ਅਜਿਹੇ ਵਿਸ਼ੇਸ਼ਣ ਵਾਲੀ ਰਚਨਾ ਵਿਚ ਰੱਖਿਆ ਜਾ ਸਕਦਾ ਹੈ। 2011 ਵਿਚ ਡਾ. ਜਸਵਿੰਦਰ ਸਿੰਘ ਦਾ ਨਾਵਲ ਮਾਤ ਲੋਕ ਅਤੇ ਮਨਮੋਹਨ ਦਾ ਨਾਵਲ ਨਿਰਵਾਣ ਨਵੇਂ ਪੰਜਾਬੀ ਨਾਵਲ ਜਗਤ ਵਿਚ ਇਸ ਭਾਵ ਵਾਲੀਆਂ ਨਵੀਨਤਮ ਰਚਨਾਵਾਂ ਹਨ।

**ਵਾਹਗੇ ਪਾਰ ਦੇ ਪੰਜਾਬੀ ਕਵੀ**

ਸੰਪਾ: ਡਾ. ਹਰਪ੍ਰੀਤ ਸਿੰਘ ਹੁੰਦਲ

**ਸੁੰਦਰ ਬੁੱਕ ਡਿੱਪੋ, ਜਲੰਧਰ**

**ਪਰਵਾਜ਼ ਪ੍ਰਕਾਸ਼ਨ**

ਉੱਤਮ, ਮਿਆਰੀ, ਸੁੰਦਰ ਦਿੱਖ ਵਿਚ ਪੁਸਤਕਾਂ ਪ੍ਰਕਾਸ਼ਤ ਕਰਨ ਵਾਲਾ ਪ੍ਰਕਾਸ਼ਨ ਘਰ, ਜਿਸ ਨੇ ਪ੍ਰਕਾਸ਼ਨ ਦੇ ਖੇਤਰ ਵਿਚ ਸਾਹਿਤਕ ਪੁਸਤਕਾਂ ਨਾਲ ਆਪਣੀ ਪਹਿਲੀ ਪਰਵਾਜ਼ ਭਰੀ ਹੈ।

| | |
|---|---|
| ਕਾਲ ਕਾਲਾਂਤਰ (ਕਹਾਣੀ ਸੰਗ੍ਰਹਿ) | ਮੇਰੀ ਅਧੂਰੀ ਕਹਾਣੀ (ਸਵੈ ਜੀਵਨੀ) |
| ਸਰੂਪ ਸਿਆਲਵੀ | ਮੋਹਨ ਸਿੰਘ ਕੁੱਕੜਪਿੰਡੀਆ |
| ਮੁੱਲ: 150, ਪੰਨੇ: 160 | ਮੁੱਲ: 260, ਪੰਨੇ: 254 |

ਛਪ ਰਹੀਆਂ ਪੁਸਤਕਾਂ- ਕਦਮ ਕਦਮ ਚੌਰਾਹੇ (ਕਹਾਣੀ ਸੰਗ੍ਰਹਿ) ਬਿੰਦਰ ਬਸਰਾ ਮੇਰਾ ਬਚਪਨ ਮੇਰੇ ਮੋਢੇ (ਦਲਿਤ ਸਵੈ ਜੀਵਨੀ) ਸ਼ਿਓਰਾਜ ਸਿੰਘ ਬੇਚੈਨ ਪੰਜਾਬੀ ਅਨੁ. ਬਲਬੀਰ ਮਾਧੋਪੁਰੀ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ-

**Parwaz Parkashan**

Vill. Dharampur, P.O. Khamber, Distt. Jalandhar

Mob. 94170-64350,e.mail:parwazparkashan@gmail.com

## *ਪੰਜਾਬੀਅਤ ਦਾ ਵਾਰਿਸ ਅਤੇ ਮਸੀਹਾ-ਡਾ. ਜੋਗਿੰਦਰ ਸਿੰਘ ਕੈਰੋਂ*
## *(‘ਬਾਈਪੋਲਰਾਂ ਦੇ ਦੇਸ਼’ ’ਤੇ ਆਧਾਰਿਤ)*

**ਨਰੇਸ਼ ਕੋਹਲੀ**

ਆਪਣੇ ਪਹਿਲੇ ਨਾਵਲ ‘ਨਾਦ-ਬਿੰਦ’ ਨੇ ਹੀ ਡਾ. ਕੈਰੋਂ ਦੀ ਇਕ ਗਲਪ ਸਾਹਿਤਕਾਰ ਦੇ ਤੌਰ ’ਤੇ ਸਾਹਿਤਕ ਪਹਿਚਾਣ ਅਤੇ ਸਥਾਪਤੀ ਬਣਾ ਦਿੱਤੀ ਸੀ । ਇਹ ਨਾਵਲ ਸ਼੍ਰੋਮਣੀ ਪੱਤ੍ਰਿਕਾ ਪ੍ਰੀਤਲੜੀ ਵਿਚ ਲਗਾਤਾਰ ਕਿਸ਼ਤਾਵਾਰ ਵੀ ਛਪਦਾ ਰਿਹਾ ਹੈ। ਇਹ ਗੱਲ ਹੋਰ ਵੀ ਵਰਨਣਯੋਗ ਅਤੇ ਸ਼ਲਾਘਾ-ਪੂਰਣ ਹੈਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐੱਮ.ਏ. ਕੋਰਸ ਵਿਚ ‘ਨਾਦ-ਬਿੰਦ’ ਸਿਲੇਬਸ ਵਿਚ ਪਾਠ-ਪੁਸਤਕ (ਗਲਪ) ਤੌਰ ’ਤੇ ਵੀ ਲੱਗਾ ਰਿਹਾ ਹੈ।ਸਮਕਾਲੀ ਗਲਪ ਸਾਹਿਤ ਦੇ ਇਤਿਹਾਸ ਵਿਚ ਇਹ ਨਾਵਲ ਅਸਲੋਂ ਨਿਵੇਕਲੇ ਅਤੇ ਵਿਕੋਲਿਤਰੇ ਵਿਸ਼ੇ ਵਾਲਾ ਹੈ।

ਪੂਰੇ ਤਿੰਨ ਸਾਲ ਬਾਅਦ ਡਾ. ਕੈਰੋਂ ਦਾ ਦੂਜਾ ਨਾਵਲ ‘ਸੱਭਨਾਂ ਜਿੱਤੀਆਂ ਬਾਜੀਆਂ’ (ਸੰਨ 1993) ਪ੍ਰਕਾਸ਼ਤ ਹੋਇਆ । ਇਹ ਨਾਵਲ ਵੀ ਸਾਹਿਤ-ਖੇਤਰ ਵਿਚ ਵਿਸ਼ੇਸ਼ ਚਰਚਾ ਦਾ ਵਿਸ਼ਾ ਰਿਹਾ।  ਇਹ ਨਾਵਲ ਹਿੰਦੀ ਵਿਚ ਵੀ ਅਨੁਵਾਦ ਹੋਇਆ ਹੈ। ਕੁਝ ਪੁਸਤਕਾਂ ਅੰਗਰੇਜ਼ੀ ਵਿਚ ਵੀ ਅਨੁਵਾਦ ਹੋਈਆਂ ਹਨ।  ਡਾ. ਕੈਰੋਂ ਦੀ ਆਪਣੀ ਭਰਵੀਂ ਸਾਹਿਤਕ ਪਹਿਚਾਣ ਹੈ।

ਪੂਰੇ ਚੌਦਾਂ ਸਾਲ ਬਾਅਦ ਤੀਸਰਾ ਨਾਵਲ ‘ਰੋਜ਼ਾ ਮੇਅ’ (ਸੰਨਾ 2007) ’ਚ ਛਪਿਆ, ਜੋ ਅਮਰੀਕਾ ਦੇ ਭੂਗੋਲਿਕ-ਧਰਾਤਲ ਅਤੇ ਸੱਭਿਆਚਾਰ ’ਤੇ ਉਸਰਿਆ ਹੈ। ਚੌਦਾਂ ਸਾਲਾਂ ਦਾ ਦੀਰਘ ਸਮਾਂ ਬਹੁਤ ਹੁੰਦਾ ਹੈ। ਪਰ ਨਾਵਲ ਪਹਿਲਾਂ ਲਿਖੇ ਨਾਵਲਾਂ ਤੋਂ ਬੋਲੀ-ਚਾਲੀ, ਪੁਖ਼ਤਾ ਅਨੁਭਵ, ਨਰੋਏ ਚਿੰਤਨ, ਬਾਦਲੀਲ ਤਰਕ, ਕਲਾਤਮਿਕ-ਸੰਘਣਤਾ ਅਤੇ ਪੁਰਕੈ- ਕੌਸ਼ਲਤਾ ਨਾਲ ਸੰਪੰਨ ਹੋਇਆ ਹੈ ਜੋ ਅਮਰੀਕਾ ਦੇ ਸੱਭਿਆਚਾਰ ਦੀ ਅਨੂਠੀ ਦਿੱਖ ਅਤੇ ਅਦਭੁੱਤ ਵੇਰਵੇ ਸਹਿਤ ਨਾਯਾਬ ਜਾਣਕਾਰੀ ਪ੍ਰਦਾਨ ਕਰਦਾ ਪਾਠਕ ਨੂੰ ਨਵੇਂ ਦਿਸਹੱਦਿਆਂ ਤੋਂ ਪਾਰ ਦੇਖਣ ਦੀ ਦਿੱਬ-ਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਇਸ ਨਾਵਲ ਦੀ ਭਾਸ਼ਾ ਵਿਚ ਪਹਿਲੇ ਨਾਵਲਾਂ ਨਾਲੋਂ ਭਾਸ਼ਾ ਅਤੇ ਗਹਿਨ-ਚਿੰਤਨ ਦਾ ਵਿਕਾਸ ਹੋਇਆ ਹੈ। ਡਾ. ਕੈਰੋਂ ਦਿਮਾਗ ਦੀਆਂ ਨਾੜੀਆਂ ਕੰਬਣ ਤਕ ਪੜ੍ਹਦਾ ਤੇ ਲਿਖਦਾ ਹੈ।

‘ਨੀਲੇ ਤਾਰਿਆਂ ਦੀ ਮੌਤ’ ਨਾਵਲ (ਸੰਨ 2008) ਦਾ ਪ੍ਰਕਾਸ਼ਨ ਹੋਇਆ । ਇਹ ਨਾਵਲ ਪੰਜਾਬ ਦੀ ਸੰਕਟਮਈ ਸਮੱਸਿਆ, ਉੱਨੀ ਸੌ ਸੰਤਾਲੀ ਦੇ ਬਟਵਾਰੇ ਅਤੇ ‘ਸਾਕਾ ਨੀਲਾ ਤਾਰਾ’ ਨਾਲ ਸੰਬੰਧਿਤ ਹੈ। ‘ਨੀਲੇ ਤਾਰਿਆਂ ਦੀ ਮੌਤ’ ਵਿਗਿਆਨਕ ਨਾਮ ਹੈ। ਇਸ ਨਾਵਲ ਨੂੰ ਲਿਖਣ ਤੋਂ ਪਹਿਲਾਂ ਲੇਖਕ ਨੇ ਇਸ ਘ੍ਰਿਣਤ ਸਾਕੇ ਨੂੰ ਅੱਖੀਂ ਡਿੱਠਾ ਹੈ।

‘ਰੋਜ਼ਾ ਮੇਅ’ ਤੋਂ ਬਾਅਦ ਅਮਰੀਕਾ ਵਿਚ ਲੇਖਕ ਦੇ ਬਿਤਾਏ ਅਤੇ ਹੰਢਾਏ ਅਨੁਭਵਾਂ ਅਤੇ ਅਮਰੀਕਾ ਵਿਚ ਸਥਾਈ ਤੌਰ ’ਤੇ ਪਰਵਾਸ ਕਰ ਗਏ ਪੰਜਾਬੀਆਂ ਦੀ ਤੀਜੀ ਪੀੜ੍ਹੀ ਦੇ ਖਾਂਤ ਨੂੰ ਚਿਤਰਿਆ ਗਿਆ ਹੈ। ਇਸ ਨਾਵਲ ਦਾ ਨਾਮ ਹੈ ‘ਬਾਈਪੋਲਰਾਂ ਦਾ ਦੇਸ਼’ (ਸੰਨ 2008) ਜਿਸ ਵਿਚ ਭਿਆਨਕ ਬੀਮਾਰੀ (Contagious disease) ਬਾਈਪੋਲਰ ਦਾ ਖੁੱਲ੍ਹਾ ਜ਼ਿਕਰ ਹੈ। ‘ਰੋਜ਼ਾ ਮੇਅ’ ਤੋਂ ਬਾਅਦ ਲੇਖਕ ਦਾ ਅਮਰੀਕੀ ਭੂਗੋਲਿਕ ਧਰਾਤਲ ’ਤੇ ਦੂਜਾ ਨਾਵਲ ਹੈ।

‘ਇਕ ਦਰਿਆ ਦੀ ਮੌਤ’ ਵੱਖਰੀ ਸ਼ੈਲੀ, ਸੰਵਾਦ ਅਤੇ ਗੂੜ੍ਹ ਰਹੱਸਾਂ ਦੀ ਵਿਅੰਜਨਾ ਕਰਦਾ ਹੈ। ਇੰਞ ਇਹ ਨਾਵਲ ਗਲਪ ਸਾਹਿਤ ਵਿਚ ਡਾ. ਜੋਗਿੰਦਰ ਸਿੰਘ ਕੈਰੋਂ ਦਾ ਛੇਵਾਂ ਨਾਵਲ ਹੈ। ਸਾਰੇ ਨਾਵਲ ਸਹਿਜ-ਲੇਖਣੀ ਪੁਰ ਆਧਾਰਤ ਹਨ । ਕਾਹਲ ਦਾ ਅਭਾਵ ਹੈ। ਡਾ. ਕੈਰੋਂ ਵਿਚ



ਲਿਖਣ ਸਮੇਂ ਆਤਮਚੀਨਣ, ਪਾਤਰਾਂ ਦਾ ਮੁਲਾਂਕਣ ਅਤੇ ਨੁਹਾਰ, ਨਿਬਾਹ ਕੌਸ਼ਲਤਾ ਦੀਆਂ ਸਿਖ਼ਰਾਂ ਨੂੰ ਛੂੰਹਦਾ ਸਿਰਜਣਾਤਮਿਕ ਮੌਲਿਕਤਾ ਦੇ ਕੇਂਦਰੀ-ਧੁਰੇ ਤੋਂ ਉਲਾਂਭੇ ਕਿਤੇ-ਕਿਤੇ ਹੁੰਦਾ ਹੈ। ਡਾ. ਕੈਰੋਂ, ਚੇਤੰਨ, ਚੌਂਹ-ਤਰਫੀ ਦ੍ਰਿਸ਼ਟੀ ਪੱਖੋਂ, ਮੂਲੋਂ ਪਰਪੱਕ ਪਾਕੀਜ਼-ਪਾਰਦਰਸ਼ੀ ਅਤੇ ਬਾਰੀਕ-ਦੂਰਦਰਸ਼ੀ ਹੁੰਦਾ ਹੈ। ਕਿਸੇ ਵੀ ਵਿਸ਼ੇ ਦੀ ਬੇਹੱਦ ਗਹਿਰਾਈ ਤੱਕ ਜਾਣ ਉਸਦੇ ਸ਼ੌਕ, ਸਿਰਜਣਾਤਮਿਕ-ਸੁਭਾਅ ਦੀ ਗੱਲ ਹੈ। ਜਿਸਦਾ ਮੈਨੂੰ ਡਾ. ਕੈਰੋਂ ਜੀ ਦੇ ਮੁਕਾਬਲੇ ਸਮਕਾਲੀ ਗਲਪਕਾਰਾਂ ਵਿਚ ਅਭਾਵ ਹੀ ਮਹਿਸੂਸ ਹੁੰਦਾ ਹੈ। ਇਹ ਮੇਰੀ ਨਿੱਜੀ ਰਾਇ ਹੈ। ਦੱਮਦਾਰ ਕਥਾਕਾਰ ਤੋਂ ਬਾਅਦ ਮੈਨੂੰ ਉਹ ਹੰਢਿਆ, ਕੱਦਾਵਰ ਅਤੇ ਅਪਹੁੰਚ ਗਲਪ ਸਾਹਿਤਕਾਰ ਮਹਿਸੂਸ ਹੁੰਦਾ ਹੈ। ਖੋਜ ਵਿਚ ਆਪਣੇ ਵਿਸ਼ੇ ਲੋਕਯਾਨ ਵਿਚ ਵੀ ਡਾ. ਕੈਰੋਂ ਅਧਿਕਾਰੀ ਵਿਦਵਾਨ (Authoritative Scholar) ਹੈ। ਪ੍ਰਮਾਣਿਕ ਵਿਦਵਾਨ ਵੀ । ਹਥਲੇ ਲੇਖ ਵਿਚ ਹਾਲ ਵਿਚ ਹੀ ਛਪੇ ਅਤਿ ਚਰਚਿਤ ਅਤੇ ਨਿਵੇਕਲੇ ਵਿਸ਼ੇ ਵਾਲੇ ਨਾਵਲ ‘ਬਾਈਪੋਲਰਾਂ ਦੇ ਦੇਸ਼’ ਬਾਰੇ ਗੰਭੀਰ ਵਿਵੇਚਨਾ ਕਰਾਂਗੇ । ਰਾਂਗਲੇ ਕਿਰਦਾਰ ਦਾ ਡਾ. ਕੈਰੋਂ ਮੇਲੇ ਵਰਗਾ ਵੀ ਹੈ। ਕਦੀ ਖੰਡਰ, ਸੁੰਨ, ਬੇਲਾ, ਜੂਹ ਅਤੇ ਸੰਨਾਟਾ ਵੀ ਰਾਹਵਾਂ ਤੇ ਅਨੰਤ ਪੈੜਾਂ ਦਾ ਜੁਗਰਾਫੀਆ ।

ਪੌਰਾਣਿਕ ਰੂੜ੍ਹੀਆਂ ਵਿਚ ਅਤੇ ਲੋਕ-ਵਿਸ਼ਵਾਸ ਵਿਚ ਸਥਾਪਤ ਹੋ ਚੁੱਕੇ ਮੁਹਾਵਰੇ ਅਤੇ ਅਖਾਣ ਮਨੋਵਿਗਿਆਨ ਅਤੇ ਵਿਗਿਆਨਕ ਦ੍ਰਿਸ਼ਟੀ ਤੋਂ ਅੱਜ ਮਨਫੀ ਹੋ ਰਹੇ ਹਨ । ਉਦਾਹਰਣ ਵਜੋਂ-ਦੂਰ ਦੇ ਢੋਲ ਸੁਹਾਵਣੇ ਹੁੰਦੇ ਹਨ’ । ਇਸ ਅਖਾਣ ਵਿਚ ਅਣਵੇਖੇ ਯਥਾਰਥ ਪ੍ਰਤੀ ਕਿਆਫੇ ਅਤੇ ਕਲਪਨਾ ਦੀ ਪੁੱਠ ਹੈ। ਕਲਪਨਾ ਰੇਤ ਦੀ ਕੰਧ ਹੁੰਦੀ ਹੈ। ਸੁਪਨਸਾਜ਼ੀ ਯਥਾਰਥ ਨਹੀਂ ਹੁੰਦੀ । ਵੇਖੇ ਅਤੇ ਅਣਵੇਖੇ ਹੰਢਾਏ ਅਨੁਭਵਾਂ ਵਿਚ ਧਰਤੀ ਅਸਮਾਨ ਜਿੱਡਾ ਅੰਤਰ ਹੁੰਦਾ ਹੈ। ਦ੍ਰਿਸ਼ਟੀ ਦਾ ਪਦਾਰਥਕ ਸੱਚ (ਯਥਾਰਥ) ਅਣਵੇਖੇ, ਕਿਆਸੇ ਅਤੇ ਕਲਮੇ ਸੱਚ ਨਾਲ ਵਧੇਰੇ ਰਮਣੀਕ ਅਤੇ ਸਾਰਥਕ ਹੁੰਦਾ ਹੈ। ‘ਬਾਈਪੋਲਰਾਂ ਦੇ ਦੇਸ਼’ ਦਾ ਦ੍ਰਿਸ਼ਟ ਯਥਾਰਥ (Visual Reality) ਪਰਵਾਸੀ ਯਥਾਰਥ ਦਾ ਸਮਾਜਿਕ ਪ੍ਰਤੱਖਣ ਹੈ।

‘ਰੋਜ਼ਾ ਮੇਅ’ ਤੋਂ ਬਾਅਦ ਡਾ. ਕੈਰੋਂ ਦਾ ਇਹ ਦੂਜਾ ਨਾਵਲ ਹੈ ਜੋ ਅਮਰੀਕਾ ਵਿਚ ਰਹਿੰਦਿਆਂ ਹੰਢਾਏ ਅਤੇ ਅਨੁਭਵੇ ਯਥਾਰਥ ਦਾ ਖੁਲ੍ਹੇਆਮ ਅਤੇ ਨਿਰਭੈ ਬੇਬਾਕ ਰੂਪਾਂਤਰਣ ਹੈ। ਪੰਜਾਬੀਆਂ ਦੀ ਤੀਜੀ ਪੀੜ੍ਹੀ ਦੇ ਦੁਖਦ-ਜੀਵਨ ਨੂੰ ਚਿੱਤਰਦਾ ਇਹ ਨਾਵਲ ਬਾਲੀਪੋਲਰ ਜਿਹੀ ਭਿਆਨਕ ਅਤੇ ਵਿਕਰਾਲ ਬਿਮਾਰੀ ਦਾ ਸ਼ਿਕਾਰ ਹੋਏ ਪੰਜਾਬੀਆਂ ਦੀ ਮਾਨਸਿਕਤਾ ਨੂੰ ਹੂ-ਬ-ਹੂ ਪੇਸ਼ ਕਰਦਾ ਪੰਜਾਬੀਆਂ ਦੀ ਸਮਾਜਿਕ ਅਤੇ ਪਰਿਵਾਰਿਕ ਨਿੱਘਾਰ ਦਾ ਸੰਘਾਰ ਕਰਦਾ, ਆਪਸੀ ਟੁੱਟ ਭੱਜ ਦੀ ਉਚਿਤ ਅਤੇ ਮਾਨਸਿਕ-ਤਿੜਕਣ ਦੀ ਸਫਲ ਅੱਕਾਸੀ ਕਰਦਾ ਹੈ। ਬਾਈਪੋਲਰ ਮਹਾਂ ਭਿਅੰਕਰ ਬੀਮਾਰੀ ਹੈ।

ਨਾਵਲ ਦਾ ਬੀਜ ਪਾਤਰ ਮਨਜੀਤ ਸਿੰਘ ਬਾਈਪੋਰ ਹੈ ਜੋ ਇਸ ਬਿਮਾਰੀ ਦਾ ਸ਼ਿਕਾਰ ਹੋਣ ਕਰਕੇ ਗੰਭੀਰ ਅਤੇ ਖ਼ਤਰਨਾਕ ਗੁਨਾਹ ਕਰਦਾ ਹੈ। ਇਹ ਮਨਜੀਤ ਦਾ ਸੈਕਸ ਉਫੈਂਡਰ (Sex offender) ਹੋਣਾ ਹੈ। ਸੈਕਸ ਉਫੈਂਡਰ ਲਈ ਕੁਝ ਹੋਰ ਘ੍ਰਿਣਤ ਸ਼ਬਦ :ਅਪਰਾਧ ਕਰਨਾ, ਜ਼ੁਰਮ ਕਰਨਾ, ਦੁੱਖ ਪਹੁੰਚਾਉਣਾ, ਉਲੰਘਣਾ ਕਰਨੀ (Violation) ਨਿਯਮ ਭੰਗ ਕਰਨਾ, ਘਿਨਾਉਣਾ, ਅਰੁਚੀਕਰ, ਆਕ੍ਰਮਣ, ਬਦਬੂਦਾਰ, ਭੰਗ ਕਰਨਾ, ਖਿਝਾਉਣਾ ਅਤੇ ਅਪਮਾਨ ਜਨਕ  ਆਦਿ ।

ਮਨਜੀਤ ਉੱਚ ਵਿੱਦਿਅਕ ਹੈਜੋ ਪੜ੍ਹੀ ਲਿਖੀ, ਖ਼ੂਬਸੂਰਤ ਪ੍ਰਤਿਭਾਵਾਨ ਲੜਕੀ ਅਮਨਪ੍ਰੀਤ ਨਾਲ ਵਿਆਹ ਕਰਾਉਂਦਾ ਹੈ। ਸੰਜਮੀ ਅਤੇ ਸ਼ੁੱਧ-ਠਹਿਰਾਉ ਵਾਲੀ ਅਮਨਪ੍ਰੀਤ ਪਰਾਏ ਦੇਸ਼ ਵਿਚ ਵੀ ਸੰਤਾਪੇ ਪਲ ਹੰਢਾਉਂਦੀ ਮਿਲ ਜੁਲ ਕੇ ਰਹਿਣ ਦਾ (Compromising Attitude) ਹਰ ਵਰਤਾਰਾ ਅਪਣਾਉਂਦੀ ਹੈ। ਇਸ ਪਰਵਾਸੇ ਰਾਜ਼ੀਨਾਮੇ ਤਹਿਤ ਜਿੱਥੇ ਉਹ

ਆਪਣੇ ਸਹੁਰੇ ਪਰਿਵਾਰ ਨਾਲ ਹਰ ਸੰਭਵ ਸਮਝੌਤਾ ਕਰਦੀ ਹੈ ਉਥੇ ਉਹ ਆਪਣੇ ਮਾਂ-ਬਾਪ ਦੀ ਇੱਜ਼ਤ, ਸਮਾਜਕ ਸ਼ੋਭਾ ਪ੍ਰਤੀ ਵੀ ਪੂਰੀ ਤਰ੍ਹਾਂ ਜਾਗਰੂਕ ਹੈ। ਪੇਕਿਆਂ ਪੱਖੋਂ ਅਮਨਪ੍ਰੀਤ ਚੰਗੀ ਆਰਥਿਕਤਾ ਅਤੇ ਸਭਿਅਕ ਪਰਿਵਾਰ ’ਚ ਹੈ।

ਅਮਨਪ੍ਰੀਤ ਨੂੰ ਜੇ ਚਿੰਤਾ ਹੈਤਾਂ ਉਹ ਆਪਣੀ ਧੀ ਦੇ ਭਵਿੱਖ ਦੀ ਜੋ ਅਜਿਹੇ ਪ੍ਰਵਾਸ ਵਿਚ ਰਹਿੰਦੀ ਇਸ ਬੀਮਾਰੀ ਦਾ ਸ਼ਿਕਾਰ ਨਾ ਹੋ ਜਾਏ । ਏਥੇ ਅਮਨਪ੍ਰੀਤ ਦੀ ਮਮਤਾਮਈ ਲੈਅ ਵਿਚ ਪੰਜਾਬੀ ਸੱਭਿਆਚਾਰ ਅਤੇ ਮਰਯਾਦਾ ਸਪੱਸ਼ਟ ਪ੍ਰਤੀਤ ਹੁੰਦੀ ਹੈ। ਇਥੇ ਮੈਨੂੰ ਪੰਜਾਬੀ ਲੋਕ ਗੀਤ ਦੀ ਇਕ ਬਹੁਤ ਹੀ ਸੰਜੀਦਾ, ਆਂਦਰਾਂ ਦੇ ਮੋਹ ਵਾਲੀ ਸਤਰ ਚੇਤੇ ਆਉਂਦੀ ਹੈ

ਮਾਵਾਂ ਤੇ ਧੀਆਂ ਰਲ, ਬੈਠੀਆਂ ਨੀ ਮਾਏ,
ਕੋਈ ਕਰਦੀਆਂ ਗਲੋੜੀਆਂ । (ਲੋਕਗੀਤ)

ਮਾਂਵਾਂ-ਧੀਆਂ ਦਾ ਰਲ ਕੇ ਬੈਠਦਾ ਸਮੂਹਕ-ਮੋਹ/ਮਲ੍ਹਾਰ ਹੈ। ਗੱਲੋੜੀਆਂ ਵਿਚ ਵਾਰਤਾਲਾਪ ਹੈਪਰ ਚੂੰਕਿ ਧੀ ਅਜੇ ਛੋਟੀ ਹੈ। ਇਹ ਗੱਲੋੜੀਆਂ ਮੌਨ ਰੂਪ ਵਿਚ ਅਮਨਪ੍ਰੀਤ ਆਪਣੀ ਅੰਤ੍ਰੀਵਤਾ ਨਾਲ ਕਰਦੀ ਜਿੱਥੇ ਇਕ ਅਨਿਸ਼ਚਤ ਵੈਰਾਗ ਅਤੇ ਤ੍ਰਾਸਦਿਕ-ਸੰਤਾਪ ਭੋਗ ਰਹੀ ਹੈਉਥੇ ਉਸਦੇ ਉੱਚ ਸਿੱਖਿਅਕ ਹੋਣ ਕਾਰਨ ਉਸਦੀ ਜਾਗਰੂਪਤਾ ਪ੍ਰਦੇਸ਼ ਵਿਚ ਪਤੀ ਤੋਂ ਅਲਹਿਦਾ ਹੋਣ ਦੀ ਵੀ ਹੈ। ਕੇਵਲ ਤੇ ਕੇਵਲ ਤਲਾਕ (ਕਾਨੂੰਨੀ) ਤੋਂ ਬਾਅਦ ਹੀ ਉਹ ਸਹੁਰੇ ਘਰ ਤੋਂ ਜੁਦਾ ਹੋ ਸਕਦੀ ਹੈ। ਲੇਖਕ ਦੀ ਸੂਖ਼ਮ ਅਤੇ ਦੂਰ-ਅੰਦੇਸ਼ੀ ਦ੍ਰਿਸ਼ਟੀ ਅਮਨਪ੍ਰੀਤ ਦੇ ਚਿਹਰੇ ਵਿਚੋਂ ਉਨ੍ਹਾਂ ਸਭ ਹੋਣਹਾਰ ਅਤੇ ਉੱਚ ਵਿੱਦਿਆ ਪ੍ਰਾਪਤ ਪੰਜਾਬੀ ਕੁੜੀਆਂ ਦੇ ਦੁਖਾਂਤ ਦੀ ਤਸਵੀਰ ਵੀ ਝਲਕਦੀ ਹੈ ਜੋ ਅਣਦੇਖੇ ਪ੍ਰਵਾਸ ਦੀ ਖਿੱਚ ਵਿਚ ਭਰਪੂਰ ਵਿਆਹੁਤਾ ਜ਼ਿੰਦਗੀ ਦੇ ਸੁਪਨਸਾਜ਼ੀ ਤਿੜਕੇ-ਤ੍ਰਾਸਦਕ ਇਹਸਾਸਾਂ ਨੂੰ ਹੰਢਾਉਂਦੀ ਸੰਕਟਮਈ ਅਵਸਥਾਵਾਂ ਪ੍ਰਤੀ ਅਡੋਲ ਸਾਹਸੀ ਵੀ ਹਨ ।

ਬਾਈਪੋਲਰ ਬੀਮਾਰੀ ਦੇ ਕੁਝ ਖ਼ਾਸ ਲੱਛਣ ਅਤੇ ਕ੍ਰਿਆਵਾਂ∴

1.ਬਾਈਪੋਲਰ ਅਤਿ ਅਸਾਧਾਰਨ ਵਿਵਹਾਰ ਹੈ।

2. ਬਾਈਪੋਲਰ ਗਲਾਈਡਿੰਗ ਤੋਂ ਅਭਿੱਜ ਸਪਾਈਡਰਮੈਨ ਬਣਨ ਦੀ ਕੋਸ਼ਿਸ਼ ਵਿਚ ਹਾਦਸੇ ਦਾ ਸ਼ਿਕਾਰ ਹੁੰਦਾ ਹੈ।

3. ਕਾਰ ਚਲਾਉਂਦੇ ਸਮੇਂ ਸੜਕ ਦੇ ਨਿਯਮਾਂ ਦੀ ਉਲੰਘਣਾ ਕਰਦਾ ਗ਼ਲਤ ਰਾਹਾਂ ’ਤੇ ਭਟਕਦਾ ਹੈ।

4. ਛੋਟੀ ਉਮਰ (ਨਾਬਾਲਗ) ਵਿਚ ਹੀ ਲੁੱਟਾਂ-ਖੋਹਾਂ ਅਤੇ ਡਾਕੇ ਦੇ ਕੇਸ ਵਿਚ ਕੈਦ ਕੱਟਦਾ ਹੈ।

5. ਪਹਾੜੀ ਉਪਰੋਂ ਦਰਿਆ ਵਿਚ ਝੀਲ ਵਿਚ ਜਾ ਵੜਦਾ ਹੈ।

6. ਬਾਈਪੋਲਰ (ਮਨਜੀਤ) ਸੈਕਸ ਉਫੈਂਡਰ ਹੁੰਦਾ ਹੋਇਆ ਸੱਚਾਈ ਤੋਂ ਬੇਮੁੱਖ ਹੁੰਦਾ ਪਰਦਿਆਂ ਵਿਚ ਜੀਉਂਦਾ ਹੈ।

7. ਅੰਗ੍ਰੇਜ਼ੀ ਔਰਤ ਜਾਰਾ ਨਾਲ ਵਿਆਹ ਕਰਨ ਲਈ ਸਾਜ਼ਿਸ਼ਾਂ ਘੜਦਾ ਹੈ।

8. ਬਾਈਪੋਲਰ ਹਰ ਕੰਮ ਆਪਣੀ ਇੱਛਾ ਅਤੇ ਪਰਿਵਾਰ ਦੇ ਉਲਟ ਕਰਦਾ ਹੈ।

9. ਬਾਈਪੋਲਰ ਮਾਨਸਿਕ ਉਲਾਰ ਭਾਵ ਤਹਿਤ ਕਈ ਮਰਯਾਦਾਵਾਂ, ਨੇਮਾਂ ਅਤੇ ਪਰਵਾਸੀ ਸਮਾਜਕ-ਵਿਵਹਾਰ ਦੀ ਸੁਯੋਗ ਚੇਤੰਨਤਾ ਨਾ ਰੱਖਦਾ ਹੋਇਆ ਅਮਾਨਵੀ-ਉਲੰਘਣਾਂ ਕਰਦਾ ਹੈ।

10. ਬਾਈਪੋਲਰ ਨਸ਼ੈੜੀ, ਮਾਦਾ ਪ੍ਰਤੀ ਆਕ੍ਰਸ਼ਣ, ਜ਼ਿੱਦੀ ਅਤੇ ਵਿਸਫੋਟਕ-ਕਾਰਜਾਂ ਵਿਚ ਵਧੇਰੇ ਰੁਚਿਤ ਹੁੰਦਾ ਹੈ।

11. ਬਾਈਪੋਲਰ ਆਪਣੀ ਧੁੰਨ ਦਾ ਪੱਕਾ ਅਤੇ ਸਨਕੀ ਹੁੰਦਾ ਹੈ।

12. ਬਾਈਪੋਲਰ ਵਿਚ ਕਿਸੇ ਕਾਰਜ ਪ੍ਰਤੀ ਪੁਨਰੁਕਤੀ (Repitition) ਅਤਿ ਆਸਾਧਾਰਨ ਹੁੰਦੀ ਹੈ।

13. ਬਾਈਪੋਲਰ ਨੀਮ ਪਾਗ਼ਲ ਹੀ ਹੁੰਦਾ ਹੈ।

ਏਥੇ ਮੈਨੂੰ ਇਹ ਵੀ ਅਨੁਭਵ ਹੁੰਦਾ ਹੈਕਿ ਲੇਖਕ ਇਕ ਲੇਖਕ ਨਾ ਹੋ ਕੇ ਮਸੀਹੇ ਦਾ ‘ਰੋਲ ਮਾਡਲ’ ਬਣ ਕੇ ਵੀ ਪੇਸ਼ ਹੁੰਦਾ ਹੈਕਿ ਪੰਜਾਬੀ ਅਤੇ ਭਾਰਤਵਾਸੀ ਮਹਿਜ ਪਰਵਾਸ ਦੇ ਆਰਥਿਕ ਸਬਜ਼ਬਾਗਾਂ ਦੀ ਭਰਮ ਭਾਵੁਕਤਾ ਵਿਚ ਆਪਣੀਆਂ ਜੋਬਨਮੱਤੀਆਂ, ਖ਼ੂਬਸੂਰਤ ਪੜ੍ਹੀਆਂ ਲਿਖੀਆਂ ਧੀਆਂ ਦੇ ਵਿਆਹ-ਸੰਯੋਗਾਂ ਕਾਰਨ ਹੀ ਪਰਵਾਸ ਤੱਕ ਮਹਿਦੂਦ ਨਾ ਰਹਿਣ । ਭਾਵੁਕ ਫੈਸਲੇ ਕਰਕੇ ਆਪਣੀਆਂ ਧੀਆਂ ਨੂੰ ਪਰਵਾਸ (ਬਦੇਸ਼) ਵਿਚ ਬੰਦੀਵਾਨ ਬਣਾ ਕੇ ਉਨ੍ਹਾਂ ਨੂੰ ਸੰਤਾਪੇ ਅਤੇ ਤ੍ਰਾਸਦਿਕ ਜੀਵਨ ਤੋਂ ਸੁਰੱਖਿਅਤ ਵੀ ਕਰਨ । ਇਹ ਲੇਖਕ ਵੱਲੋਂ ਨਰੋਆ ਭਵਿੱਖਮੁਖੀ ਮਾਰਗ ਦਰਸ਼ਨ ਵੀ ਹੈਕਿਉਂਕਿ ਇਸਦਾ ਅਹਿਸਾਸ ਵੀ ਲੇਖਕ ਨੂੰ ਅਮਰੀਕਾ ਵਿਚ ਵਿਆਹੀ ਆਪਣੀ ਦਰਦ ਭੋਗਦੀ ਧੀ ਬਾਰੇ ਅਮਰੀਕਾ ਵਿਚ ਕਾਫੀ ਸਮਾਂ ਰਹਿਣ ਬਾਅਦ ਹੀ ਪਰਸਪਰ ਵਾਰਤਾਲਾਪ ਦੇ ਦਰਮਿਆਨ ਹੋਇਆ ।

‘ਬਾਈਪੋਲਰਾਂ ਦੇ ਦੇਸ਼’ ਵਿਚ ਡਾ. ਕੈਰੋਂ ਹਰ ਪੱਖ, ਵਿਸ਼ੇ, ਰੀਤੀ ਰਿਵਾਜ, ਕਾਨੂੰਨ, ਪਰਵਾਸੀ ਰਹਿਤਲ ਅਤੇ ਵਿਹਾਰ, ਸੱਭਿਆਚਾਰ ਦੇ ਵਿਭਿੰਨ ਪੱਖਾਂ ’ਤੇ ਦੀਰਘ ਰੌਸ਼ਨੀ ਪਾਉਂਦੀ ਹੈ। ਲੇਖਕ ਘੋਖਵੀਂ ਪਰ ਅਤਿ ਸੂਖ਼ਮ ਦ੍ਰਿਸ਼ਟੀ ਰੱਖਦਾ ਹੈ। ਨਰੋਈ ਖੋਜ ਅਤੇ ਸਿਹਤਮੰਦ ਚਿੰਤਨ ਵੀ । ਕੁਝ ਛੋਹਾਂ ਨਿਰਾਲੀਆਂ, ਅਦਭੁੱਤ ਅਤੇ ਅਲੌਕਾਰ ਹਨ ਜਿਵੇਂ ਕਿ ਲੇਖਕ ‘ਟਕੀਲਾ’ ਸ਼ਰਾਬ ਬਾਰੇ ਦੀਰਘ ਜਾਣਕਾਰੀ ਪ੍ਰਦਾਨ ਕਰਦਾ ਹੈ‘ਟਕੀਲਾ’ ਸ਼ਰਾਬ ਦੀ ਮਿਥ ਬਾਰੇ ਕਿ ‘ਟਕੀਲਾ’ ਅਗਾਵੀ ਦਾ ਫੁੱਲ ਹੁੰਦਾ ਹੈ। ਦਸ ਸਾਲ ਬਾਅਦ ਨਿਕਲਦਾ ਹੈਉਹ ਫੁੱਲ, ਉਸਨੂੰ ਵੱਢਣਾ ਵੀ ਔਖਾ ਹੈ ਮਸ਼ੈਟੀ ਨਾਲ ਵੱਢਦੇ ਹਨ । ਫਿਰ ਓਸਨੂੰ ਅੱਗ ਵਿਚ ਭੁੰਨਦੇ ਹਨ । ਉਸਦਾ ਅਰਕ ਕੱਢ ਕੇ ਫਿਰ ਫਰਮੰਟੇਸ਼ਨ ਕਰਦੇ ਹਨ । ਡਿਸਪਟਲ ਕਰਕੇ ਬਣਾਉਂਦੇ ਹਨ । ਟਕੀਲਾ ਕਈ ਕਿਸਮਾਂ ਦੀਆਂ ਹੁੰਦੀਆਂ ਹਨ : ਬਲੂਅ, ਅਗਾਵੀ, ਰਿਸਪਾਡੋ । ਇਨ੍ਹਾਂ ਦੀਆਂ ਬੋਤਲਾਂ ’ਤੇ ਨੰਬਰ ਲਾਏ ਹੁੰਦੇ ਹਨ । ਰਿਸਪਾਂਡ ਕਲੀਅਰ ਹੁੰਦੀ ਹੈ। ਜੇ ਰੰਗਦਾਰ ਹੋਵੇ ਤਾਂ ਸਮਝੋ ਕਿ ਏਜ਼ ਕੀਤੀ ਹੈ ਇਸਦੇ ’ਚ ਕੁੜੱਤਣ ਨਹੀਂ ਹੁੰਦੀ । ਇਸਨੂੰ ‘ਸ਼ਾਟ’ ਨਾਲ ਪੀਂਦੇ ਹਨ । ਟਕੀਲਾ ਦਾ ਸ਼ਾਟ ਲੂਣ ਅਤੇ ਲੈਮਨ ਨਾਲ ਲਾਉਂਦੇ ਹਨ, ਉਹ ਸਮਝਦੇ ਨੇ ਕਿ ਇਹ ਸਾਡੇ ਦੇਵਤੇ ਹਨ । ਨੌਂ ਹਜ਼ਾਰ ਸਾਲ ਪਹਿਲਾਂ ਬਣਾਈ ਸੀ ।’ (ਪੰਨਾ 10) (ਏਥੇ ਡਾ. ਕੈਰੋਂ ਦੇ ਅਵੱਲੇ, ਨਿਰਾਲੇ, ਬਲੌਰੀ ਪਰਤੌ ਅਤੇ ਅਨੂਠੇ, ਔਖੇ, ਮਹਿੰਗੇ ਸ਼ੌਂਕਾਂ ਦੀ ਮਾਨਸਿਕਤਾ ਵੀ ਹੈ। ਇਹੋ ਜਿਹੀ ਰੂਹਦਾਰੀ ਹੁੰਦਿਆਂ ਹੋਇਆਂ ਵੀ ਉਹ ਅੰਤਰੀਵ ਤੌਰ ’ਤੇ ਬੇਹੱਦ ਕੋਮਲ, ਖ਼ਿਮਾਸ਼ੀਲ ਅਤੇ ਦਰਵੇਸ਼ ਹੋ ਨਿਬੜਦਾ ਹੈ।)

ਡਾ. ਕੈਰੋਂ ‘ਗਰਿਜ਼ਲੀ ਬੀਅਰ’ ਦੀ ਵੀ ਗੱਲ ਕਰਦਾ ਹੈ। ਮਨਜੀਤ ਨਾਲ ਆਪਣੀ ਬਾਰ ਵਿਚ ਪੂਲ ਖੇਡਦਾ ।’ (ਪੰਨਾ 10) ਬਾਰ ਵਿਚ ਸਾਢੇ ਛੇ ਫੁੱਟ ਚੌੜਾ ਅਤੇ ਵੀਹ ਫੁੱਟ ਲੰਮਾ ਇਹ ਟੇਬਲ ਕਿਸੇ ਵੱਡੇ ਰੁੱਖ ਦੇ ਤਣੇ ਨੂੰ ਚੀਰ ਕੇ ਬਣਾਇਆ ਗਿਆ ਸੀ । ਇਸਨੂੰ ਵੇਖ ਕੇ ਹੈਰਾਨੀ ਹੁੰਦੀ ਕਿ ਇਸਨੂੰ ਇਥੇ ਲਿਆਂਦਾ ਕਿਵੇਂ ਗਿਆ ਹੋਵੇਗਾ ਅਤੇ ਇਸਨੂੰ ਅੰਦਰ ਕਿਵੇਂ ਲਿਆਂਦਾ ਗਿਆ ਹੋਵੇਗਾ ।’ (ਪੰਨਾ 11) (ਡਾ. ਕੈਰੋਂ ਦਾ ਅਤਿ ਸੂਖ਼ਸ਼ਮ, ਪਾਰਦਰਸ਼ੀ ਪਰ ਸ਼ਕਤੀਸ਼ਾਲੀ ਮੁਸ਼ਾਹਿਦਾ ?ਥਅਦਗਵਲਤਖਰਥਠ! ।

ਲੇਖਕ ਦੀ ਖੋਜਾਤਮਕ ਰੁਚੀ ਅਤੇ ਸ਼੍ਰੇਸਠ ਬੌਧਿਕ ਚਿੰਤਨ ਅਤੇ ਹਰ ਬਾਰੀਕ ਛੋਹ ਦਾ

ਸਪਰਸ਼ ਅਨੁਭਵ ਕਰਨਾ ਲੇਖਕ ਦੇ ਤਰਕ ਅਤੇ ਨਿੱਜੀ ਵਿਕੋਲਿੱਤਰੇ ਪਰ ਚੁਣੌਤੀ ਭਰਪੂਰ ਸ਼ੋਕਾਂ ਵੱਲ ਵੀ ਇਸ਼ਾਰਾ ਹੈ। ਭਾਵੇਂ ਲੇਖਕ ਬੇਹੱਦ ਪੜ੍ਹਿਆ-ਲਿਖਿਆ, ਚੱਕਰਵਰਤੀ ਅਤੇ ਅਥਾਹ ਗਿਆਨ ਦਾ ਭੰਡਾਰ ਹੈ ਸਮਰੱਥਾਵਾਨ ਵੀ ਪਰ ਹਰ ਅਦਭੁੱਤ ਅਤੇ ਨਵੀਆਂ ਚੀਜ਼ਾਂ ਪ੍ਰਤੀ ਪ੍ਰਬਲ-ਉਤਸੁਕਤਾ, ਦਿਲਚਸਪੀ, ਲਗਾਵ ਅਤੇ ਸ਼ਰਧਾ ਪੁਖ਼ਤਾ ਹੁੰਦਿਆਂ ਵੀ ਇਕ ਸੁਹਿਰਦ ਅਤੇ ਈਮਾਨਦਾਰ ਸਿੱਖਿਆਰਥੀ ਹੋਣ ਦੀ ਨਿਰਮਾਣਤਾ ਅਤੇ ਸਬਰ-ਸੰਤੋਖ ਦੀ ਸੰਕੇਤਿਕ ਹੁੰਦਾ ਹੈ। ਡਾ. ਕੈਰੋਂ ਦੀ ਇਸ ਰੁਚੀ ਦਾ ਮੈਂ ਬੇਹੱਦ ਸਤਿਕਾਰ ਕਰਦਾ ਆਪਣੀ ਆਂਤਰਿਕ-ਸ਼ਰਧਾ ਤੋਂ ਬੇਹੱਦ ਕਾਇਲ ਵੀ ਹਾਂ । ਸ. ਕੈਰੋਂ ਲਿਖਣ, ਸ਼ੈਲੀ ਵਿਚ ਆਪਣੇ ਸਮਕਾਲੀ ਗਲਪਕਾਰਾਂ ਤੋਂ ਅਸਲੋਂ ਵੱਖਰਾ ਹੈ।

ਲੇਖਕ ਦੁਨੀਆਂ ਦੀ ਸਭ ਤੋਂ ਮਹਿੰਗੀ ਮੱਛੀ ਅਬਲੋਨੀ ਦੀ ਵੀ ਗੱਲ ਕਰਦਾ ਹੈ'ਇਹ ਬੜੀ ਰੇਅਰ ਕਿਸਮ ਦੀ ਮੱਛੀ ਹੈ ਜਿਹੜੀ ਦੋ-ਤਿੰਨ ਸੌ ਡਾਲਰ ਦੀ ਇਕ ਪੌਂਡ 'ਚ ਮਿਲਦੀ ਹੈ ਯਾਨੀ ਤਕਰੀਬਨ ਪੰਦਰਾਂ ਹਜ਼ਾਰ ਰੁਪਇਆ ।' (ਪੰਨਾ 16) ਸੁਰਜੀਤ ਨੇ ਮੱਛੀ ਫੜਨ ਦੀ ਕਹਾਣੀ ਵੀ ਸੁਣਾਈ, 'ਜੇਕਰ ਲੇਟ ਹੋ ਜਾਈਏ ਤਾਂ ਅੱਗੇ ਜਾਇਆ ਨਹੀਂ ਜਾਂਦਾ । ਫਿਰ ਸਮੁੰਦਰ ਵਿਚ ਚੁੱਭੀ ਮਾਰ ਕੇ ਇਕ ਖ਼ਾਸ ਕਿਸਮ ਦੀ ਛੈਣੀ ਨਾਲ ਉਸ ਮੱਛੀ ਨੂੰ ਪੱਥਰਾਂ ਨਾਲੋਂ ਲਾਹਿਆ ਜਾਂਦਾ ਹੈ। ਤੁਸੀਂ ਤਿੰਨ ਮੱਛੀਆਂ ਤੋਂ ਵੱਧ ਨਹੀਂ ਲਿਆ ਸਕਦੇ । ਉਹ ਮੱਛੀਆਂ ਭਾਵੇਂ ਛੋਟੀਆਂ ਹੋਣ ਜਾਂ ਵੱਡੀਆਂ । ਇਹ ਤੁਹਾਡੀ ਕਿਸਮਤ । ਪਰ ਇਕ ਖ਼ਾਸ ਮਾਪ ਤੋਂ ਛੋਟੀ ਮੱਛੀ ਤੁਸੀਂ ਨਹੀਂ ਫੜ ਸਕਦੇ । ਜੇਕਰ ਕੁਝ ਇੰਚ ਛੋਟੀ ਵੀ ਹੋਵੇ ਤਾਂ ਉਸਨੂੰ ਦੁਬਾਰਾ ਓਥੇ ਹੀ ਜਾ ਕੇ ਲਗਾਉਣਾ ਪੈਂਦਾ ਹੈ ਜਿਥੋਂ ਤੁਸੀਂ ਇਹ ਲਾਹੀ ਹੁੰਦੀ ਹੈ।' (ਪੰਨੇ 16, 17) ਮਹਿਸੂਸ ਹੁੰਦਾ ਹੈਕਿ ਹਰ ਦੇਸ਼ ਦੇ ਆਪਣੇ ਸਖ਼ਤ ਕਾਇਦੇ ਕਾਨੂੰਨ ਹੁੰਦੇ ਹਨ । ਅਬਲੋਨੀ ਮੱਛੀ ਦੁਨੀਆਂ ਦੀ ਸਭ ਤੋਂ ਮਹਿੰਗੀ ਮੱਛੀ ਹੈ। ਇਸਨੂੰ ਪ੍ਰਾਪਤ ਕਰਨ ਲਈ ਕਿੰਨਾ ਜ਼ੋਖ਼ਮ ਉਠਾਉਣਾ ਪੈਂਦਾ ਹੈ। ਇਹ ਵੀ ਮਹਿਸੂਸ ਹੁੰਦਾ ਹੈਕਿ ਪਰਵਾਸ ਨਾਲ ਸੰਬੰਧਤ ਸੰਕਟਮਈ ਅਵਸਥਾਵਾਂ ਦਾ ਵਰਣਨ ਕਿੰਨਾ ਵਚਿੱਤਰ ਅਤੇ ਵਿਸ਼ਾਲ ਹੈ। ਇਹ ਲੇਖਕ ਦੀ ਪੰਜਾਬ ਤੋਂ ਅੱਗੇ ਅੰਤਰ-ਰਾਸ਼ਟਰੀ ਵਿਲੱਖਣ ਸੋਝੀ ਦਾ ਪਰਵਾਸੀ ਸਮਾਜਕ ਪ੍ਰਤੱਖਣ ਹੈ। ਲੇਖਕ ਅਤਿ ਜ਼ਹੀਨ ਅਤੇ ਵਿਰਾਟ-ਵਿਸ਼ਾਲਤਾ ਦਾ ਗਲੋਬ ਹੈ।

ਨਿਰਸੰਦੇਹ ਕਿਹਾ ਜਾ ਸਕਦਾ ਹੈਕਿ ਡਾ. ਕੈਰੋਂ ਅਤਿ ਕੋਮਲਭਾਵੀ, ਬਾਰੀਕ-ਪਾਰਦਰਸ਼ੀ ਅਤੇ ਵਸ਼ਿਸ਼ਟ ਵਿਦਵਾਨ ਹੁੰਦਾ ਹੋਇਆ ਵੀ ਅਦਭੁੱਤ, ਦੁਰਲੱਭ ਵਸਤਾਂ/ਜੀਵਾਂ ਪ੍ਰਤੀ ਗਹਿਨ ਭਾਵਨਾਤਮਿਕ-ਅਨੁਭੂਤੀ ਰੱਖਦਾ ਹੈ। ਹਰ ਚੁਣੌਤੀ ਭਰੇ ਕੰਮ ਨੂੰ ਵੀ ਕਿਸੇ ਖ਼ਤਰੇ ਤੋਂ ਬੇਪ੍ਰਵਾਹ ਜਾਨਣ ਦਾ ਸਿਰਲੱਥ ਪਰ ਸੁਚੇਤ ਅਭਿਲਾਸ਼ੀ ਹੈ। ਸੱਭਿਆਚਾਰਕ-ਪਹਿਚਾਣ ਵਾਲੇ ਜੀਊੜੇ ਅਨੂਠੇ ਜਮਾਜ ਅਤੇ ਜਲਾਲ ਵਾਲੇ ਹੁੰਦੇ ਹਨ । ਲੇਖਕ ਦਾ ਇਸ ਸ਼੍ਰੇਣੀ ਵਿਚ ਦਰਜਾ ਅੱਵਲ ਮਹਿਸੂਸ ਹੁੰਦਾ ਹੈ। ਡਾ. ਕੈਰੋਂ ਦੀ ਸੁਰਤੀ ਬੇਹੱਦ ਪੱਕੀ, ਰਸੀ ਹੋਈ ਵਿਆਪਕ ਪਾਸਾਰ ਨਾਲ ਸੁਰੀਲੀ/ਮਿਠਾਸ ਹੈ।

ਅਨੁਮਾਨ ਲਗਾਇਆ ਜਾ ਸਕਦਾ ਹੈਕਿ ਨਕਸ਼ੇ 'ਤੇ ਜਿਹੜੇ ਮੁਲਕ ਉੱਨਤੀ ਦੇ ਰਾਹ ਅਤੇ ਵਿਕਾਸ 'ਤੇ ਹਨ, ਉਨ੍ਹਾਂ ਦਾ ਇਕ ਵਿਸ਼ੇਸ਼ ਕਾਰਨ ਨਿਰੰਤਰ ਅਣਥੱਕ ਮਿਹਨਤ, ਨਿਯਮਬੱਧਤਾ, ਵਚਨਬੱਧਤਾ, ਚੁਣੌਤੀਆਂ ਅਤੇ ਪ੍ਰਾਕ੍ਰਿਤਕ ਖ਼ਤਰਿਆਂ ਨੂੰ ਆਤਮ-ਵਿਸ਼ਵਾਸ ਅਤੇ ਅਡੋਲ ਮਨ ਨਾਲ ਜਿੱਤਣਾ ਬਿਨਾ ਕਿਸੇ ਖ਼ਤਰੇ ਦੇ ਭਾਵੇਂ ਉਹ ਜਾਨਲੇਵਾ ਸਾਬਿਤ ਹੋਵੇ । ਪਰਦੇਸੀ ਸਖ਼ਤ ਮਿਹਨਤ ਨੂੰ ਪਹਿਨ ਦੇਂਦੇ ਹਨ ।

ਸਾਹਸ ਅਤੇ ਬਹਾਦਰੀ ਜਿੱਤ ਹੈ। ਵਿਲਾਸਤਾ ਅਤੇ ਨਿਕੰਮਾਪਣ, ਪਤਨ । ਗਿਰਾਵਟ ਵੀ । ਅਜਿਹੀਆਂ ਦੁਰੇਡੀਆਂ ਸੈਰਾਂ/ਸਰੋਕਾਰ ਵੀ ਕੋਈ ਬਲਵਾਨ ਦਿਲ ਵਾਲਾ ਅਤੇ ਬਲਵਾਨ



ਮਨ ਵਾਲਾ ਹੀ ਕਰ ਸਕਦਾ ਹੈ। ਕੁਦਰਤ ਦੇ ਅਲੌਕਿਕ ਅਤੇ ਹੈਰਾਨੀ ਵਿਚ ਪਾ ਦੇਣ ਵਾਲੇ ਸਾਕਾਰ ਜੀਵ/ਦ੍ਰਿਸ਼ਾਂ ਨੂੰ ਨੇੜਿਓਂ ਹੋ ਕੇ ਮਾਨਣਾ ਵੀ ਦੈਵੀ ਰਹਿਮਤ ਹੈ। ਸਾਰੇ ਮੋਹ ਪਾਸਾਰਾਂ ਅਤੇ ਜੁੜਵੇਂਪਣ (Attachment) ਤੋਂ ਅਮਲੀ ਤਿਆਗ ਅਤੇ ਸਮਰਪਣ ਨਾਲ ਹੀ ਕੁਦਰਤ ਦੇ ਇਸ ਰਹੱਸ/ਰਾਜ਼ ਨੂੰ ਮਾਨਣ ਦਾ ਹੀ ਕੋਈ ਅਧਿਕਾਰੀ ਹੋ ਸਕਦਾ ਹੈ। ਨਿਰਸੰਦੇਹ ਲੇਖਕ ਪਰਾਕਰਮੀ ਅਤੇ ਵਿਸ਼ੇਸ਼ ਜੁਗਤੀ ਹੈ(ਹਾਲਾਂਕਿ ਨੇੜਿਉਂ ਵੇਖਿਆਂ ਡਾ. ਕੈਰੋਂ ਸਾਹਿਬ ਨੂੰ ਮੈਂ ਅਤੀ ਕੋਮਲ, ਸੂਖ਼ਸ਼ਾਮਭਾਵੀ ਅਤੇ ਸੰਵੇਦਨਾ ਦੇ ਅਤਿ ਹੱਸਾਸ ਪਲਾਂ ਵਿਚ ਵੀ ਵੇਖਿਆ ਹੈ। ਅਜਿਹੀ ਉਤਕ੍ਰਿਸ਼ਠਤਾ ਵਾਲੇ ਸਾਧਕ ਅਤੇ ਸਮਰਪਤ ਜੀਊੜੇ ਸਦੀਆਂ ਸਦੀਆਂ ਬਾਅਦ ਪੈਦਾ ਹੁੰਦੇ ਹਨ) ਅਜਿਹਾ ਮੇਰਾ ਕਾਮਿਲ ਅਤੇ ਮਾਕੂਲ ਵਿਸ਼ਵਾਸ ਹੈ।

ਜਦੋਂ ਹੌਂਸਲੇ ਬੁਲੰਦ ਹੋਣ । ਸੋਚ ਉਚੇਰੀ ਅਤੇ ਵਡੇਰੀ ਹੋਵੇ ਤਾਂ ਵਿਰੋਧੀ ਅਵਸਥਾਵਾਂ ਅਤੇ ਬਲਦੇ ਸੰਘਰਸ਼ਾਂ ਵਿਚ ਉਚੇਰੇ ਆਦਰਸ਼ ਹੋਣਾਂ ਕੋਈ ਆਪੱਤੀ ਖ਼ੁਦ-ਬਖ਼ੁਦ ਪਿੱਛੇ ਹੱਟ ਜਾਂਦੀ ਹੈ। ਸੰਕਲਪ-ਬਲ ਦਾ ਸਾਹਸੀ-ਮਨ ਹੋਣੀਆਂ ਨੂੰ ਘੂਰਦਾ ਜਿੱਤ ਦ ਪਰਚਮ ਉਨ੍ਹਾਂ ਅਦ੍ਰਿਸ਼ਟ ਚੋਟੀਆਂ 'ਤੇ ਲਹਿਰਾਉਣ ਵਿਚ ਕਾਮਯਾਬ ਹੁੰਦਾ ਹੈਜੋ ਜਣੇ ਖਣੇ ਦੇ ਹਿੱਸੇ ਨਹੀਂ ਆਉਂਦਾ । ਇਸੇ ਲਈ ਡਾ. ਕੈਰੋਂ ਮੁਨੱਵਰ ਅਤੇ ਮੁਕੱਦਸ ਸੁਖ਼ਨਵਰ ਹੈ। ਅਜਿਹੀ ਮੇਰੀ ਆਸਥਾ ਹੈ। ਅਤਿ ਮਿਹਨਤੀ, ਸਿਰੜੀ ਅਤੇ ਸੱਚਾ ਸੁੱਚਾ । ਗਹਿਰੀ ਤੇ ਨਾਯਾਬ ਜਾਣਕਾਰੀ ਦੇਣ ਵਿਚ ਉਹ ਮੋਹਰੀ ਲੇਖਕ ਹੈ।

ਮੈਨੂੰ ਇਹ ਵੀ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਭਾਵੇਂ ਡਾ. ਕੈਰੋਂ ਸਰਬਾਂਗੀ (versatile) ਸਾਹਿਤਕਾਰ ਹੈਪਰ ਉਸਨੂੰ 'ਸਾਹਿਤਕ ਨਾਇਕ' ਕਹਿਣ ਵਿਚ ਵੀ ਮੈਂ ਸੁਖਦ ਅਨੁਭਵ ਕਰਦਾ ਹਾਂ ।

ਬੁੱਢਾ ਜਗਤ ਸਿੰਘ ਕਾਫੀ ਦੇਰ ਤੋਂ ਅਮਰੀਕਾ ਵਿਚ ਵੱਸਿਆ ਹੋਇਆ ਹੈ। ਜਗਤ ਸਿੰਘ ਗ਼ੁਲਾਮ ਮਾਨਸਿਕਤਾ, ਰੂੜ੍ਹੀਵਾਦੀ ਸੋਚ ਅਤੇ ਸੱਭਿਆਚਾਰਕ ਖਲਾਅ ਨੂੰ ਭੋਗਦਾ ਆਪਣੇ ਪੋਤਰੇ ਮਨਜੀਤ ਸਿੰਘ ਨੂੰ ਸਾਰੀਆਂ ਸਮਾਜਕ ਖੁੱਲ੍ਹਾਂ (ਅਮਰੀਕਾ) ਮਾਨਣ ਦੀ ਆਜ਼ਾਦੀ ਦੇਂਦਾ ਹੈ। ਪੋਤ ਨੂੰਹ ਅਮਨਪ੍ਰੀਤ ਜਿਵੇਂ ਜਗਤ ਸਿੰਘ ਆਪਣੀ ਪਤਨੀ ਨੂੰ ਜ਼ਹਿਨੀ ਗ਼ੁਲਾਮੀ ਵਾਂਗ ਜੀਊਣ 'ਤੇ ਮਜਬੂਰ ਕਰਦਾ ਹੈਕਿ ਉਹ ਗ਼ੁਲਾਮੀ ਭੋਗਦੀ ਜਗਤ ਸਿੰਘ ਦੀ ਹੁਕਮ-ਤਾਬਿਆ ਵਿਚ ਵੀ ਰਹੇ । ਇਵੇਂ ਹੀ ਅਮਨਪ੍ਰੀਤ ਜੋ ਬਹੁਤ ਪੜ੍ਹੀ-ਲਿਖੀ ਹੈਉਹ ਮਨਜੀਤ ਦੀ ਗ਼ੁਲਾਮ ਹੋ ਕੇ ਰਹੇ ਪਰ ਅਮਨਪ੍ਰੀਤ ਜ਼ਹੀਨ ਬੁੱਧੀ ਦੀ ਮਾਲਿਕ ਹੈ ਹਰ ਚੁਣੌਤੀ ਦਾ ਸਾਹਮਣਾ ਉਹ ਡੱਟ ਕੇ ਕਰਨ ਦੇ ਸਮਰੱਥ ਹੈ।

ਮਨਜੀਤ ਸਿੰਘ ਅਤੇ ਅਮਨਪ੍ਰੀਤ ਨਾਵਲ ਵਿਚ ਸਥਿਰ ਪਾਤਰ ਹਨ । ਜਗਤ ਸਿੰਘ, ਸਤਨਾਮ ਸਿੰਘ, ਹਰਨਾਮ ਸਿੰਘ, ਪ੍ਰਤਾਪ ਸਿੰਘ, ਖ਼ਾਲਸਾ ਸਿੰਘ, -ਕੀਰ ਸਿੰਘ, ਡੇਵਿਡ, ਹੈਰੀ, ਐਂਡਰੀਊ ਮਾਰਕ ਆਦਿ ਅਸਥਿਰ ਪਾਤਰ ਹਨ । ਭਾਵੇਂ ਧੀ ਅਮਨਪ੍ਰੀਤ ਕਰਕੇ ਪਰਵਾਸ ਦੀ ਜਿੱਲਤ ਭਰੀ ਮਾਨਸਿਕਤਾ ਫਕੀਰ ਸਿੰਘ ਹੰਢਾਉਂਦਾ ਹੈ। ਇਹ ਫਕੀਰ ਸਿੰਘ ਦੀ ਬੇਵਸੀ ਹੈ। ਉਸਨੂੰ ਅਮਰੀਕਾ ਪਹੁੰਚਣ 'ਤ ਹੀ ਪਤਾ ਲੱਗਦਾ ਹੈਕਿ ਮਨਜੀਤ ਸਿੰਘ ਵੀ ਬਾਈਪੋਲਰ ਹੈ। ਪਰ ਨਾਵਲ ਦੇ ਆਦਿ ਤੋਂ ਅੰਤ ਤੱਕ -ਕੀਰ ਸਿੰਘ ਕਿਸੇ ਨਾ ਕਿਸੇ ਰੂਪ ਵਿਚ ਸਮੂਹ ਪਾਤਰਾਂ ਵਿਚ ਹਾਜ਼ਰ ਰਹਿੰਦਾ ਹੈ। ਫਕੀਰ ਸਿੰਘ ਮਨਜੀਤ ਸਿੰਘ ਦੇ ਗੁਣਾਂ, ਸਿਹਤ, ਵਿੱਦਿਆ ਦਾ ਕਾਇਲ ਵੀ ਹੈ। ਫਕੀਰ ਸਿੰਘ ਸੰਜਮ ਨਹੀਂ ਤੋੜਦਾ ।

ਫਕੀਰ ਸਿੰਘ ਬਹੁਤ ਪੜ੍ਹਿਆ-ਲਿਖਿਆ ਅਗਾਂਹਵਧੂ ਅਤੇ ਸੋਚਸ਼ੀਲ ਹੈ। ਉਹ ਆਪਣੇ ਦੇਸ਼ ਵਿਚ ਇਕ ਪ੍ਰਤੀਸ਼ਠਤ ਵਿਅਕਤੀ ਅਤੇ ਸਮਾਜ ਵਿਚ ਉਭਰਵੇਂ ਮਾਨ-ਸਨਮਾਨ ਵਾਲਾ ਗੌਰਵਮਈ ਕਿਰਦਾਰ ਹੈ ਪਰ ਨਾਵਲ ਵਿਚ ਵਿਭਿੰਨ ਪਸਾਰਾਂ ਤੇ ਉਹ ਦੇਸ਼ ਦੀਆਂ ਯਾਦਾਂ ਵਿਚ

ਘਿਰਿਆ ਪੀੜਤ ਮਾਨਸਿਕਤਾ ਅਤੇ ਸਵੈਵਿਰੋਧੀ ਹਾਲਤਾਂ, ਸੱਭਿਆਚਾਰਕ-ਵਖਰੇਵੇਂ ਅਤੇ ਅਮਰੀਕਨ ਉਤਸਵਾਂ ਕਾਰਨ ਦੀਰਘ ਤੌਰ 'ਤੇ ਉਪਰਾਮ ਵੀ ਹੈ।ਮਸਲਨ 'ਗਲੋਵਿਨ ਡੇ' ਮੁਖੌਟਾਧਾਰੀ ਉਤਸਵ ਹੈ। 'ਥੈਂਕਸ ਗਿਵਿੰਗ ਡੇ' :ਜਦੋਂ ਗੋਰੇ ਲੋਕ ਪਹਿਲਾਂ ਪਹਿਲਾਂ ਇਸ ਧਰਤੀ 'ਤੇ ਆਏ ਤੇ ਉਨ੍ਹਾਂ ਨੂੰ ਨਾ ਤਾਂ ਖੇਤੀਬਾੜੀ ਬਾਰੇ ਕੋਈ ਗੂਹੜ ਜਾਣਕਾਰੀ ਸੀ ਨਾ ਹੀ ਖਾਣਾ ਬਣਾਉਣ ਦੀ ਕੋਈ ਸੋਝੀ, ਮਰਨ ਵਾਲੀ ਹਾਲਤ ਵਿਚ ਉਨ੍ਹਾਂ ਨੇ ਰੈੱਡ ਇੰਡੀਅਨਜ਼ ਦੀ ਸ਼ਰਨ ਲਈ, ਜਿਨ੍ਹਾਂ ਨੇ ਗੋਰਿਆਂ ਨੂੰ ਖਾਣ-ਪੀਣ ਦੀਆਂ ਚੀਜ਼ਾਂ ਦਾ ਢੰਗ ਤਰੀਕਾ ਦੱਸਿਆ ।ਮੱਕੀ ਦੀ ਖੇਤੀ ਕਰਨੀ ਵੀ ਸਿਖਾਈ । ਗੋਰਿਆਂ ਨੇ ਮੱਕੀ ਦੀ ਭਰਪੂਰ -ਸਲ ਹੋਣ 'ਤੇ ਉਸ ਸਾਲ ਲੋਕਾਂ ਦੇ ਧੰਨਵਾਦ ਵਿਚ 'ਥੈਂਕਸ ਗਿਵਿੰਗ ਡੇ' ਦਾ ਦਿਨ ਮਨਾਇਆ । 'ਕ੍ਰਿਸਮਸ ਡੇ' ਜੋ ਪ੍ਰਚੱਲਤ ਮਹਾਨ ਉਤਸਵ ਹੈਪ੍ਰਭੂ ਯਿਸ਼ੂ ਦੀ ਯਾਦ ਵਿਚ ਮਨਾਇਆ ਜਾਂਦਾ ਹੈ। (ਇਤਿਹਾਸਕ ਸੱਚ ਹੈਕਿ ਇਹ ਉਤਸਵ ਬਾਦਸ਼ਾਹ ਕ੍ਰਿਸਟਿਸਟਾਈਨ ਦੀ ਯਾਦ ਵਿਚ ਮਨਾਇਆ ਜਾਂਦਾ ਸੀ । ਪ੍ਰਭੂ ਯਿਸ਼ੂ ਨੂੰ ਸੂਲੀ 'ਤੇ ਟੰਗਣ ਨਾਲ ਇਕ ਵੇਸ਼ਵਾ ਸੂਲੀ 'ਤੇ ਟੰਗਿਆ ਸੀ । ਪ੍ਰਭੂ ਯਿਸ਼ੂ ਦੀ ਮ੍ਰਿਤਕ ਦੇਹ ਸੂਲੀ ਤੋਂ ਇਕ ਵੇਸ਼ਵਾ ਨੇ ਉਤਾਰੀ ਸੀ ।

ਇਕ ਗੱਲ ਹੋਰ ਜੋ ਪੱਛਮੀ ਦੇਸ਼ਾਂ ਵਿਚ ਹੀ ਪਾਈ ਜਾਂਦੀ ਹੈ। ਏਸ਼ੀਆਈ ਲੋਕਾਂ ਵਿਚ ਨਹੀਂ ਕਿ ਜੇ ਕੋਈ ਵਿਅਕਤੀ ਬੀਮਾਰ ਪੈ ਜਾਏ ਤਾਂ ਉਸਦੀ ਇੰਸ਼ੋਰੈਂਸ ਬੁਨਿਆਦੀ ਅਤੇ ਜ਼ਰੂਰੀ ਹੈ। ਇੰਸ਼ੋਰੈਂਸ ਦੇ ਆਧਾਰ 'ਤੇ ਹੀ ਬੀਮਾਰ ਵਿਅਕਤੀ ਨੂੰ ਇਲਾਜ ਦੀ ਸੁਵਿਧਾ ਮਿਲ ਸਕੇਗੀ ।ਅਮਰੀਕਾ ਵਿਚ ਇਲਾਜ ਅਤੇ ਦਵਾਈਆਂ ਅਤਿ ਮਹਿੰਗੀਆਂ ਹਨ । ਇਕ ਵਾਰ ਜੇ ਕੋਈ ਵਿਅਕਤੀ ਇਸ ਇਲਾਜ (ਅਮਰੀਕਨ) ਵਿਚ ਫਸ ਜਾਏ ਤਾਂ ਉਹ ਆਪਣੀ ਪੂਰੀ ਜਾਇਦਾਦ ਤੋਂ ਹੱਥ ਧੋ ਸਕਦਾ ਹੈਅਤੇ ਦੀਵਾਲੀਆ ਵੀ ਹੋ ਸਕਦਾ ਹੈ।

ਅਮਰੀਕਨ ਮੈਡੀਕਲ ਨਿਯਮ ਅਤੇ ਹੋਰ ਬਹੁਤ ਨਿਯਮ ਅਤਿ ਕਠੋਰ ਹਨ ।ਅਮਰੀਕਨ ਵੀ ਆਪਣੇ ਪਰਸਪਰ ਅਤੇ ਸਮਾਜਿਕ ਵਿਵਹਾਰ ਵਿਚ ਵੀ ਕਠੋਰ ਪਾਏ ਜਾਂਦੇ ਹਨ ।

ਕੀਰ ਸਿੰਘ ਦੇ ਕਿਰਦਾਰ ਤੋਂ ਅਨੁਭਵ ਹੁੰਦਾ ਹੈਕਿ ਉਹ ਸਾਰੀ ਉਮਰ ਆਪਣੇ ਮਨ ਵਾਂਗ ਜੀਵਿਆ ਸੀ ਪਰ ਇਥੇ ਤਾਂ ਇਕ ਕ-ਸ/ਕਾਰਾਵਾਸ ਹੈ। ਬਹੁਤ ਥਾਈਂ ਫਕੀਰ ਸਿੰਘ ਅਤੀ ਕੁੰਠਿਤ ਅਤੇ ਤਣਾਉਗ੍ਰਸਤ ਹੁੰਦਾ ਹੈ। ਉਸਦੇ ਮਾਨਸਿਕ ਅਤੇ ਚਿੰਤਨ ਦੇ ਹਾਣ ਦਾ ਕੋਈ ਵੀ ਘੁਲਾਟੀਆ ਨਹੀਂ । ਹਾਂ ਫਕੀਰ ਸਿੰਘ ਦੀ ਧੀ ਅਮਨਪ੍ਰੀਤ ਸੰਵੇਦਨਸ਼ੀਲ ਤੋਂ ਇਲਾਵਾ ਚੇਤੰਨ ਅਤੇ ਬੋਧਸ਼ੀਲ ਹੈ ਜੋ ਥੋੜ੍ਹੇ ਸਾਲਾਂ ਵਿਚ ਹੀ ਆਪਣੀ ਤੀਖਣ ਬੁੱਧੀ ਅਤੇ ਨਰੋਈ ਯਾਦ ਸ਼ਕਤੀ ਅਤੇ ਤਰਕ, ਵਾਕ ਸ਼ਕਤੀ ਕਾਰਨ ਅਮਰੀਕਾ ਦੇ ਸਮਾਜ ਸ਼ਾਸਤਰ, ਆਰਥਕ ਪ੍ਰਬੰਧ, ਧਾਰਮਿਕ ਸਰੋਕਾਰਾਂ ਅਤੇ ਸੱਤਾ ਪ੍ਰਬੰਧਾਂ ਤੋਂ ਕਾਫੀ ਜਾਣੂੰ ਹੈ। ਇਸੇ ਲਈ ਉਹ ਬਾਰ-ਬਾਰ ਆਪਣੇ ਪਿਤਾ (ਫਕੀਰ ਸਿੰਘ) ਨੂੰ ਸਿਹਤ ਪੱਖੋਂ ਸੁਚੇਤ ਕਰਦੀ ਹੈ। ਧੀ ਦਾ ਆਂਦਰਾਂਮਈ ਮੋਹ, ਖ਼ੂਨ ਦਾ ਰਿਸ਼ਤਾ ਲੇਖਕ ਲਈ ਪੈਤਰੀ ਮੋਹ (Paternal affection) ਦਾ ਬੰਧਨ ਮੁ-ਲਿਸੀ ਜ਼ਰੂਰ ਹੈਪਰ ਫਕੀਰ ਸਿੰਘ ਭਾਵਾਤਮਿਕ ਤੌਰ 'ਤੇ ਮਾਯੂਸ ਵੀ ਹੁੰਦਾ ਹੈ। ਉਸਨੂੰ ਆਪਣੇ ਦੇਸ਼ ਦਾ ਝੂ-ਹੇਰਵਾ (Nostalgia) ਅਤੇ ਯਾਦਾਂ (ਕੋਸੀਆਂ) ਵੀ ਦਸਤਕ ਦੇਂਦੀਆਂ ਹਨ ਪਰ ਅਮਰੀਕਾ ਦੇ ਸੱਭਿਆਚਾਰਕ-ਪਰਿਪੇਖਾਂ, ਸਮਾਜਕ ਰਹਿਤਲ, ਤਿਉਹਾਰਾਂ, ਵਿਵਹਾਰਾਂ, ਪਾਠਕਾਂ, ਅਜਾਇਬ ਘਰਾਂ, ਅਦਿੱਖ-ਸੜਕਾਂ, ਬ੍ਰਿਛ ਬੂਟੇ, ਫਲਦਾਰ ਬੂਟੇ, ਫੁੱਲਾਂ, ਅਜਾਇਬ ਘਰਾਂ, ਖੇਤੀਬਾੜੀ ਦੇ ਵਿਗਿਆਨਕ ਢੰਗਾਂ, ਸੰਦਾਂ, ਔਜ਼ਾਰਾਂ (ਬਣਤਰ ਤੇ ਕ੍ਰਿਆ) ਆਧੁਨਿਕ ਉਦਯੋਗਿਕ ਅਤੇ ਉਤਪਾਦਕ ਮਸ਼ੀਨਾਂ (Sophisticated machines and their functions/production) ਸਾਹਿਤ ਅਧਿਐਨ ਪ੍ਰਤੀ ਜਗਿਆਸਾ, ਅਦਭੁੱਤ ਅਤੇ ਅਸਲੋਂ ਅਣਵੇਖੀਆਂ ਵਚਿੱਤਰ ਚੀਜ਼ਾਂ ਨੂੰ ਰੂਹ ਦੇ ਰੱਜ ਤੱਕ ਜਾਨਣ ਅਤੇ ਮਾਨਣ



ਦੀ ਘੋਰ ਅਤੇ ਸੰਘਣੀ ਅਭਿਲਾਸ਼ਾ ਹੈ ਜੋ ਉਸ ਨੂੰ ਇਕ ਮਹਾਂਰਥੀ, ਸਮਰਥੱਕ ਦੇ ਨਾਲ-ਨਾਲ ਖੋਜਕਾਰ ਦਾ ਅਭੂਸ਼ਣ ਵੀ ਪ੍ਰਦਾਨ ਕਰਦੀ ਹੈ। ਨਾਵਲ ਦੀ ਸਮੁੱਚੀ ਵਿਅੰਜਨਾ, ਬੋਲਚਾਲ ਅਤੇ ਬਹੁ-ਪਾਸਾਰੀ ਵੇਰਵਿਆਂ/ਘਟਨਾਵਾਂ ਤੋਂ ਨਾਵਲ ਵਿਚਲੀ ਸਮੱਗਰੀ ਸਫਲ-ਸੰਪੰਨ ਪੇਸ਼ਕਾਰੀ ਦੀ ਉਦਾਹਰਣੀ ਮਿਸਾਲ ਹੈ।

ਕਮਜ਼ੋਰ ਮਨ ਨੱਕ ਤੋਂ ਅੱਗੇ ਨਹੀਂ ਵੇਖ ਸਕਦਾ । ਵੱਡੇ ਅਤੇ ਅਦ੍ਰਿਸ਼ਟ ਧਰਾਤਲਾਂ ਤੋਂ ਦਿਸਹੱਦਿਆਂ ਦੇ ਪਾਰ ਤੱਕ ਜਾਣਾ ਤਲਿਸਮੀ ਅਤੇ ਅਲੌਕਾਰੀ-ਦ੍ਰਿਸ਼ਟੀ ਹੁੰਦੀ ਹੈ ਜੋ ਮੇਧਾਵੀ-ਸਾਹਸ ਅਤੇ ਸੰਚਿਤ-ਊਰਜਾ ਦੀ ਕਰਾਮਾਤੀ ਅਤੇ ਅਨੂਠੀ ਸ਼ਕਤੀਸ਼ਾਲੀ-ਸਮਰੱਥਾ ਹੈ। ਇਹ ਸੰਦਲੀ ਸੁਭਾਗ ਵੀ ਡਾ. ਕੈਰੋਂ ਦਾ ਸੂਹਾ ਹਾਸਿਲ ਹੈ। (ਕੁਝ ਵਿਸ਼ੇਸ਼ ਸ਼ਬਦ ਜਿਨ੍ਹਾਂ ਦਾ ਵਰਨਣ ਆਇਆ ਹੈਬਾਰ-ਬੀ-ਕਿਊ, ਸਮਰਿੰਕਲਰ, ਪੋਰਕ ਦੀ ਸਪੈੱਲ, ਮੱਛੀਫਰਗੂਸਨ, ਕੰਡੈਂਸਡ ਵੇਵਜ਼, ਮਸ਼ੈਟੀ, ਫਰਮੰਟੇਸ਼ਨ, ਡਿਸਟਿਲ, ਅਗਾਵੀ, ਰਿਸਪਾਂਡੋ, ਏਜ, ਗਰਿਜਲੀ (ਬੀਅਰ), ਪੂਲ ਖੇਡਣਾ, ਮਿਕਸਏਈ ਹਾਹੀਵੇਵ, ਹੋਮੋ, ਅਕਸੈਂਅ, ਸੂਅ, ਹੋਅ, ਡੀਪੋਰਟ, ਇਨਸੋਮੀਆ, ਬਰੂਮ, ਟਾਈਮਰ, ਜਮਾਇਕਣ, ਪੀਚਸ, ਸੋਇੰਗ ਮਸ਼ੀਨਾਂ, ਗਾਰਬਿਜ਼ - ਪੰਨਾ 1 ਤੋਂ 30 ਤੱਕ ਆਏ ਸ਼ਬਦ)

ਇਹਨਾਂ ਪੰਨਿਆਂ ਦਰਮਿਆਨ ਛੋਟੇ, ਸੰਖੇਪ ਵਾਰਤਾ ਦੇ ਕੁਝ ਰੌਚਿਕ ਹਿੱਸੇ ਵੀ ਆਏ ਹਨ । ਜ਼ਰਾ ਸੰਜੀਦਾ ਗੱਲਾਂ ਤੋਂ ਰਤਾ ਹਾਸਾ ਮਖ਼ੌਲ ਵੀ ਹੋ ਜਾਏ :

"ਕਿਆ ਕਹਿਣੇ ਯਾਰ ਸਾਡੇ ਬੁੱਢਿਆਂ ਦੇ, ਲਓ ਮੇਰੇ ਬੁੜੇ ਦੀ ਗੱਲ ਵੀ ਸੁਣੋ । ਤੁਸੀਂ ਤਾਂ ਆਪਣੇ ਦਾਦੇ ਪੜਦਾਦੇ ਦੀਆਂ ਗੱਲਾਂ ਕਰਦੇ ਹੋ । ਮੇਰੇ ਬਾਬੇ ਦੀ ਗੱਲ ਸੁਣੋ । ਪਰਤਾਪ ਨੇ ਕਿਹਾ, "ਤੂੰ ਵੀ ਕਰਦੇ ਪਈ ਪਿਤਰਮ ਬੂਦ ।" ਬਚਿੱਤਰ ਨੇ ਵੀ ਮਖ਼ੌਲ ਕੀਤਾ, "...ਨਾਹਮਿਆਂ ਤੇਰੇ ਬਾਪੂ ਨੇ ਤਾਂ ਸਿਰ- ਗੱਡੀ ਬੁੱਕ ਕਰਾਈ ਸੀ । ਇਧਰ ਸਾਡੇ ਵੱਡੇ-ਵਡੇਰਿਆਂ ਨੇ ਜਹਾਜ਼ ਹੀ ਬੁੱਕ ਕਰਵਾ ਲਿਆ ਸੀ ਤੇ ਉਹ ਵੀ ਉਸ ਸਮੇਂ ਅਮਰੀਕਾ ਲਈ ।" (ਪੰਨਾ 25)

"ਅਸੀਂ ਆਪਣੇ ਵੱਡ-ਵਡੇਰਿਆਂ ਤੋਂ ਸੁਣਿਆ ਹੋਇਆ ਸੀ ਕਿ ਸਿੱਖ ਮਰੇ ਹੋਏ ਵੀ ਜੀਅ ਪੈਂਦੇ ਨੇ ਪਰ ਅੱਜ ਅਸੀਂ ਅੱਖੀਂ ਵੇਖ ਰਹੇ ਹਾਂ, ਆਹ ਬੰਦਾ ਤਾਂ ਅਸੀਂ ਮਾਰ ਕੇ ਸੁੱਟ ਆਏ ਸੀ, ਇਹ ਮੁੜ ਲੜਾਈ ਵਿਚ ਮੋਹਰੇ ਹੈ।" (ਪੰਨਾ 26)

ਡਾ. ਕੈਰੋਂ ਲਿਖਤ ਦੀ ਵਿਸ਼ੇਸ਼ ਖ਼ੂਬੀ ਹੈਕਿ ਉਹ ਆਪਣੀ ਗਲਪ ਰਚਨਾ ਵਿਚ ਵੰਨ-ਸੁਵੰਨੇ ਵਿਸ਼ੇ ਦੇ ਕੇ ਪਾਠਕ ਨੂੰ ਨਵੇਂ ਰੰਗ ਵਿਖਾਉਂਦਾ ਹੈ। ਬਹੁਤੀ ਗੰਭੀਰਤਾ ਸੰਜਮੀ ਪਾਠਕਾਂ ਦੀ ਖ਼ੁਰਾਕ ਹੁੰਦੀ ਹੈ। ਹਾਸਾ ਮਖ਼ੌਲ ਇਲਤੀ ਬੰਦਿਆਂ ਦੀ ਖੇਡ । ਗੱਡੀ ਤੋਂ ਜਹਾਜ਼ ਬੁੱਕ ਕਰਾਉਣਾ ਇਕ ਕਾਟ ਹੈ। ਪੰਜਾਬੀ ਸੁਭਾਅ ਦੀ ਭਾਵਨਾ ਨਾ ਹਾਰਨਾ ਇਸ ਵਿਚ ਘੁਮੰਡ ਵੀ ਹੈਅੱਗੇ ਰਹਿਣ ਦਾ ।

ਸਿੱਖਾਂ ਦਾ ਮਰ ਕੇ ਜੀਉਣਾ ਗੁਰੂਆਂ ਦੀ ਬਖ਼ਸ਼ੀਸ ਹੈ। ਗੁਰੂ ਦਾ ਸਿੱਖ ਮਰਦਾ ਹੀ ਨਹੀਂ । ਇਥੇ ਡਾ. ਕੈਰੋਂ ਸਿੱਖ ਗੁਰੂਆਂ ਪ੍ਰਤੀ ਸ਼ਰਧਾਵਾਨ ਅਤੇ ਸਤਿਕਾਰ ਦੀ ਭਾਵਨਾ ਵੀ ਰੱਖਦਾ ਹੈ। ਪੰਥ ਦਾ ਸਿਰ ਵੀ ਉੱਚਾ ਕਰਦਾ ਹੈ। ਦੋਹਵਾਂ ਕਥਾਵਾਂ ਵਿਚ 'ਸਿੱਖ' ਏਥੇ ਸ਼ਕਤੀ ਦਾ ਪ੍ਰਤੀਕ ਹੈ। ਮਰਜੀਵੜੇ ਦਾ ਵੀ । ਮਿੱਥ ਵਜੋਂ ਸਿੱਖ ਕੁਕਨੂਸ ਵੀ ਹੈ। ਲੇਖਕ ਨੂੰ ਹਰ ਸਾਹਿਤ ਦੇ ਮਹਾਨ, ਚੌਣਵੇਂ ਅਤੇ ਮਿਆਰੀ ਲੇਖਕਾਂ ਨੂੰ ਬੇਹੱਦ ਸ਼ਰਧਾ ਨਾਲ ਪੜ੍ਹਨ ਦਾ ਜਨੂੰਨ ਹੈ (Voracious reader) ਲੇਖਕ ਦੇ ਹੱਥ 'ਹੈਰੀ ਪੌਟਰ' ਦੀ ਕਿਤਾਬ ਲੱਗਦੀ ਹੈ। ਲੇਖਕ ਦਾ ਇਹ ਵੀ ਵਿਸ਼ਵਾਸ ਹੈਕਿ 'ਚੰਗੀ ਜਿਲਦ ਵਾਲੀ ਕਿਤਾਬ ਉਸਨੂੰ ਚੰਗੀ ਲੱਗੀ । ਪਤਾ ਨਹੀਂ ਕਿਉਂ ਉਸਨੂੰ ਇਹ ਇਹਸਾਸ ਸੀ ਕਿ ਚੰਗੀ ਜਿਲਦ ਵਾਲੀਆਂ ਕਿਤਾਬਾਂ ਚੰਗੀਆਂ ਹੁੰਦੀਆਂ ਹਨ ।' (ਪੰਨਾ 28)

ਇਹ ਕਿਤਾਬ ਇਕ ਅਮੀਰ ਮੁੰਡੇ ਬਾਰੇ ਸੀ ਜੋ ਇਕ ਖ਼ੂਬਸੂਰਤ ਕੁੜੀ ਨਾਲ ਵਿਆਹ ਕਰਵਾਉਂਦਾ ਹੈ। ਉਹਨਾਂ ਦੇ ਇਕ ਬੱਚੀ ਵੀ ਹੋ ਜਾਂਦੀ ਹੈ। ਜਿਸਦਾ ਨਾਂ 'ਸਾਰਾ' ਹੈ(ਮੇਰੇ ਗਿਆਨ

ਮੁਤਾਬਿਕ ਚਾਰੇ ਪਾਸੇ ਪਾਣੀ ਹੋਵੇ ਗੰਧਲਾ, ਕੇਵਲ ਇਕ ਰਾਹ ਹੋਵੇ ਤਾਂ ਉਸਨੂੰ ਉਰਦੂ ਭਾਸ਼ਾ ਵਿਚ 'ਸਾਰਾ' ਕਹਿੰਦੇ ਹਨ ਭਾਵਅਰਥ ਹੈਅਤਿ ਦਾ ਜ਼ੋਖ਼ਮ) ਪਰ ਜਦ ਉਨ੍ਹਾਂ ਦੇ ਦੂਜਾ ਬੱਚਾ ਹੋਣ ਵਾਲਾ ਹੁੰਦਾ ਹੈ। ਮੁੰਡੇ ਦੀ ਅਮੀਰ ਮਾਂ ਜੋ ਕਿਲਿਮੋ ਜ਼ੀਨ ਕਾਰ (ਦੁਨੀਆਂ ਦੀ ਸਭ ਤੋਂ ਮਹਿੰਗੀ ਕਾਰ) ਵਿਚ ਆਉਂਦਾ ਹੈਅਤੇ ਆਪਣੇ ਮੁੰਡੇ ਨੂੰ ਲੈ ਜਾਂਦੀ ਹੈ। ਫਿਰ ਮੁੰਡੇ ਦੀ ਮਾਂ ਸਾਰਾ ਦੀ ਮਾਂ ਨੂੰ ਅਬਨਾਰਮਲ (ਅਸਾਧਾਰਣ) ਸਮਝਦਿਆਂ ਮੁਕੱਦਮਾ ਜਿੱਤ ਕੇ ਸਾਰਾ ਨੂੰ ਵੀ ਆਪਣੇ ਨਾਲ ਲੈ ਜਾਂਦੀ ਹੈ।

ਦੂਜੀ ਬੱਚੀ ਸਿਲੋਨ ਦਾ ਜਨਮ ਹੁੰਦਾ ਹੈ। ਸਿਲੋਨ ਵੱਡੀ ਹੋ ਕੇ ਪੁਲਿਸ ਵਿਚ ਭਰਤੀ ਹੋ ਜਾਂਦੀ ਹੈ। ਸਿਲੋਨ ਗੁਣਵਾਨ ਹੈਅਤੇ ਆਪਣੇ ਚੰਗੇ ਅਤੇ ਉੱਦਮੀ ਕਾਰਨਾਮਿਆਂ ਸਦਕਾ ਆਪਣੇ ਵਿਭਾਗ ਵਿਚ ਸ਼ੋਭਾ ਦੀ ਪਾਤਰ ਬਣਦੀ ਹੈ। ਉਸਦੀਆਂ ਫੋਟੋਆਂ ਅਖ਼ਬਾਰ ਵਿਚ ਛਪਦੀਆਂ ਹਨ ਉਸਦੀ ਭੈਣ ਸਾਰਾ ਵੀ ਮਸ਼ਹੂਰ ਹੋ ਜਾਂਦੀ ਹੈ ਕਿਉਂਕਿ ਉਹ ਟੈਨਿਸ ਦੀ ਚੰਗੀ ਖਿਡਾਰਨ ਹੈ। ਆਪਣੇ ਬਾਪ ਨਾਲ ਅਕਸਰ ਟੈਨਿਸ ਖੇਡਦੀ ਰਹਿੰਦੀ ਹੈ। ਕਿਸੇ ਕੇਸ ਨੂੰ ਸੁਲਝਾਉਣ ਲਈ ਸਿਟੀ ਵਿਚ ਜਾਂਦੀ ਹੈ। ਉਥੇ ਉਸਦਾ ਮੇਲ ਆਪਣੀ ਭੈਣ ਸਾਰਾ ਅਤੇ ਆਪਣੇ ਬਾਪ ਨਾਲ ਹੁੰਦਾ ਹੈ। ਬਾਪ ਦਾ ਸੰਬੰਧ ਅੰਡਰਵਰਲਡ ਨਾਲ ਹੈ। ਜਿਸ ਬਾਰੇ ਸ਼ਾਮ ਨੂੰ ਪਤਾ ਲੱਗ ਜਾਂਦਾ ਹੈ। ਉਸੇ ਤਰ੍ਹਾਂ ਸਾਰਾ ਦਾ ਕਤਲ ਹੋ ਜਾਂਦਾ ਹੈ। ਕਹਾਣੀ ਹੋਰ ਵੀ ਲੰਬੀ ਹੈਪਰ ਤੱਤਸਾਰ ਹਿ ਹੈਲੇਖਕ ਦੇ ਸ਼ਬਦਾਂ ਵਿਚ:

"ਲੈ ਕਿਤਾਬ ਨੂੰ ਮੁਕਾ ਕੇ -ਕੀਰ ਸਿੰਘ ਅਮਰੀਕੀ ਸਾਹਿਤ ਬਾਰੇ, ਉਥੋਂ ਦੇ ਸਮਾਜਿਕ ਰਿਸ਼ਤਿਆਂ ਬਾਰੇ ਅਤੇ ਮਾਇਆ ਵਿਚ ਅੰਨ੍ਹੇ ਹੋ ਚੁੱਕੇ ਉਥੋਂ ਦੇ ਲੋਕਾਂ ਬਾਰੇ ਸੋਚਣ ਲੱਗਦਾ ਹੈ..ਅਮਰੀਕਾ ਵਿਚ ਛਪੀਆਂ ਬਹੁਤੀਆਂ ਕਿਤਾਬਾਂ ਕਿਉਂ ਕਤਲਾਂ ਅਤੇ ਬਲਾਤਕਾਰਾਂ ਬਾਰੇ ਹਨ ?' (ਪੰਨਾ 29)

ਮਹਿਸੂਸ ਹੁੰਦਾ ਹੈਕਿ ਜੋ ਮਹੱਤਵ ਅਤੇ ਪਹਿਚਾਣ ਰਿਸ਼ਤਿਆਂ ਦੀ ਏਸ਼ੀਆ ਵਿਚ ਹੈਉਹ ਪੱਛਮੀ ਦੇਸ਼ਾਂ ਵਿਚ ਨਹੀਂ । ਇਹ ਹਿੰਸਕ-ਰੁਚੀ ਅਮਾਨਵੀ ਹੈ ਜਿਸ ਤੋਂ ਲੇਖਕ ਨੂੰ ਸਖ਼ਤ ਨ-ਰਤ ਹੈ।

ਅਮਰੀਕੀ ਸੱਭਿਆਚਾਰ ਦੀਆਂ ਕੁਝ ਹੋਰ ਗ਼ੈਰ ਵਾਜਬ ਪਾਬੰਦੀਆਂ:

'ਜੇਕਰ ਛਿੱਕਣਾ ਵੀ ਹੋਵੇ ਤਾਂ ਮੂੰਹ ਅੱਗੇ ਨੈਪਕਿਨ ਰੱਖ ਕੇ ਹੌਲੀ-ਹੌਲੀ ਛੀਂ ਛੀਂ ਕਰਨਾ ਚਾਹੀਦਾ ਸੀ ਪਰ -ਕੀਰ ਸਿੰਘ ਨੂੰ ਉਨੀ ਦੇਰ ਛਿੱਕ ਮਾਰਨ ਦਾ ਸੁਆਦ ਹੀ ਨਹੀਂ ਸੀ ਆਉਂਦਾ, ਜਿੰਨੀ ਦੇਰ ਸੂਰਜ ਵੱਲ ਮੂੰਹ ਕਰਕੇ ਉੱਚੀ ਸਾਰੀ ਹਾਅ ਛੀ, ਹਾ ਛੀ ਨਾ ਕਰਦਾ ।' (ਪੰਨਾ 30)

'ਉਸਨੂੰ ਏਥੇ ਡਕਾਰ ਮਾਰਨ ਦਾ ਉੱਕਾ ਹੀ ਸੁਆਦ ਨਾ ਆਉਂਦਾ ਪਤਾ ਨਹੀਂ ਇਹ ਲੋਕ ਡਕਾਰ ਮਾਰਨ ਨੂੰ ਵੀ ਕਿੱਥੇ ਗੁੰਮ ਕਰ ਜਾਂਦੇ ਹਨ । ਹਵਾ ਛੱਡਣ ਦੀ ਤਾਂ ਗੱਲ ਹੀ ਹੋਰ ਸੀ ।' (ਪੰਨਾ 30)

ਸੱਭਿਆਚਾਰਕ-ਖਲਾਅ/ਵਖਰੇਵੇਂ ਪਰਵਾਸੀ ਹੋਇਆਂ ਕਿਸ ਤਰ੍ਹਾਂ ਬੰਦੇ ਦੀ ਪੂਰੀ ਆਜ਼ਾਦੀ ਅਤੇ 'ਕੁਦਰਤੀ ਕਾਲ' ਨੂੰ ਵੀ ਗ਼ੁਲਾਮ ਜ਼ਹਿਨੀਅਤ ਬਣਾ ਦੇਂਦੇ ਹਨ । ਲੇਖਕ ਇਸ ਪਾਬੰਧੀ ਨੂੰ ਕੋਸਦਾ ਹੈ। ਮਹਿਸੂਸ ਹੁੰਦਾ ਹੈਕਿ ਬੇਗਾਨੀ ਧਰਤੀ 'ਤੇ ਜੀਣਾ ਵੀ ਮਤਰੇਈ ਮਾਂ ਦੇ ਸੰਗ ਜੀਣਾ ਹੁੰਦਾ ਹੈ।

ਇਕ ਹੋਰ ਉਦਾਹਰਣ:

'ਉਸਨੂੰ ਇਸ ਗੱਲ ਦਾ ਵੀ ਪਤਾ ਸੀ ਕਿ ਕੁੱਤਾ ਉਸ ਆਦਮੀ ਨੂੰ ਕੱਟਦਾ ਹੈ ਜਿਹੜਾ ਉਸ ਤੋਂ ਡਰ ਜਾਂਦਾ ਹੈ। ਤਾਂ ਉਸਦੇ ਸਰੀਰ ਵਿਚੋਂ ਕੁਝ ਗਲੈਂਡ ਇਕ ਖ਼ਾਸ ਕਿਸਮ ਦਾ ਸੀਕ੍ਰੀਸ਼ਨ ਪੈਦਾ ਕਰਦੇ ਹਨ ਜਿਸਦੀ ਸਮੈੱਲ ਕੁੱਤੇ ਨੂੰ ਆ ਜਾਂਦੀ ਹੈ ਜਿਸ ਤੋਂ ਕੁੱਤੇ ਨੂੰ ਪਤਾ ਲੱਗ ਜਾਂਦਾ



ਹੈਕਿ ਇਹ ਬੰਦਾ ਉਹਦੇ ਤੋਂ ਡਰ ਗਿਆ ਹੈ ਇਸੇ ਲਈ ਕੁੱਤਾ ਉਸ ਆਦਮੀ ਦੇ ਗਲ ਪੈ ਜਾਂਦਾ ਹੈ।' (ਪੰਨਾ 31)

ਲੇਖਕ ਕਥਾਕਾਰ, ਗਲਪਕਾਰ ਅਤੇ ਚਿੰਤਕ ਹੈ। ਉਪਰੋਕਤ ਵਿਸ਼ਾ ਜੀਵ ਵਿਗਿਆਨ ਦਾ ਹੈ। ਹੈਰਾਨੀ ਹੁੰਦੀ ਹੈਕਿ ਲੇਖਕ ਦਾ ਅਧਿਐਨ ਕਿੰਨਾ ਵਸੀਹ ਹੈ। ਉਸਦਾ ਅਧਿਐਨ ਕਿੰਨਿਆਂ ਵਿਸ਼ਿਆਂ 'ਤੇ ਹੈ। ਜੀਵ ਵਿਗਿਆਨ ਵਿਚ ਸੀਕ੍ਰੀਸ਼ਨ ਮੱਥੇ ਵਿਚ ਹੁੰਦੇ ਹਨ । ਇਕ ਸੀਕ੍ਰੀਸ਼ਨ ਦੂਜੇ ਨੂੰ ਪ੍ਰਭਾਵਿਤ ਕਰਦਾ ਹੈ। ਸੀਕ੍ਰੀਸ਼ਨ ਦੀ ਚਾਲਕ-ਸ਼ਕਤੀ ਪ੍ਰਵਾਹ-ਪੂਰਵਕ ਹੈ। ਰਸ਼ਕ ਹੁੰਦਾ ਹੈਨਾਯਾਬ ਜਾਣਕਾਰੀ ਤੇ ਇਕ ਭਖਦਾ ਸੱਚ ਢੁੱਕਵਾਂ ਉਦਾਹਰਣ-

'ਪੰਜ ਗਿਰੀਆਂ ਪਾਣੀ ਵਿਚ ਭਿਉਂ ਕੇ ਰੱਖਿਆ ਕਰੇ ਅਤੇ ਸਵੇਰੇ ਉੱਠ ਕੇ ਨਿਰਨੇ ਕਾਲਜੇ ਖਾਇਆ ਕਰੇ ਤਾਂ ਉਸਨੂੰ ਸਾਰੇ ਸੁਆਲ ਯਾਦ ਹੋ ਜਾਇਆ ਕਰਨਗੇ ਪਰ ਉਦੋਂ ਇਹ ਪੰਜ ਗਿਰੀਆਂ ਵੀ ਨਸੀਬ ਵਿਚ ਕਿੱਥੇ ਸਨ । ਸਾਰੀ ਜ਼ਿੰਦਗੀ ਤਾਂ ਉਸਨੇ ਨੰਗੇ ਧੜ ਲੜਦਿਆਂ ਲੰਘਾਈ ਸੀ ।' (ਪੰਨਾ 32)

ਅਨੁਭਵ ਹੁੰਦਾ ਹੈਕਿ ਲੇਖਕ ਫਕੀਰ ਸਿੰਘ ਦੇ ਪਾਤਰ ਵਿਚ ਉਹ ਕਿਨ੍ਹਾਂ ਤਲਖ਼ੀਆਂ ਦਾ ਪਾਤਰ ਰਿਹਾ । ਇਹ ਨੰਗਾ ਸੱਚਾ ਹੈਕਿ ਲੇਖਕ ਦੀ ਜ਼ਿੰਦਗੀ ਤਪੇ ਆਵੇ ਵਰਗੀ ਸੀ ਜਿਸ ਵਿਚ ਤਪ ਕੇ ਉਹ ਪੁਖ਼ਤਾ ਹੋਇਆ ਹੈ। ਸੱਚ ਸਾਹਵੇਂ ਅੜੈ ਖੜੋਣਾ ਵੀ ਡਾ. ਕੈਰੋਂ ਦੇ ਹਿੱਸੇ ਹੀ ਆਇਆ ਹੈ। ਹਰ ਕੋਈ ਅਗਨੀ-ਪ੍ਰੀਖਿਆ ਦਾ ਵਿਦਿਆਰਥੀ ਵੀ ਨਹੀਂ ਹੋ ਸਕਦਾ । ਇਹ ਮੇਰਾ ਨਿੱਜੀ ਅਨੁਭਵ ਹੈ।

ਇਕ ਹੋਰ ਉਦਾਹਰਣ-

'ਉਸਨੂੰ ਯਾਦ ਆਇਆ ਕਿ ਸੁਪਨੇ ਵਿਚ ਉਹ ਇਕ ਬਾਲਟੀ ਫੜੀ ਸੰਗਤਾਂ ਨੂੰ ਲੰਗਰ ਵਰਤਾਅ ਰਿਹਾ ਸੀ...ਲੰਗਰ ਵਰਤਾਈ ਜਾਣ ਦੇ ਬਾਵਜੂਦ ਵੀ ਉਸ ਬਾਲਟੀ ਵਿਚੋਂ ਲੰਗਰ ਨਹੀਂ ਸੀ ਮੁੱਕ ਰਿਹਾ ।' (ਪੰਨੇ 32-33)

ਲੇਖਕ ਸੁਪਨਿਆਂ ਦਾ ਮੁਲਾਂਕਣ ਵੀ ਕਰ ਰਿਹਾ ਹੈ। ਡਾ. ਸਿਗਮੰਡ ਫਰਾਇਡ ਸੁਪਨਿਆਂ ਦੇ ਵਿਸ਼ੇਸ਼ੱਗ ਹੋਏ ਨੇ । ਉਨ੍ਹਾਂ ਦਾ ਸੁਪਨਿਆਂ ਪ੍ਰਤੀ ਵਿਸ਼ਲੇਸ਼ਣ ਅੰਤਰ-ਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਜਯੋਤਿਸ਼ੀ/ਐਸਟਰੋਲੋਜਰ/ ਐਮਟਰੋਨੋਮਰ ਕੀਰੋ (Cheiro) ਦੀ ਭਵਿੱਖਬਾਣੀ ਵਰਗਾ ਹੈ। ਡਾ. -ਰਾਇਡ ਦੇ ਵਿਸ਼ਲੇਸ਼ਣ ਸੁਪਨਿਆਂ ਪ੍ਰਤੀ ਵਧੇਰੇ ਸ਼ੁੱਧ ਅਤੇ ਪ੍ਰਮਾਣਿਕ ਹਨ । ਲੇਖਕ ਦਾ ਸੁਪਨਿਆਂ ਪ੍ਰਤੀ ਅਰਥਾਂ ਵਿਚ ਜਾਣਾ ਦਿਮਾਗ਼ੀ-ਸੂਖ਼ਸ਼ਮਤਾ ਦੇ ਨਾਲ-ਨਾਲ ਵਿਗਿਆਨਕ ਅਤੇ ਮਨੋਚਕਿਤਸਾ ਵਿਗਿਆਨ ਵੀ ਹੈ। ਲੇਖਕ ਦੀਰਘ-ਚਿੰਤਨ ਦਾ ਮਾਲਕ ਅਤੇ ਸੂਖ਼ਮ-ਅਨੁਭਵੀ ਹੈ।

ਮੈਂ ਉਪਰੋਕਤ ਸੁਪਨੇ ਦਾ ਵਿਸ਼ਲੇਸ਼ਣ ਇਸ ਤਰ੍ਹਾਂ ਕਰਦਾ ਹਾਂ ਕਿ ਡਾ. ਕੈਰੋਂ ਸਾਹਿਬ ਸੰਤ ਬਾਬਾ ਖੜਕ ਸਿੰਘ ਜੀ ਨਾਲ ਪੰਦਰਾਂ ਸਾਲ ਨੇੜੇ-ਨੇੜੇ ਰਹੇ । ਦੋਨਾਂ ਦਰਮਿਆਨ ਪਰਮਾਰਥ 'ਤੇ ਵੀ ਗੱਲਾਂ ਹੁੰਦੀਆਂ ਰਹੀਆਂ । ਸੁਪਨੇ ਦਾ ਸਾਰ ਤੱਤ ਇਹ ਹੈਕਿ ਡਾ. ਕੈਰੋਂ ਦੀ ਸਿਕਸ ਸੈਂਸ ਜਾਗ੍ਰਿਤ ਹੈ। ਕੈਰੋਂ ਸਾਹਿਬ ਦੇ ਪਿੱਛੇ ਇਕ ਸੰਤ ਦਾ ਹੱਥ ਹੈ। ਡਾ. ਕੈਰੋਂ ਸਾਹਿਬ ਵੀ ਸੰਗਤ ਦੇ ਪ੍ਰਭਾਵ ਅਧੀਨ ਵਰਤਾਵੇ ਹੀ ਰਹਿਣਗੇ ਤੇ ਭੰਡਾਰ ਭਰੇ ਰਹਿਣਗੇ । ਇਹ ਸੁਪਨਾ ਮਾਰਮਿਕ ਅਤੇ ਸਕਾਰਾਤਮਿਕ ਹੈ। ਇਸ ਸੁਪਨੇ ਵਿਚ ਸ਼ੁੱਧ-ਸੰਸਕਾਰ ਪਏ ਹਨ । ਸੰਤਾਂ ਦੀ ਭਰਵੀਂ ਸੰਗਤ ਵੀ ।

'ਸਰੀਰ ਤਾਂ ਉਸਦਾ ਬਚਪਨ ਤੋਂ ਹੀ ਨਿੱਘਰ ਸੀ, ਪਰ ਮਨ ਉਸਦਾ ਡਾਹਢਾ ਹੀ ਮਾੜਾ ਸੀ ।' (ਪੰਨਾ 33)

ਨਿੱਘਰ ਸਰੀਰ ਵਿਚ ਨਿੱਘਰ ਮਨ ਹੀ ਹੋ ਸਕਦਾ ਹੈ। ਮਾੜਾ ਨਹੀਂ । ਐਨੀਆਂ ਉੱਚਪਾਏ

ਦੀਆਂ ਗੱਲਾਂ ਜੋ ਲੌਕਿਕ ਤੇ ਪਰਾਲੌਕਿਕ ਹਨ 'ਮਾੜਾ ਮਨ' ਸੋਚ ਵੀ ਨਹੀਂ ਸਕਦਾ । ਹਾਂ ਕੁਝ ਕਰੂਰ ਸੰਸਕਾਰਾਂ ਨੂੰ 'ਮਾੜਾ' ਕਹਿ ਦੇਣਾ ਵੱਖਰੀ ਗੱਲ ਹੈ। ਕਰੂਰ ਪ੍ਰਭਾਵ ਪੀੜਤ ਹੁੰਦੇ ਹਨ । ਸੁਪਨੇ ਆਲੇ-ਦੁਆਲੇ, ਵੇਖੀਆਂ-ਅਣਵੇਖੀਆਂ, ਗੱਲਾਂਬਾਤਾਂ ਦੀ ਹੀ ਟੁੱਟ ਭੱਜ ਹੁੰਦੇ ਹਨ । ਜੇ ਅਚੇਤ ਮਨ ਨਾ ਹੋਵੇ ਤਾਂ ਸੁਪਨੇ ਵੀ ਨਹੀਂ ਹੋ ਸਕਦੇ । ਅਚੇਤ ਮਨ ਭੰਡਾਰ ਮਨ ਹੈ। ਨੀਂਦ ਲਘੂ ਮੌਤ ਹੈ। ਸੁੱਤਿਆਂ ਅਚੇਤ ਮਨ ਪ੍ਰਭਾਵੀ ਹੁੰਦਾ ਹੈ। ਜੇ ਪ੍ਰਭਾਵ ਕਰੂਰ ਹੋਣਗੇ ਸੁਪਨੇ ਵੀ ਉਦਾਸ ਅਤੇ ਗ਼ਮਗੀਨ ਹੋਣਗੇ । ਜੇ ਪ੍ਰਭਾਵ ਸ਼ੁਭ ਹੋਣਗੇ ਨੀਂਦ ਸੁਪਨੇ ਰਹਿਤ ਹੋਏਗੀ ਜਾਂ ਚੰਗੇ ਸੁਪਨੇ ਆਉਣਗੇ । (ਬ੍ਰਹਮ ਗਿਆਨੀ ਸੁਪਨਿਆਂ ਵਿਚ ਸੱਚਖੰਡ ਵਿਚ ਹੀ ਹੁੰਦਾ ਹੈਜੇ ਬੁੜਬੁੜਾਏ ਵੀ ਤਾਂ ਬਾਣੀ ਦਾ ਉਚਾਰਣ ਹੀ ਹੋਏਗਾ ਇਹ ਵਾਕਿਆ ਗਿਆਨੀ ਕਰਤਾਰ ਸਿੰਘ ਜੀ ਭਿੰਡਰਾਂਵਾਲਿਆਂ ਦੇ ਸਿੱਖਾਂ ਤੋਂ ਪਤਾ ਲੱਗਾ ਹੈ ਉਂਝ ਸੁਪਨੇ ਲੈਣਾ ਰੋਗ ਨਹੀਂ ਹੈ। ਸੁਪਨਹੀਣ ਵਿਅਕਤੀ ਲਾਸ਼ ਵਰਗਾ ਹੁੰਦਾ ਹੈ। ਸੁਪਨੇ ਮਨੁੱਖ ਨੂੰ ਜਿਉਂਦਾ ਰੱਖਣ ਲਈ ਸਹਾਇਕ ਹੁੰਦੇ ਹਨ । (ਵਧੇਰੇ ਜਾਣਕਾਰੀ ਅਨੁਸਾਰ ਡਰੀਮ ਡਿਕਸ਼ਨਰੀ ਤੋਂ ਪ੍ਰਤੀਕਾਂ ਦੀ ਤਾਸੀਰ ਦਾ ਪਤਾ ਲੱਗ ਜਾਂਦਾ ਹੈਪਰ ਡਰੀਮ ਡਿਕਸ਼ਨਰੀ ਵਿਗਿਆਨਕ ਹੋਵੇ ਤਾਂ ।

ਇਕ ਹੋਰ ਅਨੂਠੀ ਲੇਖਕ ਦੀ ਨਿੱਜੀ ਮਿਸਾਲ:

'ਜਿਵੇਂ ਉਸ ਦੀਆਂ ਸਾਰੀਆਂ ਸਿਆਣਪਾਂ ਮਿੱਟੀ ਵਿਚ ਮਿਲ ਗਈਆਂ ਹੋਣ । ਉਸ ਕੋਲੋਂ ਕੋਈ ਨਾ ਕੋਈ ਗ਼ਲਤੀ ਹੋ ਹੀ ਜਾਂਦੀ ਸੀ । ਕਦੀ ਉਹ ਜੁੱਤੀ ਸਣੇ ਅੰਦਰ ਆਣ ਵੜ੍ਹਦਾ, ਕਦੀ ਉਸਨੂੰ ਬੂਹਾ ਢੋਣਾ ਯਾਦ ਨਾ ਰਹਿੰਦਾ, ਕਦੀ ਸ਼ਾਵਰ ਲੈਣ ਲੱਗਿਆਂ ਬਾਥਰੂਮ ਗਿੱਲ੍ਹਾ ਹੋ ਜਾਂਦਾ...ਕਦੀ ਉਸ ਕੋਲੋਂ ਤੋਲੀਆ ਗ਼ਲਤ ਵਰਤਿਆ ਜਾਦਾ, ਕਦੀ ਵਾਸ਼ਬੇਸਨ ਉੱਪਰ ਪਾਣੀ ਡਿੱਗ ਜਾਂਦਾ । ਕਦੀ ਕੱਪੜੇ ਪਾਉਣ ਲੱਗਿਆਂ ਉਸਦੀ ਬਾਂਹ ਜਾਂ ਗੋਡਾ ਬਾਥਰੂਮ ਦੀ ਕੰਧ ਨਾਲ ਜਾ ਵੱਜਦਾ...ਆਦਿ ।' (ਪੰਨਾ 33)

ਅਜਨਬੀ ਵਾਤਾਵਰਣ ਨਾਲ ਨਾ ਘੁਲਣ-ਮਿਲਣ ਕਰਕੇ ਅਜਿਹਾ ਹੁੰਦਾ ਹੈ। ਹੈਰਾਨ ਕਰਨ ਵਾਲੀਆਂ ਅਦਭੁੱਤ ਚੀਜ਼ਾਂ ਮਨ ਵਿਚ ਪਹਿਲਾਂ ਵੱਸੀਆਂ ਨਹੀਂ ਹੁੰਦੀਆਂ । ਇਨ੍ਹਾਂ ਬਾਹਰੀ ਪ੍ਰਭਾਵਾਂ ਨਾਲ ਆਹਿਸਤਾ-ਆਹਿਸਤਾ ਇਕਮਿਕ ਹੋਇਆ ਜਾ ਸਕਦਾ ਹੈ। ਫਿਰ ਕੋਈ ਤਣਾਓ ਭਾਵ ਨਹੀਂ । ਇਹ ਮਾਨਸਿਕ ਥਕਾਵਟ (Mental Fatigue) ਵੀ ਹੋ ਸਕਦੀ ਹੈ। ਨਵੇਂ ਮਾਹੌਲ ਵਿਚ ਨਵਾਂ ਪ੍ਰਵੇਸ਼ ਵੀ ਅਸਾਧਾਰਨ ਮਾਨਸਿਕਤਾ ਕਰਕੇ ਵੀ ਹੈ। ਮਨ ਦੇ ਬਹੁਤਾ ਖ਼ਪਤੀ (Consumption) ਹੋਣ ਕਰਕੇ ਵੀ । ਇਹ ਮਨੋਰੋਗ (Psychic Problem) ਵੀ ਹੋ ਸਕਦਾ ਹੈ। ਇਹ ਉਲਝਵੇਂ ਮਨ ਦਾ ਪ੍ਰਤੀਕਰਮ ਵੀ ਹੈ। ਗੁੰਝਲਦਾਰ ਮਨ ਕਰਕੇ ਵੀ ਹੈ। ਅਣਵੇਖੀਆਂ ਚੀਜ਼ਾਂ ਤੋਂ ਵੀ ਬੰਦਾ ਅੰਦਰੋਂ-ਅੰਦਰ ਨਸਾਂਸੰਬੰਧੀ ਤਣਾਓ, ਚਿੜਚਿੜਾਪਣ, ਬੌਂਦਲਿਆ ਹੋਇਆ, ਬੇਚੈਨ, ਉਨੀਂਦਾਪਣ, ਮਾਨਸਿਕ ਮਾਯੂਸੀ, ਹੇਰਵਾ, ਸੱਲ੍ਹ ਅਤੇ ਸਦਮਾ ਵੀ ਹੋ ਸਕਦਾ ਹੈ। ਮਨ ਦੀ ਬੀਮਾਰ ਗ਼ੈਰ-ਹਾਜ਼ਰੀ ਵੀ ਕਾਰਨ ਹੋ ਸਕਦੀ ਹੈ। ਕਿਸੇ ਅਚੇਤ ਸੁਚੇਤ ਅਪਰਾਧ ਦਾ ਮਾਨਸਿਕ ਦਬਾਓ ਵੀ ਹੋ ਸਕਦਾ ਹੈ। ਭੂਗੋਲਿਕ ਧਰਾਤਲ, ਜਲਵਾਯੂ ਅਤੇ ਪਰਿਆਵਰਣ (Ecology) ਦੇ ਪਰਿਵਰਤਨ ਕਾਰਨ ਵੀ ਹੋ ਸਕਦਾ । ਅਧੂਰੀਆਂ ਖ਼ਾਹਿਸ਼ਾਂ ਦੀ ਅਪੂਰਤੀ ਹੋ ਸਕਦਾ । ਮਨ ਵਿਚ ਤੇਜ਼ੀ ਅਤੇ ਮਿਹਦੇ ਦਾ ਅਸੰਤੁਲਨ ਹੋ ਸਕਦਾ । ਵਿਰੋਧੀ ਹਾਲਾਤ ਦੀਆਂ ਤਰੰਗਾਂ ਦਾ ਪ੍ਰਤੀਕਰਮ ਹੋ ਸਕਦਾ । ਕਾਮ-ਆਪੂਰਤੀ ਵੀ ਹੋ ਸਕਦੀ ਹੈ। ਕਿਸੇ ਪਾਤਰ, ਘਟਨਾ ਜਾਂ ਭਿਆਨਕ ਦ੍ਰਿਸ਼ ਦਾ ਬਾਰ-ਬਾਰ ਯਾਦ ਆਉਣਾ ਵੀ ਹੋ ਸਕਦਾ । ਕਿਸੇ ਖੌਂ-ਜ਼ਦਾ ਪਾਪ ਦਾ ਅਹਿਸਾਸ ਵੀ ਹੋ ਸਕਦਾ । ਭੈਭੀਤ ਮਨ ਕਾਰਨ ਵੀ । ਜਮਾਂਦਰੂ ਮਾਨਸਿਕ ਘਾਟ ਕਾਰਨ ਵੀ ।

ਡਾ. ਯੁੰਗ ਅਤੇ ਸਾਰਤਰ ਨੇ ਅਜਿਹੀ ਮਾਨਸਿਕ ਹਾਲਤ ਬਾਰੇ ਨਾਯਾਬ ਪੁਸਤਕਾਂ



ਲਿਖੀਆਂ ਹਨ ਜੋ ਵਧੀਆ ਹੱਲ (Lacuna) ਹਨ ।

ਉਂਝ ਅਜਿਹੇ ਪਲ ਸਿਰਜਣਾ ਲਈ/ਮਹਾਨ ਕਾਰਜਾਂ ਲਈ ਆਧਾਰਸ਼ਿਲਾ ਬਣਦੇ ਹਨ । ਉਦਾਹਰਣ ਲਈ ਹਾਲੈਂਡ ਦੇ ਡੱਚ ਚਿੱਤਰਕਾਰ ਵਿਨਸੈਂਟ ਵਾਨ ਗਾਗ ਅਤੇ ਪਾਲ ਗੋਗਾਂ ਮਹਾਨ ਚਿੱਤਰਕਾਰ ਬਾਰੇ ਵੀ ਕਿਹਾ ਜਾ ਸਕਦਾ ਹੈ।

'ਉਸਦੀ ਇਕ ਅਰਕ ਵੱਜਣ ਨਾਲ ਹੀ ਸਾਰਾ ਘਰ ਖੜ ਖੜ ਕਰ ਲੱਗ ਜਾਂਦਾ ਸੀ ਤਾਂ ਬੇਟੀ ਚੀਕ ਹੀ ਉਠਦੀ, 'ਓ ਪਾਪਾ ! ਸਾਰੇ ਸੁੱਤੇ ਹੋਏ ਨੇ, ਹੁਣੇ ਹੁਣੇ ਜਾਬਾਂ ਤੋਂ ਆਏ ਹਨ...ਤੁਸੀਂ ਕਿਸੇ ਗੱਲ ਦਾ ਵੀ ਧਿਆਨ ਨਹੀਂ ਰੱਖਦੇ ।' (ਪੰਨਾ 33)

ਘਰ ਭਾਵੇਂ -ਕੀਰ ਸਿੰਘ ਦੀ ਧੀ ਦਾ ਹੀ ਸੀ, ਪਰ -ਕੀਰ ਸਿੰਘ ਪੰਜਾਬੀ ਰਹਿਣੀ ਵਾਂਗ ਹੀ ਅਮਰੀਕਾ ਵਿਚ ਵਿਚਰਦਾ ਸੀ । ਸੱਭਿਆਚਾਰ ਦੇ ਵਖਰੇਵੇਂ ਨੇ ਉਸਦੀਆਂ ਸਾਰੀਆਂ ਮਨ ਆਈਆਂ ਅਤੇ ਸੁਤੰਤਰ ਸੋਚਾਂ, ਰਹਿਣੀ-ਬਹਿਣੀ ਤੇ ਤਰਜ਼ੇ-ਜ਼ਿੰਦਗੀ ਵਿਚ ਅਨੇਕ ਬਦਲਾਵ ਲੈ ਆਂਦੇ ਸਨ । ਇਹ ਵੀ ਭੱਖ਼ਦਾ ਸੱਚ ਹੈਕਿ ਕੰਮਕਾਰ ਤੋਂ ਆਇਆ ਕੋਈ ਗੂੜ੍ਹੀ ਨੀਂਦਰੇ ਸੁੱਤਾ ਰਤਾ ਵੀ ਖੜਾਕ ਨਾਲ ਜਾਗ ਸਕਦਾ ਹੈ। ਕੁਝ ਨੀਂਦਾਂ ਵੀ ਸੰਵੇਦਨਸ਼ੀਲ ਨੀਂਦਾਂ (Sensitive Sleeps) ਹੁੰਦੀਆਂ ਹਨ । ਮਹਿਸੂਸ ਹੁੰਦਾ ਹੈਕਿ ਬੇਗ਼ਾਨੀ ਧਰਤੀ ਤੇ ਸੱਭਿਆਚਾਰਕ-ਦੁਖਾਂਤ ਤੋਂ ਬਾਅਦ ਘਰ-ਪਰਿਵਾਰ ਦੀ ਨਿੱਜੀ ਗਰੈਮਰ ਵੀ ਜ਼ਰੂਰੀ ਹੁੰਦੀ ਹੈ। ਜਿਵੇਂ ਅੰਗ੍ਰੇਜ਼ੀ ਦੇ ਇਕ ਵਾਕ ਵਿਚ ਗਰਾਮਰ ਦੀ ਇਕ ਗ਼ਲਤੀ ਪਰੇ ਵਾਕ ਦਾ ਹੁਲੀਆ ਵਿਗਾੜ ਦੇਂਦੀ ਹੈ। ਇਸ ਤਰ੍ਹਾਂ ਦਾ ਵਾਤਾਵਰਣ ਸੀ ਅਮਨਪ੍ਰੀਤ ਦੇ ਸਹੁਰੇ ਘਰ ਦਾ । ਭਾਵੇਂ ਅਮਨਪ੍ਰੀਤ ਰਿਸ਼ਤੇ ਵਿਚ -ਕੀਰ ਸਿੰਘ ਦੀ ਲਾਡਲੀ ਧੀ ਹੈਪਰ ਅਮਨ ਸਮੂਹ ਪਰਿਵਾਰ ਦੀ ਨੀਂਦ ਪ੍ਰਤੀ ਸੁੱਘੜ-ਵਿਵਹਾਰ ਐ ਸੁਚੇਤੀ ਵੀ ਰੱਖਦੀ ਹੈ। 'ਤੁਸੀਂ ਕਿਸੇ ਗੱਲ ਦਾ ਵੀ ਧਿਆਨ ਨਹੀਂ ਰੱਖਦੇ' ਵਿਚ ਕ੍ਰੋਧ ਨਾਲੋਂ ਅਪਣੱਤ ਅਤੇ ਆਪਣਾਪਣ ਵਧੇਰੇ ਝਲਕਦਾ ਹੈ। ਇਕ ਪਾਕੀਜ਼-ਮਾਸੂਮੀਅਤ ਵੀ । ਜੇ -ਕੀਰ ਸਿੰਘ ਦੀ ਥਾਂ ਇਹ ਹਰਕਤ ਜਗਤ ਸਿੰਘ ਜਾਂ ਕਿਸੇ ਹੋਰ ਕੋਲ ਹੋਈ ਹੁੰਦੀ ਤਾਂ ਸ਼ਾਇਦ ਅਮਨਪ੍ਰੀਤ ਸੰਜਮ ਵਿਚ ਹੀ ਰਹਿੰਦੀ । 'ਓ ਪਾਪਾ' ਏਥੇ ਸੰਬੋਧਨੀ ਹੁੰਦਾ ਹੋਇਆ ਵੀ ਮੈਨੂੰ ਖ਼ਲੂਸ ਵਾਲਾ ਅਤੇ ਬਾਪ ਤੇ ਇਕ ਧੀ ਦੇ ਲਾਡਲੇ ਅਧਿਕਾਰ ਵਰਗਾ ਵੀ ਲੱਗਦਾ ਹੈ। 'ਪਾਪਾ' ਸ਼ਬਦ ਕਿੰਨਾ ਨਰਮ, ਕੂਲਾ ਅਤੇ ਭਿੱਜਾ ਭਿੱਜਾ ਹੈ। ਕੋਈ ਸ਼ੋਰ ਨਹੀਂ । ਮੌਨ, ਪਰ ਸੰਵੇਦਨ । ਪਾ...ਪਾ (ਪਾਪਾ) ।

'ਪਰ -ਕੀਰ ਸਿੰਘ ਨੂੰ ਲੱਗਦਾ ਜਿਵੇਂ ਏਨੀ ਗੱਲ ਨਾਲ ਹੀ ਕਿਸੇ ਨੇ ਉਸ ਦੀਆਂ ਜਾਬਾਂ ਭੰਨ ਦਿੱਤੀਆਂ ਹੋਣ ।' (ਪੰਨਾ 33) ਫਕੀਰ ਸਿੰਘ ਦਾ ਆਪਣਾ ਸਵੈ, ਸਵੈ-ਸਤਿਕਾਰ ਵਾਲਾ ਹੈ।

ਆਪਣੀ ਧਰਤੀ ਤੋਂ ਵਿਰਵੇ ਹੋ ਕੇ ਪਰਾਏ ਸੱਭਿਆਚਾਰ ਵਿਚ ਜੀਣਾ ਕਿੰਨਾ ਮੁਹਾਲ ਹੁੰਦਾ ਹੈ ! ਡਾ. ਅੱਲਾਮਾ ਇਕਬਾਲ ਦਾ ਇਕ ਸ਼ੇਅਰ ਯਾਦ ਆ ਰਿਹਾ ਹੈ

'ਇਕਬਾਲ ਤੇਰੀ ਸ਼ੋਖ਼ੀ ਨੇ ਸਭ ਵਲ ਦੀਯੇ ਨਿਕਾਲ,
ਮੁੱਦਤ ਸੇ ਤਮੰਨਾ ਥੀ ਸੀਧਾ ਕਰੇ ਕੋਈ ।'

ਭਾਵੇਂ -ਕੀਰ ਸਿੰਘ ਕੁਝ ਮਹੀਨਿਆਂ ਲਈ ਹੀ ਅਮਨਪ੍ਰੀਤ ਆਪਣੀ ਧੀ ਕੋਲ ਅਮਰੀਕਾ ਗਿਆ ਸੀ ਪਰ ਅਮਰੀਕਾ ਵਿਚ ਉਹ ਸਰੀਰ ਕਰਕੇ ਰਹਿ ਰਿਹਾ ਸੀ । ਸੁਭਾਅ ਅਤੇ ਰੋਜ਼ਨਾਮਚੇ ਪੱਖੋਂ ਉਸਦਾ ਮਨ ਅਜੇ ਵੀ ਪੰਜਾਬੀ ਸੀ । ਆਦਤਨ ਧਿਆਨ ਤੇ ਹਰਕਤਾਂ ਵਿਚ ਸੁਭਾਵਕ ਆਪਣੀ ਮਿੱਟੀ ਦਾ ਤੁਖ਼ਮ ਆ ਜਾਣਾ ਵੀ ਸੁਭਾਵਿਕ ਹੈ। ਬੇਗ਼ਾਨੇ ਦੇਸ਼ ਦਾ ਪੰਛੀ ਪ੍ਰਦੇਸ਼ ਵਿਚ ਹਰਿਆਲੀ ਟਾਹਣੀ 'ਤੇ ਬੈਠ ਕੇ ਵੀ ਉਪਰਾਮ ਅਤੇ ਨਿਰਾਸ਼ ਰਹਿੰਦਾ ਹੈ। ਪੰਛੀ ਦੀ ਆਵਾਜ਼ ਅਤੇ ਹਰਕਤਾਂ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ। ਫਕੀਰ ਸਿੰਘ ਦੀ ਉਤਸੁਕਤਾ ਤੇ ਸੁਰਜੀਤ ਨੇ ਉਸਨੂੰ ਦੱਸਿਆ ਕਿ 'ਇਹ ਚੂਹੇ ਨਹੀਂ ਹਨ ਇਹਨਾਂ ਨੂੰ 'ਗੋ-ਰ' ਕਹਿੰਦੇ ਹਨ । ਇਹ ਚੂਹਿਆਂ ਦੀ ਕੋਈ

ਵੱਖਰੀ ਹੀ ਕਿਸਮ ਹੈ ਇਹ ਬਾਹਰ ਨਹੀਂ ਆਉਂਦੇ ਸਗੋਂ ਧਰਤੀ ਦੇ ਹੇਠਾਂ ਹੀ ਰਹਿੰਦੇ ਹਨ । ਇਸ ਲਈ ਇਨ੍ਹਾਂ ਨੂੰ ਮਾਰਨਾ ਵੀ ਔਖਾ ਹੈ।' (ਪੰਨਾ 36)

'ਜਗਤ ਸਿੰਘ ਜਿਹੜਾ ਅੱਜ ਤੋਂ ਪਚਵੰਜਾ ਸਾਲ ਪਹਿਲਾਂ ਬੜੇ ਚਾਅ ਨਾਲ ਇਧਰ ਆਇਆ ਸੀ, ਜਿਸਨੇ ਬੜੀ ਮਿਹਨਤ ਕੀਤੀ ਸੀ, ਆਪਣਾ ਘਰ ਬਣਾਇਆ ਸੀ ਅਤੇ ਪੂਰੇ ਬਾਰ੍ਹਾਂ ਸਾਲਾਂ ਬਾਅਦ ਉਸਨੇ ਆਪਣੇ ਪੁੱਤਰ ਸੁਰਜੀਤ ਦਾ ਮੂੰਹ ਵੇਖਿਆ ਸੀ ।' (ਪੰਨਾ 37)

ਉਪਰੋਕਤ ਸਤਰਾਂ ਵਿਚ ਇਕ ਚੀਖ਼ ਹੈ ਮੌਨ ਰੁਦਨ, ਬਿਹਬਲਤਾ ਵੀ । ਪਚਵੰਜਾ ਸਾਲ ਉੱਫ ! ਅੱਧੀ ਉਮਰ ਤੋਂ ਪੰਜ ਸਾਲ ਵੱਧ । ਬੜੀ ਮਿਹਨਤ, ਆਪਣਾ ਘਰ, ਬਾਰਾਂ ਸਾਲ, ਪੁੱਤਰ ਸੁਰਜੀਤ ਦਾ ਮੂੰਹ-ਰਿਸ਼ਤਿਆਂ ਦੇ ਸਰੋਕਾਰਾਂ ਅਤੇ ਪੁੱਤਰ-ਮੋਹ ਪ੍ਰਤੀ ਆਂਦਰਾਂ ਦੀ ਇਹ ਲੂਣੀ-ਤੜਪਣ ਕਿੰਨੀ ਖ਼ੌਫ-ਜ਼ਦਾ ਅਤੇ ਤਨਹਾ ਹੈ ? ਮੈਨੂੰ ਤਾਂ ਕੰਬਣੀ ਆ ਜਾਂਦੀ ਹੈ ਪੜ੍ਹਕੇ । ਸੁਪਨਿਆਂ ਦਾ ਸਾਕਾਰ ਕਰਨਾ ਕਈ ਉਮਰਾਂ ਖਾ ਜਾਂਦਾ ਹੈ। ਫਿਰ ਵੀ ਗ਼ਨੀਮਤ ਹੈ ਜੇ ਜੀਉਂਦੇ ਜੀਅ ਸੁਪਨੇ ਸਾਕਾਰ ਹੋ ਜਾਵਣ । ਉਫ ! ਤੌਬਾ !!

'ਬਾਹਰ ਵਾਲੀਆਂ ਝਾੜੀਆਂ ਉਪਰ ਕਿਸੇ ਨੇ ਟਾਇਲਟ ਪੇਪਰ ਵਲੇ ਹੋਏ ਸਨ, ਜਿਨ੍ਹਾਂ ਨੂੰ ਵੇਖਦਿਆਂ ਹੀ ਖ਼ਾਲਸਾ ਸਿੰਘ ਇਕ ਪਾਸੇ ਦੌੜ ਗਿਆ ਜਿੱਧਰ ਕੁਝ ਬੱਚੇ ਦੌੜੀ ਜਾ ਰਹੇ ਸਨ ।' (ਪੰਨਾ 41)

'ਸੁਰਜੀਤ ਨੇ ਪ੍ਰਾਹੁਣਿਆਂ ਨੂੰ ਦੱਸਿਆ ਕਿ ਇਹ ਗੋਰੇ ਬੱਚਿਆਂ ਦਾ ਪ੍ਰੋਟੈਸਟ ਕਰਨ ਦਾ ਤਰੀਕਾ ਹੈ।'

ਬੱਚਿਆਂ ਦੀਆਂ ਸ਼ਰਾਰਤਾਂ ਰਤਾ ਕੁ ਫਰਕ ਨਾਲ ਸਮੂਹ ਦੇਸ਼ਾਂ ਵਿਚ ਸਮਰੂਪ ਹੀ ਹੁੰਦੀਆਂ ਹਨ । ਬੱਚਿਆਂ ਨੂੰ ਸ਼ਰਾਰਤਾਂ ਦੇ ਮਹਾਤਮ ਦਾ ਤਾਂ ਬਹੁਤਾ ਪਤਾ ਨਹੀਂ ਹੁੰਦਾ ਪਰ ਚਤੁਰ-ਸ਼ਰਾਰਤਾਂ ਕਰਕੇ ਉਨ੍ਹਾਂ ਦਾ ਮਨੋਰੰਜਨ ਵੀ ਹੋ ਜਾਂਦਾ ਹੈਅਤੇ ਉਨ੍ਹਾਂ ਨੂੰ ਸਕੂਨ ਵੀ ਮਿਲ ਜਾਂਦਾ ਹੈ। ਭਾਰਤ ਵਿਚ ਅਜਿਹਾ ਰੋਸ ਜਾਦੂ-ਟੂਣਿਆਂ ਦੇ ਪ੍ਰਤੀਕਰਮ ਵਜੋਂ ਹੁੰਦਾ ਹੈ। ਭਾਰਤ ਦੀਆਂ ਹੋਰ ਸਟੇਟਸ ਅਤੇ ਪੰਜਾਬ ਦੇ ਪ੍ਰਾਂਤਾਂ ਵਿਚ ਵੀ ਰੋਸ ਪ੍ਰਗਟ ਕਰਨ ਵਾਲੀਆਂ ਅਜਿਹੀਆਂ ਬਹੁਤ ਉਦਾਹਰਣਾਂ ਮਿਲਦੀਆਂ ਹਨ । ਬੱਚਿਆਂ ਨੂੰ ਮਾਸੂਮੀਅਤ ਅਤੇ ਅਬੋਧ-ਵਸ ਕੋਈ ਸਜ਼ਾ ਵੀ ਨਹੀਂ ਦਿੱਤੀ ਜਾ ਸਕਦੀ, ਹਾਂ ਡਾਂਟ ਡਪਟ ਕੀਤੀ ਜਾ ਸਕਦੀ ਹੈ। ਲੇਖਕ ਦੇ ਅਜਿਹੇ ਨਿੱਕੇ-ਨਿੱਕੇ ਪਰ ਭਾਵਪੂਰਤ ਵੇਰਵੇ ਹੈਰਾਨਕੁੰਨ ਅਤੇ ਰੌਚਿਕ ਵੀ ਮਹਿਸੂਸ ਹੁੰਦੇ ਹਨ । ਇਨ੍ਹਾਂ ਸ਼ਰਾਰਤਾਂ ਦੀ ਪਿੱਠਭੂਮੀ ਵਿਚ ਸਾਜ਼ਸ਼ੀ ਅਤੇ ਚਤੁਰ ਮਾਪਿਆਂ ਦੀ ਭੂਮਿਕਾ ਵੀ ਹੁੰਦੀ ਹੈ।

'ਬਹੁਤ ਸਾਰੇ ਆਦਮੀ ਮੁਰਗਿਆਂ ਨੂੰ ਫੜ ਕੇ ਉਨ੍ਹਾਂ ਦੇ ਪੈਰ ਕੁੰਡੀਆਂ ਵਿਚ ਫਸਾਈ ਜਾਂਦੇ । ਇਨ੍ਹਾਂ ਜੀਉਂਦੇ ਮੁਰਗਿਆਂ ਨੂੰ ਬਹੁਤ ਗਰਮ ਪਾਣੀ ਵਿਚੋਂ ਲੰਘਾਇਆ ਜਾਂਦਾ । ਜਿੱਥੇ ਉਹ ਮਰ ਵੀ ਜਾਂਦੇ ਅਤੇ ਉਨ੍ਹਾਂ ਦੇ ਖੰਭ ਵੀ ਸਾਰੇ ਲਹਿ ਜਾਂਦੇ ।' (ਪੰਨਾ 44)

ਇਹ ਭਿਆਨਕ ਦ੍ਰਿਸ਼ ਪੈਦਾ ਕਰਦਾ ਹੈ। ਜੀਉਂਦਿਆਂ ਚੀਅ ਜੀਵਾਂ ਨੂੰ ਗਰਮ ਪਾਣੀ ਵਿਚ ਮਾਰਨਾ ਕੋਈ ਸੱਭਿਅਕ ਕੰਮ ਨਹੀਂ ਹੈ। ਨਾ ਅਨੁਭੂਤੀਸ਼ੀਲ । ਇਹ ਸਖ਼ਤ ਸਥੂਲ ਮਨ ਦਾ ਹਿੰਸਕ ਪ੍ਰਤੀਕਰਮ ਹੈ।

'ਇਹ ਸਾਰਾ ਸੀਨ ਵੇਖਦਿਆਂ ਹੀ ਮੇਰੇ ਤਾਂ ਕੱਚੀਆਂ ਤ੍ਰੇਲੀਆਂ ਆਉਣੀਆਂ ਸ਼ੁਰੂ ਹੋ ਗਈਆਂ ਅਤੇ ਮੈਂ ਉਸ ਜਾਬ ਨੂੰ ਲੱਤ ਮਾਰ ਦੌੜ ਆਇਆ ।' (ਪੰਨਾ 44) (ਸੂਖ਼ਸ਼ਮ ਭਾਵੀ, ਕੋਮਲ ਚਿੱਤ) ਕੱਚੀਆਂ ਤ੍ਰੇਲੀਆਂ ਦਾ ਆਉਣਾ-ਕੋਮਲ ਚਿੱਤ, ਸੂਖਸ਼ਮ ਭਾਵੀ, ਨਰਮਦਿਲੀ ਅਤੇ ਡੂੰਘੀ ਸੰਵੇਦਨਾ ਹੈ। ਸਚਮੁੱਚ ਇਹ ਦ੍ਰਿਸ਼ ਵੇਖਦਿਆਂ ਕੱਚੀਆਂ ਤ੍ਰੇਲੀਆਂ ਆ ਸਕਦੀਆਂ ਸਨ । ਪੰਜਾਬੀ ਹਿੰਸਕ ਹੀ ਨਹੀਂ ਅਤੀ ਅਨੁਭੂਤੀਸ਼ੀਲ ਅਤੇ ਉਦਾਰਚਿੱਤ ਵੀ ਹੁੰਦੇ ਹਨ । ਹੱਸਾਸ ਅਤੇ ਉਪਭਾਵੁਕ



ਵੀ ।

'ਇਹ ਤਾਂ -ਕੀਰ ਸਿੰਘ ਨੂੰ ਏਧਰ ਆ ਕੇ ਪਤਾ ਲੱਗਿਆ ਸੀ ਕਿ ਮਨਜੀਤ ਬਾਈਪੋਲਰ ਹੈਅਤੇ ਬਾਈਪੋਲਰ ਹੋਣਾ ਇਕ ਖ਼ਤਰਨਾਕ ਬੀਮਾਰੀ ਹੈ। ਇਸ ਬੀਮਾਰੀ ਦੇ ਹੇਠ ਉਹ ਕਈ ਅਜਿਹੇ ਕੰਮ ਕਰ ਬੈਠਾ ਸੀ ਜੋ ਕਿ ਇਸ ਦੇਸ਼ ਵਿਚ ਵੱਡੇ ਜ਼ੁਰਮ ਮੰਨੇ ਜਾਂਦੇ ਹਨ । ਸਭ ਤੋਂ ਵੱਧ ਖ਼ਤਰਨਾਕ ਸੈਕਸ-ਉਫੈਂਡਰ ਹੋਣਾ ਹੈ। ਜਦ ਤੋਂ ਹੀ ਪੁਲਿਸ ਨੇ ਉਸਨੂੰ ਸੈਕਸ-ਉਫੈਂਡਰ ਕਰਾਰ ਦੇ ਕੇ ਅਖ਼ਬਾਰਾਂ ਵਿਚ ਇਸ਼ਤਿਹਾਰ ਦੇ ਦਿੱਤੇ ਸਨ । ਉਸਦਾ ਨਾਮ ਇੰਟਰਨੈੱਟ ਉਮਰ ਵੀ ਚੜ ਗਿਆ ਸੀ... ।' (ਪੰਨਾ 48)

'ਸ਼ੀਸ਼ੋ ਮਾਸੀ ਨੂੰ ਵੀ ਹੁਣ ਉਹਦੇ ਤੋਂ ਡਰ ਲੱਗਣ ਲੱਗ ਪਿਆ ਸੀ ਪਤਾ ਨਹੀਂ ਕਿਹੜੇ ਵੇਲੇ ਕਿਹੜੀ ਹਰਕਤ ਕਰ ਦੇਵੇ ਤੇ ਉਸਦੀ ਸਾਰੇ ਪਰਿਵਾਰ ਵਿਚ ਬੇਇਜ਼ਤੀ ਹੋ ਜਾਵੇ ।' (ਪੰਨਾ 48)

'ਪਰਿਵਾਰ ਦੀਆਂ ਹੋਰ ਔਰਤਾਂ, ਭੈਣਾਂ, ਭਾਬੀਆਂ ਸਾਰੀਆਂ ਉਸ ਕੋਲੋਂ ਦੂਰ-ਦੂਰ ਰਹਿਣ ਲੱਗ ਪਈਆਂ ਸਨ ।' (ਪੰਨਾ 48)

'ਹੁਣ ਉਨ੍ਹਾਂ, ਨੂੰ ਉਸਦੀ ਹਰ ਹਰਕਤ ਵਿਚੋਂ ਹੀ ਕਾਮ ਵਾਸ਼ਨਾ ਨਜ਼ਰ ਆ ਰਹੀ ਸੀ ।' (ਪੰਨਾ 49)

'ਕਿਵੇਂ ਉਸਨੇ ਇਕ ਵਾਰ ਸਪਾਈਡਰਮੈਨ ਬਣਨ ਦੀ ਕੋਸ਼ਿਸ਼ ਵਿਚ ਲੱਤਾਂ ਬਾਹਵਾਂ ਤੁੜਵਾ ਲਈਆਂ ਸਨ ।' (ਪੰਨਾ 49)

ਤੱਤਸਾਰ ਇਹ ਹੈਕਿ ਬਾਈਪੋਲਰ ਹੋਣਾ ਸੈਕਸ-ਉਫੈਂਡਰ ਹੋਣਾ ਹੈ ਜਿਸ ਤੋਂ ਹਰ ਕੋਈ ਘ੍ਰਿਣਤ ਹੈ। (ਪੰਨਾ 49)

ਲੇਖਕ, -ਕੀਰ ਸਿੰਘ ਮਾਸਟਰ ਚੂਨੀ ਲਾਲ ਦੇ ਪੜ੍ਹਾਏ ਜੁਗਰਾ-ਇਏ ਦੀ ਵੀ ਗੱਲ ਕਰਦਾ ਹੈ। ਇਥੇ ਇਕ ਗੱਲ ਹੋਰ ਸਪਸ਼ਟ ਹੁੰਦੀ ਹੈਕਿ ਅਮਰੀਕਾ ਰਹਿੰਦਿਆਂ ਫਕੀਰ ਸਿੰਘ ਦੀ ਸਾਰੀ ਵਿਦਵਤਾ ਸਥਿਰ ਹੋ ਗਈ ਸੀ ਭਾਵੇਂ ਕਿ ਉਸ ਨਾਲ ਡਰਦਾ ਕਈ ਸਿੰਗ ਨਹੀਂ ਸੀ ਅੜਾਉਂਦਾ । ਅੰਦਰੋਂ ਸਾਰੇ ਉਸਦੇ ਰੋਸ਼ਨ ਦਿਮਾਗ਼ ਤੋਂ ਕਤਰਾਉਂਦੇ ਸਨ । ਪਰ ਅਮਰੀਕਾ ਰਹਿੰਦਾ ਹੋਇਆ ਵੀ ਫਕੀਰ ਸਿੰਘ ਬੀਤੇ ਦੀਆਂ ਯਾਦਾਂ ਦੀਆਂ ਕਈ ਸਿਮ੍ਰਤੀਆਂ ਨੂੰ ਮੁੜ ਫਰੋਲਦਾ ਹੈ। ਉਹਦਾ ਸਾਰਾ ਖ਼ਾਮੋਸ਼ ਅਤੀਤ ਮੁੜ ਪੁਨਰ-ਜਾਗ੍ਰਿਤ ਹੋ ਜਾਂਦਾ ਹੈ।

'ਹੁਣ ਵੀ ਜਦ ਕੋਈ ਗੱਲ ਹੁੰਦੀ ਤਾਂ ਉਹ ਅਮਨਪ੍ਰੀਤ ਨੂੰ ਸਿੱਧਾ ਹੀ ਕਹਿ ਦੇਂਦਾ ਕਿ ਇਹ -ਸਲਾ ਤੂੰ ਆਪ ਲੈਣਾ ਹੈ। ਜ਼ਿੰਦਗੀ ਤੂੰ ਕੱਟਣੀ ਹੈ ਮੇਰਾ ਕੀ ਹੈ ਮੈਂ ਤਾਂ ਚਾਰ ਦਿਨਾਂ ਦਾ ਮਹਿਮਾਨ ਹਾਂ ।' (ਪੰਨਾ 50) (ਬੇਬਾਕੀ, ਸੁਤੰਤਰ -ਸਲਾ, ਸਰਲਤਾ, ਸਪੱਸ਼ਟਤਾ ਅਤੇ ਸਾ-ਗੋਈ)

ਉਪਰੋਕਤ ਜੁਆਬ -ਕੀਰ ਸਿੰਘ ਵੱਲੋਂ ਸਿੱਧਾ ਸਪਸ਼ਟ ਅਤੇ -ਸਲਾਕੁੰਨ ਸੀ । ਇਕ ਬਾਪ ਆਪਣੀ ਧੀ ਪ੍ਰਤੀ ਹੋਰ ਕੀ ਕਹਿ ਸਕਦਾ ਹੈ ? ਅਨੁਭਵ ਹੁੰਦਾ ਹੈਕਿ ਫਕੀਰ ਸਿੰਘ ਅੰਦਰੋਂ ਬੇਹੱਦ ਬੇਵਸ ਅਤੇ ਪੀੜਤ ਹੈ। 'ਮੈਂ ਤਾਂ ਚਾਰ ਦਿਨ ਦਾ ਮਹਿਮਾਨ ਹਾਂ ।' ਇਹ ਬਾਪ ਦੀ ਆਪਣੀ ਧੀ ਅਤੇ ਅਮਰੀਕਾ ਦੇਸ਼ ਦੀ ਬਾਈਪੋਲਰ ਜਿਹੀ ਬਿਮਾਰੀ ਪ੍ਰਤੀ ਅਖ਼ੀਰ ਹੈ ਜਿਹੜੀ ਅਤਿ ਰੁਦਨ-ਮਈ ਅਤੇ ਕਰੁਣਾਤਮਿਕ ਹੈ। ਸੰਵੇਦਨਾਤਮਕ ਤੌਰ 'ਤੇ ਅਸਹਿ ਵੀ । (ਡਾ. ਕੈਰੋਂ ਅਗਲੇ ਜਨਮ ਵਿਚ ਵੀ ਪੰਜਾਬੀ ਹੋਵੇ) ਮੇਰੀ ਨਿੱਜੀ ਵੇਦਨਾ ਅਤੇ ਹਿਰਦੇਈ ਪਵਿੱਤਰ ਅਰਦਾਸ ਹੈ।

ਚਾਰ ਕਿਸਮ ਦੀਆਂ ਟਰਕੀਆਂ ਹੀ ਬਨਾਉਣੀਆਂ ਸਨ ਜ਼ਰਾ ਅਮਰੀਕਾ ਦੇ ਲੱਜਤਦਾਰ ਖਾਣਿਆਂ ਬਾਰੇ-ਬਦਰ ਹਰਬ ਰੋਸਟਡ ਟਰਕੀ, ਓਲਾਈਵ ਆਇਲ ਹਰਬ ਰੋਸਟਡ ਟਕਰੀ, ਸਾਸਿਜ਼ ਐਪਲ ਚੈਸਟਨੈੱਨ ਟਰਕੀ, ਸੱਟਫਿੰਗ ਤੋਂ ਇਲਾਵਾ ਕਾਰਨੈਲ ਡਲੇਜ਼ਡ ਸਵੀਟ ਪਟੈਟੋ, ਰੈੱਡ ਪਟੈਟੋ

ਪਲੱਸ ਲੈਮਨ ਪੇਪਰ ਬੇਕ, ਮੈਸ਼ਡ ਪਟੈਟੋ, ਸਟਿਰ -ਰਾਈਡ ਗਰੀਨ ਬੀਨਜ਼ ਪਲੱਸ ਡਿਨਰ ਰੋਲਜ਼ ਅਤੇ ਕਈ ਕਿਸਮ ਦੇ ਡਰਿੰਕਸ ਅਤੇ ਕੌਫੀ, ਬੇਕਡ ਬੱਟਰਨੈੱਟ ਸਕੁਐਸ਼, ਹੋਮੀਨੇਡ ਕੋਰਨ ਬਰੈਡ... ।

ਪਾਠਕ ਤਾਂ ਕੇਵਲ ਨਾਵਾਂ ਦਾ ਰਸ ਸੁਆਦ ਹੀ ਲੈ ਸਕਦਾ ਹੈ। ਅਮਲੀ ਸੁਆਦ ਤਾਂ ਕੁਝ ਹੋਰ ਹੈ। 'ਥੈਂਕਸ ਗਿਵਿੰਗ ਡੇ' ਵਾਲੇ ਦਿਨ ਮਨਜੀਤ ਦੀਆਂ ਕਾਰਗੁਜ਼ਾਰੀਆਂ ਤੋਂ ਸਭ ਕੋਈ ਕੁੰਠਿਤ ਸੀ । ਅਮਨਪ੍ਰੀਤ ਵਿਚੇ ਵਿਚ ਦੁਖੀ ਹੋਈ ਜਾ ਰਹੀ ਸੀ । ਪਾਸ਼ ਭੂਆ ਨੇ ਤਾਂ ਇਕ ਵਾਰ ਕਹਿ ਹੀ ਦਿੱਤਾ ਸੀ (ਮਨਜੀਤ ਨੂੰ) ਇਹ ਸਾਰਾ ਕੁਝ ਕੀ ਹੋ ਰਿਹਾ ਹੈ ? ਉਸ ਸਮੇਂ ਕਰਮਜੀਤ ਵੀ ਨਵਾਂ ਨਵਾਂ ਅਮਰੀਕਾ ਆਇਆ ਹੋਇਆ ਸੀ ।' (ਪੰਨਾ 57)

'ਅਸਲ ਵਿਚ ਇਹ ਕੋਈ ਨਾਚ ਨਹੀਂ ਸੀ, ਇਹ ਇਕ ਤਰ੍ਹਾਂ ਨਾਲ ਭਾਰਤੀ ਕਾਮ-ਸ਼ਾਸਤਰ ਵਿਚਲੇ ਕਾਮ-ਕ੍ਰੀੜਾ ਦੇ ਹੀ ਆਸਣ ਸਨ ।...ਇਹੋ ਪਲਾਸਟਿਕ ਹੀ ਸੀ ਜੋ ਇਹਨਾਂ ਕੁੜੀਆਂ ਨੂੰ ਅਮਰੀਕਾ ਦੇ ਇਸ ਕਾਨੂੰਨ ਤੋਂ ਬਚਾਉਂਦਾ ਸੀ ਕਿ ਕੋਈ ਵੀ ਵਿਅਕਤੀ ਪੂਰੀ ਤਰ੍ਹਾਂ ਨਿਰਵਸਤਰ ਹੋ ਕੇ ਨਾਚ ਨਹੀਂ ਕਰ ਸਕਦਾ । ਇੰਝ ਉਹ ਪਲਾਸਟਿਕ ਦੀ ਟਾਕੀ ਉਹਨਾਂ ਦੇ ਬਚਾਅ ਲਈ ਢਾਲ ਬਣ ਜਾਂਦੀ ।' (ਪੰਨਾ 57)

ਉਪਰੋਕਤ ਇਹ 'ਥੈਂਕਸ ਗਿਵਿੰਗ ਡੇ' ਉਤਸਵ ਕਰਕੇ ਸੀ । ਇਸ ਨਾਚ ਦੀ ਤਹਿ ਹੇਠ ਕਾਮ-ਵਾਸ਼ਨਾ ਹੈ। ਅਸ਼ਲੀਲ-ਪ੍ਰਭਾਵ, ਇਖ਼ਲਾਕੀ ਗਿਰਾਵਟ ਅਤੇ ਪਤਨ (ਭਾਵੇਂ ਅਜਿਹਾ ਬਹੁਤ ਕੁਝ ਭਾਰਤ ਦੇ ਕੁਝ 'ਰਲੀ ਭਗਤ' ਵੱਡੇ ਹੋਟਲਾਂ (ਪੰਜ ਤਾਰਾ) ਵਿਚ ਵੀ ਹੁੰਦਾ ਹੈਮੈਂ ਇਸਨੂੰ ਨੈਤਿਕ-ਪਤਨ ਹੀ ਕਹਿ ਸਕਦਾਂ) ਮਨੋਰੰਜਨ ਕਰਨ ਦੇ ਹੋਰ ਵੀ ਮਾਧਿਅਮ ਹਨ । ਇਹੀ ਬਾਈਪੋਲਰ ਹੋਣਾ ਵੀ ਹੈ। ਜੋ ਸੱਭਿਆਚਾਰਕ-ਪਤਨ ਵੀ ਕਿਹਾ ਜਾ ਸਕਦਾ ਹੈ। ਅੱਯਾਸ਼ੀ ਵਿਚ ਸੂਝ ਨਾਲ ਇੰਦਰੀਆਂ ਦਾ ਦਖ਼ਲ ਵਧੇਰੇ ਹੁੰਦਾ ਹੈ। ਇੰਦ੍ਰਿਆਵੀ ਕਾਮੁਕ-ਕਥਾਰਸਿਸ/ ਐਕਸਪੋਜ਼ੀਅਰ ਦੁਖਾਂਤਕ ਹੁੰਦਾ ਹੈ। ਮਨ ਦਾ ਨਰਕ (Hell of mind).

'ਫਕੀਰ ਸਿੰਘ ਦੋਹਰੀ ਜ਼ਿੰਦਗੀ ਜਿਊਣ ਵਾਲਾ ਬੰਦਾ ਨਹੀਂ ਹੁੰਦਾ ਸੀ । ਉਹ ਕਿਸੇ ਗੱਲ ਦਾ ਲੁਕ ਲੁਕਾ ਨਹੀਂ ਸੀ ਰੱਖਦਾ ਤੇ ਗੱਲ ਅਗਲੇ ਦੇ ਮੂੰਹ 'ਤੇ ਮਾਰਨ ਦਾ ਆਦੀ ਸੀ ਪਰ ਇਥੇ ਰਿਸ਼ਤਾ ਹੀ ਬੜੀ ਅਜੀਬ ਕਿਸਮ ਦਾ ਸੀ, ਇਸੇ ਕਹੀ ਹੋਈ ਸੱਚੀ ਗੱਲ ਦੇ ਬੜੇ ਦੂਰ ਦਰਾਜ਼ ਨਤੀਜੇ ਨਿਕਲਣੇ ਸਨ । ਇਸ ਲਈ ਉਹ ਬੜੀ ਮੁਸ਼ਕਲ ਨਾਲ ਆਪਣਾ ਮੂੰਹ ਬੰਦ ਰੱਖਦਾ ।' (ਪੰਨਾ 59)

ਇਹ -ਕੀਰ ਸਿੰਘ ਦੀ ਪਾਰਦਰਸ਼ੀ ਕੈ-ਿਅਤ ਸੀ । ਅਮਨਪ੍ਰੀਤ ਦਾ ਬਾਪ ਹੋਣ ਦੀ ਰਿਸ਼ਤਗੀ ਵਾਲੀ ਬੇਬਸੀ ਵੀ । ਕਈ ਵਾਰ ਆਦਮੀ ਕਾਹਲੀ ਅਤੇ ਭਾਵੁਕ-ਫੈਸਲਿਆਂ ਤੋਂ ਬਾਅਦ ਅਜਿਹੇ ਸੰਤਾਪ ਅਤੇ ਪੀੜਤ ਦੁਖਾਂਤ ਦਾ ਭਾਗੀ ਖ਼ੁਦ ਹੀ ਬਣ ਜਾਂਦਾ ਹੈ। ਕਹਾਵਤ ਯਾਦ ਆਉਂਦੀ ਹੈ:

'ਜੋ ਸੁੱਖ ਛੱਜੂ ਦੇ ਚੁਬਾਰੇ
ਨਾ ਬਲਖ਼ ਨਾ ਬੁਖਾਰੇ ।'

ਇਕ ਬੋਲੀ ਹੋਰ ਜਾਂ ਲੋਕ ਗੀਤ ਸਮਝ ਲਓ :

'ਨਾ ਜਾ ਬਰਮਾ ਨੂੰ
ਲੇਖ ਜਾਣਗੇ ਨਾਲੇ ।'

ਚੂੰਕਿ ਲੇਖਕ ਖ਼ੁਦ ਬੇਹੱਦ ਪੜ੍ਹਿਆ-ਲਿਖਿਆ, ਸੁਲਝਿਆ, ਚਿੰਤਕ, ਖਿਡਾਰੀ, ਸੈਲਾਨੀ, ਵੰਨ-ਸੁਵੰਨੇ ਖਾਣੇ ਖਾਣ ਦਾ ਸ਼ੌਕੀਨ ਹੈ। ਪੜ੍ਹਨ ਵਿਚ ਦਿਲਦਾਰ, ਕਦਰ-ਸ਼ਨਾਸ਼ ਅਤੇ ਵਿਸ਼ੇਸ਼ ਪਰਖਵਾਨ ਹੈ। ਸੁਰਜੀਤ ਦੇ ਕਿਰਦਾਰ ਵਿਚ -ਕੀਰ ਸਿੰਘ ਹੀ ਬੋਲਦਾ ਹੈ'ਸੁਰਜੀਤ ਮਾਰਕ ਦੀ ਇੰਟੈਲੀਜੈਂਸੀ ਤੋਂ ਬਹੁਤ ਹੀ ਪ੍ਰਭਾਵਿਤ ਸੀ । ਮਾਰਕ ਬਹੁਤ ਹੀ ਸੋਹਣਾ ਜੁਆਨ ਅਤੇ ਹੁਸ਼ਿਆਰ



ਸੀ । ਪੜ੍ਹਾਈ ਵਿਚ ਉਸਨੂੰ 'ਸੋਮਾ ਕਮ ਲਾਰਡ' (Soma cum Lourd) ਦੀ ਡਿਗਰੀ ਮਿਲੀ ਸੀ, ਜਿਹੜੀ ਏਥੇ ਕਿਸੇ-ਕਿਸੇ ਨੂੰ ਹੀ ਮਿਲਦੀ ਹੈ। ਉਸਦਾ ਪੂਰਾ ਨਾਮ ਤਾਂ ਐਮਰੀਗਲ ਸੀ, ਜੀਹਦੇ ਤੋਂ ਛੋਟਾ ਕਰਕੇ ਉਸਨੇ ਮਾਰਕ ਨਾਮ ਰੱਖ ਲਿਆ ਸੀ ।' (ਪੰਨਾ 61)

'ਮਾਰਕ ਨੇ ਵਿਆਹ 'ਤੇ ਸੁਰਜੀਤ ਨੂੰ ਵੀ ਸੱਦਿਆ ਸੀ । ਉਸ ਸਮੇਂ ਉਸ ਨੇ ਸ਼ੈਂਪੈਨ ਪਿਲਾਈ ਸੀ, ਨਾਲ ਕੈਵੀਅਰ ਮੱਛੀ (ਕੈਵੀਅਰ ਮੱਛੀ ਦਾ ਪੇਟ ਚੀਰ ਕੇ ਇਹ ਆਂਡੇ ਕੱਢੇ ਜਾਂਦੇ ਹਨ ਜੋ ਗੁੱਛਿਆਂ ਦੇ ਰੂਪ ਵਿਚ ਹੁੰਦੇ ਹਨ । ਕੈਵੀਅਰ ਮੱਛੀ ਦਾ ਆਂਡਾ ਆਕਾਰ ਵਿਚ ਕਾਲੀ ਮਿਰਚ ਜਿੱਡਾ ਹੁੰਦਾ ਹੈ। ਪਹਿਲੀ ਹਾਲਤ ਵਿਚ ਇਸ ਆਂਡੇ ਦਾ ਰੰਗ ਪੀਲਾ ਅਤੇ ਪੱਕ ਜਾਣ ਬਾਅਦ ਸੰਤਰੀ ਹੋ ਜਾਂਦਾ ਹੈ। ਇਹ ਆਂਡੇ ਬੇਹੱਦ ਮਹਿੰਗੇ ਹੁੰਦੇ ਹਨ ।) ਵੀ ਖੁਆਈ ਸੀ ।' (ਪੰਨਾ 61)

"ਕੈਵੀਅਰ ਕੀ ਹੈ ?" -ਕੀਰ ਸਿੰਘ ਨੇ ਪੁੱਛਿਆ । (ਲੇਖਕ ਨੂੰ ਅਸਲੋਂ ਅਦਭੁੱਤ ਨਾਵਾਂ ਨਾਲ ਬੇਹੱਦ ਦਿਲਚਸਪੀ ਹੈ। ਘੋਖਣ ਦੀ ਵਿਸ਼ੇਸ਼ ਦਿਲਚਸਪੀ ਵੀ । ਰਮਣੀਕ ਜਾਣਕਾਰੀ ਦਾ ਉਹ ਆਸ਼ਕ ਹੈ।)

"ਉਹ ਭਾਜੀ ਮੱਛੀ ਦੇ ਆਂਡੇ ਹੁੰਦੇ ਹਨ । ਬਹੁਤ ਹੀ ਮਹਿੰਗੇ ਹੁੰਦੇ ਹਨ । ਸੋਨੇ ਨਾਲੋਂ ਵੀ ਮਹਿੰਗੇ ।" ਬਾਰਬਰਾ ਮਾਰਕ ਦੀ ਚੌਥੀ ਵਹੁਟੀ ਸੀ । (ਕੀ ਪੰਜਾਬ ਵਿਚ ਅਜਿਹਾ ਹੋ ਸਕਦਾ ਹੈਪ੍ਰਸ਼ਨ ਉਠਦਾ ਹੈ ?) (ਪੰਨਾ 62) '-ਕੀਰ ਸਿੰਘ ਨੂੰ ਗੁੱਸਾ ਆ ਰਿਹਾ ਸੀ, ਸਾਲੇ ਚਾਹ ਪਾਣੀ ਤਾਂ ਕਿਧਰੇ ਰਿਹਾ, ਬੈਠਣ ਲਈ ਵੀ ਨਹੀਂ ਕਹਿ ਰਹੇ । ਆਪਣੇ ਆਪ ਨੂੰ ਹੀਣਾ-ਹੀਣਾ ਸਮਝਣ ਲਗਿਆ ।' (ਪੰਨਾ 63) -ਕੀਰ ਸਿੰਘ ਦੀ ਇਹ ਧਾਰਨਾ ਪੂਰਬੀ ਸੀ । ਰਿਸ਼ਤੇਦਾਰੀ ਵਿਚ ਉਸਦਾ ਇਹ ਸਤਿਕਾਰ-ਪੂਰਵਕ ਹੱਕ ਵੀ ਸੀ ।

ਯਾਦਾਂ ਦੀ ਉਧੜਦੀ ਰੀਲ ਵਿਚੋਂ '-ਕੀਰ ਸਿੰਘ ਨੂੰ ਅਮਨਪ੍ਰੀਤ ਦੇ ਵਿਆਹ ਦੀ ਯਾਦ ਆਈ ਕਿ ਕਿਵੇਂ ਉਸਨੇ ਆਪਣੀ ਸਾਰੀ ਜਮ੍ਹਾ ਪੂੰਜੀ ਲਗਾ ਕੇ ਬੜੇ ਗੱਜ-ਵੱਜ ਕੇ ਅਮਨਪੀਤ ਦਾ ਵਿਆਹ ਕੀਤਾ ਸੀ । ਸ਼ਾਇਦ ਪਹਿਲੀ ਵਾਰ ਉਹਨਾਂ ਦੇ ਸ਼ਹਿਰ ਵਿਚ ਲਿਮੋਜ਼ੀਨ ਆਹੀ ਸੀ ਜਿਨੂੰ ਵੇਖਣ ਬਹੁਤ ਸਾਰੇ ਲੋਕ ਆਏ ਸਨ... ।' (ਪੰਨਾ 68) ਉਪਰੋਕਤ ਸਤਰਾਂ ਵਿਚ ਖੁਸ਼ੀਆਂ ਦੇ ਨਾਲ-ਨਾਲ ਭਾਵਨਾਤਮਕ ਸੁਗੰਧੀ ਵੀ ਹੈ। ਸਮਾਜਿਕ-ਪ੍ਰਤਿਸ਼ਠਤਾ ਵਿਸ਼ੇਸ਼ ਉਤਕ੍ਰਿਸ਼ਠਤ ਵੀ । ਮੁਅੱਜ਼ਜ਼, ਮਹਿਮਾਨ-ਨਿਵਾਜ਼ੀ, ਸ਼ਹਾਨਾ ਠਾਠ । ਦਰਮਿਆਨ ਬਹੁਤ ਰੌਚਿਕ, ਅਦਭੁੱਤ, ਅਦੁੱਤੀ, ਦੁਰਲੱਭ ਵੇਰਵਿਆਂ ਦੇ ਨਾਲ-ਨਾਲ ਫਕੀਰ ਸਿੰਘ ਦੇ ਮਨ ਵਿਚ ਕਈ ਪ੍ਰਸ਼ਨ ਚਿੰਨ੍ਹ ਫਨੀਅਰ ਸੱਪ ਦੀ ਫੱਨ ਵਾਂਗ ਫੁੰਕਾਰੇ ਵੀ ਮਾਰਦੇ ਹਨ । ਨਿੱਕੀਆਂ-ਨਿੱਕੀਆਂ ਬੁਝਾਰਤਾਂ, ਸਆਲਾਂ ਦੀਆਂ ਅੜਾਉਣੀਆਂ, ਹਾਸੇ ਦੇ ਫੁਹਾਰੇ, ਰੱਬ ਦੇ ਮਾਮਲੇ ਵਿਚ ਚੜ੍ਹਾਵੇ (ਹਾਸੇ ਵਾਲੀ ਸਾਖੀ) ਢਿੱਡੀਂ ਪੀੜਾਂ ਪਾਉਣ ਵਾਲੀ ਹੈ। ਇਨ੍ਹਾਂ ਨਿੱਕੀਆਂ-ਨਿੱਕੀਆਂ ਗੱਲਾਂ ਵਿਚ, ਦਿਮਾਗ਼ ਦੀ ਤੀਖ਼ਣਤਾ, ਤਾਜ਼ਗੀ, ਹੁਸ਼ਿਆਰੀ, ਸਿੱਖਿਆ, ਮਨੋਰੰਜਨ, ਹਾਸਾ, ਮਖ਼ੌਲ ਅਤੇ ਮੁ-ਤ ਦੀ ਸਰੀਰਕ ਅਤੇ ਦਿਮਾਗ਼ੀ ਕਸਰਤ ਵੀ ਹੋ ਜਾਂਦੀ ਹੈ। ਲੇਖਕ ਇਥੇ ਦਾਨਾ-ਬੀਨਾ ਬੰਦਾ ਲੱਗਦਾ ਹੈ। ਸਾਫ ਸ਼ਫਾਫ ਅਤੇ ਮਿਲਾਪੜਾ । ਜਿਸਦੇ ਸੰਗ ਸਾਥ ਵਿਚ ਉਕੇਵੇਂ ਅਤੇ ਉਦਰੇਵੇਂ ਨੂੰ ਕਿਵੇਂ ਕੋਈ ਥਾਂ ਹੀ ਨਾ ਹੋਵੇ ।

ਰਿਕਸ਼ਾ ਚਾਲਕ ਨਾਲ ਸੰਵਾਦ ਗਹਿਰੇ ਅਰਥਾਂ ਵਾਲਾ ਹੈ। ਹਿਸਾਬੀ ਪ੍ਰਸੰਗ ਵਿਚ । 'ਗੱਲਾਂ ਗੱਲਾਂ ਵਿਚ ਅਮਨਪ੍ਰੀਤ ਨੇ -ਕੀਰ ਸਿੰਘ (ਪਾਪਾ) ਨੂੰ ਇਹ ਗੱਲ ਸਮਝਾ ਹੀ ਦਿੱਤੀ ਸੀ ਕਿ ਪਾਪ ਇਹੋ ਜਿਹੇ ਬੰਦੇ ਨਾਲ ਉਹ ਹੁਣ ਬਹੁਤੀ ਦੇਰ ਰਹਿ ਹੀ ਨਹੀਂ ਸਕਦੀ...ਮੇਰੇ ਨਾਲ ਬੋਲਿਆਂ ਚਾਲਿਆਂ ਸਿੱਧਾ ਪਿਉ ਦੀ ਬਾਰ ਵਿਚ ਜਾ ਵੜਦਾ ਹੈ..ਇਹਦਾ ਦਿਮਾਗ਼ ਕੰਮ ਨਹੀਂ ਕਰਦਾ । ਜਿਹੜੀ ਗੱਲ ਪਾ ਉਸਦੇ ਦਿਮਾਗ਼ ਵਿਚ ਪਾ ਕੇ ਘੱਲਦਾ ਹੈ ਉਸੇ ਦੀ ਹੀ ਰੱਟ ਲਗਾਈ ਜਾਂਦਾ ਹੈ।'

(ਪੰਨੇ 79-80)

ਉਪਰੋਕਤ ਸਤਰਾਂ ਵਿਚ ਵਿਲਕ, ਤੜਪ ਅਤੇ ਵਿਰਲਾਪ ਕਰਦੀ ਸੀ ਦੀ ਦੁਖਾਂਤਕ ਅਰਜ਼ੋਈ ਹੈ। 'ਕਿੰਨੀ ਅਜ਼ੀਬ ਗੱਲ ਸੀ ਕਿ ਪੰਜਾਬ ਦਾ ਉਹ ਮੰਨਿਆ-ਪ੍ਰਮੰਨਿਆ ਮਾਸਟਰ ਜਿਸਨੇ ਸਾਰਾ ਅਨੁਵਾਦ ਹੋਇਆ ਰੂਸੀ ਸਾਹਿਤ ਪੜ੍ਹਿਆ ਹੋਇਆ ਸੀ, ਸਾਵੀਂ ਪੱਧਰੀ ਜ਼ਿੰਦਗੀ ਬਾਰੇ ਉਹ ਲੋਕਾਂ ਨਾਲ ਬਹਿਸਾਂ ਕਰਦਾ ਸੀ ਅਤੇ ਸਾਥੀਆਂ ਵਿਚ ਉਹ ਅਗਾਂਹਵਧੂ ਅਖਵਾਉਂਦਾ ਸੀ । ਏਥੇ ਆਣ ਕੇ ਕਿਵੇਂ ਗੰਵਾਰ ਅਤੇ ਪਛੜਿਆ ਹੋਇਆ ਬਣ ਗਿਆ ਸੀ ।' (ਪੰਨਾ 81)

ਉਪਰੋਕਤ ਪਹਿਰੇ ਤੋਂ ਅਤੇ ਹੱਸਾਸ ਮਨ ਦੀ ਸੂਖ਼ਮਭਾਵੀ ਆਤਮਾ ਤੋਂ ਗੌਰਵ ਬੋਲਦਾ ਹੈਜੋ ਅਗਾਂਹਵਧੂ ਹੁੰਦਾ ਹੋਇਆ ਵੀ ਅਮਰੀਕਾ ਦੀ ਧਰਤੀ ਤੇ ਆਪਣੇ ਆਪ ਨੂੰ ਬੇਬਸ ਪਾਉਂਦਾ ਹੈ। ਇਹ ਤ੍ਰਾਸਦਿਕ-ਦੁਖਾਂਤ ਅਸਹਿ ਅਤੇ ਅਕਹਿ ਹੈ। ਧਰਾਤਲ ਬਦਲਣ ਨਾਲ ਹੀ ਕਿੰਨਾ ਕੁਝ ਮਨ-ਾ ਹੋ ਗਿਆ ਸੀ ।

ਇਕ ਵਿਸਥਾਰਪੂਰਵਕ ਕਹਾਣੀ ਦੋ ਮਿਲੀਅਨ ਡਾਲਰ ਦੇ ਇਵਜ਼ ਵੀਹ ਸਾਲ ਕੈਦ ਦੀ । ਵਿਸ਼ਵਾਸਘਾਤ ਅਤੇ ਵਚਨ ਤੋਂ ਬੇਮੁੱਖ ਹੋ ਜਾਣ ਦੀ ਮਾਰਮਿਕ ਕਹਾਣੀ ਹੈ। ਕੈਦੀ 20 ਸਾਲ ਤੋਂ ਤਿੰਨ ਦਿਨ ਪਹਿਲਾਂ ਹੀ ਮਰ ਜਾਂਦਾ ਹੈ। ਕਤਲ ਕਰਨ ਵਾਲੇ ਲਈ ਮਸਲਾ ਹੱਲ ਹੋ ਜਾਂਦਾ ਹੈ। ਕੈਹਾ ਸੰਤਾਪ ਹੈ ? ਦੋ ਮਿੱਤਰਾਂ ਵਿਚ ਪਿਆਰ ਤੇ ਫਿਰ ਤਕਰਾਰ ਅਤੇ ਕਾਤਲਾਨਾ ਹਮਲਾ ।(ਬਹੁਤਾ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ) ।

ਲੇਖਕ ਬਦੇਸ਼ ਵਿਚ ਸਸਕਾਰ ਕਰਨ ਵਾਲੀਆਂ ਮਸ਼ੀਨਾਂ ਦੀ ਗੱਲ ਵੀ ਕਰਦਾ ਹੈ। ਕਿਵੇਂ ਮੋਹਵੰਤ ਰਿਸ਼ਤੇ ਸਸਕਾਰ, ਛੁੱਟੀ ਅਤੇ ਮਸ਼ੀਨਾਂ ਬਿਨਾਂ ਗਲਦੇ ਸੜਦੇ ਹਨ । ਕਿਸੇ ਨਾਲ ਕਈ ਹਮਦਰਦੀ ਨਹੀਂ ।

'ਇਹ ਇਕੋ ਹੀ ਬੀਮਾਰੀ ਹੈਜਿਸਨੂੰ ਅਸੀਂ ਪੰਜਾਬ ਵਿਚ ਕਹਿੰਦੇ ਹਾਂ ਘੜੀ ਵਿਚ ਤੋਲਾ ਘੜੀ ਵਿਚ ਮਾਸਾ...ਮਨਜੀਤ ਦਾ ਵੀ ਇਹੋ ਹਾਲ ਹੈ। ਇਸਨੂੰ ਡਾਕਟਰਾਂ ਨੇ ਦੱਸਿਆ ਇਹ ਵੀ ਬਾਈਪੋਲਰ ਹੈ।' (ਪੰਨਾ 90)

ਅਮਰੀਕਾ ਦੀਆਂ ਵੰਨ-ਸੁਵੰਨੀਆਂ ਰੰਗੀਨੀਆਂ ਵਿਚ ਵੀ -ਕੀਰ ਸਿੰਘ ਅੰਦਰੋਂ ਤਰਲੋ-ਮੱਛੀ ਹੈਅਤੇ ਪਲ ਪਲ ਨਾਲ ਆਪਣੀ ਸੰਵੇਦਨਸ਼ੀਲਤਾ ਵਿਚ ਜ਼ਖ਼ਮੀ ਪਲ ਹੰਢਾਉਂਦਾ ਹੈ।

ਇਕ ਦ੍ਰਿਸ਼ਟਾਂਤ ਅਲੰਕਾਰ ਏਥੇ ਢੁੱਕਵਾਂ ਰਹੇਗਾ :

ਕੰਮ ਕਰਦਿਆਂ ਕਰਦਿਆਂ ਭੁੱਸ ਪੈਂਦਾ,
ਮੂਰਖ਼ ਆਦਮੀ ਹੁੰਦੇ ਸੁਜਾਨ ਵੇਖੇ ।
ਘੱਸ ਘੱਸ ਕੇ ਸੈੱਲ ਦੀ ਹਿੱਕੜੀ ਤੇ,
ਰੱਸੀ ਨਾਲ ਵੀ ਹੁੰਦੇ ਨਿਸ਼ਾਨ ਵੇਖੇ । (ਪੰਨਾ 94)

ਕੁਸ਼ੀ (ਕੁੱਤੇ) ਦੇ ਬਾਰੇ ਲੇਖਕ ਦੀ ਸੰਵੇਦਨਾਤਮਿਕਤਾ ਉਸਨੂੰ ਦੇਵ ਪੁਰਸ਼ ਤੱਕ ਲੈ ਜਾਂਦੀ ਹੈ। ਕੋਈ ਮਨੁੱਖ, ਬੰਦਿਆਂ ਤੋਂ ਵੱਧ ਹੈਵਾਨਾਂ ਨੂੰ ਵੀ ਉਸੇ ਸ਼ਿੱਦਤ, ਅਪਣੱਤ, ਖ਼ਲੂਸ ਅਤੇ ਏਹਤਰਾਮ ਨਾਲ ਪਿਆਰ ਕਰੇ । ਤੋਬਾ ਮੇਰੇ ਖ਼ੁਦਾ ਮੇਰੇ ਤਾਂ ਲੂੰ ਕੰਡੇ ਵੀ ਖੜ੍ਹੇ ਹੋ ਗਏ ਹਨ ਅਤੇ ਰੌਂਗਟੇ ਜੋਸ਼ੀਲੇ । ਸੱਚਾ ਮਨੁੱਖ-ਹਿਤੈਸ਼ੀ ਹੈਡਾ. ਕੈਰੋਂ । ਅੰਦਰੋਂ ਬੇਹੱਦ ਕੋਮਲ । ਅਨੁਪਮ ਕਾਵਿਕ ਤਰਲਤਾ ਵਾਲਾ ਅਤੇ ਸਰੋਦੀ ।

'ਫਕੀਰ ਸਿੰਘ ਨੀਨੂ ਦੀ ਵੀ ਚਿੰਤਾ ਕਰਦਾ ਹੈ। ਜਿਹੜੀ ਸੁਭਾਵਿਕ ਹੈ। ਉਸਦੀਆਂ ਇਹ ਭੁੱਬਾਂ ਉਸਦੇ ਆਪਣੇ ਅੰਦਰਲੇ ਤੋਂ ਸਿਵਾ ਕਿਸੇ ਨੂੰ ਵੀ ਸੁਣਾਈ ਨਹੀਂ ਦਿੰਦੀਆਂ ।' (ਪੰਨਾ 106)



'ਉਸਨੂੰ ਇੰਝ ਲੱਗਾ ਜਿਵੇਂ ਉਸ ਨੇ ਸ਼ੀਸ਼ੇ ਵਿਚ ਆਪਣੀ ਲਾਸ਼ ਚਿੱਟੇ ਕਫਨ ਵਿਚ ਵਲੇਟੀ ਪਈ ਹੋਈ ਵੇਖੀ ਹੋਵੇ ।' (ਪੰਨਾ 106) (ਵਿਸ਼ਾਲ-ਅਨੁਭਵ/ਸਫਾਫ ਅਹਿਸਾਸਤਾ ।)

ਇੰਤਹਾ ਦਾ ਦਰਦ ! ਇੰਤਹਾ ਦਾ ਦਰਦ !! ਲਾ ਜੁਆਬ, ਬਾ-ਕਮਾਲ ! ਬਹੁਤ ਸ਼ਹਾਨਾ ਉੱਚਾ (Sublime) ਮਰਾਸੀ ਵਾਲੀ ਗੱਲ ਢਿੱਡੀਂ ਪੀੜਾਂ ਪਾਉਣ ਵਾਲੀ ਹੈ'ਚੇਤੇ' ਮਰਾਸੀ ਵਾਲੀ । ਮਰਾਸੀ ਦਾ ਉੱਤਰ ਸਭ ਨੂੰ ਲਾਜੁਆਬ ਕਰ ਦਿੰਦਾ ਹੈ

'ਅਖੇ ਜੁੱਤੀ ਸੋਟੇ ਬਿਨਾਂ ਤੁਰੀਏ ਨਾ ਰਾਤ ਨੂੰ,
ਟਿੱਚਰ ਕਰੀਏ ਨਾ ਮਰਾਸੀ ਜਾਤ ਨੂੰ ।' (ਪੰਨਾ 115)

ਲੇਖਕ ਵੱਲੋਂ ਇਕ ਲੋਕ-ਕਾਵਿ ਬੰਦਾ ਮਰਾਸੀ/ਮਰਾਸਣ ਵਿਚ ਮੰਜੀਆਂ ਡਾਹੁਣ ਦੀ ਕਹਾਣੀ ਵਿਚ ਨਾਵਲ ਦੇ ਮਾਯੂਸ ਪਲ ਹਾਸੇ ਦੀ ਬੁੱਕਲ ਮਾਰ ਲੈਂਦੇ ਹਨ । ਲੇਖਕ ਕੋਲ ਹੰਢੀਆਂ ਹੋਈਆਂ ਨਾਵਲੀ ਵਿਧਾ/ਜੁਗਤਾਂ ਹਨ, ਕਿ ਉਹ ਪਾਠਕ ਨੂੰ ਰੰਗ ਤਮਾਸ਼ਿਆਂ ਅਖਾਣਾਂ, ਨਾਵਾਂ, ਘਟਨਾਵਾਂ, ਨਾਚ ਘਰਾਂ, ਵਿਸਕੀ, ਬੀਅਰ, ਬਾਈਪੋਲਰ ਦੀ ਭਿਆਨਕ ਬੀਮਾਰੀ ਤੋਂ ਬਾਅਦ ਪਾਠਕ ਦੀ ਇਕ-ਸੁਰ ਚੇਤਨਾ ਵਿਚ ਹਾਸੇ ਦੇ ਫੁਹਾਰੇ ਵੀ ਛੱਡਦਾ ਹੈ। ਇਹੀ ਕਲਾਤਮਿਕਤਾ ਅਤੇ ਕਲਾ-ਕੌਸ਼ਲਤਾ ਹੈ। ਗੋਲਾਕਾਰ ਪਰ ਰੌਚਿਕ-ਸੰਗੀਤਕ । ਡਾ. ਕੈਰੋਂ ਸਮੇਂ ਤੇ ਵਿਥ (Time and Space) ਪ੍ਰਤੀ ਜਾਗਰੂਕ ਹੈ। ਪਾਠਕ ਅਜਿਹੇ ਹਾਸੇ ਮਖ਼ੌਲ ਵਾਲੇ ਮਾਹੌਲ ਵਿਚ ਸੰਤੁਲਤ ਰਹਿੰਦਾ ਹੈ। ਮੈਂ ਇਸ ਹਾਸ-ਰਸੀ ਸੰਵਾਦ ਵਿਚ ਡਾ. ਕੈਰੋਂ ਦੀ ਜਿੱਤ ਸਮਝਦਾ ਹਾਂ । ਇਸ ਲਈ ਵੀ ਕਿ ਇਹ ਨਾਵਲੀ ਵਿਧਾ ਵਿਚ ਨਾਟਕੀ-ਜੁਗਤਾਂ ਅਤੇ ਅਭਿਨੈ ਸੈਨਤਾਂ ਵੀ ਹਨ, ਜੋ ਪਾਠਕ ਲਈ ਊਰਜਾ ਦਾ ਕੰਮ ਕਰਦੀਆਂ ਹਨ । ਮਨੋਰੰਜਨ ਵੀ ।

'ਫਕੀਰ ਸਿੰਘ ਹੈਰਾਨ ਹੁੰਦਾ ਹੈਕਿ ਇਹ ਕਿਹੋ ਜਿਹਾ ਮੁਲਕ ਹੈਜਿੱਥੇ ਆਪਣਾ ਹੀ ਖ਼ੂਨ ਆਪਣੇ ਤੋਂ ਸੇਫ ਨਹੀਂ ।' (ਪੰਨਾ 118) 'ਕਿਹੜੀ ਗਾਲ੍ਹ ਸੀ ਜਿਹੜੀ ਉਸਨੇ ਅਮਨਪ੍ਰੀਤ ਨੂੰ ਨਹੀਂ ਸੀ ਕੱਢੀ ਅਤੇ ਕਿਹੜੀ ਗੱਲ ਸੀ ਜਿਹੜੀ ਗਲ ਉਸਨੇ ਨਹੀਂ ਸੀ ਕਹੀ ? ਅਤੇ ਕਿਹੜੇ ਇਲਜ਼ਾਮ ਸਨ ਜਿਹੜੇ ਉਸਦੇ ਮੱਥੇ ਨਹੀਂ ਸਨ ਚੇਪੇ ।' (ਪੰਨਾ 118) ਫਕੀਰ ਸਿੰਘ ਦੇ ਸੂਖ਼ਮਭਾਵੀ ਪ੍ਰਤੀਕਰਮ । ਕੀ ਕਰੀਏ ਪਾਪਾ, ਬੜੇ ਵਹਿਯਾਤ ਲੋਕ ਨੇ ਇਸ ਮੁਲਕ ਦੇ ?' (ਪੰਨਾ 118) ਅਮਨਪ੍ਰੀਤ ਦੀ ਬੇਬਸੀ ਤੇ ਸ਼ਿਕਵਾ । ਇਹ ਤਿੰਨੇ ਵਾਕ ਕਿੰਨੇ ਅਸੱਭਿਅਕ ਅਤੇ ਤਹਿਜ਼ੀਬ ਦੀ ਉਲੰਘਣਾ ਕਰਦੇ ਹਨ । ਇਹ ਅਮਨ ਦੀ ਮਾਨਸਿਕ-ਤ੍ਰਾਸਦੀ ਕਰਕੇ ਹੈ। ਉਸਦਾ ਅਤਿ ਦੱਬਿਆ ਪ੍ਰਤੀਕਰਮ ਜਾਗ੍ਰਿਤ ਹੋਇਆ ਹੈ। ਅਮਰੀਕਾ ਦਾ ਸੱਭਿਆਚਾਰ, ਰਹਿਣ-ਸਹਿਣ ਅਤੇ ਸਮਾਜਕ ਵਿਵਹਾਰ ਮੈਨੂੰ ਸਬਜ਼ਬਾਗ ਤੋਂ ਵੱਧ ਕੁਝ ਨਹੀਂ ਲੱਗਦਾ । ਜਿਸਨੇ -ਕੀਰ ਸਿੰਘ ਦੇ ਰਾਂਗਲੇ ਪਲ ਤੇ ਨਿੱਜੀ ਸੁਤੰਤਰਤਾ ਨੂੰ ਇਕ ਸੁੰਦਰ ਕਾਰਾਵਾਸ ਤੋਂ ਵੱਧ ਕੁਝ ਨਹੀਂ ਦਿੱਤਾ । ਜਿਸਦਾ ਰਮਣੀਕ ਨਜ਼ਾਰੇ ਮਾਣਦਿਆਂ ਵੀ ਮਨ ਹਰਜ਼ਾਈ ਹੈ। ਫਕੀਰ ਸਿੰਘ ਦੀ ਤਿੱਖੀ ਸੋਚ, ਸੂਖ਼ਸ਼ਮ ਬੁੱਧੀ ਅਤੇ ਸ਼ਫਾਫ ਕੋਮਲਤਾ, ਦਰਦੀਲੇ ਸਰੋਕਾਰਾਂ ਵਿਚ ਹੋਰ ਤਿੱਖੀ, ਬਾਰੀਕ, ਮਾਯੂਸ ਅਤੇ ਉਦਾਸੀਨ ਹੈ। ਤਾਂਹੀਓ ਕਹਿੰਦੇ ਹਨ :

'ਆਪਣਾ ਘਰ ਤੇ ਹੱਗ ਹੱਗ ਭਰ ।' (ਲੋਕ ਅਖਾਣ)

ਅਮਰੀਕਾ ਵਿਚ ਹਾਲਤਾਂ ਕਾਰਨ ਫਕੀਰ ਸਿੰਘ ਜੀ ਦੇ ਹਿੱਸੇ ਚੋਭਦਾਰ ਗੰਭੀਰਤਾ ਅਤੇ ਲੰਗਾਰੀ ਸੰਜ਼ੀਦਗੀ ਆਈ ਸੀ । ਜਿਹੜਾ ਵਤਨ ਤੋਂ ਤੁਰਿਆ ਸਾਲਮ-ਸਬੂਤਾਂ ਅਤੇ ਕਿੱਕਰ (ਕਾਲੀ) ਦੇ ਮੋਛੇ ਵਰਗਾ ਸੀ । ਪ੍ਰਦੇਸਣਾਂ ਧੀਆਂ ਦੇ ਸੰਤਾਪ ਤਾਂ ਗੀਹ ਦਾ ਰੋਗ ਹੁੰਦੇ ਨੇ, ਲਾ-ਇਲਾਜ, ਨਾਸੂਰ । ਸੁਨਹਿਰੀ ਪਰਦੇ ਹੇਠ ਕਰਾਹੁੰਦੀ ਅਤੇ ਕੁਰਲਾਉਂਦੀ ਡਾਰੋਂ ਵਿਛੁੰਨੀ (ਪਰਿਵਾਰ ਤੋਂ) ਕੂੰਜ ।

'ਏਥੇ ਤਾਂ ਹਰ ਬੰਦਾ ਮਸ਼ੀਨ ਬਣਿਆ ਪਿਆ ਹੈ। ਭਾਵਨਾਵਾਂ ਦਾ ਤਾਂ ਕਿਧਰੇ ਨਾਮ

ਨਿਸ਼ਾਨ ਹੀ ਨਹੀਂ ਸੀ । ਹਰ ਕੋਈ ਪੈਸਾ ਪੈਸਾ ਹੀ ਕਰ ਰਿਹਾ ਸੀ । ਹਰ ਕੋਈ ਹਰ ਕੰਮ ਕਰਨ ਲੱਗਿਆਂ ਇਸ ਗੱਲ ਦਾ ਹੀ ਖ਼ਿਆਲ ਰੱਖਦਾ ਸੀ ਕਿ ਉਸਨੂੰ ਇਸ ਕੰਮ ਵਿਚੋਂ ਕੀ -ਾਇਦਾ ਹੋਵੇਗਾ ?' (ਪੰਨਾ 123) ਜੀਵੰਤ ਰਿਸ਼ਤਿਆਂ ਨੂੰ ਤਿਲਾਂਜਲੀ ਹੈ। ਪਦਾਰਥ ਨੂੰ ਪਹਿਲ ।

'ਉਸਨੂੰ ਰਿਸ਼ਤਿਆਂ ਦੀ ਪਾਕੀਜ਼ਗੀ, ਉਹਨਾਂ ਪ੍ਰਤੀ ਜ਼ਿੰਮੇਵਾਰੀ ਜਾਂ ਕਿਸੇ ਦਾ ਵੀ ਕੁੱਝ ਪਤਾ ਨਹੀਂ ਸੀ ।' (ਪੰਨਾ 124)

'ਪਰ ਪੈਰ ਤਾਂ ਚਾਦਰ ਵਿਚੋਂ ਪਹਿਲਾਂ ਹੀ ਗੋਡਿਆਂ ਤੱਕ ਬਾਹਰ ਆ ਗਏ ਸਨ ।' (ਪੰਨਾ 124)

'ਉਸਦਾ ਆਪਣਾ ਗਿਆਨ ਤਾਂ ਹਸਪਤਾਲ ਤੋਂ ਅੱਗੇ ਨਹੀਂ ਸੀ ਚੱਲਦਾ ।' (ਪੰਨਾ 124)

ਉਪਰੋਕਤ ਵਾਕ ਅਨੁਭਵ ਕਰਾਉਂਦੇ ਹਨ ਕਿ ਅਮਰੀਕਾ ਦੀ ਜ਼ਿੰਦਗੀ ਸੰਸਕ੍ਰਿਤੀ, ਸਭਿਆਚਾਰ ਅਤੇ ਵਿਰਾਸਤ ਵਿਚ ਪੈਸੇ ਦਾ ਹਲਕਾਅ, ਰਿਸ਼ਤਿਆਂ ਪ੍ਰਤੀ ਰੁੱਸਵਾਈ ਅਤੇ ਸ਼ਿਕਨ, ਗੋਡਿਆਂ ਦਾ ਬਾਹਰ ਆਉਣਾ, ਗਿਆਨ ਅਤੇ ਹਸਪਤਾਲ, ਨੀਰਸ ਅਤੇ ਬੇਹਾ ਜੀਵਨ ਜੀਉਣਾ ਹੈ। ਇਹ ਤਲਖ਼ ਯਥਾਰਥ ਹੈ। ਜੋ ਪੰਜਾਬੀ ਪਰਵਾਸੀ ਪੰਜਾਬਣਾਂ ਨੂੰ ਅਣਚਾਹਿਆ, ਕਰੜੀ ਮਿਹਨਤ ਬਾਅਦ ਵੀ ਭੋਗਣੇ ਪੈਂਦੇ ਹਨ । ਮੈਨੂੰ ਅਜਿਹੇ ਪਰਵਾਸੀ ਸਭਿਆਚਾਰ ਪ੍ਰਤੀ ਗ਼ਲਾਜ਼ਤ ਅਤੇ ਕੋਫਤ ਹੈ। ਹਤਾਸ਼ ਹਾਂ ।

ਕਿੰਨਾ ਸਾਰਥਕ ਸੱਚ ਹੈ'ਪੰਜਾਬ ਦੇ ਜੱਟਾਂ ਦੀ ਵਿਚੋਲਗਿਰੀ ਦਾ ਇਹਸਾਨ ਬੜਾ ਵੱਡਾ ਹੁੰਦਾ ਹੈ।' (ਪੰਨਾ 125) ਲੇਖਕ ਦੇ ਵਿਭਿੰਨ ਵਿਸ਼ਿਆਂ ਦੇ ਅਥਾਹ ਗਿਆਨ ਭੰਡਾਰ ਤੋਂ ਬਾਅਦ ਉਸਦਾ ਬਾਗ਼ਬਾਨੀ ਬਾਰੇ ਗਿਆਨ ਦੇਖੋ । ਫੁੱਲਾਂ ਨੂੰ ਪਿਆਰ ਕਰਨ ਵਾਲਾ ਰੰਗੀਨ ਤਬੀਅਤ, ਕੋਮਲ, ਸੁਗੰਧਤ ਅਤੇ ਆਂਤਰਿਕ ਤੌਰ 'ਤੇ ਸੁਹੱਪਣ ਦਾ ਮੁਜੱਸਮਾ ਹੁੰਦਾ ਹੈ। ਮਿਸਾਲ ਵਜੋਂ ਫੁੱਲਾਂ ਦੇ ਕੁਝ ਨਾਮ-ਵਾਈਟ ਲੇਡੀ ਥੈਂਕ ਰੋਜ਼, ਕ੍ਰਿਮਜ਼ਨ ਪਿੱਗਮੀ, ਜਾਪਾਨੀ ਬਾਰ ਬੇਰੀ, ਪਲੱਮ ਬਾਗੋ, ਲਾਈਮ ਮੌਂਡ ਸਮਾਈਰਾ, ਰੈਜ਼ਲਬੇਰੀ, ਰੀਨ ਬਿਊਟੀ ਬੌਕ, ਆਈਸ ਬਰਗ ਰੋਜ਼, ਗਰਾਊਂਡ ਮੌਰਨਿੰਗ ਗਲੋਰੀ, ਰੋਜ਼ ਗਲੋ ਉਜਾਲੀਆ, ਪਿੰਕ ਓਕ, ਡੈਲੀ ਓਕ, ਸਾਉਦਰਨ ਲਾਈਵ ਓਕ, ਮੇਟਨ ਟ੍ਰੀ, ਪਾਪੂਲਰ ਲੀਫ ਟਰੱਮ, ਰੈੱਡ ਵੁੱਡ ਅਤੇ ਵੀਪਿੰਗ ਐਟਲਸ ਸੀਡਰ ਆਦਿ ।(ਪੰਨਾ 125)

ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਕਿਸੇ ਬਾਗ਼ਬਾਨੀ ਵਿਸ਼ੇਸ਼ੱਗ ਨੂੰ ਵੀ ਸ਼ਾਇਦ ਐਨੇ ਫੁੱਲਾਂ ਅਤੇ ਰੁੱਖਾਂ ਦੇ ਨਾਮ ਜ਼ਬਾਨੀ ਯਾਦ ਨਾ ਹੋਣ । ਡਾ. ਕੈਰੋਂ ਦੀ ਇਸ ਰੌਚਿਕ ਦਿਲਚਸਪੀ ਪ੍ਰਤੀ ਮੈਂ ਹਾਰਦਿਕ ਧੰਨਵਾਦੀ ਹਾਂ ਅਤੇ ਵਿਸ਼ਾਲ ਸੂਝ ਦਾ ਕਾਇਲ ਅਤੇ ਮੁਰੀਦ ਵੀ ।

'ਜੰਗਲਾਂ, ਬਾਰਸ਼ ਅਤੇ ਪਹਾੜਾਂ ਵਿਚੋਂ ਮਨੁੱਖ ਨੂੰ ਊਰਜਾ ਮਿਲਦੀ ਹੈ।' (ਪੰਨਾ 125) ਸਿਹਤਮੰਦ ਸੁਚੇਤੀ ਪੰਛੀ ਵਾਲੀ ਕਹਾਣੀ ਅਤੇ ਨਰਸਰੀ ਲਈ ਸੰਖੇਪ ਕਹਾਣੀ ਦੋ ਬਟਾਂ ਵਾਲੀ ਭਾਵਨਾਤਮਿਕ-ਅਨੁਭੂਤੀ ਦੀ ਕੂਲੀ ਅਹਿਸਾਮਤਾ ਹੈ। ਲੇਖਕ ਦੇ ਕੋਮਲ ਦਿਲ ਅਤੇ ਨਰਮ ਅਹਿਸਾਸ ਨੂੰ ਸਿਰ ਝੁਕਾਉਣਾ ਬਣਦਾ ਹੈ। ਫੁੱਲ-ਰੰਗ, ਕੋਮਲਤਾ, ਸੁੰਦਰਤਾ ਅਤੇ ਸੁਗੰਧੀ ।

'ਪੈਸੇ ਧੇਲੇ ਦੇ ਮੁਆਮਲੇ ਵਿਚ ਜਗਤ ਸਿੰਘ ਬੜਾ ਲੀਚੜ ਅਤੇ ਘਾਗ ਕਿਸਮ ਦਾ ਬੰਦਾ ਸੀ ।' (ਪੰਨਾ 129) ਮੇਰੇ ਮੁਲਾਂਕਣ ਵਿਚ ਪੈਸੇ ਵਾਲਾ ਹਿਰਦਾ ਕਠੋਰ, ਤ੍ਰਿਸ਼ਨਾ ਨਾਲ ਭਰਿਆ ਅਤੇ ਸੰਵੇਦਨਾ ਤੋਂ ਮਹਿਰੂਮ ਹੁੰਦਾ ਹੈ। ਜੰਗਲੀ ਬਦਬੂ । ਪੈਸੇ ਵਾਲੇ ਧਨਾਢ ਜਾਂ ਲੀਚੜ ਬੰਦੇ ਕੋਲ ਅੰਤ੍ਰੀਵ ਹੁਸਨ ਅਤੇ ਭਾਵਨਾਤਮਿਕ ਸੁਗੰਧੀ ਦੀ ਅਣਹੋਂਦ ਹੁੰਦੀ ਹੈ।

'ਮੇਰਾ ਵਾਹ ਏ, ਡੀ.ਡੀ. ਅਤੇ ਏ.ਡੀ.ਐੱਚ.ਡੀ. ਬੱਚਿਆਂ ਨਾਲ ਪੈਂਦਾ ਹੈ।' (ਪੰਨਾ 131) (ਧੀ ਦੇ ਬੋਲ) -ਕੀਰ ਸਿੰਘ ਐਬਰੀਵੇਸ਼ਨਾਂ ਪ੍ਰਤੀ ਪਹਿਲੀ ਵਾਰ ਸੁਣ ਰਿਹਾ ਹੈ। ਜਾਨਣ ਲਈ



ਇਛੁੱਕ ਵੀ ਹੈ(ਅਧਿਆਪਨ ਰੁਚੀ) 1. ਅਟੈਨਸ਼ਨ ਡਿਫਿਸਟ ਡਿਸਆਰਡਰ ਅਤੇ ਅਟੈਨਸ਼ਨ ਡਿਫਿਸਟ ਹਾਈਪਰ ਐਕਟੀਵਿਟੀ ਡਿਸਆਰਡਰ ਇਹ ਉਹ ਬੱਚੇ ਹਨ, ਜਿਨ੍ਹਾਂ ਦੀਆਂ ਮਾਵਾਂ ਬੱਚਿਆਂ ਵੱਲ ਧਿਆਨ ਨਹੀਂ ਦੇਂਦੀਆਂ । ਉਹ ਅਬਨਾਰਮਲ ਹੋ ਜਾਂਦੇ ਹਨ । ਸ਼ਾਇਦ ਬਾਈਪੋਲਰ ਹੋਣ ਦੇ ਇਹੀ ਕਾਰਨ ਹਨ ।' (ਪੰਨਾ 131)

'ਪਾਪਾ ਇਹ ਕਿਸੇ ਦਾ ਭੋਰਾ ਵੀ ਲਿਹਾਜ਼ ਨਹੀਂ ਕਰਦੇ । ਇਸ ਘਟਨਾ ਨ ਮੇਰਾ ਮੂਡ ਆ- ਕਰ ਦਿੱਤਾ ਹੈ।' (ਪੰਨਾ 132) ਅਮਨਪ੍ਰੀਤ ਆਪਣੇ ਬਾਪ ਵਾਂਗ ਹੱਦੋਂ ਵੱਧ ਚੇਤੰਨ, ਲਾਇਬ, ਹੋਣਹਾਰ ਅਤੇ ਕੋਮਲਭਾਵੀ ਹੈ। ਮਨ-ਮਨਨ ਵਾਲੀ ਵੀ । 'ਘਰ ਵਿਚ ਤਾਂ ਕੋਈ ਵੀ ਜੀਅ ਫਕੀਰ ਸਿੰਘ ਦੇ ਗਿਆਨ ਅਤੇ ਦਲੀਲਾਂ ਸਾਹਵੇਂ ਟਿਕ ਨਹੀਂ ਸੀ ਸਕਦਾ ।' (ਪੰਨਾ 133) '-ਕੀਰ ਸਿੰਘ ਨੇ ਕਿਹਾ, "ਭਾਜੀ ਖਾਣ-ਪੀਣ ਅਤੇ ਪਹਿਨਣ ਨਾਲ ਧਰਮ ਦਾ ਕੋਈ ਸੰਬੰਧ ਹੋ ਸਕਦਾ ਪਰ ਸਪਿਰਿਚੁਆਲਿਜ਼ਮ ਨਾਲ ਖਾਣ-ਪੀਣ ਦਾ ਕੋਈ ਸਬੰਧ ਨਹੀਂ ।" (ਪੰਨਾ 133) (ਫਕੀਰ ਸਿੰਘ ਦਾ ਤਰਕ ਅਤੇ ਬਾਦਲੀਲੀ) 'ਫਕੀਰ ਸਿੰਘ ਦੀਆਂ ਦਲੀਲਾਂ ਸਾਹਵੇਂ ਉਸਦੇ ਪੈਰ ਉੱਖੜ ਜਾਂਦੇ ।' (ਪੰਨਾ 133) (ਗਿਆਨ ਚਿੰਤਨ ਦੀ ਪ੍ਰਚੰਡਤਾ) ਲੇਖਕ ਚਾਰ ਐੱਫਾਂ ਦੀ ਗੱਲ ਵੀ ਕਰਦਾ ਹੈਜੋ ਪੰਜਾਬੀ ਸੱਭਿਆਚਾਰ ਘਰ ਪਰਿਵਾਰ ਵਿਚ ਅਤਿ ਲੋੜੀਂਦੇ ਅਤੇ ਵਾਜਬ ਹਨ । 'ਫੇਥ, ਫੈਮਿਲੀ, ਫਾਈਨਾਂਸ ਅਤੇ ਫਿਊਚਰ ।' (ਪੰਨਾ 133) (ਨਿਯਮ ਤੇ ਅਮਲ)

ਉਪਰੋਕਤ ਚਾਰ ਐੱਫਾਂ ਨੂੰ ਮੈਂ ਸੰਤੁਲਤ-ਵਿਵਹਾਰ ਮੰਨਦਾ ਹਾਂ । ਬੁਨਿਆਦੀ ਸਿਧਾਂਤ । ਨਰੋਏ ਆਦਰਸ਼ ਤੇ ਅਮਲੀ ਪੂਰਤੀ ਵੀ । ਮਨਜੀਤ ਆਪਣੇ ਚਾਰ ਐੱਫਾਂ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ:

'ਫਾਈਂਡ, ਫਾਲੋ, ਫੱਕ ਐਂਡ ਫਾਰਗੈੱਟ... ।' (ਪੰਨਾ 133) (ਗਾ-ਲਪੁਣਾ, ਹਿਮਾਕਤ, ਅਹਿਮਕਪੁਣਾ) ਮਨਜੀਤ ਦੀ ਮਾਨਸਿਕਤਾ ਦਾ ਇਥੋਂ ਹੀ ਪਤਾ ਲੱਗ ਜਾਂਦਾ ਹੈਕਿ ਉਹ ਬਾਈਪੋਲਰ ਹੈ।

ਲੇਖਕ ਦੇ ਅੰਦਰਲਾ ਵਿਦਰੋਹ ਫਕੀਰ ਸਿੰਘ ਦੀ ਆਤਮਾ ਵਿਚ ਬੈਠ ਕੇ ਇੰਝ ਵਿਸਫੋਟਕ ਹੁੰਦਾ ਹੈ:

ਜਿਹੜੀ ਰੱਸੀ ਇਹਨੇ ਮੇਰੇ ਨਲਾਂ ਨੂੰ ਪਾਈ ਹੋਈ ਹੈਉਹੀ ਪੇਸ਼ ਨਹੀਂ ਜਾਣ ਦੇਂਦੀ, ਨਹੀਂ ਤਾਂ ਮੈਂ ਇਸ ਬਚੂੰਗੜੇ ਨੂੰ ਦੱਸ ਦਿੰਦਾ ਕਿ ਮੈਂ ਕੌਣ ਹਾਂ । ਤੇਰੇ ਸ਼ਬਦਾਂ ਦੇ ਕਿਵੇਂ ਅਰਥ ਕੱਢਦਾ ਹਾਂ...ਕੁੱਤਿਆ...ਮੈਨੂੰ ਬੜੀਆਂ ਸ਼ਰਮਾਂ ਮਾਰਦੀਆਂ ਨੇ... ।' (ਪੰਨਾ 134) ਪੂਰੇ ਨਾਵਲ ਵਿਚ -ਕੀਰ ਸਿੰਘ ਸੰਜਮ ਤੋਂ ਕੰਮ ਲੈਂਦਾ ਹੈ ਅਖ਼ੀਰ 'ਤੇ ਵਿਦਰੋਹ ਜਾਗਦਾ ਹੈ।(ਇਹੋ ਲਹੂ ਦਾ ਜਾਗਣਾ ਹੈ।)

'ਕੀ ਉਹ ਆਪਣੀ ਹਉਮੈਂ ਦੀ ਖ਼ਾਤਰ ਹੀ ਆਪਣੀ ਬੇਟੀ ਦਾ ਘਰ ਤਬਾਹ ਕਰ ਦੇਵੇ ?' (ਪੰਨਾ 134) (ਸਵੈ-ਚਿੰਤਨ) 'ਉਹ ਵੀ ਸੋਚਦਾ ਕਿ ਮਨਾਂ ਕੀ ਕਰਨਾ ਹੈ ਉਨ੍ਹਾਂ ਵਿਚ ਜਾ ਕੇ, ਰਿਸ਼ਤਾ ਹੀ ਬੜਾ ਨਾਜ਼ੁਕ ਹੈ।' (ਪੰਨਾ 134) ਫਕੀਰ ਸਿੰਘ ਸੰਜੀਦਾ, ਮਰਯਾਦਾਪੂਰਲ, ਰਿਸ਼ਤਿਆਂ 'ਤੇ ਪਹਿਰਾ ਦੇਣ ਵਾਲਾ, ਪਾਰਦਰਸ਼ੀ ਅਤੇ ਦੂਰਦ੍ਰਸ਼ਟਤਾ ਹੈ ਜੋ ਸਮੇਂ ਦੀ ਨਜ਼ਾਕਤ ਦੀ ਸਹੀ ਪਾਰਖ਼ ਅਤੇ -ੈਸਲਾ ਕਰਨ ਦੀ ਅਨੂਠੀ ਸਮਰੱਥਾ ਰੱਖਦਾ ਹੈ। ਵਿਸ਼ਾਲ, ਅਨੁਭਵੀ, ਸਹਿਜ, ਸੰਤੋਖੀ ।

'ਪਾਪਾ ਤੁਸਾਡੇ ਆਉਣ ਨਾਲ ਮੇਰਾ ਕੁਝ ਸਾਹ ਸੌਖਾ ਹੋਇਆ ਹੈ ਨਹੀਂ ਤਾਂ ਇਨ੍ਹਾਂ ਅਨਪੜ੍ਹਾਂ ਨੇ ਰਲ ਮਿਲ ਕੇ ਮੇਰੀ ਜਾਨ ਹੀ ਖਾ ਲਈ ਸੀ ।' (ਪੰਨਾ 134) ਆਪਣੇਪਣ ਅਤੇ ਪਿੱਤਰੀ ਆਸਰੇ ਦਾ ਡੂੰਘਾ ਹੌਂਸਲਾ ਤੇ ਅਹਿਸਾਸ । -ਕੀਰ ਸਿੰਘ ਨੂੰ ਅਮਨਪ੍ਰੀਤ ਦੀ ਇਸ ਹਾਲਤ ਉਪਰ ਬੜਾ ਤਰਸ ਆਇਆ । ਫਿਰ ਉਹ ਮਨ ਵਿਚ ਸੋਚਦਾ ਇਸ ਕੁੱਤੀ ਚੀਕੇ ਨਾਲੋਂ ਤਾਂ ਅਮਨਪ੍ਰੀਤ ਨੂੰ ਸਭ ਕੁਝ ਹੀ ਛੱਡ ਦੇਣਾ ਚਾਹੁੰਦਾ ਹੈ। ਇਹ ਘਰ, ਨੀਨੂ ਤੇ ਹੋਰ ਸਭ ਕੁਝ ।' (ਪੰਨਾ 135) ਇਹ

ਫੈਸਲਾ ਹੈਤਾਂ ਨਿਆਂਇਕ ਸੀ ਪਰ... । ਫਕੀਰ ਸਿੰਘ ਦੀ ਸੀਮਾ ਹੱਦਾਂ ਤੋੜਕੇ ਇਕ ਅਟੱਲ ਫੈਸਲੇ 'ਤੇ ਰੁਕੀ ਹੋਈ ਹੈ।

'ਸਵੇਰੇ ਪੰਜ ਵਜੇ ਤੋਂ ਉਪਰ ਹੋਏ ਹੋਣਗੇ, ਜਦ ਅਮਨਪ੍ਰੀਤ ਭਰੀਆਂ ਤੇ ਲਾਲ ਸੂਹੀਆਂ ਅੱਖਾਂ ਨਾਲ ਫਕੀਰ ਸਿੰਘ ਦੇ ਕਮਰੇ ਵਿਚ ਆਈ ।' (ਪੰਨਾ 135) (ਏਥੇ ਮੈਂ ਭੁੱਬੀਂ-ਭੁੱਬੀਂ ਰੋਇਆ ਹਾਂ । ਇਹ ਸੰਤਾਪ ਮੈਂ ਅੱਖੀਂ ਵੇਖਿਆ ਤੇ ਹੰਢਾਇਆ ਹੈ

ਫਕੀਰ ਸਿੰਘ ਨੇ ਉਸਨੂੰ ਕੁਝ ਨਾ ਪੁੱਛਿਆ, ਸਿਰਫ ਉਸ ਵੱਲ ਵੇਖਦਾ ਹੀ ਰਿਹਾ... ।' (ਪੰਨਾ 136) ਇਕ ਸੁੰਨ । ਉਪਰੋਕਤ ਦ੍ਰਿਸ਼ ਨਾਟਕੀ ਵਿਧਾ ਵਾਲਾ ਵੀ ਹੈ। ਨਾਵਲ ਦੀ ਚਰਮ-ਸਿਖ਼ਰ ਵੀ ।

'ਪਰ ਕਿਉਂ ?' ਫਕੀਰ ਸਿੰਘ ਨੇ ਪੁੱਛਿਆ । (ਪੰਨਾ 136) (ਅੰਤਿਮ ਹੱਲ)

'ਫਕੀਰ ਸਿੰਘ ਬਗ਼ੈਰ ਕੁਝ ਕਿਹਾਂ ਉੱਠ ਖੜ੍ਹਾ ਹੋਇਆ ਅਤੇ ਆਪਣੀਆਂ ਚੀਜ਼ਾਂ ਸਾਂਭਣ ਲੱਗਿਆ ।' (ਪੰਨਾ 136) ਇਹ ਮੇਰੀ ਦ੍ਰਿਸ਼ਟੀ ਵਿਚ ਵਾਪਸ ਪਰਤਣਾ ਸੀ । 'ਬਾਈਪੋਲਰਾਂ ਦੇ ਦੇਸ' ਵਿਚ ਮਹਿਜ਼ ਪੈਸੇ ਦੇ ਲਾਲਚ ਅਧੀਨ ਪੜ੍ਹੀਆਂ ਲਿਖੀਆਂ, ਹੋਣਹਾਰ ਸੁੰਦਰ ਪੰਜਾਬਣਾਂ ਦੀ ਅਮਰੀਕਾ ਵਿਚ ਤ੍ਰਾਸਦਿਕ-ਦੁਖਾਂਤ ਭੋਗਦੀਆਂ ਹਰ ਉਨ੍ਹਾਂ ਔਰਤਾਂ ਦੀ ਕਰੁਣਾਤਮਿਕ-ਵੇਦਣਾ ਹੈ ਜਿਨ੍ਹਾਂ ਦੇ ਵਾਰਿਸ (ਮਾਪੇ) ਦੁਰੇਡੇ ਭਵਿੱਖ ਵਿਚ ਨਾ ਸੋਚਦੇ ਹੋਏ ਸਿਰ- ਪੈਸੇ ਦੇ ਗ਼ੁਲਾਮ ਹਨ । ਮਾਪਿਆਂ ਦਾ ਸੁਨੱਖੀਆਂ ਸੂਝਵਾਨ ਧੀਆਂ ਪ੍ਰਤੀ ਇਹ ਪਰਵਾਸੀ ਚੋਣ (ਵਿਆਹ ਦੇ ਸੰਬੰਧ ਵਿਚ) ਖੁਸ਼ਹਾਲੀ, ਸੰਤੁਲਨ, ਜੀਵਨ-ਜਾਚ ਨਹੀਂ ? ਪਾਸ਼ਵਿਕ-ਵਰਤਾਰਾ ਹੈ ਜੋ ਘ੍ਰਿਣਤ ਅਤੇ ਨਿੰਦਣਯੋਗ ਹੈ। ਇਹੀ ਬਾਈਪੋਲਰ ਹੈ।

ਮੈਂ ਇਹ ਵੀ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਡਾ. ਜੋਗਿੰਦਰ ਸਿੰਘ ਕੈਰੋਂ ਦਾ ਇਹ ਨਾਵਲ (ਪਹਿਲਾ) ਸਮੁੱਚੇ ਪੰਜਾਬੀ ਸਾਹਿਤ ਵਿਚ ਪਲੇਠਾ ਨਾਵਲ ਹੈਜੋ 'ਬਾਈਪੋਲਰਾਂ ਦੇ ਦੇਸ਼' ਅਮਰੀਕਾ ਤੇ ਪ੍ਰਵਾਸੀ ਰਹਿਤਲ 'ਤੇ ਜ਼ੋਰਦਾਰ ਵਿਦਰੋਹ ਅਤੇ ਸਮਾਧਾਨ ਵੀ ਪੇਸ਼ ਕਰਦਾ ਹੈ। ਪੰਜਾਬ ਤੋਂ ਪਰਵਾਸ ਗਿਆ ਬੰਦਾ ਕਿਵੇਂ ਸ਼ੋਸ਼ਤ ਹੁੰਦਾ ਸੱਭਿਆਚਾਰ ਦਾ ਸ਼ਿਕਾਰ ਬਣਦਾ ਹੈ। ਮਿੱਟੀ ਦੇ ਮੋਹ ਲਈ ਹੋਕੇ ਵੀ ਭਰਦਾ ਹੈ। ਪਰ ਰਿਸ਼ਤੇ ਦੀ ਮਾਸੂਮੀਅਤ ਅਤੇ ਪਾਕੀਜ਼ਗੀ ਉਸ ਦੀਆਂ ਅੱਖਾਂ ਵਿਚ ਬਲਦੇ ਪ੍ਰਸ਼ਨ-ਚਿੰਨ੍ਹ ਵਰਗੀ ਵੀ ਹੈ। ਪਰ ਲੇਖਕ ਨੂੰ ਪ੍ਰਸ਼ਨਾਂ ਦੇ ਢੁਕਵੇਂ ਅਰਥਾਂ ਦੀ ਜਾਣਕਾਰੀ ਅਤੇ ਗਿਆਨ ਹੈਨਾਵਲ ਵਿਚ ਆਏ ਕੁਝ ਹੋਰ ਪਰਵਾਸੀ ਰਹਿਤਲ ਅਤੇ ਸਮਾਜਕ-ਵਿਵਹਾਰ ਦੇ ਕੁਝ ਖ਼ਾਸ ਸ਼ਬਦ :ਗਲੈਂਡ, ਸੀਕ੍ਰਿਸ਼ਨ, ਟੈਰੇਟਰੀ, ਪੂਲਰ, ਗਰੀਨ ਕਾਰਡ, ਸ਼ਾਵਰ, ਵਾਸ਼ਬੇਸਨ, ਸੈਕਸ ਉਫੈਂਡਰ, ਕ੍ਰਿਮਨਲ, ਫਿਲੋਮਿੰਨ, ਗੋ-ਰ, ਸਪਰੇਅ, ਰੇਡਿਆਈ ਕਿਰਨਾਂ, ਟਰਦੀ, ਹਾਲੋਵਿੰਨ ਡੇ, ਥੈਂਕਸ ਗਿਵਿੰਗ ਡੇ, ਪੋਰਕ, ਟਾਇਲੇਟ ਪੇਪਰ, ਪ੍ਰੋਟੈਸਟ, ਪ੍ਰੋਟੀਨ, ਯੂਰਿਕ ਐਸਿਡ, ਜੋਰੈਲਕਸ, ਵਾਟਰ ਥੇਰੈਪੀ, ਲਿਕੂਇਡ, ਐਸੀਡਿਟੀ, ਪੀਚਸ, ਪਿੱਕੇ, ਲਿੱਕਰ ਸਟੋਰ, ਡਰੱਗਸ, ਪਲਾਸਟਿਕ ਮਨੀ, ਬਾਈਪੋਲਰ, ਇੰਟਰਨੈੱਟ, ਗਲਾਈਡਿੰਗ, ਸਪਾਈਡਰ ਮੈਨ, ਗੈਰਜ਼, ਲੈਸਬੀਅਨ, ਕੈਵੀਅਰ, ਬਿੱਚ, ਬੈਡ ਡੌਗ, ਕਸੀਨੋਆਂ, ਅੰਬੈਸੀ, ਸਮੋਕਰ, ਕੁਲੈਕਟ ਕਾਲ, ਇਨਫੈਕਸ਼ਨ, ਫੈਲਨੀ, ਓਪਰ ਐਕਸਪੋਜ਼ੀਅਰ, ਮਿਲੀਅਨ, ਮੈਟਰੀਮੋਨੀਅਲ, ਫੋਰਵੀਲ ਡਰਾਈਵ, ਹਾਈਜੈਕਰ, ਹੈਲਥ ਇੰਸ਼ੋਰੈਂਸ, ਕਰੀਮੇਸ਼ਨ, ਅਪੈਂਡੇਸਾਈਟਸ, ਗਾਲ ਬਲੈਡਰ, ਸਿਸਟਮ, ਦਾਈਲਡ ਪ੍ਰੋਟੈਕਸ਼ਨ, ਵੀਡਜ਼, ਵੈਕਿਊਮ ਕਲੀਨਰ, ਬਰਮੂਡਾ ਟਾਈਪ, ਬਾਇਓਗਰਾਫੀਕਲ, ਈਗਲਨੁਮਾ, ਟੈਂਕਰ, ਪਰੂਨਿੰਗ, ਸਟ੍ਰਿਲਾਈਜ਼, ਸਲੈਂਗ, ਬਰੂਮ, ਐਨੀਮੇਸ਼ਨ ਫ਼ਿਲਮਾਂ, ਕਲਾਜਿਟ, ਡਰਾਮ ਸ਼ਰਾਮ, ਕਨਫੈਸ਼ਨ, ਗਾਰਬਿਜ਼, ਡਿਸ਼ ਐਨਟੀਨਾ, ਡੁੱਗ, ਟ੍ਰੇਲਰ, ਐਬੋਲਨੀ ਮੱਛੀ, ਡਰਾਈਵਿੰਗ ਸੂਟ, ਸਟੱਫ ਵਾਲਾ ਮੀਟ, ਕੈਲਸ, ਘਾਗ, ਏ.ਡੀ.ਡੀ., ਏ.ਡੀ.ਐੱਚ.ਡੀ., ਲੈਪਟਾਪ, ਸਪਿਰਿਚੁਆਲਿਜ਼ਮ, ਕੰਫਿਊਸਸ,



ਦੱਘਲ, ਕਰੈਡਿਟ ਸਰਟੀਫਿਕੇਟ । (ਪੰਨਾ 31 ਤੋਂ 136 ਤੱਕ ਆਏ ਕੁਝ ਖ਼ਾਸ ਸ਼ਬਦ)

ਪਰਵਾਸ ਵਿਚ ਤਾਂ ਬਹੁਤ ਪੰਜਾਬੀ ਜਾਂਦੇ ਹਨ ਪਰ ਡਾ. ਜੋਗਿੰਦਰ ਕੈਰੋਂ ਦੀ 'ਦ੍ਰਿਸ਼ਟੀ ਲੈ ਕੇ ਕੋਈ ਨਹੀਂ ਜਾਂਦਾ । ਭਾਵੇਂ 2008 ਵਿਚ ਦੋ ਨਾਵਲ ਪ੍ਰਕਾਸ਼ਤ ਹੋਏ, ਪਰ ਇਨ੍ਹਾਂ ਨਾਵਲਾਂ ਦੀ ਆਧਾਰ ਭੂਮਿਕਾ ਕਈ ਚਿਰਾਂ ਤੋਂ ਲੇਖਕ ਦੇ ਮਨ ਵਿਚ ਪੱਕ ਰਹੀ ਸੀ । ਡਾ. ਕੈਰੋਂ ਦੀ ਲਿਖਤ, ਗੁੰਦਵੀ, ਸੰਘਣੀ ਤੇ ਰੌਚਿਕ ਹੈ। ਅਰਥ ਅਲੌਕਿਕ ਨੁਰਾਨੀਅਤ ਅਤੇ ਰਹੱਸਮਈ ਗੋਹਜ਼ ਤਲਿਸਮ, ਜੋ ਉੱਚਿਤ ਪੱਕੇ ਧਿਆਨ ਦੀ ਮੰਗ ਕਰਦਾ ਹੈ। ਸੰਪੂਰਨ ਸੰਤੁਲਤ ਧਿਆਨ, ਕਦੇ ਕਦੇ ਸੁਰਤੀ ਦਾ ਖ਼ੁਮਾਰ ।

**ਨਿਚੋੜ**

**0** ਡਾ. ਕੈਰੋਂ ਨਾਵਲ 'ਬਾਈਪੋਲਰਾਂ ਦੇ ਦੇਸ਼' ਵਿਚ ਕਿਤੇ-ਕਿਤੇ ਵਿਸ਼ੇ ਦੇ ਕੇਂਦਰੀਕਰਣ ਤੋਂ ਅਕੇਂਦ੍ਰਿਤ ਹੋ ਜਾਂਦਾ ਹੈ। ਫਿਰ ਵੀ ਇਸ ਨਾਵਲ ਦੇ ਪ੍ਰਕਾਸ਼ਨ ਨਾਲ ਉਹ ਮਹਾਨ ਗਲਪ ਸਾਹਿਤ-ਮਹਾਂਰਥੀ ਹੋ ਜਾਂਦੇ ਹਨ ।

0 ਨਾਵਲ ਬਹੁ-ਪਾਤਰੀ, ਬਹੁ-ਧਰਾਤਲੀ ਅਤੇ ਬਹੁ-ਪਾਸਾਰੀ ਹੈ। ਕਈ ਪਾਤਰਾਂ ਵਿਚ ਪਾਤਰ ਦਾ ਆਪਣਾ ਕਿਰਦਾਰ ਨਾ ਬੋਲ ਕੇ ਡਾ. ਕੈਰੋਂ ਦਾ ਸਵੈ ਬੋਲਦਾ ਮਹਿਸੂਸ ਹੁੰਦਾ ਹੈ ਇਸਦੇ ਕਈ ਕਾਰਨ ਹੋ ਸਕਦੇ ਹਨ । ਲੇਖਕ ਹੀ ਜਾਣਦਾ ਹੈ।

0 ਨਾਵਲ ਵਿਚ ਕਈ ਥਾਈਂ ਦੁਹਰਾਓ ਅੱਖਰਦਾ ਹੈ। ਪਰ ਪੜ੍ਹਨ ਰੁਚੀ ਅਤੇ ਰਸਕਿਤਾ ਵਿਚ ਰੁਕਾਵਟ ਨਹੀਂ ਬਣਦਾ ।

0 ਨਾਵਲ ਵਿਚ ਪ੍ਰਯੋਗ ਕੀਤੇ ਬਹੁਤ ਸ਼ਬਦ ਸਾਧਾਰਣ ਪਾਠਕ ਦੀ ਬੁੱਧੀ ਤੋਂ ਪਰੇ ਵਿਚਰਦੇ ਹਨ । ਇਸ ਲਈ ਇਸ ਨਾਵਲ ਦੇ ਪਾਠ ਲਈ ਪਾਠਕ, ਬੁੱਧੀ-ਜੀਵੀ ਅਤੇ ਉੱਚ ਸਿੱਖਿਅਕ ਹੋਣਾ ਚਾਹੀਦਾ ਹੈ। ਨਾਵਲ ਮਹਿਜ਼-ਰਚਨਾ ਹੈ। ਡਾ. ਕੈਰੋਂ ਰੂਹ ਦੇ ਰੱਜ ਅਤੇ ਆਤਮਿਕ ਤਾਣ ਨਾਲ ਲਿਖਦਾ ਹੈ।

0 ਡਾ. ਕੈਰੋਂ ਪ੍ਰਵਾਸ ਵਿਚ ਰਹਿੰਦਿਆਂ ਬਹੁਤ ਘਟਨਾਵਾਂ, ਕਥਾਵਾਂ, ਬੁਝਾਰਤਾਂ, ਉਦਾਹਰਣਾਂ ਪੰਜਾਬੀ ਰਹਿਤਲ ਅਤੇ ਪੰਜਾਬੀ ਸੱਭਿਆਚਾਰ ਦੀਆਂ ਦੇਂਦਾ ਹੈ। ਪੁਸਤਕ ਦਾ 60 ਭਾਗ ਪ੍ਰਵਾਸ ਅਤੇ 40 ਭਾਗ ਪੰਜਾਬੀ ਰਹਿਤਲ ਦਾ ਹੈ। ਉਸਦੇ ਪੈਰਾਂ ਨੂੰ ਭਟਕਣ ਦਾ ਵਰ ਹੈ ਮਸਤਕ ਨੂੰ ਪ੍ਰਕਾਸ਼ ਦਾ ।

0 ਡਾ. ਕੈਰੋਂ ਦੀ ਇਹ ਖ਼ੂਬੀ ਹੈਕਿ ਉਹ ਕਾਲਪਨਿਕਤਾ ਨੂੰ ਇਸ ਕਦਰ ਗੋਲਾਈ, ਸ਼ਿਲਪ ਅਤੇ ਕਲਾਤਮਿਕਤਾ ਪ੍ਰਦਾਨ ਕਰਦੇ ਹਨ ਜੋ ਮੂਲ ਰੂਪ ਵਿਚ ਯਥਾਰਥ ਅਤੇ ਜੀਵੰਤ ਹੀ ਲੱਗਦੀ ਹੈਪਰ ਜਾਗਰੂਕ ਪਾਠਕ ਨੂੰ ਇਹ ਬੋਧ ਹੁੰਦਾ ਹੈ। ਫਿਰ ਵੀ ਅਧਿਐਨ ਚਿੰਤਨ ਵਿਚ ਉਹਦੀ ਬੌਧਿਕ ਕਸਰਤ, ਲਾਸਾਨੀ ਪਰ ਨਿਰਮਾਣ ਰੁਸਤਮ ਹੈ। ਮੈਂ ਨਹੀਂ ਚਾਹੁੰਦਾ ਕਿ ਕੋਈ ਮੈਨੂੰ ਬੌਧਿਕ ਜ਼ਖ਼ਮ ਦੇਵੇ । ਇਹ ਭਖ਼ਦਾ ਸੱਚ ਹੈ।

0 ਇਸ ਨਾਵਲ ਵਿਚ ਮੁੱਖ ਸਮੱਸਿਆ 'ਬਾਈਪੋਲਰ' ਹੈ। ਬਾਈਪੋਲਰ ਹੋਣਾ ਮਾਨਸਿਕ ਦੁਖਾਂਤ ਵੀ ਬਣਦਾ ਹੈ। ਕਈ ਹੋਰ ਵਿਭਿੰਨ ਵਿਸ਼ੇ ਵੀ ਇਸ਼ ਨਾਵਲ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ ਮਸਲਨ ਵੰਨ-ਸੁਵੰਨੀ ਵਿਸਕੀ, ਬੀਅਰ, ਟਰਕੀ ਡਿਸਜ਼, ਬੂਟਿਆਂ ਤੇ ਫੁੱਲਾਂ ਦੇ ਬੇਹੱਦ ਖ਼ੂਬਸੂਰਤ ਨਾਮ, ਜੋ ਜਾਣਕਾਰੀ ਵਿਚ ਵਾਧਾ ਰਸਕਿਤਾ ਵੀ ਪੈਦਾ ਕਰਦੇ ਹਨ ।

0 ਡਾ. ਕੈਰੋਂ ਜੀ ਚੁਟਕਲਿਆਂ ਨੁਮਾ, ਗਣਿਤ ਦੇ ਉਲਝਾਉ ਸੁਆਲਾਂ ਕਥਾਵਾਂ, ਬੁਝਾਰਤਾਂ ਰਾਹੀਂ ਪਾਠਕ ਦੇ ਧਿਆਨ ਨੂੰ ਕੇਂਦਿਰਤ ਕਰਦੇ ਢਿੱਡੀਂ ਪੀੜਾਂ ਵੀ ਪਾਉਂਦੇ ਹਨ । ਚੁਟਕਲੇ ਬੁਝਾਰਤਾਂ ਵਿਚ ਸਿੱਖਿਆਦਾਇਕ ਗੱਲਾਂ ਵੀ ਸਿੱਖੀਆਂ ਜਾ ਸਕਦੀਆਂ ਹਨ । ਇਹ ਸੈਨਤਾਂ ਪੁਖ਼ਤਾ/ਉਰਜਤ

ਹਨ ।

0 ਡਾ. ਕੈਰੋਂ ਨੂੰ ਸੰਵਾਦ ਰਚਾਉਣ ਵਿਚ ਵਿਸ਼ੇਸ਼ ਰੁਚੀ ਹੈ। ਮਿਆਰੀ, ਸਪਸ਼ਟ, ਸਰਲ ਬੋਲਚਾਲ ਵਿਚ ਪਾਠਕ ਇਕ ਪੜ੍ਹਨ ਧੁੰਨ ਵਿਚ ਮਸਤ ਸੁਆਦ ਲੈਂਦਾ ਮਨੋਰੰਜਨ ਵੀ ਕਰਦਾ ਹੈ। ਇਹ ਲੇਖਕ ਦੀ ਰਸਨਾ ਹੈ। ਸਾਧਨਾ, ਕਲਾ-ਕੌਸ਼ਲਤਾ । ਬਾਈਪੋਲਰ ਬੀਮਾਰੀ ਪ੍ਰਤੀ ਸਮੂਹ ਨੂੰ ਸੁਚੇਤ ਕਰਦਾ ਉਹ ਮਸੀਹਾ ਹੀ ਤਾਂ ਲਗਦਾ ਹੈ। ਉਹਦਾ (ਪੇਸ਼ੀਨਗੋਈ) ਵਕਤਾ ਬਲਵਾਨ ਮਨ ਅਗਿਆਤ ਸਮੂਹਕਤਾ ਨੂੰ ਤੀਖ਼ਣ ਤੌਰ 'ਤੇ ਸੁਚੇਤ ਕਰਦਾ ਨਰੋਆ, ਆਸ਼ਾਵਾਦੀ ਭਵਿੱਖ ਸਾਕਾਰ ਕਰਨ ਵਿਚ ਸਫਲ ਹੈ। ਅਜਿਹੀ ਬਲਵਾਨ ਕਲਮ ਜੋ ਅਡੋਲ ਅਭੈ ਪਹਿਰਾ ਦੇਵੇ । ਨਿਰਸੰਦੇਹ, ਪੰਜਾਬੀ ਸਾਹਿਤ ਦਾ ਵਾਰਿਸ ਉਹਦਾ ਅਮਿੱਟ ਸੁਗੰਧਤ ਹਾਸਲ ਹੈ। ਜਿਸ ਤੇ ਸਮੂਹ ਨੂੰ ਸੋਚਣ ਤੇ -ਖਰਯੋਗ ਨਾਜ਼ ਹੋਣਾ ਚਾਹੀਦਾ ਹੈ। ਨਰੋਈ ਸੋਚ ਆਸ਼ਾਵਾਦੀ, ਸਿਹਤਮੰਦ ਦਿਸ਼ਾ ਨਿਰਦੇਸ਼ਣ ਦਾ ਅਦਬ ਕਰਨਾ ਬਣਦਾ ਹੈ। ਇਹ ਡਾ. ਕੈਰੋਂ ਦਾ ਸੁਹਿਰਦ ਕਮਾਇਆ ਹੋਇਆ ਈਮਾਨਦਾਰ ਹੱਕ ਹੈ। ਤਕੜੀ ਤੇ ਤਰਾਜੂ ਵਿਚ -ਰਕ ਹੁੰਦਾ ਹੈ। ਖੁਦਾਇਆ ! ਇਹ -ਰਕ 'ਹੰਸ ਦੀ ਚੁੰਝ' ਕਰ ਦੇ ।

0 ਨਾਵਲ ਵਿਚ ਵਿਸ਼ੇਸ਼ ਉਤਸਵ ਤੇ ਨਿਰਤ ਭਾਵੇਂ ਪੂਰਬੀ ਤਹਿਜ਼ੀਬ ਵਿਚ ਅਸ਼ਲੀਲ ਹੀ ਕਿਹਾ ਜਾਂਦਾ ਹੋਵੇ ਪਰ ਇੰਦ੍ਰੀਆਵੀ-ਰਸ ਵਿਚ ਇਹ ਵੀ ਮਨੋਰੰਜਨ ਦਾ ਇਕ ਹਿੱਸਾ ਹੈ। ਜੇ ਨਿਰਤ ਨੂੰ ਵਾਸ਼ਨਾਤਮਿਕ ਹੋ ਕੇ ਨਾ ਲਿਆ ਜਾਵੇ ਤਾਂ ਨਿਰਤ ਮਨ ਅਰੋਗਤਾ ਦੇ ਨਾਲ, ਅਕਸੀਰ ਵੀ ਹੈ।

0 ਡਾ. ਕੈਰੋਂ ਦਾ ਇਹ ਨਾਵਲ ਹਰ ਪੰਜਾਬੀ ਅਤੇ ਦੇਸ਼ ਵਾਸੀ ਲਈ ਮੁ-ਤ ਸਲਾਹ ਅਤੇ ਮੁ-ਤ ਅਕਸੀਰ ਹੈ। ਕਿੱਥੇ ਜੰਮਣੇ ਨੇ ਡਾ. ਕੈਰੋਂ ਵਰਗੇ ? ਉਸ ਮਹਾਨ ਮਾਂ ਨੂੰ ਸਿਰ ਝੁਕਾਉਂਦਾ ਸੱਜਦਾ ਕਰਦਾ ਹਾਂ ।

0 ਡਾ. ਕੈਰੋਂ ਨੇ ਆਪਣੇ ਨਿੱਜੀ ਉਚੇਰੇ ਸ਼ੋਕਾਂ, ਨਿਰਾਲੇ ਸ਼ੁਗਲਾਂ ਤੇ 'ਟਕੀਲਾ' ਦੀ ਸ਼ਰਾਬ ਦਾ ਸੰਖੇਪ ਵਰਨਣ, ਅਬਲੋਨੀ ਮੱਛੀ ਦਾ ਜ਼ਿਕਰ ਅਤੇ ਸਮੁੰਦਰ ਵਿਚੋਂ ਇਸ ਮੱਛੀ ਨੂੰ ਪਕੜਣ ਲਈ ਜਿਸ ਸਾਹਸ ਤੇ ਜੋਖ਼ਮ ਦੀ ਗੱਲ ਕੀਤੀ ਹੈ ਉਹ ਇਕ ਸਾਹਸੀ ਖੋਜ (Adventure) ਹੈ। ਕੈਵੀਅਰ ਮੱਛੀ ਦੇ ਆਂਡੇ ਵਿਸ਼ੇਸ਼ ਅਤੇ ਮਾਰਮਿਕ ਉਦਾਹਰਣ ਕਹੇ ਜਾ ਸਕਦੇ ਹਨ । ਸ਼ੈਂਪੇਨ ਦਾ ਜ਼ਿਕਰ ਰਸਿਕ ਪਾਠਕਾਂ ਨੂੰ ਨਸ਼ਾ ਲਿਆ ਦੇਂਦਾ ਹੈ। ਆਂਡੇ ਸੋਨੇ ਤੋਂ ਵੀ ਮਹਿੰਗੇ, ਪਹਿਲੀ ਵਾਰ ਸੁਣਿਆ ਹੈ।

0 ਮੈਨੂੰ ਡਾ. ਕੈਰੋਂ ਦੇ ਸਰੀਰ ਵਿਚ ਦੋ ਫੌਲਾਦੀ ਰੀੜ੍ਹ ਦੀਆਂ ਹੱਡੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ । ਇਕ ਤਨ ਵਿਚ, ਦੂਜੀ ਮਨ ਵਿਚ । ਅਜਿਹੀਆਂ ਸਮਰੱਥ ਲਿਖਾਂ ਲਈ ਹੋਰ ਸਾਰੇ ਸੰਘਰਸ਼ਾਂ ਤੇ ਸੁਹਿਰਦ ਕੋਸ਼ਿਸ਼ਾਂ ਦੇ ਬਾਦ ਸਰੀਰਕ ਤਾਕਤ, ਯਾਦ ਸ਼ਕਤੀ, ਲਿਖਣ ਕਾਰਜਸ਼ੀਲਤਾ ਅਤੇ ਪੁਸਤਕ ਪ੍ਰਕਾਸ਼ਨ ਤੱਕ ਲਈ ਪ੍ਰੀਖਿਆਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਮੈਂ ਡਾ. ਕੈਰੋਂ ਸਾਹਿਬ ਨੂੰ ਦਰਜਾ ਅੱਵਲ ਜੇਤੂ ਕਰਾਰ ਦੇਣ ਵਿਚ ਖੁਸ਼ੀ ਮਹਿਸੂਸਦਾ ਹਾਂ । ਰੱਬਾ ! ਮੈਨੂੰ ਹੋਰ ਨੀਵਾਂ ਕਰ ਦੇ !

0 'ਬਾਈਪੋਲਰਾਂ ਦਾ ਦੇਸ਼' ਜਾਣਕਾਰੀ ਵਰਧਕ, ਪ੍ਰਵਾਸੀ ਸੱਭਿਆਚਾਰ ਦੀ ਸਖ਼ਤ ਨਿਯਮਬੱਧਤਾ ਅਤੇ ਗਿਆਨ-ਭੰਡਾਰ ਵਿਚ ਜ਼ਿਕਰਯੋਗ ਵਾਧਾ ਕਰਦਾ ਹੈ। ਮਸਰਾਂ ਦੀ ਦਾਲ ਵਿਚ ਕੁਝ ਕੌੜਕੂ ਤਾਂ ਹੁੰਦੇ ਹੀ ਹਨ ਪਫਰ ਵੀ ਮੈਂ ਇਸ ਉਮਰ ਤੱਕ (70 ਸਾਲ) ਨਿਰੰਤਰ ਸਾਹਿਤਕ ਕਾਜਸ਼ੀਲਤਾ, ਸੁਹਿਰਦਤਾ, ਈਮਾਨਦਾਰੀ ਤੇ ਲਾਸਾਨੀ-ਸਮਰੱਥਾ ਲਈ ਡਾ. ਕੈਰੋਂ ਨੂੰ ਸਤਿਕਾਰ ਭੇਂਟ ਕਰਦਾ ਪਾਠਕਾਂ ਨੂੰ ਇਹ ਨਾਵਲ ਪੜ੍ਹਨ ਲਈ ਨਿਰਮਾਣ ਬੇਨਤੀ ਕਰਦਾ ਹਾਂ ।

0 ਪੁਸਤਕ ਦੇ ਕਾਂਡ ਬਹੁਤ ਲੰਮੇ ਨਾ ਹੋ ਕੇ 3, 4 ਪੇਜ਼ਾਂ ਦੇ ਹਨ ।

0 -ਕੀਰ ਸਿੰਘ ਦੇ ਕਲਪਿਤ ਨਾਮ ਵਿਚ ਡਾ. ਕੈਰੋਂ ਅਮਰੀਕਾ ਦੇ ਸਭਿਆਚਾਰ,



ਰੰਗੀਨੀਆਂ ਤੇ ਰਮਣੀਕ ਨਜ਼ਾਰਿਆਂ ਨੂੰ ਮਾਣਦਾ ਵੀ ਸੀ ਦੇ ਮਾਨਸਿਕ ਦੁਖਾਤ ਅਤੇ ਤ੍ਰਾਸਦਿਕ ਸੰਤਾਪ ਪ੍ਰਤੀ ਸੰਵੇਦਨਸ਼ੀਲ ਵੀ ਹੈ ਚਿੰਤਨਸ਼ੀਲ ਵੀ । ਬਸ ਇਕੋ ਇਕ ਡਾ. ਕੈਰੋਂ ! ਹੋਰ ਦੂਜਾ ਕੋਈ ਨਹੀਂ ! f-ਲਮ...।

ਪੁਸਤਕ ਦਾ ਪੇਪਰ ਮਿਆਰੀ, ਸੁਖਾਵੀਂ ਪ੍ਰਿੰਟਿੰਗ, ਪਰੂਫ ਦੀ ਨਾ-ਮਾਤਰ ਗ਼ਲਤੀ ਅਤੇ ਟਾਈਟਲ ਅਮਰੀਕਾ ਦੇਸ਼ ਦੀ ਪ੍ਰਤੀਨਿਧਤਾ ਕਰਦਾ ਹੈ। ਪੁਸਤਕ ਦੇ 136 ਪੰਨੇ ਹਨ । ਕੀਮਤ 150 ਰੁਪਏ ਹੈ। ਪੁਸਤਕ ਹੱਥ ਵਿਚ ਫੜਿਆਂ ਦਰਸ਼ਨੀ ਲੱਗਦੀ ਹੈ। ਪੁਸਤਕ ਦੀ ਦਿੱਖ ਅੰਗ੍ਰੇਜ਼ੀ ਪੁਸਤਕ ਦਾ ਭੁਲੇਖਾ ਵੀ ਪਾਉਂਦੀ ਹੈ।

(ਬਾਈਪੋਲਰ ਮੁਹਾਵਰਾ ਹੀ ਬਣ ਜਾਏਗਾ) (ਗੁਸਤਾਖ਼ੀ ਸਹਿਤ, ਕਦੀ ਸਮੁੱਚੇ ਪੰਜਾਬੀ ਸਾਹਿਤ ਵਿਚ ਡਾ. ਕੈਰੋਂ 'ਬਾਈਪੋਲਰਾਂ ਦੇ ਦੇਸ਼' ਵਾਲਾ ਕੈਰੋਂ ਕਿਹਾ ਜਾਏਗਾ)

ਮੈਨੂੰ ਨਿੱਜੀ ਤੌਰ 'ਤੇ ਮਹਿਸੂਸ ਹੁੰਦਾ ਹੈਕਿ ਡਾ. ਕੈਰੋਂ ਦੇ ਸਮਕਾਲੀ ਗਲਪਕਾਰ (ਕੁੱਕ ਨੂੰ ਛੱਡ ਕੇ) ਓਸ ਪ੍ਰਤੀ ਹਸਦ ਰੱਖਦੇ ਹਨ । ਪ੍ਰਮਾਣਿਕ ਚਿੰਤਕ ਵੀ ਉਸਦੀਆਂ ਗ਼ਲਪ ਸਾਹਿਤ ਪ੍ਰਾਪਤੀਆਂ, ਉਭਾਰ ਪ੍ਰਤੀ ਮੌਨ ਹਨ । ਵਿਸ਼ਵਵਿਦਿਆਲੇ ਮਸਨੂਈ ਦੰਭ੍ਰ ਰੱਖਦੇ ਹਨ । ਸਾਹਿਤ ਅਕਾਦਮੀਆਂ ਚਾਪਲੂਸਾਂ, ਸੱਤਾਧਾਰੀਆਂ, ਨਿੱਜੀ ਹਿੱਤਾਂ ਤਕ ਸੀਮਤ । ਕਮਲ ਵਾਂਗ ਨਿਰਲੇਪ ਡਾ. ਕੈਰੋਂ ਪੂਰੀ ਸੁਹਿਰਦਤਾ, ਈਮਾਨਦਾਰੀ ਅਤੇ ਸਿਰਜਣਾਤਮਕ ਗੰਭੀਰਤਾ ਨਾਲ ਨਿਰੰਤਰ, ਸਾਕਾਰਾਤਮਕ ਤੌਰ 'ਤੇ ਸਿਰਜਣਾ ਪ੍ਰਤੀ ਅੰਤਮ ਊਰਜਾ ਨਾਲ ਦਿਆਨਤਦਾਰ ਛਬੀ; ਖ਼ੁਦਸਰੀ ਅਤੇ ਬੇਦਾਗ਼ ਦਿਲਾਵਰੀ ਨਾਲ ਲਿਖ ਰਿਹਾ ਹੈ। ਉਸਦੀ ਸਾਧਨਾ ਨੂੰ 'ਫਲ' (ਸਹਿਜ ਦਾ ਪ੍ਰਤੀਕ) ਲਗੇਗਾ । ਇਹ ਮੇਰਾ ਅਕਸ਼ੇ ਵਿਸ਼ਵਾਸ ਹੈ। ਈਨਸ਼ਾ ਅਹਿਸਾਸਤਾ । ਪਾਰਦਰਸ਼ਤਾ ਅਤੇ ਅੰਤਹਿਕਰਣ ਦੀ ਆਵਾਜ਼ । ਇਹ ਸਭ ਕੁਝ ਮੇਰੇ ਕੋਲੋਂ ਸੰਤ ਬਾਬਾ ਖੜਕ ਸਿੰਘ ਜੀ ਨੇ ਲਿਖਵਾਇਆ ਹੈ ਕ੍ਰਿਪਾ ਕਰਕੇ । ਮੈਂ ਤਾਂ ਮਸਕੀਨ, ਨਾਦਰ, ਨ-ਰ, ਖ਼ਾਦਿਮ, ਮਲੰਗ, ਬਦਨਾਮ ਕਰਿੰਦਾ ਹਾਂ । ਕਾਤਬ !!.... ?!... ?!!......


## ਨਵਯੁਗ ਪ੍ਰਕਾਸ਼ਨ, ਦਿੱਲੀ ਦੀਆਂ ਨਵੀਆਂ ਪੁਸਤਕਾਂ

ਬੱਤੀ ਪੰਜਾਬੀ ਕਹਾਣੀਆਂ/ਰਤਨ ਸਿੰਘ (ਕਹਾਣੀਆਂ)
ਬ੍ਰਹਿਮੰਡ ਸਾਹਵੇਂ ਮਨੁੱਖ/ਜਸਵੰਤ ਸਿੰਘ ਨੇਕੀ (ਕਵਿਤਾ)
ਕਰਕ ਕਲੇਜੇ ਮਾਹਿ/ਪ੍ਰਭਜੋਤ ਕੌਰ (ਕਵਿਤਾ)
ਗੁਰੂ ਮਹਿਲ ਗਾਥਾ/ਡਾ. ਮਹਿੰਦਰ ਕੌਰ ਗਿੱਲ (ਲੇਖ)


## ਨਵੀਆਂ ਛਪੀਆਂ ਪੁਸਤਕਾਂ

ਮਿਤਰੋ ਮਰਜਾਣੀ/ਕ੍ਰਿਸ਼ਨਾ ਸੋਬਤੀ ਅਨੁ: ਡਾ. ਸਵੈਰਾਜ ਸੰਧੂ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ
ਅਭਿਨੰਦਨ ਗ੍ਰੰਧ ਜਸਵੰਤ ਸਿੰਘ ਕੰਵਲ/ਸੰਪਾ: ਡਾ. ਤੇਜਵੰਤ ਮਾਨ, ਲਿਟਰੇਚਰ ਹਾਊਸ, ਅੰਮ੍ਰਿਤਸਰ
ਬਿਨ ਸਿਰਲੇਖ/ਮਲਵਿੰਦਰ (ਕਵਿਤਾ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
1857 ਦਿੱਲੀ, ਦਿੱਲੀ/ਮਨਮੋਹਨ ਬਾਵਾ (ਨਾਵਲਿਟ ਕਹਾਣੀਆਂ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
ਨਮਸਕਾਰ/ਦਰਸ਼ਨ ਜੋਗਾ (ਕਹਾਣੀ ਸੰਗ੍ਰਹਿ), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

## ਨਵੀਆਂ ਪੁਸਤਕਾਂ

## ਨਵਾਂ ਸਾਹਿਤ ਪੜ੍ਹਦਿਆਂ/ਪ੍ਰੋ. ਜੇ. ਬੀ. ਸੇਖੋਂ

### ਨਵਤੇਜ ਸਿੰਘ ਦੀਆਂ ਚੋਣਵੀਆਂ ਕਹਾਣੀਆਂ
### ਸੰਪਾਦਕ : ਬਲਦੇਵ ਸਿੰਘ ਬੱਧਨ

ਨਵਤੇਜ ਸਿੰਘ ਪੰਜਾਬੀ ਕਹਾਣੀ ਦਾ ਅਜਿਹਾ ਹਸਤਾਖ਼ਰ ਰਿਹਾ ਹੈ ਜਿਹੜਾ ਆਪਣੇ ਸਮੇਂ ਤੋਂ ਚਾਰ ਕਦਮ ਅੱਗੇ ਤੁਰਨ ਦੀ ਸਮਰੱਥਾ ਰੱਖਦਾ ਸੀ। ਉਸਦੀਆਂ ਦੇਸ਼ ਵਾਪਸੀ, ਬਾਸਮਤੀ ਦੀ ਮਹਿਕ, ਬਸ਼ੀਰਾ, ਭਾਈਆਂ ਬਾਝ, ਬੰਦ ਪਿਆ ਬਿਸਤਰਾ, ਚਾਨਣ ਦੇ ਬੀਜ ਆਦਿ ਕਹਾਣੀਆਂ ਪੰਜਾਬੀਆਂ ਪਾਠਕਾਂ ਦੇ ਜਿਹਨ ਵਿਚ ਉਕਰੀਆਂ ਪਈਆਂ ਹਨ। 'ਪਹਿਲੀ ਚੁੰਮੀ' ਵਰਗੀ ਬੋਲਡ ਕਹਾਣੀ ਲਿਖ ਕੇ ਨਵਤੇਜ ਨੇ ਪੰਜਾਬੀ ਕਹਾਣੀ ਵਿਚ ਲੰਬਾ ਪੈਂਡਾ ਛੇਤੀ ਸਰ ਕਰ ਲਿਆ ਸੀ। ਉਹ ਮੂਲ ਤੌਰ 'ਤੇ ਪ੍ਰਗਤੀਵਾਦੀ-ਮਾਨਵਵਾਦੀ ਕਥਾਕਾਰ ਰਿਹਾ ਹੈ। ਸਮਾਜਿਕ ਪ੍ਰਬੰਧ ਦੀਆਂ ਖਾਮੀਆਂ 'ਤੇ ਉਂਗਲ ਧਰਨ ਸਮੇਂ ਉਹ ਆਪਣੀਆਂ ਕਹਾਣੀਆਂ ਨੂੰ ਸਹਿਜ ਤੇ ਸਧਾਰਨਤਾ ਦੇ ਲੜ ਲਾਈ ਰੱਖਦਾ ਹੈ। ਉਸਦੀ ਕਹਾਣੀ ਗੁੰਝਲਦਾਰ ਮਸਲਿਆਂ ਨੂੰ ਕਥਾ ਤੱਤਾਂ ਦੀ ਸੂਖਮ ਛੋਹ ਨਾਲ ਪੇਸ਼ ਕਰਦੀ ਕਿਤੇ ਵੀ ਬੇਲੋੜੀ ਲਾਊਡ ਨਹੀਂ ਹੁੰਦੀ। ਘਟਨਾ ਪ੍ਰਧਾਨ ਬਿਰਤਾਂਤ, ਨਾਟਕੀ ਵਾਰਤਾਲਾਪ, ਰੌਚਿਕ ਕਥਾ ਵੇਰਵੇ ਤੇ ਪ੍ਰਗਤੀਵਾਦੀ ਵਿਚਾਰਧਾਰਾ ਦੀ ਸਪੱਸ਼ਟਤਾ ਵਰਗੇ ਤੱਤ ਉਸਦੀ ਕਹਾਣੀ ਦੀ ਜਿੰਦਜਾਨ ਰਹੇ ਹਨ। ਇਸ ਪੁਸਤਕ ਵਿਚ ਨਵਤੇਜ ਦੀਆਂ 43 ਕਹਾਣੀਆਂ ਦਰਜ ਹਨ ਜਿਹੜੀਆਂ ਸ਼ੋਸ਼ਿਤ ਧਿਰਾਂ ਨੂੰ ਬਿਰਤਾਂਤ ਦਾ ਕੇਂਦਰ ਬਣਾ ਕੇ ਪਾਤਰਾਂ ਦੇ ਅੰਦਰੂਨੀ ਤੇ ਬਾਹਰੀ ਸੰਸਾਰ ਦੇ ਕੋਨੇ-ਕੋਨੇ 'ਤੇ ਪ੍ਰਕਾਸ਼ ਪਾਉਂਦੀਆਂ ਹਨ। ਸੰਪਾਦਕ ਪੁਸਤਕ ਦੀ ਭੂਮਿਕਾ ਵਿਚ ਲਿਖਦਾ ਹੈ : "ਇਸ ਪੁਸਤਕ ਰਾਹੀਂ ਇਕ ਵਾਰੀ ਫਿਰ ਪਾਠਕਾਂ ਅਤੇ ਆਲੋਚਕਾਂ ਸਾਹਵੇਂ ਨਵਤੇਜ ਸਿੰਘ ਨੂੰ ਲਿਆਇਆ ਜਾ ਰਿਹਾ ਹੈ ਤਾਂ ਕਿ ਉਸਦੇ ਯੋਗਦਾਨ ਦੀ ਸਹੀ ਪਛਾਣ ਕਰਕੇ ਉਸਦੀ ਕਹਾਣੀ ਕਲਾ ਦਾ ਮੁੱਲ ਪਾਇਆ ਜਾਵੇ।" ਪੁਸਤਕ ਸਾਂਭਣਯੋਗ ਤੇ ਪੜ੍ਹਨਯੋਗ ਹੈ। ਨੈਸ਼ਨਲ ਬੁੱਕ ਟਰੱਸਟ ਵਲੋਂ ਮਿਆਰੀ ਸਾਹਿਤ ਪਾਠਕਾਂ ਤੱਕ ਪੁੱਜਦਾ ਕਰਨ ਵਿਚ ਇਹ ਕਿਤਾਬ ਵੀ ਇਕ ਅਹਿਮ ਕੜੀ ਬਣ ਗਈ ਹੈ।

### ਮਹਿੰਦਰ ਸਿੰਘ ਸਰਨਾ ਦੀਆਂ ਚੋਣਵੀਆਂ ਕਹਾਣੀਆਂਸੰਪਾਦਕ : ਬਲਦੇਵ ਸਿੰਘ ਬੱਧਨ

ਪੰਜਾਬੀ ਕਹਾਣੀ ਨੂੰ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਸਮਰਿੱਧ ਕਰਨ ਵਿਚ ਕਹਾਣੀਕਾਰ ਮਹਿੰਦਰ ਸਿੰਘ ਸਰਨਾ ਦਾ ਅਹਿਮ ਯੋਗਦਾਨ ਹੈ। ਉਹ ਪੰਜਾਬੀ ਦਾ ਮਕਬੂਲ ਕਹਾਣੀਕਾਰ ਰਿਹਾ ਹੈ ਜਿਸਨੇ ਸ਼ਹਿਰੀ ਤੇ ਪੇਂਡੂ ਮੱਧ ਵਰਗ ਦੀਆਂ ਤੰਗੀਆਂ-ਤੁਰਸ਼ੀਆਂ ਤੇ ਮਾਨਸਿਕ ਉਥਲ-ਪੁਥਲ ਨੂੰ ਤਤਕਾਲੀ ਯੁੱਗ ਦੇ ਸਮਾਜਿਕ-ਸਭਿਆਚਾਰਕ ਸੰਦਰਭ ਵਿਚ ਪੇਸ਼ ਕਰਕੇ ਕਹਾਣੀ ਦੇ ਕਲਾ-ਤੱਤਾਂ ਨੂੰ ਸਾਂਭੀ ਰੱਖਿਆ ਹੈ। ਸੰਤਾਲੀ ਦੀ ਵੰਡ ਨਾਲ ਸੰਬੰਧਤ ਉਸਦੀਆਂ ਛਵੀਆਂ ਦੀ ਰੁੱਤ, ਜਥੇਦਾਰ ਮੁਕੰਦ ਸਿੰਘ ਤੇ ਕਾਜ਼ੀ ਦਾ ਕੋਟ ਵਰਗੀਆਂ ਕਹਾਣੀਆਂ ਪੰਜਾਬੀ ਪਾਠਕਾਂ ਦੇ ਮਨਾਂ 'ਤੇ ਉਕਰੀਆਂ ਪਈਆਂ ਹਨ। ਉਹ ਮੂਲ ਤੌਰ 'ਤੇ ਅਗਾਂਹਵਧੂ ਦ੍ਰਿਸ਼ਟੀ ਦਾ ਮਾਨਵਵਾਦੀ ਕਹਾਣੀਕਾਰ ਰਿਹਾ ਹੈ ਜਿਸਨੇ ਕਹਾਣੀ ਦੇ ਵਿਸ਼ੇਗਤ ਚਿੰਤਨਾਂ ਦੇ ਨਾਲ-ਨਾਲ ਬਿਰਤਾਂਤ ਜੁਗਤਾਂ ਤੇ ਸੁਹਜ-ਚੇਤਨਾ ਨੂੰ ਪੂਰਨ ਸਮਤੋਲ ਵਿਚ ਰੱਖਿਆ ਹੈ। ਵਿਚਾਰਅਧੀਨ ਪੁਸਤਕ ਨੂੰ ਵਿਦਵਾਨ ਲੇਖਕ ਡਾ. ਬਲਦੇਵ ਸਿੰਘ ਬੱਧਨ ਨੇ ਸੰਪਾਦਤ ਕੀਤਾ ਹੈ। ਕਿਤਾਬ ਵਿਚ ਸਰਨਾ ਦੀਆਂ 58 ਕਹਾਣੀਆਂ ਸ਼ਾਮਿਲ ਹਨ। ਇਹਨਾਂ ਵਿਚੋਂ ਕੁਝ ਕਹਾਣੀਆਂ ਦੇਸ਼ ਵੰਡ ਨਾਲ ਜੁੜੀਆਂ ਹਨ। ਬੱਸ ਨੰਬਰ 541 ਤੇ ਅਫਵਾਹ ਵਰਗੀਆਂ ਕਹਾਣੀਆਂ 1984 ਦੇ ਸਿੱਖ ਵਿਰੋਧੀ ਕਤਲੇਆਮ ਨਾਲ ਜੁੜੇ ਭਾਵੁਕ ਬਿਰਤਾਂਤ ਹਨ। ਬਾਕੀ ਕਹਾਣੀਆਂ ਵਿਚ ਪੰਜਾਬੀ ਸਮਾਜ ਦੇ ਨਿਮਨ ਤੇ ਮੱਧ ਵਰਗ ਦੇ ਤਤਕਾਲੀ ਮਸਲੇ ਭਾਰੂ ਹਨ। ਪਤੀ-ਪਤਨੀ ਦੇ ਸੰਬੰਧਾਂ ਦੀ ਵਿਆਕਰਣ, ਬਜ਼ੁਰਗਾਂ ਦੀ ਮਾਨਸਿਕਤਾ, ਪੰਜਾਬੀ ਸਮਾਜ 'ਚ ਔਰਤ ਦੀ ਹੋਂਦ, ਪਿਆਰ-ਕਥਾਵਾਂ ਸਮੇਤ ਅਨੇਕਾਂ ਵਿਸ਼ਿਆਂ ਦੀਆਂ ਕਹਾਣੀਆਂ ਨੌਕਰੀਪੇਸ਼ਾ ਲੋਕਾਂ ਮਜ਼ਦੂਰਾਂ, ਸੁਆਣੀਆਂ, ਕਿਸਾਨਾਂ ਆਦਿ ਪਾਤਰਾਂ ਨੂੰ ਇਕਹਿਰੀ ਬਿਰਤਾਂਤ-ਵਿਧੀ ਨਾਲ ਪੇਸ਼ ਕਰਦੀਆਂ ਹਨ। ਸਰਨਾ ਦੀ ਕਹਾਣੀ ਵਿਅੰਗ ਪ੍ਰਧਾਨ ਹੈ, ਭਾਸ਼ਾ ਕਾਵਿਕ ਹੈ, ਕਥਾ-ਬੁਣਤੀ ਸੰਘਣਤਾ ਵਾਲੀ ਨਹੀਂ। ਕਿਤਾਬ ਦੀ ਘੱਟ ਕੀਮਤ, ਵਧੀਆ ਛਪਾਈ ਤੇ ਸੁੰਦਰ ਦਿੱਖ ਲਈ ਸੰਪਾਦਕ ਤੇ ਪ੍ਰਕਾਸ਼ਕ ਵਧਾਈ ਦੇ ਹੱਕਦਾਰ ਹਨ।

### ਕਾਲ ਚੱਕਰ/ਤਲਵਿੰਦਰ ਸਿੰਘ/ਡਾ. ਜਸਵਿੰਦਰ ਕੌਰ ਬਿੰਦਰਾ

ਸਮਕਾਲੀ ਪੰਜਾਬੀ ਕਹਾਣੀ ਵਿਚ ਤਲਵਿੰਦਰ ਸਿੰਘ ਇਕ ਸਥਾਪਿਤ ਤੇ ਚਰਚਿਤ ਕਹਾਣੀਕਾਰ ਹੈ। 'ਕਾਲ ਚੱਕਰ' ਉਸ ਦਾ ਨਵੀਨਤਮ ਕਹਾਣੀ-ਸੰਗ੍ਰਹਿ ਹੈ। ਸੰਗ੍ਰਹਿ ਦੀਆਂ ਸਾਰੀਆਂ ਹੀ ਕਹਾਣੀਆਂ ਅੱਜ ਦੇ ਸਮੇਂ ਦੀਆਂ ਹਨ। ਇਹ ਔਰਤ-ਮਰਦ ਸੰਬੰਧਾਂ ਦੀਆਂ ਕਈ ਉਲਝੀਆਂ ਤੰਦਾਂ ਨੂੰ ਬਾਰੀਕਬੰਨੀ ਨਾਲ ਬਿਆਨ ਕਰਦੀਆਂ ਹਨ।

'ਲੇਜ਼ਰ ਸ਼ੋ' ਤਾਂ ਹੈ ਹੀ ਅੱਜ ਦੇ ਦੌਰ ਦੀ ਕਹਾਣੀ, ਜਿਸ ਵਿਚ ਮਾਲ-ਕਲੱਚਰ, ਫੈਸ਼ਨ ਸ਼ੋਅ, ਮੀਡੀਆ ਆਦਿ ਰਾਹੀਂ ਕਹਾਣੀ ਉਲੀਕੀ ਗਈ ਹੈ ਜੋ ਸਿਰਫ਼ ਮਹਾਨਗਰਾਂ ਤੇ ਸ਼ਹਿਰਾਂ ਨੂੰ ਹੀ ਨਹੀਂ ਛੋਟੇ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਤੱਕ ਵੀ ਆਮ ਮਨੁੱਖ ਦੀ ਜ਼ਿੰਦਗੀ ਨੂੰ ਆਪਣੀ ਲਪੇਟ ਵਿੱਚ ਲੈਂਦੇ ਜਾ ਰਹੇ ਹਨ। ਕਹਾਣੀ ਵਿਚਲੇ ਛੋਟੇ-ਛੋਟੇ ਚਿਹਨ ਤੇ ਸੂਖਮ ਛੋਹਾਂ ਇਸ ਨੂੰ ਬੜਾ ਅਰਥ-ਭਰਪੂਰ ਬਣਾ ਜਾਂਦੀਆਂ ਹਨ। ਨੌਜਵਾਨ ਪੀੜ੍ਹੀ ਦਾ ਮੋਬਾਇਲਾਂ, ਗਲੈਮਰ ਤੇ ਦੂਸਰੇ ਲਿੰਗ ਪ੍ਰਤੀ ਆਕਰਸ਼ਿਤ ਹੈ, ਇਕਦਮ ਹੀ ਨੇੜਤਾ ਦੇ ਪੱਧਰ ਉਤੇ ਵਿਚਾਰਨ ਲੱਗਣਾ ਇਸ ਪੀੜ੍ਹੀ ਦੀ ਬੇਸਬਰੀ, ਆਪਹੁਦਰੇਪਨ ਤੇ ਤੇਜ਼ ਵਾਹੋ-ਦਾਹੀ ਵਾਲੇ ਸੁਭਾਅ ਦੀ ਤਰਜ਼ਮਾਨੀ ਕਰਦੇ ਹਨ। ਰੀੜ ਦੀ ਹੱਡੀ ਵਿਚਲੀ ਗੁੱਝੀ ਪੀੜ ਮੈਂ ਪਾਤਰ ਦੀ ਪਤਨੀ ਦੀ ਨਹੀਂ ਸਾਰੇ ਸਮਾਜ ਦੀ ਪੀੜ ਨੂੰ ਪ੍ਰਗਟਾ ਜਾਂਦੀ ਹੈ।

ਤੰਗੀਆਂ-ਤੁਰਸ਼ੀਆਂ ਤੇ ਸੰਘਰਸ਼ ਵਿਚੋਂ ਲੰਘਦੀ ਜਵਾਨੀ ਜਦੋਂ ਆਰਥਿਕ ਪੱਧਰ ਉਤੇ ਥੋੜ੍ਹਾ ਸੁਖਾਲਾ ਮਹਿਸੂਸ ਕਰਦੀ ਹੈ ਤਾਂ ਉਸ ਵਿੱਚ ਦਬੀਆਂ ਖਾਹਿਸ਼ਾਂ ਆਪਣੀ ਮਨ-ਮਰਜ਼ੀ ਕਰਨ ਲਈ ਰਾਹ ਭਾਲਣ ਲੱਗਦੀਆਂ ਹਨ। ਕੁਝ ਜ਼ਮਾਨੇ ਦੇ ਤੌਰ-ਤਰੀਕਿਆਂ ਵਿੱਚ ਆਉਂਦੇ ਤੇਜ਼ੀ ਦੇ ਬਦਲਾਵਾਂ ਨੇ ਵੀ ਮੱਧਵਰਗੀ ਔਰਤ-ਮਰਦ ਨੂੰ ਰੋਕਾਂ-ਹੋੜਿਆਂ ਤੋਂ ਕਾਫੀ ਛੋਟ ਦੇ ਦਿੱਤੀ ਹੈ, ਲੋਕਾਂ ਦੀ ਕੰਨ ਵਲੇਟ ਲੈਣ ਦੀ ਪ੍ਰਵਿਰਤੀ ਤੇ ਬੇਪ੍ਰਵਾਹੀ ਨੇ ਵਿਆਹ ਬਾਹਰਲੇ ਸੰਬੰਧਾਂ ਵਿੱਚ ਹੜ੍ਹ ਲੈ ਆਂਦਾ ਹੈ। 'ਕਸੀਰ', 'ਵਾਵਰੋਲੇ', 'ਕਾਲ ਚੱਕਰ', 'ਗਲੇਸ਼ੀਅਰ', 'ਦੁੱਧ ਪੁੱਤ' ਆਦਿ ਕਹਾਣੀ ਵਿੱਚ ਅਜਿਹੇ ਪ੍ਰਸੰਗ ਹੋਰ ਅਨੇਕ ਸੰਦਰਭਾਂ ਨਾਲ ਜੁੜ ਕੇ ਬਹੁਪਰਤੀ ਤੇ ਬਹੁਅਰਥ ਗ੍ਰਹਿਣ ਕਰ ਜਾਂਦੇ ਹਨ। 'ਗਲੇਸ਼ੀਅਰ' ਮੈਨੂੰ 'ਕਾਲ ਚੱਕਰ' ਦਾ ਵਿਸਤਾਰ ਜਾਪਦੀ ਹੈ। 'ਗਲੇਸ਼ੀਅਰ' ਦੀ ਸੰਘਣੀ ਬੁਣਤੀ ਤੇ ਕਹਾਣੀ ਜਿਸ ਤਰ੍ਹਾਂ ਵਿਕਾਸ ਕਰ ਅੰਤ 'ਤੇ ਪੁੱਜਦੀ ਹੈ ਲੱਗਦਾ ਹੈ ਜਿਵੇਂ ਉਹ ਜੀਵਨ ਦੇ ਇਕ 'ਕਾਲ ਚੱਕਰ' ਨੂੰ ਹੀ ਬਿਆਨ ਕਰ ਜਾਂਦੀ ਹੈ। ਕਹਾਣੀ ਵਿੱਚ ਕਿਧਰੇ ਕੋਈ ਬਨਾਵਟ ਜਾਂ ਉਚੇਚ ਤੇ ਉਪਭਾਵਕਤਾ ਨਹੀਂ ਦਿੱਸਦੀ, ਸੰਬੰਧ ਬੜੇ ਸਹਿਜ ਢੰਗ ਨਾਲ ਸਿੱਖਰ ਛੂੰਹ ਅੰਤ ਨਿਸੱਲਤਾ ਗ੍ਰਹਿਣ ਕਰ ਜਾਂਦੇ ਹਨ।

'ਕਸੀਰ' ਤੇ 'ਵਾਵਰੋਲੇ' ਦੇ ਪਾਤਰ ਸਮਾਜ ਵਿਚ ਪਛਾਣਨੇ ਔਖੇ ਹਨ। ਅਸਲ ਵਿਚ ਅਜਿਹੇ ਮੁਖੌਟੇਧਾਰੀ ਲੋਕ ਹੀ ਸਮਾਜ ਦਾ ਘਾਣ ਬਹੁਤਾ ਕਰਦੇ ਹਨ। ਇਹ ਲੋਕ ਸਮਾਜ ਵਿੱਚ ਸਨਮਾਨਿਤ ਤੇ ਪ੍ਰਣਾਨਿਤ ਰਿਸ਼ਤਿਆਂ ਦੀ ਆੜ ਵਿੱਚ ਉਨ੍ਹਾਂ ਨੂੰ ਵੱਡੀ ਢਾਅ ਲਾਉਂਦੇ ਹਨ। ਅਵਤਾਰ ਦਾ ਜੋਤੀ ਨਾਲ ਭੈਣ-ਭਰਾ ਦੇ ਰਿਸ਼ਤੇ ਦੀ ਆੜ ਲੈ ਕੇ ਉਸ ਨੂੰ ਕਲੰਕਿਤ ਕਰਨਾ ਤੇ 'ਕਸੀਰ' ਦੇ ਮਾਸਟਰ ਹਰ ਬਿਲਾਸ ਦਾ ਮਾਸਟਰੀ ਕਿੱਤੇ ਨੂੰ ਢਾਅ ਲਾਉਣਾ। ਇਹ ਕਹਾਣੀ ਵਿਦਿਅਕ ਅਦਾਰਿਆਂ ਵਿਚ ਆਉਂਦੇ ਨਿਘਾਰ ਨੂੰ ਸ਼ਬਦ ਦੇਂਦੀ ਹੈ। ਪਿਛਲੇ ਕੁਝ ਅਰਸੇ ਵਿਚ ਕਾਲਜਾਂ, ਸਕੂਲਾਂ, ਯੂਨੀਵਰਸਿਟੀਆਂ ਆਦਿ ਅਦਾਰਿਆਂ ਵਿੱਚ ਸੁਣਨ ਵਿਚ ਆਉਂਦੀ ਛੇੜਖਾਨੀ, ਸ਼ੋਸ਼ਣ ਤੇ ਬਲਾਤਕਾਰ ਜਿਹੀਆਂ ਖ਼ਬਰਾਂ ਵਾਂਗ ਹੀ ਇਹ ਕਹਾਣੀ ਉਨ੍ਹਾਂ ਦੇ ਕਈ ਲੁਕੇ ਭੇਤ ਉਜਾਗਰ ਕਰਦੀ ਹੈ।

'ਧਰਤ ਸੁਹਾਣੀ', 'ਪਾਂਡੀ' ਕਹਾਣੀ ਵੰਡ ਤੋਂ ਬਾਅਦ ਦੀ ਅੱਧੀ ਸਦੀ ਮਗਰੋਂ ਦੀਆਂ ਕਹਾਣੀਆਂ ਹਨ। ਇਹ ਕਹਾਣੀਆਂ ਵੰਡ ਦੇ ਦਰਦ ਤੇ ਪੀੜ ਨੂੰ ਜਰਦੀਆਂ ਵੀ ਹਨ ਤੇ ਐਨੇ ਲੰਮੇ ਅਰਸੇ ਬਾਅਦ ਦੇ ਰਿਸ਼ਤਿਆਂ ਦੀ ਪੜਚੋਲ ਵੀ ਕਰਦੀਆਂ ਹਨ ਜੋ ਕਿਤੇ-ਕਿਤੇ ਸੁਖਾਣੀਆਂ ਹੀ ਪ੍ਰਤੀਤ ਹੁੰਦੀਆਂ ਹਨ। ਇਕ ਧਰਮ ਤੋਂ ਦੂਜੇ ਧਰਮ ਵਿੱਚ ਤਬਦੀਲ ਹੋਣ ਤੇ ਵੀ ਖ਼ੂਨ ਦੇ ਰਿਸ਼ਤਿਆਂ ਵਿੱਚ ਕੋਈ ਅੰਤਰ ਨਹੀਂ ਆਉਂਦਾ।

'ਤ੍ਰਿੰਞਣ' ਕਹਾਣੀ ਵੀ ਸੰਗ੍ਰਹਿ ਦੀ ਵਧੀਆ ਕਹਾਣੀ ਹੈ। ਇਹ ਇਸ ਲੋਕਮਤ ਨੂੰ ਦ੍ਰਿੜ ਕਰਵਾਉਂਦੀ ਹੈ ਕਿ ਧੀਆਂ ਦੇ ਜੰਮਣ 'ਤੇ ਪਰਿਵਾਰਾਂ ਵਿੱਚ ਨਮੋਸ਼ੀ ਕਿਉਂ ਛਾ ਜਾਂਦੀ ਹੈ। ਧੀਆਂ ਜੰਮਦੀਆਂ ਮਾੜੀਆਂ ਨਹੀਂ ਲੱਗਦੀਆਂ, ਉਨ੍ਹਾਂ ਦੀ ਜ਼ਿੰਮੇਵਾਰੀ ਤੇ ਸੰਭਾਲ ਸਦਾ ਸਮਾਜ ਵਿੱਚ ਇੱਜ਼ਤ ਦਾ ਸਵਾਲ ਬਣ ਕੇ ਖਲੋਂਦੀ ਹੈ। ਜਿਥੇ ਕਿਤੇ ਵੀ ਜਵਾਨੀ ਵੇਲੇ ਕੁੜੀ ਦਾ ਪੈਰ ਕਿਧਰੇ ਤਿਲਕ ਜਾਵੇ, ਮਾਪੇ ਉਸ ਨੂੰ ਆਪਣੀ ਇੱਜ਼ਤ ਦਾ ਸਵਾਲ ਬਣਾ ਝੱਟ ਉਸ ਕੁੜੀ ਨੂੰ ਜਾਨੋਂ ਹੀ ਮਾਰ ਮੁੱਕਾ ਦੇਂਦੇ ਹਨ। ਅੱਜਕਲ੍ਹ ਹਰ ਪਾਸੇ ਖ਼ਬਰਾਂ ਵਿੱਚ 'ਆਨਰਕਿਲਿੰਗ' ਦੇ ਕਿੱਸਿਆਂ ਵਿੱਚ ਹੋਰ ਕੀ ਹੋ ਰਿਹਾ ਹੈ, ਇੱਜ਼ਤ ਦੇ ਨਾਂ ਉਤੇ ਧੀਆਂ ਦੀ ਜਾਨ-ਮੁੱਕਾਈ। ਇਸ ਸਭ ਦੇਖ-ਸੁਣ ਕੇ ਲੱਗਦਾ ਹੈ ਅਸੀਂ ਤਰੱਕੀ ਕਿੱਥੇ ਕੀਤੀ ਹੈ ? ਉਥੇ ਦੇ ਉਥੇ ਹੀ ਖੜੇ ਹਾਂ ? ਸਿਰਫ਼ ਧੀਆਂ ਦੀ ਰਾਖੀ ਕਰਦੇ ? ਪਰ ਇਸ ਵਿਚ ਕਸੂਰਵਾਰ ਸਿਰਫ਼ ਮਾਪੇ ਨਹੀਂ, ਇਹ ਸਮਾਜ ਵਧੇਰੇ ਹੈ।

ਤਲਵਿੰਦਰ ਦੀ ਕਹਾਣੀ ਪ੍ਰਵਚਨ ਨਹੀਂ ਕਰਦੀ, ਇਹ ਆਪ ਬੋਲਦੀ ਹੈ ਤੇ ਕਥਾਨਕ/ਪਾਤਰਾਂ ਰਾਹੀਂ ਸਹਿਜੇ ਹੀ ਬਿਆਨ ਹੁੰਦੀ ਹੈ। ਇਹੀ ਤਲਵਿੰਦਰ ਦੇ ਸਫ਼ਲ ਕਹਾਣੀਕਾਰ ਹੋਣ ਦਾ ਸਭ ਤੋਂ ਵੱਡਾ ਪ੍ਰਮਾਣ ਹੈ। 'ਕਾਲ ਚੱਕਰ' ਦੀਆਂ ਕਹਾਣੀਆਂ ਤਲਵਿੰਦਰ ਸਿੰਘ ਦੇ ਸਥਾਪਿਤ ਕਦ-ਕਾਠ ਦੇ ਹਾਣ ਜਿਹੀਆਂ ਹੀ ਹਨ, ਇਸ ਤੋਂ ਘੱਟ ਨਹੀਂ, ਕਿਤੇ ਕਦਮ ਵਧਾ ਕੇ ਤੁਰਦੀਆਂ ਹੀ ਲੱਗਦੀਆਂ ਹਨ।

## ਡਾ. ਬਲਦੇਵ ਸਿੰਘ ਬੱਦਨ ਦੀਆਂ ਪੰਜ ਪੰਜਾਬੀ ਬਾਲ ਪੁਸਤਕਾਂ/ਮਨਮੋਹਨ ਸਿੰਘ ਦਾਊਂ

ਡਾ. ਬਲਦੇਵ ਸਿੰਘ ਬੱਦਨ ਮੁੱਖ-ਸੰਪਾਦਕ/ਸੰਯੁਕਤ ਨਿਰਦੇਸ਼ਕ, ਨੈਸ਼ਨਲ ਬੁੱਕ ਟਰੱਸਟ, ਇੰਡੀਆ (ਦਿੱਲੀ) ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਮਿਲਾਪੜਾ ਸੁਭਾਅ, ਨਿਮਰ ਬਿਰਤੀ ਤੇ ਨਿਰੰਤਰ ਸਾਹਿਤ-ਸੇਵਾ ਨੂੰ ਸਮਰਪਿਤ, ਰਾਸ਼ਟਰੀ ਪੱਧਰ 'ਤੇ, ਪੁਸਤਕ-ਸਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਦੀਆਂ ਯੋਜਨਾਵਾਂ ਲਈ ਕਰਮਸ਼ੀਲ। ਅਨੁਵਾਦ ਦੇ ਖੇਤਰ ਵਿਚ ਲਗ-ਪਗ 100 ਪੁਸਤਕਾਂ ਨੂੰ ਪੰਜਾਬੀ ਰੂਪ ਦੇਣ ਵਿੱਚ ਉਸ ਦੀ ਕੀਰਤੀ 'ਰਾਸ਼ਟਰੀ ਅਨੁਵਾਦ ਪੁਰਸਕਾਰ' (1999) ਅਤੇ ਪੰਜਾਬੀ



ਅਕਾਦਮੀ, ਦਿੱਲੀ ਵਲੋਂ 'ਪੰਜਾਬੀ ਅਨੁਵਾਦ ਸਨਮਾਨ' ਪ੍ਰਾਪਤ ਕਰ ਚੁੱਕੀ ਹੈ। ਹਿੰਦੀ, ਅੰਗਰੇਜ਼ੀ ਤੇ ਪੰਜਾਬੀ ਪੁਸਤਕਾਂ ਦੀ ਸੰਪਾਦਨਾ ਦੀ ਕਲਾ-ਕੌਸ਼ਲਤਾ ਵੀ ਉਸ ਦੇ ਹਿੱਸੇ ਆਈ ਹੈ। ਪੁਸਤਕ ਮੇਲੇ, ਕਵੀ ਦਰਬਾਰ ਤੇ ਬਾਲ-ਸਾਹਿਤ ਸੈਮੀਨਾਰ ਆਯੋਜਿਤ ਕਰਨ ਵਿੱਚ, ਉਸ ਦਾ ਪ੍ਰਬੰਧਕੀ ਤੌਰ-ਤਰੀਕਾ ਵੀ ਸਭ ਲਈ ਖਿੱਚਪਾਊ ਹੈ। ਖ਼ੂਬਸੂਰਤ ਪੁਸਤਕਾਂ ਦੀ ਪ੍ਰਕਾਸ਼ਨਾ ਦੇ ਖੇਤਰ ਵਿੱਚ ਵੀ ਉਸ ਨੇ ਮੀਲ-ਪੱਥਰ ਸਥਾਪਤ ਕੀਤੇ ਹਨ।

ਬਾਲ-ਸਾਹਿਤ ਦੀ ਮਹੱਤਤਾ ਨੂੰ ਸਮਝਦੇ ਹੋਏ ਡਾ. ਬੱਦਨ ਨੇ ਭਾਰਤੀ ਭਾਸ਼ਾਵਾਂ ਦੇ ਮਿਆਰੀ ਤੇ ਚੋਣਵੇਂ ਸਾਹਿਤ ਨੂੰ ਪੰਜਾਬੀ ਰੂਪ ਦੇਣ ਲਈ ਲਗਪਗ 50 ਪੁਸਤਕਾਂ ਉਲਥਾਈਆਂ ਹਨ। ਇਸੇ ਪ੍ਰਸੰਗ ਵਿਚ ਉਸ ਦੇ ਪੰਜ ਮੌਲਿਕ ਕਹਾਣੀ-ਵਿਧਾ ਵਾਲੀਆਂ ਬਾਲ-ਸਾਹਿਤ ਸਚਿੱਤਰ ਤੇ ਰੰਗਦਾਰ ਪੁਸਤਕਾਂ ਨੈਸ਼ਨਲ ਬੁੱਕ ਟਰੱਸਟ, ਇੰਡੀਆ ਨੇ ਪ੍ਰਕਾਸ਼ਿਤ ਕੀਤੀਆਂ ਹਨ, ਜਿਨ੍ਹਾਂ ਬਾਰੇ ਜ਼ਿਕਰ ਕਰਨਾ ਬਣਦਾ ਹੈ। ਪ੍ਰੌੜ-ਸਾਹਿਤ ਦੇ ਨਾਲ-ਨਾਲ, ਪੰਜਾਬੀ ਬਾਲ-ਸਾਹਿਤ ਵੱਲ ਆਪਣੀ-ਜ਼ਿੰਮੇਵਾਰੀ ਨਿਭਾਉਣੀ ਇੱਕ ਚੰਗੀ ਸ਼ੁਰੂਆਤ ਹੈ।

ਪਹਿਲੀ-ਪੁਸਤਕ 'ਲਾਲੀ' (2006) ਹੈ। ਹਰਖੂ (ਪਿਤਾ) ਤੇ ਬਿਮਲਾ (ਮਾਤਾ) ਦਾ 13 ਸਾਲਾਂ ਦਾ ਇਕਲੌਤਾ ਪੁੱਤਰ ਬਿਰਜੂ ਹੈ। ਪਹਿਲਾਂ ਦੋ ਬੱਚੇ ਜਨਮ ਸਮੇਂ ਹੀ ਮਰ ਜਾਂਦੇ ਹਨ। ਘਰ 'ਚ ਗਰੀਬੀ ਹੈ। ਬਿਮਲਾ ਇੱਕ ਹੋਰ ਪੁੱਤਰ ਲੋੜਦੀ ਹੈ ਪ੍ਰੰਤੂ ਪੁੱਤਰੀ (ਲਾਲੀ) ਪੈਦਾ ਹੋ ਜਾਂਦੀ ਹੈ। ਮਾਪੇ ਉਦਾਸ ਹੋ ਜਾਂਦੇ ਹਨ ਕਿ ਧੀ ਨੂੰ ਦਾਜ ਦੇਣਾ ਪਵੇਗਾ। ਗੁਜ਼ਾਰਾ ਕਿੰਜ ਹੋਵੇਗਾ ਪ੍ਰੰਤੂ ਬਿਰਜੂ ਇੱਕ ਚੰਗੇ ਭਰਾ ਦਾ ਸਬੂਤ ਦੇਂਦਾ ਹੈ। ਆਪਣੀ-ਪੜ੍ਹਾਈ ਦੇ ਨਾਲ-ਨਾਲ ਉਹ ਆਪਣੀ ਭੈਣ ਲਾਲੀ ਨੂੰ ਵੀ ਪੜ੍ਹਾਉਣ ਵਿੱਚ ਸਫਲ ਹੋ ਜਾਂਦਾ ਹੈ। ਸ਼ਹਿਰ ਰਲ ਕੇ ਰਹਿੰਦੇ ਹਨ। ਭੈਣ ਪੜ੍ਹ ਜਾਂਦੀ ਹੈ। ਆਖਿਰ ਉਸ ਨੂੰ ਅਧਿਆਪਕਾ ਦੀ ਨੌਕਰੀ ਮਿਲ ਜਾਂਦੀ ਹੈ। ਘਰ ਦੀ ਕਾਇਆਕਲਪ ਬਦਲ ਜਾਂਦੀ ਹੈ। ਮਾਪੇ ਖ਼ੁਸ਼ ਹੁੰਦੇ ਹਨ। ਇੱਕ ਪਰਿਵਾਰ ਦੀ ਹੋਣੀ ਹੀ ਬਦਲ ਜਾਂਦੀ ਹੈ। ਸੁਖੀ ਤੇ ਛੋਟੇ ਪਰਿਵਾਰ ਦਾ ਸੰਕਲਪ ਚਾਨਣ ਵੰਡਦਾ ਹੈ। ਭੈਣ-ਭਰਾ ਦੇ ਪਿਆਰ ਦੀ ਚੰਗੀ ਮਿਸਾਲ ਪੈਦਾ ਹੁੰਦੀ ਹੈ। ਛੋਟੀ ਕਹਾਣੀ ਵਿੱਚ ਵੱਡਾ ਉਦੇਸ਼ ਪ੍ਰਗਟਾਇਆ ਗਿਆ ਹੈ। ਇਹ ਕਹਿਣਾ ਬਣਦਾ ਹੈ : "ਉਹ ਘਰ ਵੰਡੇ ਚਾਨਣਾ ਧੀਆਂ ਜਿੱਥੇ ਹੋਣ ਪੜ੍ਹੀਆਂ।" ਮੁੱਲ : 8 ਰੁ: ਪੰਨੇ : 12 ਚਿੱਤਰਕਾਰ : ਵਿਸ਼ਵਰੂਪ ਸਰ। ਇਹ ਪੁਸਤਕ ਹਿੰਦੀ ਵਿੱਚ (ਦੋ ਸੰਸਕਰਣ) ਵੀ ਪ੍ਰਕਾਸ਼ਿਤ ਹੋ ਚੁੱਕੀ ਹੈ।

ਦੂਜੀ ਪੁਸਤਕ 'ਨਿਓਲ ਵੀ ਰਾਜਾ' (2011) ਜੰਗਲੀ ਜਾਨਵਰਾਂ ਨਾਲ ਸੰਵਾਦ ਹੈ ਜਿਸ ਵਿਚ ਤੰਦੂਆ ਹੋਰ ਜਾਨਵਰਾਂ ਲਈ ਮੁਸੀਬਤ ਬਣਿਆ ਹੋਇਆ ਹੈ। ਬਾਂਦਰ, ਹਿਰਨ, ਭਾਲੂ, ਚਿੜੀਆਂ, ਖਰਗੋਸ਼ ਆਦਿ ਉਸ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ, ਆਖਿਰ ਨਿਓਲ (ਨਿਊਲਾ) ਆਪਣੀ ਅਕਲਮੰਦੀ ਨਾਲ ਤੰਦੂਏ ਨੂੰ ਉਥੋਂ ਭਜਾ ਦੇਂਦਾ ਹੈ ਤੇ ਸਿੱਖਿਆ ਦੇਂਦਾ ਹੈ ਕਿ ਮੁਸੀਬਤ ਵਿੱਚ ਡਰਨ ਦੀ ਬਜਾਏ ਉਸ ਦਾ ਸਾਹਮਣਾ ਕਰਨਾ ਚਾਹੀਦਾ ਹੈ। ਇਸ ਬਹਾਦਰੀ ਕਾਰਨ ਜੰਗਲ ਦਾ ਰਾਜਾ ਨਿਓਲ ਅਖਵਾਉਂਦਾ ਹੈ। ਇੰਜ ਇਹ ਕਹਾਣੀ ਬੱਚਿਆਂ ਅੰਦਰ ਸਾਹਸ, ਦਲੇਰੀ ਤੇ ਬਹਾਦਰੀ ਦੀ ਭਾਵਨਾ ਨੂੰ ਉਤੇਜਿਤ ਕਰਦੀ ਹੈ। ਆਰਟ ਪੇਪਰ 'ਤੇ ਛਪੀ ਇਸ ਪੁਸਤਕ ਨੂੰ ਚਿੱਤਰਕਾਰ ਦੁਰਗਾਦੱਤ ਪਾਂਡੇ ਨੇ ਸਚਿੱਤ੍ਰਤਾ ਪ੍ਰਦਾਨ ਕੀਤੀ ਹੈ। ਮੁੱਲ : 40 ਰੁ: ਪੰਨੇ : 24, ਇਹ ਪੁਸਤਕ ਤਿੰਨ ਭਾਸ਼ਾਵਾਂ 'ਚ ਅਨੁਵਾਦ ਹੋ ਚੁੱਕੀ ਹੈ : ਮਰਾਠੀ, ਉੜੀਆ ਅਤੇ ਹਿੰਦੀ।

ਤੀਜੀ ਪੁਸਤਕ 'ਜਨਮ ਦਿਨ' (2010) ਹੈ ਇਸ 'ਚ ਸ਼ੰਕਰ 10 ਸਾਲ ਦਾ ਬੱਚਾ ਆਪਣੀ ਗਰੀਬ ਮਾਂ ਹੋਣ ਕਾਰਨ ਸਕੂਲ ਵਿੱਚ ਦਾਖ਼ਲ ਨਹੀਂ ਹੋ ਸਕਦਾ। ਮਾਂ ਆਂਢੀ-ਗੁਆਂਢੀਆਂ ਦੇ ਘਰਾਂ 'ਚ ਬਰਤਨ ਮਾਂਜ ਕੇ ਗੁਜ਼ਾਰਾ ਕਰਦੀ ਹੈ। ਝੌਂਪੜੀ 'ਚ ਰਹਿੰਦੀ ਹੈ। ਸ਼ੰਕਰ ਮਾਂ ਨਾਲ ਜਾਂਦਾ ਹੈ ਤੇ ਦੂਜੇ

ਬੱਚਿਆਂ ਦਿਆਂ ਖਿਡੌਣਿਆਂ ਨੂੰ ਦੇਖਕੇ ਮਨ ਹੀ ਮਨ ਵਿੱਚ ਸੋਚਦਾ ਹੈ ਕਿ ਅਜਿਹੇ ਖਿਡੌਣੇ ਮੈਨੂੰ ਕਿਉਂ ਨਹੀਂ ਮਿਲਦੇ। ਮਾਂ ਬੇਬਾਸ ਹੋਈ, ਉਸ ਦੀਆਂ ਰੀਝਾਂ ਨੂੰ ਦਬਾਉਂਦੀ ਹੈ। ਗੌਤਮ ਨਾਂ ਦਾ ਅਮੀਰ ਘਰ ਦਾ ਬੱਚਾ ਉਸ ’ਤੇ ਤਰਸ ਕਰਦਾ ਹੈ। ਦੇਹਰਾਦੂਨ ਪੜ੍ਹਦਾ ਹੈ ਤੇ ਸ਼ੰਕਰ ਲਈ ਕਿਤਾਬਾਂ ਲਿਆਉਂਦਾ ਹੈ, ਉਸ ਨੂੰ ਪੜ੍ਹਨ ਦੀ ਪ੍ਰੇਰਨਾ ਦੇਂਦਾ ਹੈ। ਉਹ ਸ਼ੰਕਰ ’ਤੇ ਉਸਦੀ ਮਾਂ ਨੂੰ ਆਪਣੇ ਘਰ ਹੀ ਨੌਕਰ ਰੱਖ ਲੈਂਦੇ ਹਨ। ਗੌਤਮ ਅਮਰੀਕਾ ਤੋਂ ਡਾਕਟਰੀ ਕਰ ਕੇ ਆਉਂਦਾ ਹੈ। ਸ਼ੰਕਰ ਪੜ੍ਹਾਈ ਕਰਕੇ ਕੰਪਾਊਡਰ ਬਣ ਜਾਂਦਾ ਹੈ। ਗੌਤਮ ਪਿੰਡ ਵਿਚ ਹਸਪਤਾਲ ਖੋਲ੍ਹ ਲੈਂਦਾ ਹੈ ਤੇ ਸ਼ੰਕਰ ਨੂੰ ਨੌਕਰੀ ਦੇ ਦੇਂਦਾ ਹੈ। ਇੰਜ ਲੋੜਵੰਦ ਦੀ ਸਹਾਇਤਾ ਕਰਨੀ ਤੇ ਮਿਹਨਤ ਕਰਕੇ ਪੜ੍ਹਾਈ ਕਰਨੀ, ਸ਼ੰਕਰ ਦੇ ਜੀਵਨ ਵਿਚ ਪ੍ਰੀਵਰਤਨ ਲਿਆ ਦੇਂਦੀ ਹੈ। ਗੌਤਮ ਦੀ ਮਾਂ ਦੋਵਾਂ ਨੂੰ ਅਸੀਸ ਦੇਂਦੀ ਹੈ। ਇੰਜ ਉਹ ਕਹਾਣੀ ਉਸਾਰੂ ਮਾਨਵੀ ਰਿਸ਼ਤਿਆਂ ਨੂੰ ਉਜਾਗਰ ਕਰਦੀ ਹੈ। ਅਮੀਰ ਬੱਚੇ ਦੇ ਜਨਮ-ਦਿਨ ਮਨਾਉਣ ਦੇ ਦ੍ਰਿਸ਼ ਨੂੰ ਸ਼ੰਕਰ ਕਿਵੇਂ ਵੇਖ ਕੇ ਮਹਿਸੂਸ ਕਰਦਾ ਹੈ, ਉਸਨੂੰ ਡਾ. ਬੱਦਨ ਨੇ ਬਾਲ-ਮਨੋਵਿਗਿਆਨ ਦੀ ਦ੍ਰਿਸ਼ਟੀ ਤੋਂ ਬਹੁਤ ਹੀ ਸਫਲ ਢੰਗ ਨਾਲ ਪੇਸ਼ ਕੀਤਾ ਹੈ। ਮਿਹਨਤ ਦਾ ਫਲ ਮਿੱਠਾ ਹੁੰਦਾ ਹੈ ਤੇ ਬੱਚਿਆਂ ਨੂੰ ਇਸ ਕਹਾਣੀ ਤੋਂ ਸਹਿਜ-ਸੁਭਾਅ ਮਿਹਨਤ ਕਰਨ ਦੀ ਸਿੱਖਿਆ ਮਿਲਦੀ ਹੈ। ਇਸ ਪੁਸਤਕ ਦਾ ਚਿੱਤਰਕਾਰ ਦੀਪਕ ਕੁਮਾਰ ਦਾਸ, ਮੁੱਲ : 11 ਰੁ: ਪੰਨੇ : 12 ਇਹ ਪੁਸਤਕ ਹਿੰਦੀ, ਉੜੀਆ, ਮਰਾਠੀ ਤੇ ਤੈਲਗੂ ਵਿੱਚ ਵੀ ਅਨੁਵਾਦ ਹੋ ਚੁੱਕੀ ਹੈ।

ਚੌਥੀ ਪੁਸਤਕ ‘ਨਵੀਂ ਸਵੇਰ’ (2010) ਆਰਟ ਪੇਪਰ ’ਤੇ ਸਚਿੱਤਰ-ਰੰਗਦਾਰ ਪ੍ਰਕਾਸ਼ਨਾ ਹੈ ਜਿਸ ਵਿਚ ਖੂੰ-ਖਾਰ ਜੰਗਲੀ ਸ਼ੇਰ ਨੂੰ ਸ਼ਿਖਾ ਪਰੀ ਆਪਣੀ ਵਿਉਂਤਬੰਦੀ ਨਾਲ ਕਾਬੂ ਕਰਦੀ ਹੈ। ਬੱਚਿਆਂ ਨੂੰ ਪੰਛੀਆਂ, ਜਾਨਵਰਾਂ ਤੇ ਜੀਵਾਂ ਰਾਹੀਂ ਕੋਈ ਸੰਦੇਸ਼ ਦੇਣਾ ਲੋਕ-ਤੰਤਰ ਵਾਲੀਆਂ ਕਹਾਣੀਆਂ ਦੀ ਵਿਧਾ ਹਰਮਨ ਪਿਆਰੀ ਹੈ। ਪਰੀਆਂ ਮਿਲ ਕੇ ਸ਼ਿਖਾ ਦੇ ਜਾਦੂਮਈ ਢੰਗ ਨਾਲ ਸ਼ੇਰ ਨੂੰ ਪਰੀਆਂ ਸ਼ੇਰ ਹੀ ਨਜ਼ਰ ਆਉਂਦੀਆਂ ਹਨ। ਉਹ ਸ਼ੇਰ ਦਾ ਸੁਭਾਅ ਬਦਲਣ ਵਿਚ ਸਫਲ ਹੋ ਜਾਂਦੀਆਂ ਹਨ। ਜਾਨਵਰਾਂ ਦਾ ਡਰ ਚੁੱਕਿਆ ਜਾਂਦਾ ਹੈ। ਸ਼ੇਰ ਆਪਣੀ ਭੁੱਖ ਅਨੁਸਾਰ ਹੀ ਸ਼ਿਕਾਰ ਕਰਿਆ ਕਰੇਗਾ, ਇਹ ਵਾਅਦਾ ਸ਼ੇਰ ਕਰਦਾ ਹੈ। ਜਾਨਵਰਾਂ ਲਈ ਜੰਗਲ ਵਿੱਚ ਜਿਵੇਂ ਨਵੀਂ ਸਵੇਰ ਹੋ ਗਈ ਹੋਵੇ। ਚਿੱਤਰਕਾਰ ਮੁਹੰਮਦ ਇਬਰਾਹੀਮ ਮੁੱਲ : 25 ਰੁ: ਪੰਨੇ : 16 ਇਸ ਕਿਤਾਬੜੀ, ਮਰਾਠੀ, ਤੈਲਗੂ, ਕੰਨੜ ਤੇ ਹਿੰਦੀ (ਦੋ ਸੰਸਕਰਣ) ਵਿੱਚ ਅਨੁਵਾਦ ਵੀ ਕੀਤਾ ਗਿਆ ਹੈ।

ਪੰਜਵੀਂ ਪੁਸਤਕ ‘ਮੁਸੀਬਤ ਤੋਂ ਛੁਟਕਾਰਾ’ (2011) ਬੜੀ ਹੀ ਰੌਚਿਕ ਕਹਾਣੀ ਹੈ। ਇੱਕ ਮਗਰਮੱਛ ਝੀਲ ’ਚੋਂ ਨਿਕਲ ਕੇ ਇੱਕ ਤਲਾਬ ਵਿਚ ਆ ਵੜਦਾ ਹੈ ਜਿਸ ਕਾਰਨ ਉਥੇ ਦੇ ਜਾਨਵਰਾਂ ਲਈ ਜਿਉਣਾ ਮੁਹਾਲ ਹੋ ਜਾਂਦਾ ਹੈ। ਤਲਾਬ ’ਚ ਰਹਿੰਦੇ ਕੇਕੜੇ, ਮੱਛੀਆਂ, ਡੱਡੂ ਤੇ ਜੰਗਲ ਵਿਚ ਰਹਿੰਦੇ ਹਿਰਨ, ਖਰਗੋਸ਼, ਜੈਬਰੇ, ਮੁਰਗਾਬੀਆਂ, ਬੱਤਖਾਂ ਤੇ ਬਾਂਦਰ ਬਹੁਤ ਫਿਕਰਮੰਦ ਹੁੰਦੇ ਹਨ। ਉਹ ਸੋਚਦੇ ਹਨ ਕਿ ਮਗਰਮੱਛ ਨੂੰ ਕਿਵੇਂ ਭਜਾਇਆ ਜਾਵੇ। ਆਖਰ ਰਿੰਕੂ ਕੇਕੜਾ ਸੋਚ-ਸੋਚ ਕੇ ਡਾਕਟਰ ਬਿੰਦੂ ਕੋਲ ਜਾਂਦਾ ਹੈ। ਉਹ ਕੇਕੜਿਆਂ ਨੂੰ ਜ਼ਹਿਰੀਲਾ ਕੈਮੀਕਲ ਲਾਕੇ ਮਗਰਮੱਛ ਨੂੰ ਬੇਹੋਸ਼ ਕਰਨ ਦੀ ਵਿਉਂਤ ਦੱਸਦਾ ਹੈ ਤੇ ਕੇਕੜੇ ਮਗਰਮੱਛ ਨੂੰ ਇਕੱਠੇ ਹੋ ਕੇ ਚਿੰਬੜ ਜਾਂਦੇ ਹਨ, ਮਗਰਮੱਛ ਬੇਹੋਸ਼ ਹੋ ਜਾਂਦਾ ਹੈ। ਕੇਕੜਿਆਂ ਦੀ ਸਕੀਮ ਸਿਰੇ ਚੜ੍ਹ ਜਾਂਦੀ ਹੈ ਤੇ ਮਗਰਮੱਛ ਤੋਂ ਸਭ ਦਾ ਛੁੱਟਕਾਰਾ ਹੋ ਜਾਂਦਾ ਹੈ। ਇਸ ਰਚਨਾ ਵਿਚ ਪ੍ਰਕਿਰਤੀ ਚਿਤਰਨ ਬੜਾ ਸੁੰਦਰ ਹੈ। ਛੋਟੇ ਜੀਵਾਂ ਦੀ ਏਕਤਾ ਅਤੇ ਸ਼ਕਤੀ ਵੱਡਾ ਕੰਮ ਕਰਦੀ ਹੈ। ਜਾਨਵਰਾਂ ਦਾ ਸੁਭਾਅ ਬੜੇ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਬਾਂਦਰ ਮਾਮਾ ਤਲਾਬ ਕੰਢੇ ਸਕੂਲ ਖੋਲ੍ਹ ਕੇ ਹੈਡਮਾਸਟਰ ਬਣ ਜਾਂਦਾ ਹੈ। ਵਿੱਦਿਆ ਦੀ ਪੜ੍ਹਾਈ ਤੋਂ ਬਿਨਾਂ ਕੁਝ ਨਹੀਂ। ਇਸ ਲਈ ਲੇਖਕ ਨੇ ਸਚਾਰੂ-ਵਿਧੀ ਰਾਹੀਂ ਬੱਚਿਆਂ ਨੂੰ ਏਕਤਾ ਅਤੇ ਸਿੱਖਿਆ ਦੀ ਸ਼ਕਤੀ ਬਾਰੇ ਦੱਸ ਕੇ ਨਵੀਂ ਰੌਸ਼ਨੀ ਗ੍ਰਹਿਣ ਕਰਨ ਦੀ ਵੀ ਸਿੱਖਿਆ ਦਿੱਤੀ ਹੈ। ਇਸ ਕਹਾਣੀ ਨੂੰ ਲੇਖਕ ਨੇ



ਬੜੀ ਰੌਚਿਕਤਾ ਨਾਲ ਸਿਰਜਿਆ ਹੈ। ਜਾਨਵਰਾਂ ਦੀ ਸਾਂਝ ਦੀ ਮਹੱਤਤਾ ਚੰਗੇ ਨਤੀਜੇ ਕੱਢਦੀ ਹੈ। ਚਿੱਤਰਕਾਰ ਨੇ ਇਸ ਕਹਾਣੀ ਨੂੰ ਬਹੁਤ ਹੀ ਮਿਹਨਤ ਨਾਲ ਸਚਿੱਤਰ ਕੀਤਾ ਹੈ। ਇਹ ਰਚਨਾ ਉੜੀਆ, ਕੰਨੜ, ਮਰਾਠੀ, ਤੈਲਗੂ ਤੇ ਹਿੰਦੀ ਵਿੱਚ ਅਨੁਵਾਦ ਹੋ ਚੁੱਕੀ ਹੈ।

ਮੁੱਲ : 45 ਰੁ: ਤੇ ਪੰਨੇ : 32

ਡਾ. ਬਲਦੇਵ ਸਿੰਘ ਬੱਦਨ ਦੀਆਂ ਪੰਜ ਬਾਲ-ਕਹਾਣੀ ਪੁਸਤਕਾਂ ਬਹੁਤ ਸਰਲ-ਸ਼ੈਲੀ ਵਿੱਚ ਲਿਖੀਆਂ ਗਈਆਂ ਜਿਨ੍ਹਾਂ ਵਿੱਚ ਬੱਚੇ ਦੀ ਮਾਨਸਿਕਤਾ ਨੂੰ ਆਧਾਰ ਬਣਾ ਕੇ ਕੋਈ ਨਾ ਕੋਈ ਚੰਗੀ ਸਿੱਖਿਆ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਬੱਚਿਆਂ ਨੂੰ ਆਪਸੀ ਸਦ-ਭਾਵਨਾ, ਮਿਹਨਤ, ਹਿੰਮਤ ਤੇ ਸਿੱਖਿਆ ਗ੍ਰਹਿਣ ਕਰਨ ਦੇ ਉਦੇਸ਼ਾਂ ਨੂੰ ਕਹਾਣੀ ਸਿਰਜਣ ਦੀ ਵਿਧਾ ਨਾਲ ਸਮਝਾਇਆ ਗਿਆ ਹੈ। ਅਜਿਹੀਆਂ ਪੁਸਤਕਾਂ ਬੱਚਿਆਂ ਨੂੰ ਆਪਣੀ ਮਾਂ-ਬੋਲੀ ਨਾਲ ਲਗਾਓ ਪੈਦਾ ਕਰਨ ਵਿਚ ਅਤੇ ਪੜ੍ਹਣ-ਰੁਚੀ ਨੂੰ ਵਿਰਾਸਤ ਕਰਨ ਵਿੱਚ ਚੰਗੀ ਭੂਮਿਕਾ ਨਿਭਾਅ ਸਕਦੀਆਂ ਹਨ। ਡਾ. ਬੱਦਨ ਨੂੰ ਇਸ ਖੇਤਰ ਨੂੰ ਅਮੀਰ ਬਣਾਉਣ ਲਈ ਆਪਣਾ ਯੋਗ ਹਿੱਸਾ ਪਾਉਂਦੇ ਰਹਿਣਾ ਚਾਹੀਦਾ ਹੈ।

### ਚੂੜੀਆਂ (ਕਹਾਣੀ ਸੰਗ੍ਰਹਿ)/ਡਾ. ਸਵੈਰਾਜ ਸੰਧੂ /ਪ੍ਰੋ. ਜੇ. ਬੀ. ਸੇਖੋਂ

ਡਾ. ਸਵੈਰਾਜ ਸੰਧੂ ਦੇ ਇਸ ਕਹਾਣੀ ਸੰਗ੍ਰਹਿ ਵਿਚ 15 ਕਹਾਣੀਆਂ ਸ਼ਾਮਿਲ ਹਨ। ਇਸ ਤੋਂ ਪਹਿਲਾਂ ਵੀ ਲੇਖਕ ‘ਗੀਤਾਂ ਵਰਗੇ ਲੋਕ’ ਨਾਮਕ ਕਹਾਣੀ-ਸੰਗ੍ਰਹਿ ਲਿਖ ਚੁੱਕਾ ਹੈ। ਪੁਸਤਕ ਸੰਬੰਧੀ ਚਰਚਾ ਕਰਨ ਤੋਂ ਪਹਿਲਾਂ ਲੇਖਕ ਸਾਹਿਤ ਸਿਰਜਣਾ ਤੇ ਸਮੀਖਿਆ ਨਾਲ ਜੁੜੇ ਮਹੱਤਵਪੂਰਨ ਮੁੱਦੇ ਉਠਾਉਂਦਾ ਹੈ। ਮਸਲਨ ਲੇਖਕ ਆਲੋਚਕਾਂ ਤੇ ਲੇਖਕਾਂ ਦੀਆਂ ਧੜੇਵੰਦੀਆਂ ਨੂੰ ਸਾਹਿਤ ਦੀ ਸਮੁੱਚੀ ਪਰੰਪਰਾ ਦੇ ਨੁਕਸਾਨ ਵਜੋਂ ਵੇਖਦਾ ਹੈ। ਉਹਨਾਂ ਅਨੁਸਾਰ ਆਲੋਚਨਾ ਵਰਗਾ ਕਹਾਣੀ ਕਾਰਜ ਵੀ ਨੌਕਰੀ ਪ੍ਰਾਪਤ ਕਰਨ ਦੇ ਰਾਤੋ ਰਾਤ ਸਮੀਖਿਅਕ ਬਣਨ ਦੀ ਲੀਹ ’ਤੇ ਤੁਰਿਆ ਹੋਣ ਕਰਕੇ ਆਪਣੇ ਉਦੇਸ਼ ਤੋਂ ਭਟਕਦਾ ਜਾ ਰਿਹਾ ਹੈ। ਪੁਸਤਕ ਦੀਆਂ ਕਹਾਣੀਆਂ ਦਾ ਪਾਠ ਕਰਨ ਉਪਰੰਤ ਲੇਖਕ ਦੀ ਮਾਨਵਵਾਦੀ ਦ੍ਰਿਸ਼ਟੀ ਬਾਰੇ ਪਾਠਕਾਂ ਨੂੰ ਪਤਾ ਚੱਲਦਾ ਹੈ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ ‘ਚੂੜੀਆਂ’ ਬਿਰਤਾਂਤਕਾਰ ਦੀ ਸਵੈ-ਜੀਵਨੀ ਨੁਮਾ-ਕਥਾ, ਸ਼ੈਲੀ ਵਿਚ ਅਸਾਮ ਵਰਗੇ ਪ੍ਰਾਂਤ ਦੀ ਭੂਗੋਲਿਕ ਤੇ ਸਭਿਆਚਾਰਕ ਚੇਤਨਾ ਨੂੰ ਪੇਸ਼ ਕਰਦੀ ਹੈ। ਹਰ ਕਹਾਣੀ ਵਿਚ ਲੇਖਕ ਦਾ ਨਿਜਮੁੱਖੀ ਚਿੰਤਨ, ਸਿਮਰਤੀਆਂ, ਪ੍ਰਗਤੀਵਾਦੀ ਮਾਨਵਵਾਦੀ ਦ੍ਰਿਸ਼ਟੀ ਤੇ ਸੂਚਨਾਵੀਂ ਬਿਰਤਾਂਤ ਵਰਗੇ ਕਥਾ-ਲੱਛਣ ਹਾਜ਼ਰ ਨਾਜ਼ਰ ਰਹਿੰਦੇ ਹਨ। ਲੇਖਕ ਨੂੰ ਪਿੰਡ ਦੇ ਪਿਛੋਕੜ ਤੇ ਸਭਿਆਚਾਰ ਦੀ ਪੂਰਨ ਜਾਣਕਾਰੀ ਹੈ। ‘ਰਹਿਮਤੇ ਦਾ ਚਰਖਾ’, ‘ਭੀਲਣੀ ਦੇ ਬੇਰ’ ਤੇ ‘ਸਾਢੇ ਤਿੰਨ ਫੁੱਟੀ ਕਿਰਪਾਨ’ ਪੇਂਡੂ ਸੰਦਰਭ ਵਿਚ ਪਾਤਰਾਂ ਦੀ ਆਪਸੀ ਸਾਂਝ, ਮਿਲਵਰਤਨ ਦੇ ਮੋਹ ਨੂੰ ਪੇਸ਼ ਕਰਦੇ ਬਿਰਤਾਂਤ ਹਨ। ਵੀਜਾ, ਆਮ ਬੰਦਾ ਆਦਿ ਕਥਾਵਾਂ ਸ਼ਹਿਰੀ ਜੀਵਨੀ ਸ਼ੈਲੀ ਦੇ ਸੂਚਨਾਵੀਂ ਵੇਰਵੇ ਹਨ। ਲੇਖਕ ਕੋਲ ਸਮਾਜਿਕ ਅਨੁਭਵ ਦੀ ਕਮੀ ਨਹੀਂ। ਬਿਰਤਾਂਤ ਘੜਨ ਸਮੇਂ ਰਚਨਾਕਾਰ ਇਕਹਿਰੀ ਕਥਾ ਦ੍ਰਿਸ਼ਟੀ ਦੀ ਮਦਦ ਲੈਂਦਾ ਹੈ। ਪੁਸਤਕ ਦੀ ਛਪਾਈ ਸੁੰਦਰ ਹੈ।

ਹਰਜੀਤ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਛਾਪੜਾ ਪ੍ਰਿੰਟਿੰਗ ਪ੍ਰੈਸ, ਡੰਨ ਮੁਹੱਲਾ, ਜਲੰਧਰ ਤੋਂ ਛਪਵਾ ਕੇ ਪਿੰਡ ਤੇ ਡਾਕਖਾਨਾ ਫਰਾਲਾ, ਜ਼ਿਲ੍ਹਾ ਜਲੰਧਰ ਤੋਂ ਜਾਰੀ ਕੀਤਾ।